






Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 11, March 17, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਫਰਾਂਸ ’ਚ ਦਸਤਾਰ ਦਾ ਮਸਲਾ ਫਿਰ ਖੁੰਝਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਫਰਾਂਸ ਦੇ ਰਾਸ਼ਟਰਪਤੀ ਇਮੈਨੂਏਲ ਮੈਕਰੌਨ ਦੇ ਚਾਰ ਰੋਜ਼ਾ ਭਾਰਤੀ ਦੌਰੇ ਮੌਕੇ ਸਿੱਖ ਮਸਲਿਆਂ ਨੂੰ ਅਣਗੌਲਣ ਕਾਰਨ ਫਰਾਂਸ ਵਿਚ ਵੱਸਦੇ ਸਿੱਖ ਭਾਈਚਾਰੇ ਨੂੰ ਵੱਡਾ ਧੱਕਾ ਲੱਗਾ ਹੈ। ਆਸ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਦੇ ਭਾਰਤ ਦੌਰੇ ਨਾਲ ਫਰਾਂਸ ਵਿਚ ਸਿੱਖ ਮਸਲਿਆਂ, ਖਾਸਕਰ ਦਸਤਾਰ ਬਾਰੇ ਪਾਬੰਦੀਆਂ ਬਾਰੇ ਅਸਰਦਾਰ ਗੱਲਬਾਤ ਹੋਵੇਗੀ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤਾਂ ਕੀ, ਸਿੱਖ ਜਥੇਬੰਦੀਆਂ ਨੇ ਵੀ ਇਸ ਮਸਲੇ ਤੋਂ ਮੂੰਹ ਫੇਰ ਲਿਆ। ਕਿਸੇ ਵੀ ਜਥੇਬੰਦੀ ਨੇ ਭਾਰਤ ਸਰਕਾਰ ‘ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਥੋਂ ਤੱਕ ਕਿ ਦਸਤਾਰ ਦਾ ਮਸਲਾ ਹੱਲ ਕਰਵਾਉਣ ਲਈ ਫਰਾਂਸ ਵਿਚ ਵਫਦ ਭੇਜਣ ਦੀ ਰਣਨੀਤੀ ਬਣਾਈ ਬੈਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪਾਸੇ ਚੁੱਪ ਧਾਰੀ ਰੱਖੀ।



ਸਿੱਖ ਜਗਤ ਅੰਦਰ ਰੋਸ ਹੈ ਕਿ ਭਾਰਤ ਦੀ ਭਗਵਾ ਸਰਕਾਰ ਤੋਂ ਉਨ੍ਹਾਂ ਨੂੰ ਪਹਿਲਾਂ ਹੀ ਆਸ ਨਹੀਂ ਸੀ, ਪਰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬਾਦਲ) ਵੱਲੋਂ ਵੀ ਇਸ ਪਾਸਿਓਂ ਵੱਟੀ ਚੁੱਪ ਨੇ ਵੱਡੀ ਨਿਰਾਸ਼ਾ ਪੱਲੇ ਪਾਈ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਭਾਵੇਂ ਦਸਤਾਰ ਦਾ ਮਸਲਾ ਏਜੰਡੇ ਵਿਚ ਰੱਖਣ ਦੀ ਗੱਲ ਕੀਤੀ, ਪਰ ਇਹ ਮੋਦੀ ਸਰਕਾਰ ਤੱਕ ਅਸਰਦਾਰ ਢੰਗ ਨਾਲ ਪਹੁੰਚ ਕਰਨ ਵਿਚ ਨਾਕਾਮ ਰਹੇ। ਇਹ ਸਿਲਸਿਲਾ ਕੇਂਦਰ ਨੂੰ ਅਪੀਲਾਂ ਤੱਕ ਹੀ ਸੀਮਤ ਰਹਿ ਗਿਆ।

ਦੱਸ ਦਈਏ ਕਿ ਫਰਾਂਸ ਦੇ ਪ੍ਰਧਾਨ ਮੰਤਰੀ ਚਾਰ ਦਿਨ ਭਾਰਤ ਰਹੇ ਅਤੇ ਉਨ੍ਹਾਂ ਨੇ ਭਾਰਤ ਤੇ ਫਰਾਂਸ ਵਿਚਕਾਰ ਆਪਸੀ ਰਣਨੀਤਕ ਸਬੰਧਾਂ ਦਾ ਵਿਸਥਾਰ ਕਰਦਿਆਂ ਰੱਖਿਆ, ਸੁਰੱਖਿਆ, ਪਰਮਾਣੂ ਊਰਜਾ ਅਤੇ ਗੁਪਤ ਜਾਣਕਾਰੀ ਦੇ ਬਚਾਅ ਸਮੇਤ ਅਹਿਮ ਖੇਤਰਾਂ ਵਿਚ 14 ਸਮਝੌਤਿਆਂ ਉਤੇ ਦਸਤਖਤ ਕੀਤੇ, ਪਰ ਫਰਾਂਸ ਵਿਚ ਵੱਸਦੇ ਵੱਡੀ ਗਿਣਤੀ ਸਿੱਖਾਂ ਦੇ ਅਹਿਮ ਮਸਲੇ ਏਜੰਡੇ ਉਤੇ ਹੀ ਨਹੀਂ ਸਨ। ਕੁਝ ਸਿੱਖ ਆਗੂਆਂ ਦਾ ਕਹਿਣਾ ਹੈ ਇਹ ਸਿੱਖ ਜਥੇਬੰਦੀਆਂ ਦੀ ਢਿੱਲ ਦਾ ਨਤੀਜਾ ਹੈ। ਸਿੱਖਾਂ ਦੀਆਂ ਮੰਗਾਂ ਏਜੰਡੇ ਵਿਚ ਸ਼ਾਮਲ ਕਰਵਾਉਣ ਲਈ ਦਬਾਅ ਬਣਾਉਣਾ ਚਾਹੀਦਾ ਸੀ, ਪਰ ਇਸ ਪਾਸੇ ਸੁੱਕੀਆਂ ਅਪੀਲਾਂ ਨਾਲ ਹੀ ਬੁੱਤ ਸਾਰ ਦਿੱਤਾ ਗਿਆ।

ਯਾਦ ਰਹੇ ਕਿ ਫਰਾਂਸ ਵਿਚ ਸਿੱਖਾਂ ਲਈ ਦਸਤਾਰ ਦਾ ਵੱਡਾ ਮਸਲਾ ਹੈ। 2006 ਵਿਚ ਫਰਾਂਸ ਸਰਕਾਰ ਨੇ ਸਾਰੇ ਸਰਕਾਰੀ ਤੇ ਜਨਤਕ ਅਦਾਰਿਆਂ ਵਿਚ ਕੰਮ ਕਰਨ, ਸਕੂਲਾਂ ਵਿਚ ਪੜ੍ਹਨ ਜਾਣਾ ਅਤੇ ਕਿਸੇ ਵੀ ਤਰ੍ਹਾਂ ਦਾ ਸ਼ਨਾਖਤੀ ਕਾਰਡ

(ਬਾਕੀ ਸਫਾ 6 ਉਤੇ)

## ਉਘੇ ਵਿਗਿਆਨੀ ਸਟੀਫਨ ਹਾਕਿੰਗ ਦਾ ਦੇਹਾਂਤ



**ਕੈਂਬਰਿਜ:** ਉਘੇ ਵਿਗਿਆਨੀ ਸਟੀਫਨਹਾਕਿੰਗ ਦਾ 76 ਵਰ੍ਹਿਆਂ ਦੀ ਉਮਰ ਵਿਚ ਇਥੇ ਦਿਹਾਂਤ ਹੋ ਗਿਆ। ਉਨ੍ਹਾਂ ‘ਬਲੈਕ ਹੋਲ’ ਦੇ ਵਿਸ਼ੇ ਉਤੇ ਬ੍ਰਹਿਮੰਡ ਬਾਰੇ ਕਈ

(ਬਾਕੀ ਸਫਾ 6 ਉਤੇ)

## ਨਾਜਾਇਜ਼ ਖਣਨ: ਕਾਂਗਰਸੀਆਂ ਨੇ ਬਾਦਲਾਂ ਦੀ ਬੁਰਛਾਗਰਦੀ ਨੂੰ ਪਾਈ ਮਾਤ

ਚੰਡੀਗੜ੍ਹ: ਰੇਤ ਦੀ ਨਾਜਾਇਜ਼ ਨਿਕਾਸੀ ਦੇ ਧੰਦੇ ਵਿਚ ਕਾਂਗਰਸੀ ਵਿਧਾਇਕਾਂ ਤੇ ਕੁਝ ਮੰਤਰੀਆਂ ਨੇ ਵੀ ਖੁੱਲ੍ਹ ਕੇ ਹੱਥ ਰੰਗੇ ਹਨ। ਇੰਟੈਲੀਜੈਂਸ ਅਤੇ ਮਾਈਨਿੰਗ ਵਿਭਾਗ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਸੂਚੀ ਵਿਚ 32 ਜਣਿਆਂ ਦੇ ਨਾਂ ਹਨ। ਇਨ੍ਹਾਂ ਵਿਚੋਂ 18 ਕਾਂਗਰਸੀ ਵਿਧਾਇਕ, ਦੋ ਸਾਬਕਾ ਵਿਧਾਇਕ, 4 ਅਕਾਲੀ ਅਤੇ ਇਕ ਆਮ ਆਦਮੀ ਪਾਰਟੀ ਦੇ ਵਿਧਾਇਕ ਸਮੇਤ 7 ਕਾਂਗਰਸੀ ਆਗੂਆਂ ਦੇ ਕਰੀਬੀ ਰੇਤੇ ਦੇ ਨਾਜਾਇਜ਼ ਕਾਰੋਬਾਰ ਵਿਚ ਜੁਟੇ ਹੋਏ ਹਨ।

ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਪਿੱਛੋਂ ਸੂਬੇ ਦੇ ਇਕ ਹੋਰ ਮੰਤਰੀ ਉਤੇ ਰੇਤੇ ਦੇ ਨਾਜਾਇਜ਼ ਕਾਰੋਬਾਰ ਵਿਚ ਹੱਥ ਹੋਣ ਦਾ ਖੁਲਾਸਾ ਹੋਇਆ ਹੈ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਉਤੇ ਦੋਸ਼ ਲੱਗੇ ਹਨ ਕਿ ਉਹ ਆਪਣੇ ਭਾਣਜੇ ਰਾਹੀਂ ਸੂਬੇ ਵਿਚ ਨਾਜਾਇਜ਼ ਮਾਈਨਿੰਗ ਕਰ ਰਹੇ ਹਨ। ਦੱਸ ਦਈਏ ਕਿ ਇਸ ਤੋਂ ਪਹਿਲਾਂ ਰਾਣਾ ਗੁਰਜੀਤ ਨੂੰ ਰੇਤੇ ਦੇ ਨਾਜਾਇਜ਼ ਕਾਰੋਬਾਰ ਦੇ ਦੋਸ਼ਾਂ ਕਾਰਨ ਹੀ ਆਪਣੀ ਮੰਤਰੀ ਦੀ ਕੁਰਸੀ ਗਵਾਉਣੀ ਪਈ ਸੀ। ਯਾਦ ਰਹੇ ਕਿ ਪਿਛਲੇ ਹਫਤੇ ਚੰਡੀਗੜ੍ਹ ਤੋਂ ਕਰਤਾਰਪੁਰ (ਜਲੰਧਰ) ਜਾਂਦਿਆਂ ਮੁੱਖ ਮੰਤਰੀ ਨੇ ਸਤਲੁਜ ਵਿਚ ਚੱਲ ਰਹੀ ਗੈਰ ਕਾਨੂੰਨੀ ਮਾਈਨਿੰਗ ਨੂੰ ਅੱਖੀਂ ਦੇਖਿਆ ਸੀ। ਇਸ ਪਿੱਛੋਂ ਮੁੱਖ ਮੰਤਰੀ ਦੀ ਹਦਾਇਤ ‘ਤੇ ਤਿੰਨ ਜ਼ਿਲ੍ਹਿਆਂ- ਨਵਾਂ ਸ਼ਹਿਰ, ਜਲੰਧਰ ਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰਾਂ ਤੇ ਹੋਰ ਸਬੰਧਤ ਅਧਿਕਾਰੀਆਂ ਨੇ ਥਾਂ-ਥਾਂ ਛਾਪੇ ਮਾਰੇ। ਇਕੱਲੇ ਜਲੰਧਰ ਜ਼ਿਲ੍ਹੇ ਵਿਚ ਪੰਜ ਜੇ.ਸੀ.ਬੀ. ਮਸ਼ੀਨਾਂ, 21 ਹੋਰ ਮਸ਼ੀਨਾਂ ਤੇ 30 ਟਿੱਪਰ ਕਬਜ਼ੇ ਵਿਚ ਲੈਣ ਦਾ ਦਾਅਵਾ ਕੀਤਾ ਗਿਆ। ਉਂਜ, ਚਰਚਾ ਹੈ ਕਿ ਕੈਪਟਨ ਸਰਕਾਰ ਦੀ ਇਹ ਕਾਰਵਾਈ ਵੱਡੀਆਂ ਮੱਛੀਆਂ ਨੂੰ ਹੱਥ ਪਾਉਣ ਵਾਲੀ ਨਹੀਂ ਸੀ। ਸਿਰਫ ਟਿੱਪਰਾਂ ਦੇ ਡਰਾਈਵਰਾਂ ਅਤੇ ਕਰਿੰਦਿਆਂ ਵਿਰੁਧ ਐਫ.ਆਈ.ਆਰ. ਦਰਜ ਕਰ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਹੁਣ ਇਸ ਗੋਰਖਧੰਦੇ ਨੂੰ ਜੜ੍ਹੋਂ ਪੁੱਟਣ ਲਈ ਗੰਭੀਰ ਹੈ।

ਇਸੇ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕੁਝ ਸਬੂਤਾਂ ਸਮੇਤ ਦਾਅਵਾ ਕੀਤਾ ਹੈ ਕਿ ਨਵਾਂ ਸ਼ਹਿਰ ਦੇ ਮਲਕਪੁਰ ਪਿੰਡ ਦੀ ਖੱਡ ਚੰਨੀ ਦੇ ਭਾਣਜੇ ਦੇ ਨਜ਼ਦੀਕੀ ਨੂੰ ਅਲਾਟ ਹੋਈ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਜਿਸ ਤਰ੍ਹਾਂ ਰਾਣਾ ਗੁਰਜੀਤ ਨੇ ਆਪਣੇ ਰਸੋਈਏ ਅਮਿਤ ਬਹਾਦਰ ਰਾਹੀਂ

(ਬਾਕੀ ਸਫਾ 6 ਉਤੇ)





# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**Gurdwara Shri Guru HarGobind Sahib Ji**

**1050 S. Graham Road, Greenwood, IN 46143**

# ਖਾਲਸਾ ਸਾਜਨਾ ਦਿਵਸ ਸਮਾਗਮ

# Khalsa Sajna Diwas Samagam

## 20 ਅਪਰੈਲ ਤੋਂ 22 ਅਪਰੈਲ ਤੱਕ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖੇ ਤਿੰਨ ਰੋਜ਼ਾ ਖਾਲਸਾ ਸਾਜਨਾ ਦਿਵਸ ਸਮਾਗਮ 20 ਅਪਰੈਲ ਤੋਂ 22 ਅਪਰੈਲ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



*ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)*



*ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)*



*ਗਿਆਨੀ ਸ਼ੇਰ ਸਿੰਘ*



*ਭਾਈ ਮਹਿਲ ਸਿੰਘ ਚੰਡੀਗੜ੍ਹ (ਕਵੀਸ਼ਰੀ ਜਥਾ)*



*ਭਾਈ ਸੁੱਖਾ ਸਿੰਘ*

## ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**21 ਅਪਰੈਲ 2018, ਸਨਿਚਰਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**22 ਅਪਰੈਲ 2018, ਐਤਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਦੁਪਹਿਰ ਦਾ ਦੀਵਾਨ: ਸਵੇਰੇ 11:30 ਤੋਂ 3 ਵਜੇ ਤੱਕ*




**21 ਅਪਰੈਲ 2018**

*ਸਨਿਚਰਵਾਰ*

*ਸਵੇਰੇ 11 ਵਜੇ*

**April 20th, 2018 Friday**

*Evening Diwan 6PM to 9PM*

**April 21st, 2018 Saturday**

*Morning 6:30AM to 9AM Asa Dee Vaar*

*Evening Diwan: 6PM to 9PM*

**April 22nd, 2018 Sunday**

*Morning 6:30Am to 9AM Asa Dee Vaar*

*Afternoon Diwan: 11:30AM to 3PM*

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਗੁਰਪ੍ਰੀਤ ਸਿੰਘ
ਫੋਨ: 317-476-4038

ਭਾਈ ਜਸਦੀਪ ਸਿੰਘ
ਫੋਨ: 317-560-0019

ਭਾਈ ਸਤਨਾਮ ਸਿੰਘ
ਫੋਨ: 317-403-8344

## ਡਾਕਟਰਾਂ ਨੇ ਮਰੀਜ਼ ਦੀ ਵੱਢੀ ਲੱਤ ਨੂੰ ਬਣਾਇਆ ਸਿਰਹਾਣਾ

**ਝਾਂਸੀ:** ਉਤਰ ਪ੍ਰਦੇਸ਼ ਦੇ ਝਾਂਸੀ ਵਿਚ ਇਨਸਾਨੀਅਤ ਨੂੰ ਸ਼ਰਮਿੰਦਾ ਕਰਨ ਵਾਲੀ ਡਾਕਟਰਾਂ ਦੀ ਲਾਪਰਵਾਹੀ ਸਾਹਮਣੇ ਆਈ ਹੈ। ਇਕ ਬੱਸ ਸੜਕ ਹਾਦਸੇ 'ਚ ਗੰਭੀਰ ਜਖ਼ਮੀ ਘਣਸ਼ਿਆਮ ਨੂੰ ਇਲਾਜ ਲਈ ਇਥੋਂ ਦੇ ਸਰਕਾਰੀ ਮੈਡੀਕਲ ਕਾਲਜ ਦੇ ਐਮਰਜੈਂਸੀ ਵਾਰਡ 'ਚ ਭਰਤੀ ਕਰਵਾਇਆ ਗਿਆ ਸੀ, ਜਿਥੇ ਡਾਕਟਰਾਂ ਨੇ ਇਸ ਨੌਜਵਾਨ ਦੀ ਵੱਢੀ ਗਈ ਲੱਤ ਨੂੰ ਉਸ ਦੇ ਸਿਰ ਹੇਠਾਂ ਰੱਖ ਦਿੱਤਾ।

ਘਟਨਾ ਦੀ ਜਾਣਕਾਰੀ ਮਿਲਣ 'ਤੇ ਜਾਂਚ ਲਈ 4 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ, ਜਦਕਿ ਸੂਬੇ ਦੇ ਮੈਡੀਕਲ ਸਿੱਖਿਆ ਮੰਤਰੀ ਅਸ਼ੂਤੋਸ਼ ਟੰਡਨ ਨੇ ਲਾਪਰਵਾਹੀ ਵਰਤਣ ਵਾਲੇ ਇਕ ਸੀਨੀਅਰ ਰੈਜੀਡੈਂਟ ਡਾਕਟਰ ਸਣੇ 2 ਡਾਕਟਰਾਂ ਤੇ 2 ਨਰਸਾਂ ਨੂੰ ਮੁਅੱਤਲ ਕਰ ਦਿੱਤਾ ਹੈ।

## ਅਸੀਂ ਪਿਤਾ ਦੇ ਕਾਤਲਾਂ ਨੂੰ ਬਖਸ਼ ਦਿੱਤਾ: ਰਾਹੁਲ

**ਸਿੰਗਾਪੁਰ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਤੇ ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਨੇ ਆਪਣੇ ਪਿਤਾ ਰਾਜੀਵ ਗਾਂਧੀ ਦੇ ਕਾਤਲਾਂ ਨੂੰ 'ਪੂਰੀ ਤਰ੍ਹਾਂ ਮੁਆਫ' ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਲਈ ਲੋਕਾਂ ਨੂੰ ਨਫਰਤ ਕਰਨਾ ਬੇਹੱਦ ਔਖਾ ਜਾਪਦਾ ਹੈ। ਸਿੰਗਾਪੁਰ ਵਿਚ ਆਈ.ਆਈ.ਐਮ. ਦੀ ਅਲੂਮਨੀ ਦੇ ਰੂ-ਬਰੂ ਹੁੰਦਿਆਂ ਰਾਹੁਲ ਗਾਂਧੀ ਨੇ ਆਪਣੀ ਦਾਦੀ ਇੰਦਰਾ ਗਾਂਧੀ ਤੇ ਪਿਤਾ ਰਾਜੀਵ ਗਾਂਧੀ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਪਤਾ ਸੀ ਕਿ ਕੋਈ ਸਟੈਂਡ ਲੈਣ ਸਮੇਂ ਕਿਹੋ ਜਿਹੀ ਕੀਮਤ ਤਾਰਨੀ ਪੈ ਸਕਦੀ ਹੈ।

## ਜੱਸੀ ਹੱਤਿਆ ਕਾਂਡ: ਸੁਖਵਿੰਦਰ ਮਿੱਠੂ ਨੂੰ ਨਿਆਂ ਦੀ ਆਸ ਬੱਝੀ

**ਚੰਡੀਗੜ੍ਹ:** ਕੈਨੇਡਾ ਵਿਚ ਜੰਮੀ ਜਸਵਿੰਦਰ ਕੌਰ ਜੱਸੀ ਨੂੰ ਅਣਖ ਖਾਤਰ ਕਤਲ ਕੀਤੇ ਜਾਣ ਮਗਰੋਂ ਉਸ ਦੇ ਪਤੀ ਸੁਖਵਿੰਦਰ ਸਿੰਘ ਮਿੱਠੂ (41) ਨੂੰ ਕਈ ਸਾਲਾਂ ਤੱਕ ਪੰਜਾਬ ਪੁਲਿਸ ਵੱਲੋਂ ਝੂਠੇ ਕੇਸਾਂ 'ਚ ਫਸਾਏ ਜਾਣ ਉਤੇ ਹੁਣ ਅਖੀਰ ਇਨਸਾਫ ਮਿਲਣ ਦੀ ਆਸ ਬੱਝੀ ਹੈ।

ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਝੂਠੇ ਕੇਸਾਂ ਦੀ ਤਫਤੀਸ਼ ਲਈ ਬਣਾਏ ਗਏ ਜਾਂਚ ਕਮਿਸ਼ਨ ਨੇ ਮਿੱਠੂ ਖਿਲਾਫ਼ ਬਕਾਇਆ ਐਫ.ਆਈ.ਆਰ. ਰੱਦ ਕਰਨ ਅਤੇ ਝੂਠੇ ਕੇਸਾਂ 'ਚ ਫਸਾਉਣ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ਼ ਕਾਰਵਾਈ ਦੇ ਹੁਕਮ ਦਿੱਤੇ ਹਨ।

ਜਸਟਿਸ ਮਹਿਤਾਬ ਸਿੰਘ ਗਿੱਲ ਅਤੇ ਜਸਟਿਸ ਬੀ.ਐਸ. ਮਹਿੰਦੀਰੱਤਾ ਨੇ ਜਾਰੀ ਹੁਕਮਾਂ 'ਚ ਕਿਹਾ ਕਿ ਕਾਉਂਕੇ ਖੋਸਾ (ਜਗਰਾਉਂ) ਦੇ ਵਸਨੀਕ ਮਿੱਠੂ ਨੂੰ ਜਾਣ-ਬੁਝ ਕੇ ਪਰੇਸ਼ਾਨ ਕੀਤਾ ਗਿਆ। ਮਿੱਠੂ ਨੂੰ ਢੁਕਵਾਂ ਮੁਆਵਜ਼ਾ ਮਿਲਣਾ ਚਾਹੀਦਾ ਹੈ ਜੋ ਪੁਲਿਸ ਅਧਿਕਾਰੀਆਂ ਤੋਂ ਵਸੂਲਿਆ ਜਾਵੇ। ਉਨ੍ਹਾਂ ਕੋਤਾਹੀ ਵਰਤਣ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ਼ ਧਾਰਾ 182 ਤਹਿਤ ਕੇਸ ਚਲਾਉਣ ਲਈ ਵੀ ਕਿਹਾ ਹੈ। ਜ਼ਿਕਰਯੋਗ ਹੈ ਕਿ ਜੱਸੀ ਦੀ ਮਾਂ ਮਲਕੀਤ ਕੌਰ ਅਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਨੇ 8 ਜੂਨ 2000 ਨੂੰ ਜੱਸੀ ਦਾ ਕਤਲ ਕਰਵਾ ਦਿੱਤਾ ਸੀ। ਦੋਵੇਂ ਜਣੇ ਅਜੇ ਕੈਨੇਡਾ ਵਿਚ ਹਨ ਅਤੇ ਉਨ੍ਹਾਂ ਨੂੰ ਭਾਰਤ ਵਿਚ ਅਜੇ ਲਿਆਉਣਾ ਬਾਕੀ ਹੈ

## ਬਾਦਲ ਸਰਕਾਰ ਵੇਲੇ ਖਹਿਰਾ ਵੀ ਹੋਏ ਸਨ ਬਦਲਾਖੋਰੀ ਦਾ ਸ਼ਿਕਾਰ

**ਚੰਡੀਗੜ੍ਹ:** ਪਿਛਲੀ ਸਰਕਾਰ ਦੀਆਂ ਰਾਜਸੀ ਵਿਰੋਧੀਆਂ ਖਿਲਾਫ ਜ਼ਿਆਦਤੀਆਂ ਦੀ ਪੜਤਾਲ ਲਈ ਕਾਇਮ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵਿਰੁੱਧ ਦੰਗਿਆਂ ਦੇ ਦੋਸ਼ ਵਿਚ ਕੇਸ ਰਾਜਸੀ ਬਦਲਾਖੋਰੀ ਤਹਿਤ ਦਰਜ ਕੀਤਾ ਗਿਆ ਸੀ ਕਿਉਂਕਿ ਉਹ ਅਕਾਲੀ ਆਗੂ ਬੀਬੀ ਜਗੀਰ ਕੌਰ ਦਾ ਰਾਜਸੀ ਵਿਰੋਧੀ ਸੀ। ਇਸ ਮਾਮਲੇ ਵਿਚ ਕਮਿਸ਼ਨ ਨੇ ਭੁਲੱਥ ਦੇ ਤਤਕਾਲੀ ਡੀ.ਐਸ.ਪੀ., ਸੁਭਾਨਪੁਰ ਦੇ ਥਾਣੇਦਾਰ ਅਤੇ ਐਫ.ਆਈ.ਆਰ. ਲਿਖਣ ਵਾਲੇ ਵਿਰੁੱਧ ਕਾਰਵਾਈ ਸ਼ੁਰੂ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਇਸ ਕੇਸ ਵਿਚ ਝੂਠੇ ਫਸਾਏ ਗਏ ਲੋਕਾਂ ਨੂੰ ਡੀ.ਐਸ.ਪੀ. ਅਤੇ ਥਾਣੇਦਾਰ ਦੀ ਜੇਬ ਵਿਚੋਂ ਮੁਆਵਜ਼ਾ ਦੇਣ ਦੀ ਵੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਪੁਲਿਸ ਅਧਿਕਾਰੀਆਂ ਵਿਰੁੱਧ ਧਾਰਾ 182 ਤਹਿਤ ਕਾਰਵਾਈ ਕਰਨ ਦੀ ਵੀ ਸਿਫਾਰਸ਼ ਕੀਤੀ ਹੈ।

ਸ. ਖਹਿਰਾ ਨੇ 18 ਅਪਰੈਲ 2007 ਨੂੰ ਆਪਣੇ ਵਿਰੁੱਧ ਦੰਗੇ ਭੜਕਾਉਣ ਤੇ ਹੋਰ ਧਾਰਾਵਾਂ ਤਹਿਤ ਦਰਜ ਕੇਸ ਦੇ ਮਾਮਲੇ ਵਿਚ ਕਮਿਸ਼ਨ ਕੋਲ ਪਹੁੰਚ ਕੀਤੀ ਸੀ। ਖਹਿਰਾ ਦੇ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 341, 284, 427, 382, 147 ਅਤੇ 148 ਤਹਿਤ ਸੁਭਾਨਪੁਰ ਪੁਲਿਸ ਸਟੇਸ਼ਨ ਵਿਚ ਕੇਸ ਦਰਜ ਕੀਤਾ ਗਿਆ ਸੀ।

## ਭਿਓਰਾ ਨੂੰ ਦੋ ਘੰਟੇ ਦੀ ਪੈਰੋਲ ਦੇਣ ਤੋਂ ਇਨਕਾਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਭਾਈ ਪਰਮਜੀਤ ਸਿੰਘ ਭਿਓਰਾ ਨੂੰ ਦੋ ਘੰਟੇ ਦੀ ਹਿਰਾਸਤੀ ਪੈਰੋਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਇਕ ਐਂਬੂਲੈਂਸ ਰਾਹੀਂ ਭਿਓਰਾ ਦੀ ਬਿਮਾਰ ਮਾਂ ਨੂੰ ਬੁੜੈਲ ਜੇਲ੍ਹ ਵਿਚ ਲਿਆ ਕੇ ਮੁਲਾਕਾਤ ਕਰਾਉਣ ਦੀ ਇਜਾਜ਼ਤ ਦੇ ਦਿੱਤੀ ਸੀ, ਪਰ ਡਾਕਟਰਾਂ ਨੇ ਭਿਓਰਾ ਦੀ ਮਾਂ ਪ੍ਰੀਤਮ ਕੌਰ ਦੀ ਗੰਭੀਰ ਹਾਲਤ ਦੇਖ ਕੇ ਉਸ ਨੂੰ ਲਿਆਉਣ ਤੋਂ ਅਸਮਰੱਥਾ ਪ੍ਰਗਟਾਈ ਸੀ। ਭਿਓਰਾ ਨੇ ਹਾਈ ਕੋਰਟ ਵਿਚ ਦੁਬਾਰਾ ਅਰਜ਼ੀ ਦੇ ਕੇ ਬਿਮਾਰ ਮਾਂ ਨੂੰ ਮਿਲਣ ਲਈ ਇਜਾਜ਼ਤ ਮੰਗੀ ਸੀ, ਜਿਸ ਨੂੰ ਰੱਦ ਕਰ ਦਿੱਤਾ ਗਿਆ ਹੈ। ਭਿਓਰਾ ਦੇ ਵਕੀਲ ਨੇ ਹੁਣ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਲਈ ਪਟੀਸ਼ਨ ਤਿਆਰ ਕਰ ਲਈ ਹੈ।

ਭਾਈ ਭਿਓਰਾ ਨੇ ਬਿਮਾਰ ਮਾਂ ਨੂੰ ਮਿਲਣ ਲਈ ਦੋ ਘੰਟੇ ਦੀ ਕਸਟਡੀ ਪੈਰੋਲ ਦੀ ਮੰਗ ਕੀਤੀ ਹੈ। ਉਸ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਉਹ ਅਠਾਰਾਂ ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ ਤੇ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਉਸ ਦੀ ਮਾਂ ਬਹੁਤ ਬਿਮਾਰ ਹੈ, ਜਿਸ ਨੇ ਉਸ ਨਾਲ ਮਿਲਣ ਦੀ ਇੱਛਾ ਪ੍ਰਗਟਾਈ ਹੈ।


## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 8-11

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

### ਵਰ ਦੀ ਲੋੜ

Match for Jatt Sikh Gill girl, 28 yrs, 5'-5", engineer in MNC, H1B Visa, Green Card in procesing, Lives in Bay Area, California. Preferance to doctor/ engeneer in Bay Area. Contact: hsgill.ado@gmail.com 11-14

Wanted US/Canadian citizen/green card holder boy for Jatt Sikh girl, fair complexion, 23 yrs, 5'-4" from Chandigarh, Bachelor of Dental Surgery, doing internship, only daughter, father retired sub inspector Chandigarh police. Contact, Ph: 765-760-0581 or 765-702-8255 10-13

### ਵਰ ਦੀ ਲੋੜ

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 8-11

*To Advertise with Punjab Times Call: 847-359-0746*

**Gas Station for Sale in Idaho**

**Conoco branded gas station with property for sale in Idaho will carry contract with 25 percent down price 600k**

**Call: 208-451-3137**

ਇਡਾਹੋ ਵਿਚ ਗੈਸ ਸਟੇਸ਼ਨ ਵਿਕਾਊ ਹੈ

ਇਡਾਹੋ ਸਟੇਟ ਵਿਚ ਕੋਨੋਕੋ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ।

6 ਲੱਖ ਡਾਲਰ ਦੀ ਕੀਮਤ ਉਤੇ 25% ਡਾਊਨ ਪੇਮੈਂਟ ਨਾਲ ਕੰਟਰੈਕਟ ਹੋ ਸਕੇਗਾ

ਸੰਪਰਕ ਕਰੋ, ਫੋਨ: 208-451-3137 11

**ਤੰਦੂਰੀਏ ਦੀ ਲੋੜ ਹੈ**

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਪਤੀ-ਪਤਨੀ ਨੂੰ ਪਹਿਲ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961 11-12

**House for Sale in Chandigarh**

**HIG Independent duplex house around 9 marla in Sector 28 West, Chandigarh for sale.**

***Please contact: Sunny 618-513-7645***

**ਹਲਵਾਈ ਤੇ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635 8-


*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਔਰਤਾਂ 'ਤੇ ਤਸ਼ੱਦਦ ਦੇ ਮਾਮਲਿਆਂ ਵਿਚ ਵਾਧਾ

## ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤਾਂ ਦਾ ਹੜ੍ਹ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਔਰਤਾਂ ਉਤੇ ਤਸ਼ੱਦਦ ਦੀਆਂ ਸ਼ਿਕਾਇਤਾਂ ਦੀ ਗਿਣਤੀ ਵਧ ਰਹੀ ਹੈ। ਚਾਲੂ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਸਵਾ ਸੌ ਤੋਂ ਵੱਧ ਔਰਤਾਂ ਕਮਿਸ਼ਨ ਅੱਗੇ ਇਨਸਾਫ ਲਈ ਦੁਹਾਈ ਪਾ ਚੁੱਕੀਆਂ ਹਨ। ਬੀਤੇ ਸਾਲ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 10964 ਸ਼ਿਕਾਇਤਾਂ ਆਈਆਂ ਸਨ, ਜਿਨ੍ਹਾਂ ਵਿਚੋਂ 682 ਔਰਤਾਂ ਨਾਲ ਜ਼ਿਆਦਤੀਆਂ ਦੀਆਂ ਸਨ।




ਸਾਲ 2016 ਦੌਰਾਨ ਕਮਿਸ਼ਨ ਕੋਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 11162 ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ ਸਨ, ਜਦੋਂ ਕਿ ਮਹਿਲਾਵਾਂ ਨਾਲ ਵਧੀਕੀਆਂ ਦੀਆਂ ਸਿਰਫ 493 ਸ਼ਿਕਾਇਤਾਂ ਸਨ। ਉਸ ਤੋਂ ਇਕ ਸਾਲ ਪਹਿਲਾਂ ਵੀ ਔਰਤਾਂ ਨਾਲ ਵਧੀਕੀਆਂ ਦੀਆਂ 618 ਸ਼ਿਕਾਇਤਾਂ ਮਿਲੀਆਂ ਸਨ, ਜਦੋਂ ਕਿ ਕੁੱਲ ਸ਼ਿਕਾਇਤਾਂ ਦੀ ਗਿਣਤੀ 15986 ਸੀ। ਚਾਲੂ ਸਾਲ ਕਮਿਸ਼ਨ ਨੂੰ ਮਿਲੀਆਂ ਕੁੱਲ 1945 ਸ਼ਿਕਾਇਤਾਂ ਵਿਚੋਂ 122 ਔਰਤਾਂ ਉਤੇ ਤਸ਼ੱਦਦ ਦੀਆਂ ਹਨ। ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਬਾਅਦ 2008 ਵਿਚ ਔਰਤਾਂ ਨਾਲ ਵਧੀਕੀਆਂ ਦੀਆਂ ਸਭ ਤੋਂ ਵੱਧ 718 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਪਰ ਉਦੋਂ ਕਮਿਸ਼ਨ ਨੂੰ ਮਿਲੀਆਂ ਕੁੱਲ ਸ਼ਿਕਾਇਤਾਂ ਦੀ ਗਿਣਤੀ 19266 ਸੀ। ਕਮਿਸ਼ਨ 1997 ਨੂੰ ਹੋਂਦ ਵਿਚ ਆਇਆ ਸੀ ਅਤੇ ਪਹਿਲੇ ਸਾਲ ਕਮਿਸ਼ਨ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 90 ਸ਼ਿਕਾਇਤਾਂ ਮਿਲੀਆਂ ਸਨ ਅਤੇ ਇਨ੍ਹਾਂ ਵਿਚੋਂ ਔਰਤਾਂ ਨਾਲ ਜ਼ਿਆਦਤੀਆਂ ਦੀ ਸਿਰਫ ਇਕ ਸ਼ਿਕਾਇਤ ਸੀ। ਉਸ ਤੋਂ ਅਗਲੇ ਸਾਲ ਕੇਸਾਂ ਦੀ ਗਿਣਤੀ ਵਧ ਕੇ 987 ਹੋ ਗਈ ਅਤੇ ਔਰਤਾਂ ਨਾਲ ਸਬੰਧਤ 27 ਦਰਖਾਸਤਾਂ ਸਨ।

ਸਾਲ 1999 ਵਿਚ ਔਰਤਾਂ ਨਾਲ ਜ਼ਿਆਦਤੀਆਂ ਦੀਆਂ 64 ਸ਼ਿਕਾਇਤਾਂ ਮਿਲੀਆਂ ਸਨ, ਜਦੋਂ ਕਿ ਕੁੱਲ ਕੇਸ ਵਧ ਕੇ 2134 ਹੋ ਗਏ ਸਨ। ਸਾਲ 2000 ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਕੁੱਲ 4926 ਸ਼ਿਕਾਇਤਾਂ ਵਿਚੋਂ 236 ਔਰਤਾਂ ਨਾਲ ਜ਼ਿਆਦਤੀਆਂ ਦੀਆਂ ਸਨ। ਸਾਲ 2001 ਦੌਰਾਨ ਇਹ ਗਿਣਤੀ ਕ੍ਰਮਵਾਰ 7520 ਅਤੇ 311 ਰਹੀ ਸੀ। ਸਾਲ 2002 ਵਿਚ ਸ਼ਿਕਾਇਤਾਂ ਦੀ ਗਿਣਤੀ 8312 ਨੂੰ ਪੁੱਜ ਗਈ ਸੀ ਅਤੇ ਔਰਤਾਂ ਨਾਲ ਵਧੀਕੀਆਂ ਦੀਆਂ ਸ਼ਿਕਾਇਤਾਂ ਸਿਰਫ 190 ਰਹਿ ਗਈਆਂ ਹਨ। ਉਸ ਤੋਂ ਅਗਲੇ ਸਾਲ ਵੀ 11572 ਸ਼ਿਕਾਇਤਾਂ ਵਿਚੋਂ ਔਰਤਾਂ ਨਾਲ ਵਧੀਕੀਆਂ ਦੀਆਂ ਸ਼ਿਕਾਇਤਾਂ ਸਿਰਫ 219 ਹੀ ਸਨ। ਸਾਲ 2004 ਵਿਚ ਕੇਸਾਂ ਵਿਚ 16927 ਤੱਕ ਉਛਾਲ ਆਇਆ, ਜਦੋਂ ਕਿ ਔਰਤਾਂ ਦੇ ਕੇਸ 523 ਸਨ।

ਸਾਲ 2014 ਵਿਚ ਔਰਤਾਂ ਨਾਲ ਵਧੀਕੀਆਂ ਦੀਆਂ ਦਰਖਾਸਤਾਂ 615 ਮਿਲੀਆਂ ਸਨ, ਜਦੋਂ ਕਿ ਕੁੱਲ ਸ਼ਿਕਾਇਤਾਂ ਦੀ ਗਿਣਤੀ 615 ਸੀ। ਸਾਲ 2010 ਵਿਚ ਜਦੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸਭ ਤੋਂ ਵੱਧ 19266 ਸ਼ਿਕਾਇਤਾਂ ਸਨ ਤਾਂ ਵੀ ਔਰਤ ਦੀਆਂ ਵਧੀਕੀਆਂ ਦੀਆਂ ਸਿਰਫ 638 ਸ਼ਿਕਾਇਤਾਂ ਹੀ ਮਿਲੀਆਂ ਸਨ। ਕਮਿਸ਼ਨ ਕੋਲ ਆ ਰਹੀਆਂ ਦਰਖਾਸਤਾਂ ਵਿਚ ਘਰੇਲੂ ਝਗੜੇ ਅਤੇ ਪੁਲਿਸ ਜ਼ਿਆਦਤੀਆਂ ਦੇ ਦੁਖੜੇ ਜ਼ਿਆਦਾ ਹਨ।

## ਭਾਰਤ 'ਚ ਵਧ ਰਿਹਾ ਹੈ ਔਰਤਾਂ ਦਾ ਦਬਦਬਾ

**ਨਵੀਂ ਦਿੱਲੀ:** ਭਾਰਤੀ ਔਰਤਾਂ ਹਰ ਖੇਤਰ ਵਿਚ ਅੱਗੇ ਵਧ ਰਹੀਆਂ ਹਨ। ਸਿਆਸਤ ਵਿਚ ਵੀ ਉਨ੍ਹਾਂ ਦੀ ਸ਼ਮੂਲੀਅਤ ਲਗਾਤਾਰ ਵਧ ਰਹੀ ਹੈ। ਸਾਲ 2018 ਦੀ ਗੱਲ ਕਰੀਏ ਤਾਂ ਵੱਖ-ਵੱਖ ਉਚ ਅਹੁਦਿਆਂ ਉਤੇ ਮਹਿਲਾਵਾਂ ਦੀ ਨੁਮਾਇੰਦਗੀ 20 ਫੀਸਦੀ ਤੱਕ ਵਧਣ ਨਾਲ ਭਾਰਤ ਦੀ ਲਿੰਗਕ ਵਖਰੇਵਾਂ ਰੈਂਕਿੰਗ ਵਿਚ ਸੁਧਾਰ ਹੋਇਆ ਹੈ। ਉਂਜ ਅਜੇ ਇਸ 'ਚ ਹੋਰ ਸੁਧਾਰ ਦੀ ਜ਼ਰੂਰਤ ਹੈ।

ਗਰੈਂਟ ਥੋਰਨਟਨ ਐਡਵਾਈਜ਼ਰੀ ਪ੍ਰਾਈਵੇਟ ਲਿਮਟਡ ਦੀ ਲੋਕ ਤੇ ਸੱਭਿਆਚਾਰ ਆਗੂ ਕਵਿਤਾ ਮਾਥੁਰ ਨੇ ਦੱਸਿਆ ਕਿ ਰਿਪੋਰਟ ਅਨੁਸਾਰ ਭਾਰਤ ਵਿਚ ਮਹਿਲਾ ਆਗੂਆਂ ਦੀ ਗਿਣਤੀ ਪਿਛਲੇ ਸਾਲ ਦੀ 17 ਫੀਸਦੀ ਨਾਲੋਂ ਵਧ ਕੇ 20 ਫੀਸਦੀ ਹੋਈ ਹੈ, ਪਰ ਇਹ ਵਿਕਾਸ ਅਜੇ ਬਹੁਤ ਹੌਲੀ ਹੈ। ਉਨ੍ਹਾਂ ਦੱਸਿਆ ਕਿ ਸਾਲ 2014 ਵਿਚ ਇਹ ਗਿਣਤੀ 14 ਫੀਸਦੀ ਸੀ। ਅੰਕੜਿਆਂ ਅਨੁਸਾਰ 64 ਫੀਸਦੀ ਭਾਰਤੀ ਅਦਾਰਿਆਂ ਵਿਚ ਇਕੋ ਕੰਮ ਲਈ ਮਹਿਲਾਵਾਂ ਤੇ ਪੁਰਸ਼ਾਂ ਨੂੰ ਬਰਾਬਰ ਤਨਖਾਹ ਵੀ ਦਿੱਤੀ ਜਾ ਰਹੀ ਹੈ।

## ਪੰਜਾਬ ਨੂੰ ਮਿਲਿਆ ਨਾਰੀ ਸ਼ਕਤੀ ਪੁਰਸਕਾਰ

**ਨਵੀਂ ਦਿੱਲੀ:** 'ਬੇਟੀ ਬਚਾਉ, ਬੇਟੀ ਪੜ੍ਹਾਉ' ਯੋਜਨਾ ਵਿਚ ਬਿਹਤਰੀਨ ਕਾਰਗੁਜ਼ਾਰੀ ਅਤੇ ਲਿੰਗ ਪਾੜੇ ਵਿਚ ਵੱਡਾ ਸੁਧਾਰ ਦਰਜ ਕਰਵਾਉਣ ਲਈ ਪੰਜਾਬ ਸੂਬੇ ਨੂੰ 'ਨਾਰੀ ਸ਼ਕਤੀ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ।



ਆਲਮੀ ਔਰਤ ਦਿਵਸ ਮੌਕੇ ਨਵੀਂ ਦਿੱਲੀ 'ਚ ਰਾਸ਼ਟਰਪਤੀ ਭਵਨ ਵਿਚ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੋਂ ਇਹ ਪੁਰਸਕਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੀ ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰੀ ਰਜ਼ੀਆ ਸੁਲਤਾਨ ਨੇ ਹਾਸਲ ਕੀਤਾ।

ਰਜ਼ੀਆ ਸੁਲਤਾਨ ਨੇ ਆਖਿਆ ਕਿ ਜਨਮ ਦਰ 'ਚ ਸੁਧਾਰ ਲਈ ਸੂਬੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਤੇ ਬਹੁਤ ਘੱਟ ਸਮੇਂ ਵਿਚ ਲਿੰਗ ਅਨੁਪਾਤ 'ਚ ਆਏ ਸੁਧਾਰ ਸਦਕਾ ਸਮੁੱਚੇ ਦੇਸ਼ ਦੇ 10 ਜ਼ਿਲ੍ਹਿਆਂ ਵਿਚੋਂ ਤਰਨ ਤਾਰਨ ਦਾ ਨਾਂ ਆਉਣਾ ਰਾਜ ਲਈ ਮਾਣ ਵਾਲੀ ਗੱਲ ਹੈ।

## ਡਾ. ਹਰਸ਼ਿੰਦਰ ਕੌਰ ਨੂੰ ਨਾਰੀ ਸ਼ਕਤੀ ਐਡਵੋਕੇਟ ਐਲਾਨਿਆ

**ਪਟਿਆਲਾ:** ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਵੱਲੋਂ ਡਾ. ਹਰਸ਼ਿੰਦਰ ਕੌਰ ਨੂੰ ਮਹਿਲਾਵਾਂ ਸਮੇਤ ਹੋਰ ਵਰਗਾਂ ਦੀ ਭਲਾਈ ਲਈ ਕੀਤੇ ਕਾਰਜਾਂ ਬਦਲੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਨਾਰੀ ਸ਼ਕਤੀ ਦਾ ਐਡਵੋਕੇਟ ਐਲਾਨਿਆ ਗਿਆ ਹੈ। ਡਾ. ਹਰਸ਼ਿੰਦਰ ਕੌਰ (ਐਸੋਸੀਏਟ ਪ੍ਰੋਫੈਸਰ, ਬਾਲ ਵਿਭਾਗ, ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ) ਢਾਈ ਦਹਾਕਿਆਂ ਤੋਂ ਸਮਾਜ ਭਲਾਈ ਕਾਰਜਾਂ ਵਿਚ ਮਸਰੂਫ ਹਨ। ਇਨ੍ਹਾਂ ਕਾਰਜਾਂ ਵਿਚ ਭਰੂਣ ਹੱਤਿਆ, ਦਾਜ ਤੇ ਘਰੇਲੂ ਹਿੰਸਾ ਆਦਿ ਵਿਰੁੱਧ ਆਵਾਜ਼ ਚੁੱਕਣਾ ਸ਼ਾਮਲ ਹੈ। ਡਾ. ਹਰਸ਼ਿੰਦਰ ਕੌਰ ਨੂੰ ਰਾਸ਼ਟਰਪਤੀ ਵੱਲੋਂ ਵੀ ਸਨਮਾਨਤ ਕੀਤਾ ਜਾ ਚੁੱਕਾ ਹੈ।

ਡਾ. ਹਰਸ਼ਿੰਦਰ ਕੌਰ ਟੀ.ਵੀ, ਰੇਡੀਓ, ਅਖਬਾਰਾਂ, ਸੱਥਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਯੂਥ ਵਿੰਗਾਂ ਰਾਹੀਂ ਦੇਸ਼ ਦੇ ਹੋਰ ਹਿੱਸਿਆਂ ਸਮੇਤ ਬਾਹਰਲੇ ਮੁਲਕਾਂ ਵਿਚ



ਜਾ ਕੇ ਵੀ ਮਾਦਾ ਭਰੂਣ ਹੱਤਿਆ ਅਤੇ ਦਾਜ ਪ੍ਰਥਾ ਰੋਕਣ ਲਈ ਯਤਨਸ਼ੀਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਤੱਕ ਪੰਜਾਬ, ਹਰਿਆਣਾ, ਮਹਾਰਾਸ਼ਟਰ ਤੇ ਵਤਨੋਂ ਪਾਰ ਦੇ 58 ਹਜ਼ਾਰ ਤੋਂ ਵੱਧ ਨੌਜਵਾਨ ਦਾਜ ਨਾ ਲੈਣ ਦੀ ਮੁਹਿੰਮ ਵਿਚ ਸ਼ਾਮਲ ਹੋ ਚੁੱਕੇ ਹਨ, ਜਿਨ੍ਹਾਂ 'ਚੋਂ 800 ਤੋਂ ਵੱਧ ਦਾਜ ਲਏ ਬਿਨਾਂ ਵਿਆਹ ਵੀ ਕਰਵਾ ਚੁੱਕੇ ਹਨ।

## 'ਆਪ' ਵੱਲੋਂ ਪੈਰਾਂ ਸਿਰ ਹੋਣ ਲਈ ਮੁੜ ਹੰਭਲਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਪੰਜਾਬ ਵਿਚ ਪੈਰਾਂ ਸਿਰ ਹੋਣ ਲਈ ਕੋਰ ਕਮੇਟੀ ਬਣਾਉਣ ਅਤੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲੜਨ ਦੇ ਫੈਸਲੇ ਲਏ ਗਏ ਹਨ। ਸੂਤਰਾਂ ਅਨੁਸਾਰ ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਸੂਬੇ ਦੀ ਚੋਣਵੀਂ ਲੀਡਰਸ਼ਿਪ ਨਾਲ ਮੀਟਿੰਗ ਕਰ ਕੇ ਇਹ ਫੈਸਲੇ ਲਏ ਹਨ। ਸ੍ਰੀ ਸਿਸੋਦੀਆ ਨੇ ਪੰਜਾਬ ਇਕਾਈ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ, ਸੂਬੇ ਦੇ ਸਹਿ ਪ੍ਰਧਾਨ ਅਮਨ ਅਰੋੜਾ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਆਪਸੀ ਸਹਿਮਤੀ ਨਾਲ ਕੋਰ ਕਮੇਟੀ ਲਈ ਆਗੂਆਂ ਦੀ ਸੂਚੀ ਭੇਜਣ ਲਈ ਕਿਹਾ ਹੈ।

ਉਨ੍ਹਾਂ ਪੰਜਾਬ ਦੀ ਲੀਡਰਸ਼ਿਪ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਲਈ ਸਿਆਸੀ ਫੈਸਲੇ ਸਥਾਨਕ ਲੀਡਰਸ਼ਿਪ ਹੀ ਕਰੇ ਅਤੇ ਉਹ (ਸਿਸੋਦੀਆ) ਫਾਲਤੂ ਦੀ ਕੋਈ ਦਖਲਅੰਦਾਜ਼ੀ ਨਹੀਂ ਦੇਣਾ ਚਾਹੁੰਦੇ। ਉਂਜ ਹਰੇਕ ਨੇਤਾ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਜ਼ਰੂਰ ਤੈਅ ਹੋਵੇਗੀ।

ਜ਼ਿਕਰਯੋਗ ਹੈ ਕਿ 'ਆਪ' ਦੀ ਬਹੁਤੀ ਲੀਡਰਸ਼ਿਪ ਪਾਰਟੀ ਦੇ ਤਿੰਨ ਮੁੱਖ ਆਗੂਆਂ ਭਗਵੰਤ ਮਾਨ, ਅਮਨ ਅਰੋੜਾ ਅਤੇ ਸੁਖਪਾਲ ਖਹਿਰਾ ਦੇ ਇਕਸੁਰ



ਨਾ ਹੋਣ ਕਰ ਕੇ ਦੁਖੀ ਹੈ ਅਤੇ ਇਸ ਦੀ ਪੂਰੀ ਜਾਣਕਾਰੀ ਹਾਈਕਮਾਂਡ ਕੋਲ ਵੀ ਹੈ। ਸੂਤਰਾਂ ਅਨੁਸਾਰ ਅਜਿਹੇ ਹਾਲਾਤ ਕਰ ਕੇ ਹੀ ਹਾਈਕਮਾਂਡ ਪੰਜਾਬ 'ਚ ਕੋਰ ਕਮੇਟੀ ਦਾ ਗਠਨ ਕਰਨਾ ਜ਼ਰੂਰੀ ਸਮਝ ਰਹੀ ਹੈ ਤਾਂ ਜੋ ਪਾਰਟੀ ਦੀ ਸਾਰੀ ਕਮਾਂਡ ਇਕ-ਦੋ ਆਗੂਆਂ ਦੇ ਹੱਥਾਂ ਵਿਚ ਨਾ ਰਹੇ।

ਸ੍ਰੀ ਸਿਸੋਦੀਆ ਨੇ ਪਿਛਲੇ ਦਿਨੀਂ ਦਿੱਲੀ ਵਿਚ ਸੱਦੀ ਮੀਟਿੰਗ ਵਿਚ ਸਭ ਤੋਂ ਵਧ ਤਰਜੀਹ ਪੰਜ ਜ਼ੋਨ ਪ੍ਰਧਾਨਾਂ ਨੂੰ ਦਿੱਤੀ। ਪਹਿਲਾਂ ਉਨ੍ਹਾਂ ਪੰਜ ਜ਼ੋਨ ਪ੍ਰਧਾਨਾਂ ਨਾਲ ਵੱਖਰੇ ਤੌਰ ਉਤੇ ਮੀਟਿੰਗ ਕੀਤੀ। ਮੀਟਿੰਗ ਵਿਚ ਮਾਝੇ ਦੇ ਕੁਲਦੀਪ ਧਾਲੀਵਾਲ, ਦੁਆਬੇ ਦੇ ਪਰਮਜੀਤ ਸਿੰਘ ਸਚਦੇਵਾ ਅਤੇ ਮਾਲਵੇ ਦੇ ਗੁਰਦਿੱਤ ਸਿੰਘ ਸੇਖੋਂ, ਅਨਿਲ ਠਾਕੁਰ ਤੇ ਦਲਬੀਰ ਸਿੰਘ ਢਿੱਲੋਂ ਤੋਂ ਇਲਾਵਾ ਭਗਵੰਤ ਮਾਨ, ਅਮਨ ਅਰੋੜਾ, ਸੁਖਪਾਲ ਖਹਿਰਾ, ਕੰਵਰ ਸੰਧੂ, ਕੁਲਤਾਰ ਸਿੰਘ ਸੰਧਵਾਂ, ਹਰਜੋਤ ਬੈਂਸ ਅਤੇ ਗੈਰੀ ਵੜਿੰਗ ਹਾਜ਼ਰ ਸਨ। ਸੰਕੇਤਾਂ ਮੁਤਾਬਕ ਕੋਰ ਕਮੇਟੀ ਤਕਰੀਬਨ ਇਨ੍ਹਾਂ ਆਗੂਆਂ ਉਤੇ ਅਧਾਰਤ ਹੀ ਬਣੇਗੀ। ਮੀਟਿੰਗ ਵਿਚ ਪਾਰਟੀ ਦੇ ਵੱਖ ਵੱਖ ਵਿੰਗਾਂ ਦਾ ਵੀ ਛੇਤੀ ਗਠਨ ਕਰਨ ਦਾ ਫੈਸਲਾ ਹੋਇਆ ਹੈ। ਕੁਝ ਵਿਧਾਇਕਾਂ ਵੱਲੋਂ ਵਿੰਗਾਂ ਦੇ ਮੁਖੀ ਲੱਗਣ ਲਈ ਕੀਤੀ ਜਾ ਰਹੀ ਖਿੱਚ-ਧੂਹ ਕਾਰਨ ਇਹ ਮਾਮਲਾ ਉਲਝਿਆ ਪਿਆ ਹੈ।

# ਪੰਜਾਬ ਪੁਲਿਸ ਦਾ ਦਲਿਤਾਂ ਨਾਲ ਪੱਖਪਾਤੀ ਰਵੱਈਆ

## ਅਨੁਸੂਚਿਤ ਜਾਤੀ ਕਮਿਸ਼ਨ ਨੇ ਮੰਗੀ ਰਿਪੋਰਟ

**ਚੰਡੀਗੜ੍ਹ:** ਪੰਜਾਬ ਪੁਲਿਸ ਸੂਬੇ ਵਿਚ ਦਲਿਤਾਂ ਦੀ ਬਾਂਹ ਨਹੀਂ ਫੜ ਰਹੀ ਹੈ। ਇਸ ਤੋਂ ਖਫ਼ਾ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਪੁਲਿਸ ਕੋਲੋਂ ਰਿਪੋਰਟ ਮੰਗੀ ਹੈ। ਕਮਿਸ਼ਨ ਨੇ ਪੁਲਿਸ ਅਧਿਕਾਰੀਆਂ ਨੂੰ ਪੱਖਪਾਤੀ ਕਾਰਵਾਈ ਕਰਨ ਵਾਲੇ ਮੁਲਾਜ਼ਮਾਂ ਉਤੇ ਸਖਤ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਮੁਤਾਬਕ ਪੰਜਾਬ ਪੁਲਿਸ ਵੱਲੋਂ ਦਲਿਤਾਂ ਖਿਲਾਫ਼ ਹੁੰਦੇ ਅਤਿਆਚਾਰਾਂ ਦੇ ਮਾਮਲਿਆਂ ਵਿਚ ਐਫ.ਆਈ.ਆਰ. ਦਰਜ ਨਹੀਂ ਕੀਤੀ ਜਾਂਦੀ। ਜੇਕਰ ਪੰਜਾਬ ਪੁਲਿਸ ਐਫ.ਆਈ.ਆਰ. ਦਰਜ ਕਰਦੀ ਹੈ ਤਾਂ ਵਧੇਰੇ ਕੇਸਾਂ ਵਿਚ ਐਸ.ਸੀ/ਐਸ.ਟੀ. ਕਾਨੂੰਨ ਨਹੀਂ ਲਾਇਆ ਜਾਂਦਾ। ਇਸ ਤੋਂ ਇਲਾਵਾ ਪੰਜਾਬ ਪੁਲਿਸ ਵੱਲੋਂ ਕਤਲ ਅਤੇ ਜਬਰ ਜਨਾਹ ਵਰਗੇ ਗੰਭੀਰ ਅਪਰਾਧਾਂ ਨਾਲ ਸਬੰਧਤ ਕੇਸ ਬੰਦ ਕਰਨ ਦੀਆਂ ਸ਼ਿਕਾਇਤਾਂ ਵੀ ਕਮਿਸ਼ਨ ਨੂੰ ਮਿਲੀਆਂ ਹਨ। ਕਮਿਸ਼ਨ ਦੇ ਚੇਅਰਮੈਨ ਰਾਮ ਸ਼ੰਕਰ ਕੋਠਾਰੀਆ ਮੁਤਾਬਕ ਪੰਜਾਬ ਪੁਲਿਸ ਵੱਲੋਂ ਸਾਲ 2015-16 ਵਿਚ ਕਤਲ ਅਤੇ ਜਬਰ ਜਨਾਹ ਨਾਲ ਸਬੰਧਤ 147



ਕੇਸਾਂ ਵਿਚੋਂ 41 ਕੇਸ ਬੰਦ ਕੀਤੇ ਗਏ। ਸਾਲ 2016-17 ਵਿਚ 131 ਕੇਸਾਂ 'ਚੋਂ 57 ਕੇਸ ਬੰਦ ਕੀਤੇ ਗਏ। ਇਸੇ ਤਰ੍ਹਾਂ 2017-18 ਦੌਰਾਨ 102 ਕੇਸਾਂ 'ਚੋਂ 35 ਕੇਸ ਬੰਦ ਕੀਤੇ ਗਏ।

ਚੇਅਰਮੈਨ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਇਨ੍ਹਾਂ ਮਾਮਲਿਆਂ ਵਿਚ ਪੁਲਿਸ ਦੀ ਪੱਖਪਾਤੀ ਭੂਮਿਕਾ ਦੀ ਜਾਂਚ ਰਿਪੋਰਟ ਤਿਆਰ ਕਰਨ ਨੂੰ ਕਿਹਾ ਹੈ। ਇਸ ਜਾਂਚ ਰਿਪੋਰਟ ਵਿਚ ਜਿਨ੍ਹਾਂ ਮੁਲਾਜ਼ਮਾਂ ਦੀ ਪੱਖਪਾਤੀ ਭੂਮਿਕਾ ਜਾਂ ਲਾਪਰਵਾਹੀ ਸਾਹਮਣੇ ਆਉਂਦੀ ਹੈ, ਪੰਜਾਬ ਪੁਲਿਸ ਨੂੰ ਉਨ੍ਹਾਂ 'ਤੇ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਕਮਿਸ਼ਨ ਨੇ ਪੰਜਾਬ ਪੁਲਿਸ ਨੂੰ ਜਾਂਚ ਰਿਪੋਰਟ ਤਿਆਰ ਕਰਨ ਵਾਸਤੇ ਦੋ ਮਹੀਨੇ ਦਾ ਸਮਾਂ ਦਿੱਤਾ ਹੈ।

## ਕੈਪਟਨ ਵੱਲੋਂ ਕੇਸਾਂ ਦਾ ਜਾਇਜ਼ਾ ਲੈਣ ਦਾ ਭਰੋਸਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਨਵਰੀ 2016 ਤੋਂ ਸੂਬੇ ਵਿਚ ਐਸ.ਸੀ/ਐਸ.ਟੀ. ਐਕਟ ਹੇਠ ਦਰਜ ਕੇਸਾਂ ਦਾ ਜਾਇਜ਼ਾ ਲੈਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਉਨ੍ਹਾਂ ਕੇਸਾਂ ਦੀ ਸ਼ਨਾਖਤ ਕੀਤੀ ਜਾ ਸਕੇ, ਜਿਸ ਤਹਿਤ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਣਦਾ ਕਾਨੂੰਨੀ ਮੁਆਵਜ਼ਾ ਨਹੀਂ ਮਿਲ ਸਕਿਆ। ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਡਾ. ਰਾਮ ਸ਼ੰਕਰ ਕੋਠਾਰੀਆ ਅਤੇ ਉਪ ਚੇਅਰਮੈਨ ਐਲ. ਮੁਰਗਨ ਦੀ ਅਗਵਾਈ ਵਾਲੇ ਵਫ਼ਦ ਦੀ ਮੁੱਖ ਮੰਤਰੀ ਨਾਲ ਮੀਟਿੰਗ ਹੋਈ, ਜਿਸ ਮਗਰੋਂ ਮੁੱਖ ਮੰਤਰੀ ਨੇ ਇਹ ਆਦੇਸ਼ ਜਾਰੀ ਕੀਤੇ ਹਨ।

## 'ਆਪ' ਦੇ ਇਕ ਹੋਰ ਵਿਧਾਇਕ 'ਤੇ ਕੇਸ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੇ ਇਕ ਹੋਰ ਵਿਧਾਇਕ ਉਤੇ ਮਾਮਲਾ ਦਰਜ ਕੀਤਾ ਗਿਆ ਹੈ। ਪੂਰਬੀ ਦਿੱਲੀ ਦੇ ਕ੍ਰਿਸ਼ਨਾ ਨਗਰ ਤੋਂ 'ਆਪ' ਦੇ ਵਿਧਾਇਕ ਐਸ.ਕੇ. ਬੱਗਾ ਖਿਲਾਫ਼ ਦਿੱਲੀ ਦੀ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਨੇ ਮਾਮਲਾ ਦਰਜ ਕੀਤਾ ਹੈ। ਬੱਗਾ ਉਤੇ ਦੋਸ਼ ਹੈ ਕਿ ਉਨ੍ਹਾਂ ਨੇ ਦਿੱਲੀ ਨਗਰ ਨਿਗਮ ਚੋਣਾਂ 'ਚ ਕੌਂਸਲਰ ਦੇ ਅਹੁਦੇ ਦੀ ਟਿਕਟ ਦੇਣ ਦੇ ਨਾਮ ਉਤੇ ਰਿਸ਼ਵਤ ਮੰਗੀ ਸੀ।

# ਰੁਜ਼ਗਾਰ ਮੇਲਿਆਂ ਵਿਚ ਫੋਕੀਆਂ ਫੜ੍ਹਾਂ ਮਾਰਨ ਤੱਕ ਹੀ ਸੀਮਤ ਰਹੀ ਸਰਕਾਰ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਰੁਜ਼ਗਾਰ ਮੇਲੇ ਦੌਰਾਨ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡਣ ਆਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਸਰਕਾਰ ਦੀਆਂ ਇਕ ਸਾਲ ਦੀਆਂ ਪ੍ਰਾਪਤੀਆਂ ਬਾਰੇ ਵੱਡੇ ਦਾਅਵੇ ਕਰ ਗਏ ਪਰ ਹਕੀਕਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਮੁੱਖ ਮੰਤਰੀ ਨੇ ਪਹਿਲੇ ਸਾਲ 1.61 ਲੱਖ ਨੌਕਰੀਆਂ ਪੈਦਾ ਕਰਨ ਦਾ ਦਾਅਵਾ ਕੀਤਾ, ਪਰ ਹੁਣ ਤੱਕ ਜਿੰਨੇ ਵੀ ਰੁਜ਼ਗਾਰ ਮੇਲੇ ਲੱਗੇ ਉਨ੍ਹਾਂ ਵਿਚ ਨੌਜਵਾਨਾਂ ਨੂੰ ਪ੍ਰਾਈਵੇਟ ਕੰਪਨੀਆਂ ਦੇ ਵੱਸ ਹੀ ਪਾਇਆ ਗਿਆ। ਪਹਿਲੇ ਮੇਲਿਆਂ ਵਿਚ ਨੌਕਰੀਆਂ ਹਾਸਲ ਕਰਨ ਵਾਲੇ ਅਨੇਕਾਂ ਨੌਜਵਾਨਾਂ ਨੇ ਘੱਟ ਤਨਖਾਹ ਤੇ ਛੋਟੀਆਂ ਕੰਪਨੀਆਂ ਆਦਿ ਕਾਰਨ ਨੌਕਰੀਆਂ ਲੈਣ ਤੋਂ ਨਾਂਹ ਕਰ ਦਿੱਤੀ ਸੀ।

ਨੌਜਵਾਨਾਂ ਤੇ ਸਿੱਖਿਆ ਮਾਹਿਰਾਂ ਦੀ ਰਾਇ ਹੈ ਕਿ ਜੇ ਸਰਕਾਰ ਰੁਜ਼ਗਾਰ ਸਿਰਜਣਾ ਦੀ ਚਾਹਵਾਨ ਹੈ ਤਾਂ ਇਸ ਨੇ ਕੁਝ ਵੱਡੀਆਂ ਤੇ ਬਹੁ ਕੌਮੀ ਕੰਪਨੀਆਂ ਨਾਲ ਜੋੜਨੀਆਂ ਚਾਹੀਦੀਆਂ ਹਨ।

ਉਨ੍ਹਾਂ ਮੁਤਾਬਕ ਸਰਕਾਰ ਇਸ ਮਾਮਲੇ ਵਿਚ ਕੇਂਦਰੀ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤੇ ਸਟੈਂਡ ਅਪ ਇੰਡੀਆ ਆਦਿ ਨੂੰ ਹੀ 'ਘਰ ਘਰ ਨੌਕਰੀ' ਦਾ ਨਾਂ ਦੇਣ ਤੋਂ ਇਲਾਵਾ ਹੋਰ ਬਹੁਤਾ ਕੁਝ ਨਹੀਂ ਕਰ ਸਕੀ। ਇਹ ਪਤਾ ਵੀ ਲੱਗਾ ਹੈ ਕਿ ਸਰਕਾਰ ਨੇ ਨੌਜਵਾਨਾਂ ਵਿਚ ਰੁਜ਼ਗਾਰ ਮੇਲੇ ਪ੍ਰਤੀ ਘੱਟ ਉਤਸ਼ਾਹ ਕਾਰਨ ਸਿਹਤ ਵਿਭਾਗ ਦੇ ਉਨ੍ਹਾਂ ਮੁਲਾਜ਼ਮਾਂ ਨੂੰ ਵੀ ਸਮਾਗਮ ਵਿਚ ਭੇਜੇ ਜਾਣ ਦੀ ਹਦਾਇਤ ਦਿੱਤੀ, ਜਿਹੜੇ ਕਈ ਮਹੀਨਿਆਂ ਤੋਂ ਕੰਮ ਕਰ ਰਹੇ ਹਨ। ਸਰਕਾਰ ਬਣਨ ਤੋਂ ਪੂਰੇ ਇਕ ਸਾਲ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਦੂਜੇ ਨੌਕਰੀ ਮੇਲੇ ਦੌਰਾਨ ਨਿਯੁਕਤੀ ਪੱਤਰ ਸੌਂਪੇ ਹਨ। ਇਸ ਮੌਕੇ ਦਾਅਵਾ ਕੀਤਾ ਗਿਆ ਹੈ ਕਿ ਇਹ ਮੇਲਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 20 ਫਰਵਰੀ ਤੋਂ 8 ਮਾਰਚ ਤੱਕ ਸੂਬੇ ਦੀਆਂ 150 ਥਾਵਾਂ ਉਤੇ ਕਰਵਾਇਆ ਗਿਆ ਜਿਸ ਵਿਚ ਮਾਰੂਤੀ ਸੁਜ਼ੂਕੀ, ਮਾਈਕਰੋਸਾਫਟ, ਆਈ.ਸੀ.ਆਈ.ਸੀ. ਬੈਂਕ, ਐਮਾਜ਼ੋਨ ਆਦਿ ਕੰਪਨੀਆਂ ਨੇ ਹਿੱਸਾ ਲਿਆ।

ਇਸ ਵਿਚ ਨੌਕਰੀਆਂ ਮੁਹੱਈਆ ਕਰਵਾਉਣ ਸਮੇਂ ਵੱਖ-ਵੱਖ ਸਰੋਤਾਂ ਤੋਂ ਰੋਜ਼ਗਾਰ



ਮੁਹੱਈਆ ਕਰਵਾਉਣ ਤੋਂ ਇਲਾਵਾ 15000 ਐਮ.ਐਸ.ਐਮ.ਈਜ਼ ਵੱਲੋਂ 90,000 ਹੋਰ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ। ਇਨ੍ਹਾਂ ਸਾਲ 2017-18 ਦੌਰਾਨ ਆਪਣੇ ਆਪ ਨੂੰ ਉਦਯੋਗ ਵਿਭਾਗ ਨਾਲ ਰਜਿਸਟਰਡ ਕਰਵਾਇਆ ਹੈ। ਨੌਕਰੀ ਮੇਲਿਆਂ ਦੌਰਾਨ ਸਿਰਫ ਘੱਟ ਤਨਖਾਹ ਉਤੇ ਨੌਕਰੀਆਂ ਦੇਣ ਦੇ ਭੰਡੀ ਪ੍ਰਚਾਰ ਨੂੰ ਰੱਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਨੌਕਰੀ ਮੇਲੇ ਦੌਰਾਨ ਨੌਜਵਾਨਾਂ ਨੂੰ ਸਾਲਾਨਾ 3 ਲੱਖ ਰੁਪਏ ਤੋਂ 31 ਲੱਖ ਰੁਪਏ ਤੱਕ ਦਾ ਪੈਕੇਜ ਦਿੱਤਾ ਗਿਆ ਹੈ। 8 ਕੰਪਨੀਆਂ ਨੇ ਸਾਲਾਨਾ 12 ਲੱਖ ਰੁਪਏ ਤੋਂ ਵੱਧ ਦੇ ਪੈਕੇਜ ਦਿੱਤੇ ਹਨ ਜਦਕਿ 12 ਕੰਪਨੀਆਂ ਨੇ 10 ਲੱਖ ਰੁਪਏ ਤੋਂ ਵੱਧ, 24 ਕੰਪਨੀਆਂ ਨੇ 7 ਲੱਖ ਰੁਪਏ ਤੋਂ ਵੱਧ ਅਤੇ 66 ਕੰਪਨੀਆਂ ਨੇ 5 ਲੱਖ ਰੁਪਏ ਤੋਂ ਵੱਧ ਦੇ ਸਲਾਨਾ ਪੈਕੇਜ ਦਿੱਤੇ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਨੌਜਵਾਨਾਂ ਨੂੰ ਘੱਟ ਤਨਖਾਹ ਮਿਲਣ ਦੀ ਗਲਤ ਧਾਰਨਾ ਹੇਠ ਸਿਰਫ ਸਰਕਾਰੀ ਨੌਕਰੀਆਂ ਪਿੱਛੇ ਹੀ ਨਾ ਭੱਜਣ ਦੀ ਅਪੀਲ ਕੀਤੀ ਕਿਉਂਕਿ ਪ੍ਰਾਈਵੇਟ ਕੰਪਨੀਆਂ ਬਹੁਤ ਵਧੀਆ ਪੈਕੇਜਾਂ ਦੀ ਪੇਸ਼ਕਸ਼ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਹੀ ਲੀਹ 'ਤੇ ਜਾ ਰਹੀ ਹੈ ਅਤੇ ਹੁਨਰ ਵਿਕਾਸ, ਖੇਡ ਅਤੇ ਬਾਗਬਾਨੀ ਸਣੇ ਵੱਖ-ਵੱਖ ਯੂਨੀਵਰਸਿਟੀਆਂ ਸਥਾਪਤ ਕਰਨ ਦੀ ਯੋਜਨਾ ਬਣਾਈ ਗਈ ਹੈ ਜਿਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੀ ਗਤੀ ਵਿਚ ਤੇਜ਼ੀ ਆਵੇਗੀ।

## ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਰਹੇ ਹਨ ਮੁੱਖ ਮੰਤਰੀ: ਸਿਮਰਨਜੀਤ ਸਿੰਘ ਬੈਂਸ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਨਮ ਦਿਨ 'ਤੇ ਰੁਜ਼ਗਾਰ ਮੇਲੇ ਲਾ ਕੇ ਨੌਜਵਾਨਾਂ ਨੂੰ ਨੌਕਰੀ ਲਈ ਨਿਯੁਕਤੀ ਪੱਤਰ ਦੇਣ ਦੇ ਦਾਅਵੇ ਨੂੰ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਖੋਖਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਜਨਤਾ ਦੀਆਂ ਅੱਖਾਂ ਵਿਚ ਧੂੜ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੌਜਵਾਨਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਸਮਾਗਮ ਦੌਰਾਨ ਨਿਯੁਕਤੀ ਪੱਤਰ ਦਿੱਤੇ ਹਨ, ਉਹ ਨੌਜਵਾਨ ਪਹਿਲਾਂ ਹੀ ਕਿਸੇ ਨਾ ਕਿਸੇ ਵੱਡੇ ਘਰਾਣੇ ਦੇ ਨਾਲ ਜੁੜੇ ਹੋਏ ਹਨ ਤੇ ਕਈ ਸਾਲਾਂ ਤੋਂ ਕੰਮ ਕਰ ਰਹੇ ਹਨ।

# ਸੂਫੀ ਗਾਇਕ ਪਿਆਰੇ ਲਾਲ ਵਡਾਲੀ ਜਹਾਨੋਂ ਰੁਖਸਤ

**ਅੰਮ੍ਰਿਤਸਰ:** ਉਘੇ ਸੂਫੀ ਗਾਇਕ ਪੂਰਨ ਚੰਦ ਵਡਾਲੀ ਦੇ ਛੋਟੇ ਭਰਾ ਪਿਆਰੇ ਲਾਲ ਵਡਾਲੀ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ



ਹੋ ਗਿਆ। ਉਹ 75 ਸਾਲਾਂ ਦੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਗੁਰੂ ਕੀ ਵਡਾਲੀ ਵਿਚ ਜੰਮੇ ਵਡਾਲੀ ਭਰਾਵਾਂ ਨੇ ਅਤਿ ਦੀ ਗਰੀਬੀ ਨਾਲ ਜੂਝਦੇ ਹੋਏ ਆਪਣੀ ਕਲਾ ਦੇ ਦਮ ਉਤੇ ਸਫਲਤਾ ਦੇ ਸਿਖਰ ਨੂੰ ਛੋਹਿਆ। ਪਿਆਰੇ ਲਾਲ ਨੇ ਆਪਣੀ ਸੰਗੀਤਕ ਵਿਦਿਆ ਵੱਡੇ ਭਰਾ ਪੂਰਨ ਚੰਦ ਤੋਂ ਹੀ ਹਾਸਲ ਕੀਤੀ। 2003 ਵਿਚ ਵਡਾਲੀ ਭਰਾਵਾਂ ਨੇ ਬਾਲੀਵੁੱਡ ਫਿਲਮ 'ਪਿੰਜਰ' ਤੇ 'ਧੂਪ', 2010 ਵਿਚ ਤਮਿਲ ਫਿਲਮ 'ਚਿੱਕੂ ਬੁੱਕੂ', 2011 ਵਿਚ 'ਤਨੂੰ ਵੈਡਜ਼ ਮਨੂੰ' ਤੇ 'ਮੌਸਮ' ਵਿਚ ਵੀ ਗਾਇਆ।

ਵਡਾਲੀ ਭਰਾਵਾਂ ਦੀ ਸਾਦਗੀ ਦੇ ਵੀ ਅਨੇਕਾਂ ਕਿੱਸੇ ਹਨ। ਉਨ੍ਹਾਂ ਆਪਣੀ ਉਮਰ ਦਾ ਜ਼ਿਆਦਾਤਰ ਸਮਾਂ ਸਾਈਕਲ ਜਾਂ ਮੋਟਰਸਾਈਕਲ ਉਤੇ ਹੀ ਗੁਜ਼ਾਰਿਆ। ਵਡਾਲੀ ਭਰਾਵਾਂ ਨੇ ਅੰਮ੍ਰਿਤਸਰ ਤੋਂ ਪਟਿਆਲਾ, ਨਾਭਾ ਤੇ ਮਲੇਰਕੋਟਲਾ ਤੱਕ ਦਾ ਸਫਰ ਸਾਈਕਲ ਉਤੇ ਹੀ ਕੀਤਾ ਹੈ। ਪਿਆਰੇ ਲਾਲ ਵਡਾਲੀ ਨੂੰ 1992 ਵਿਚ ਭਾਰਤ ਸਰਕਾਰ ਵੱਲੋਂ ਸੰਗੀਤ ਨਾਟਕ ਅਕਾਦਮੀ ਐਵਾਰਡ, 1998 ਵਿਚ ਤੁਲਸੀ ਐਵਾਰਡ, 2003 ਵਿਚ ਪੰਜਾਬੀ ਸੰਗੀਤ ਨਾਟਕ ਅਕਾਦਮੀ ਐਵਾਰਡ, 2005 ਵਿਚ ਪੂਰਨ ਚੰਦ ਵਡਾਲੀ ਲਈ ਪਦਮਸ਼੍ਰੀ ਐਵਾਰਡ ਤੇ 2015 ਵਿਚ ਪੀ.ਟੀ.ਸੀ. ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ।

# ਸੁਖਬੀਰ ਵੱਲੋਂ ਨੋਟਾਂ ਵਾਲੇ ਟਰੱਕ ਮੁੜ ਲਿਆਉਣ ਦਾ ਵਾਅਦਾ

**ਸਮਾਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਸਰਕਾਰ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ ਕਿ ਉਹ ਦੋ ਮਹੀਨੇ ਲਈ ਸੱਤਾ ਦੀ



ਵਾਗਡੋਰ ਉਨ੍ਹਾਂ ਹੱਥ ਦੇਣ ਤੇ ਦੇਖਣ ਕਿ ਉਹ ਕਿਵੇਂ ਹਰੇਕ ਹਲਕੇ ਵਿਚ ਨੋਟਾਂ ਦੇ ਟਰੱਕ ਭੇਜਦੇ ਹਨ। ਉਹ ਸਮਾਣਾ ਵਿਚ ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਖਿਲਾਫ ਕੀਤੀ 'ਪੋਲ ਖੋਲ੍ਹ' ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਸੁਖਬੀਰ ਨੇ ਕਿਹਾ ਕਿ ਕੈਪਟਨ ਦੇ ਆਪਣੇ ਜ਼ਿਲ੍ਹੇ ਵਿਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਜਨਤਾ ਕੈਪਟਨ ਸਰਕਾਰ ਤੋਂ ਕਿੰਨੀ ਦੁਖੀ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਤਾਂ ਕੀ ਪੂਰੇ ਕਰਨੇ ਸਨ, ਸਗੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਵੀ ਬੰਦ ਕਰ ਦਿੱਤੀਆਂ।

### ਸੁਖਬੀਰ ਤੇ ਮਜੀਠੀਆ ਵੱਲ ਸੁੱਟੀਆਂ ਜੁੱਤੀਆਂ

ਸਮਾਣਾ ਵਿਚ ਪੋਲ ਖੋਲ੍ਹੋ ਰੈਲੀ ਵਿਚ ਸ਼ਾਮਲ ਹੋਣ ਆ ਰਹੇ ਸੁਖਬੀਰ ਸਿੰਘ ਬਾਦਲ ਤੇ ਬਿਕਰਮਜੀਤ ਸਿੰਘ ਮਜੀਠੀਆ ਨੂੰ ਅਕਾਲੀ ਦਲ (ਅੰਮ੍ਰਿਤਸਰ) ਅਤੇ ਸ਼ਿਵ ਸੈਨਾ ਬਾਲ ਠਾਕਰੇ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਿਥੇ ਮਾਨ ਦਲ ਦੇ ਕਾਰਕੁਨਾਂ ਨੇ ਇਨ੍ਹਾਂ ਆਗੂਆਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ, ਉਥੇ ਹੀ ਸ. ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਦੀਆਂ ਗੱਡੀਆਂ 'ਤੇ ਅੰਡੇ ਤੇ ਜੁੱਤੀਆਂ ਵੀ ਸੁੱਟੀਆਂ ਅਤੇ ਉਨ੍ਹਾਂ ਨੂੰ ਸਿੱਖ ਕੌਮ ਦੇ ਦੋਸ਼ੀ ਆਖਿਆ।

# ਭਾਰਤ ਸਰਕਾਰ ਕੋਲ ਬੇਰੁਜ਼ਗਾਰੀ ਸਬੰਧੀ ਅੰਕੜੇ ਹੀ ਮੌਜੂਦ ਨਹੀਂ

**ਚੰਡੀਗੜ੍ਹ:** ਦੇਸ਼ ਵਿਚ ਬੀਤੇ ਕਈ ਦਿਨਾਂ ਤੋਂ ਸੱਤਾਧਾਰੀ ਪਾਰਟੀ ਭਾਜਪਾ ਅਤੇ ਵਿਰੋਧੀ ਪਾਰਟੀਆਂ ਸਰਕਾਰ ਵੱਲੋਂ ਦਿੱਤੀਆਂ ਨੌਕਰੀਆਂ ਸਬੰਧੀ ਵੱਖੋ-ਵੱਖਰੇ ਦਾਅਵੇ ਕਰ ਕੇ ਬਹਿਸ ਕਰ ਰਹੀਆਂ ਹਨ ਪਰ ਇਹ ਦਾਅਵੇ ਅਤੇ ਬਹਿਸ ਬਿਨਾਂ ਕਿਸੇ ਸਰਕਾਰੀ ਰਿਕਾਰਡ ਤੋਂ ਹੈ ਕਿਉਂਕਿ ਭਾਰਤ ਸਰਕਾਰ ਦੇ ਕਿਰਤ ਅਤੇ ਰੁਜ਼ਗਾਰ ਵਿਭਾਗ ਵੱਲੋਂ ਅਜਿਹੇ ਕੋਈ ਅੰਕੜੇ ਦਰਜ ਹੀ ਨਹੀਂ ਕੀਤੇ ਜਾਂਦੇ। ਕਿਰਤ ਅਤੇ ਰੁਜ਼ਗਾਰ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸਰਕਾਰੀ ਅਤੇ ਗੈਰ-ਸਰਕਾਰੀ ਸਕੀਮਾਂ ਤਹਿਤ ਰੁਜ਼ਗਾਰ ਦੇ ਕਿੰਨੇ ਮੌਕੇ ਉਪਲਬਧ ਕਰਵਾਏ ਗਏ ਹਨ, ਅਜਿਹੇ ਅੰਕੜੇ ਨਾ ਤਾਂ ਇਕੱਠੇ ਕੀਤੇ ਜਾਂਦੇ ਹਨ ਤੇ ਨਾ ਹੀ ਦਰਜ ਕੀਤੇ ਜਾਂਦੇ ਹਨ।




ਆਰ.ਟੀ.ਆਈ. ਵਿਚ ਹੋਏ ਖੁਲਾਸੇ ਵਿਚ ਦੱਸਿਆ ਗਿਆ ਹੈ ਇਸ ਮਹਿਕਮੇ ਕੋਲ 2015 ਤੋਂ ਬਾਅਦ ਦੇ ਇਹ ਅੰਕੜੇ ਵੀ ਮੌਜੂਦ ਨਹੀਂ ਹਨ ਕਿ ਦੇਸ਼ 'ਚ ਨੌਕਰੀ ਦੇ ਚਾਹਵਾਨ ਬੇਰੁਜ਼ਗਾਰ ਕਿੰਨੀ ਗਿਣਤੀ 'ਚ ਹਨ। ਨੌਕਰੀ ਦੇ ਚਾਹਵਾਨਾਂ ਸਬੰਧੀ ਬਣਾਏ ਗਏ ਲਾਈਵ ਰਜਿਸਟਰ ਮੁਤਾਬਕ 2015 ਵਿਚ 4.49 ਕਰੋੜ, 2014 'ਚ 4.83 ਕਰੋੜ, 2013 'ਚ 4.68 ਕਰੋੜ, 2012 'ਚ 4.48 ਕਰੋੜ, 2011 'ਚ 4.02 ਕਰੋੜ ਤੇ 2010 'ਚ 3.88 ਕਰੋੜ ਨੌਕਰੀ ਦੇ ਚਾਹਵਾਨ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਉਪਲਬਧ ਕਰਵਾਏ ਗਏ ਰੁਜ਼ਗਾਰ ਦੇ ਮੌਕਿਆਂ ਸਬੰਧੀ ਕੋਈ ਸਰਕਾਰੀ ਅੰਕੜੇ ਹੀ ਮੌਜੂਦ ਨਹੀਂ ਹਨ ਤਾਂ 2 ਕਰੋੜ ਲੋਕਾਂ ਨੂੰ ਰੁਜ਼ਗਾਰ ਉਪਲਬਧ ਕਰਵਾਉਣ ਦੇ ਦਾਅਵੇ ਮਹਿਜ਼ ਅੱਖੀਂ ਘੱਟਾ ਪਾਉਣ ਬਰਾਬਰ ਹਨ।

# ਪਰਵਾਸੀ ਪੰਜਾਬੀ ਨੌਜਵਾਨਾਂ ਲਈ ਸੀ. ਵਾਈ. ਆਰ. ਸਕੀਮ ਸ਼ੁਰੂ

**ਪਟਿਆਲਾ:** ਪੰਜਾਬ ਦੇ ਨੌਜਵਾਨ ਤੇ ਮੁਟਿਆਰਾਂ, ਜਿਨ੍ਹਾਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਾਂ ਵੱਡੇ-ਵਡੇਰੇ ਵਿਦੇਸ਼ਾਂ ਵਿਚ ਰਹਿੰਦੇ ਹਨ, ਲਈ ਪਰਵਾਸੀ ਭਾਰਤੀ ਮਾਮਲੇ ਵਿਭਾਗ ਨੇ 'ਕੁਨੈਕਟ ਵਿਦ ਯੂਅਰ ਰੂਟਸ' ਸਕੀਮ ਸ਼ੁਰੂ ਕੀਤੀ ਹੈ, ਜਿਸ ਤਹਿਤ ਪੰਜਾਬੀ ਮੂਲ ਦੇ ਨੌਜਵਾਨ 15-15 ਦੇ ਗਰੁੱਪਾਂ ਵਿਚ 10 ਦਿਨਾਂ ਲਈ ਪੰਜਾਬ ਵਿਚ ਆ ਸਕਣਗੇ। ਹਰ ਸਾਲ 6 ਤੋਂ 8 ਗਰੁੱਪ ਪੰਜਾਬ ਵਿਚ ਦੌਰਾ ਕਰਨਗੇ।

ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਦੱਸਿਆ ਕਿ ਇਹ ਸਕੀਮ ਮੁੱਖ ਮੰਤਰੀ ਗਰਿਮਾ ਗਰਾਮ ਯੋਜਨਾ ਦਾ ਹਿੱਸਾ ਹੈ, ਜਿਸ ਨੂੰ ਸ਼ੁਰੂ ਕਰਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੇ ਸੁਹਿਰਦ ਯਤਨ ਸ਼ਾਮਲ ਹਨ। ਇਸ ਅਧੀਨ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਆਪਣਾ ਵਿਰਸਾ ਜਾਣਨ ਲਈ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿਚ ਆਉਣ ਦਾ ਮੌਕਾ ਦਿੱਤਾ ਜਾਵੇਗਾ।

# ਲੰਗਾਹ ਮਾਮਲਾ: ਸ਼ਿਕਾਇਤਕਰਤਾ ਦੇ ਬਿਆਨਾਂ ਤੋਂ ਪਲਟਣ 'ਤੇ ਉਠੇ ਸਵਾਲ

**ਚੰਡੀਗੜ੍ਹ:** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਵਿਰੁੱਧ ਜਬਰ ਜਨਾਹ ਦੇ ਚੱਲ ਰਹੇ ਮਾਮਲੇ ਦੀ ਸੁਣਵਾਈ ਦੌਰਾਨ ਹੇਠਲੀ ਅਦਾਲਤ ਵਿਚ ਸ਼ਿਕਾਇਤਕਰਤਾ ਔਰਤ ਵੱਲੋਂ ਆਪਣੇ ਬਿਆਨਾਂ ਤੋਂ ਮੁੱਕਰਨ ਉਪਰੰਤ ਵਰਲਡ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨਾਂ ਦੀ ਇਕ ਸੰਸਥਾ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਮੰਗ ਪੱਤਰ ਦੇ ਕੇ ਇਸ ਔਰਤ ਦੀ ਭੂਮਿਕਾ ਦੀ ਜਾਂਚ ਉਚ ਪੱਧਰੀ ਟੀਮ ਤੋਂ ਕਰਵਾਉਣ ਦੀ ਮੰਗ ਕੀਤੀ ਹੈ।

ਸੰਸਥਾ ਨੇ ਦੋਸ਼ ਲਾਇਆ ਹੈ ਕਿ ਔਰਤ ਨੇ ਬਿਆਨ ਤੋਂ ਮੁੱਕਰਨ ਲਈ ਰਿਸ਼ਵਤ ਲਈ ਹੈ। ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਔਰਤ ਨਾਲ ਸੌਦੇਬਾਜ਼ੀ ਦੇ ਸੰਸਥਾ ਕੋਲ ਦਸਤਾਵੇਜ਼ੀ ਸਬੂਤ ਹਨ। ਔਰਤ ਵੱਲੋਂ ਹੇਠਲੀ ਅਦਾਲਤ 'ਚ ਗਵਾਹੀ ਦੇਣ ਤੋਂ ਪਹਿਲਾਂ ਉਸ ਦੇ ਨਾਂ ਉਹ ਜ਼ਮੀਨ ਵਾਪਸ ਤਬਦੀਲ ਹੋ ਚੁੱਕੀ ਹੈ, ਜਿਸ ਦੀ ਵਿਕਰੀ ਨਾਲ ਲੰਗਾਹ 'ਤੇ ਪੈਸੇ ਹੜੱਪਣ ਦਾ ਦੋਸ਼ ਲਾਇਆ ਗਿਆ ਸੀ। ਉਂਜ ਵੀ ਇਕ ਵਾਰ ਮਜਿਸਟਰੇਟ ਕੋਲ ਬਿਆਨ ਦੇਣ ਉਪਰੰਤ ਟਰਾਇਲ ਦੌਰਾਨ ਬਿਆਨਾਂ ਤੋਂ ਮੁੱਕਰਨਾ ਗਲਤ ਹੈ, ਲਿਹਾਜ਼ਾ ਇਸ ਔਰਤ ਦੀ ਭੂਮਿਕਾ ਤੇ ਉਸ ਦੀ ਜ਼ਮੀਨ ਦੇ ਲੈਣ ਦੇਣ ਦੀ ਉਚ ਪੱਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

# ਕਰਜ਼ ਮੁਆਫੀ ਸਮਾਗਮ ਦਾ ਉਧਾਰ ਦੇਣ ਤੋਂ ਭੱਜੀ ਪੰਜਾਬ ਸਰਕਾਰ

**ਬਠਿੰਡਾ:** ਪੰਜਾਬ ਮੰਡੀ ਬੋਰਡ ਨੂੰ ਲੰਘੀ 7 ਜਨਵਰੀ ਨੂੰ ਮਾਨਸਾ ਦੇ 'ਕਰਜ਼ਾ ਮੁਆਫੀ ਸਮਾਰੋਹ' ਵਿਚ ਗਾਇਕ ਗੁਰਦਾਸ ਮਾਨ ਦਾ ਰੰਗਾ ਰੰਗ ਪ੍ਰੋਗਰਾਮ ਪੂਰੇ 15 ਲੱਖ ਰੁਪਏ ਵਿਚ ਪਿਆ। ਮਾਨਸਾ ਪ੍ਰਸ਼ਾਸਨ ਨੇ ਜੋ ਪਹਿਲੇ ਕਰਜ਼ਾ ਮੁਆਫੀ ਸਮਾਰੋਹ ਦੇ ਪ੍ਰਬੰਧ ਕੀਤੇ, ਉਨ੍ਹਾਂ ਉਤੇ 20 ਲੱਖ ਰੁਪਏ ਖਰਚਾ ਆਇਆ ਜਦਕਿ 15 ਲੱਖ ਰੁਪਏ ਇਕੱਲੇ ਗਾਇਕ ਨੂੰ ਦੇਣੇ ਪਏ ਹਨ। ਪੰਜਾਬ ਸਰਕਾਰ ਨੇ ਮਾਨਸਾ ਸਮਾਰੋਹ ਦੇ ਇੰਤਜ਼ਾਮ ਉਤੇ ਆਏ ਖਰਚੇ ਦੇ ਬਿੱਲ ਹਾਲੇ ਤੱਕ ਕਲੀਅਰ ਨਹੀਂ ਕੀਤੇ ਹਨ ਜਦਕਿ ਮੰਡੀ ਬੋਰਡ ਨੇ ਗੁਰਦਾਸ ਮਾਨ ਨੂੰ ਸਾਰੀ ਅਦਾਇਗੀ ਹੱਥੋ-ਹੱਥ ਕਰ ਦਿੱਤੀ ਹੈ।

ਕਿਸਾਨ ਧਿਰਾਂ ਨੇ ਆਖਿਆ ਕਿ ਸਰਕਾਰ ਨੇ ਮਨੋਰੰਜਨ ਸਟੇਜ ਲਗਾ ਕੇ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ। ਪਹਿਲੇ ਸਮਾਰੋਹਾਂ ਵਿਚ ਪੰਜ ਜ਼ਿਲ੍ਹਿਆਂ ਦੇ 47 ਹਜ਼ਾਰ ਕਿਸਾਨਾਂ ਦਾ ਕਰਜ਼ ਮੁਆਫ ਕੀਤਾ ਗਿਆ ਜੋ ਕਰੀਬ 167 ਕਰੋੜ ਰੁਪਏ ਬਣਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਨਸਾ ਸਮਾਰੋਹਾਂ ਵਿਚ ਕਰਜ਼ਾ ਮੁਆਫੀ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ ਸੀ। ਜਿਨ੍ਹਾਂ ਕਿਸਾਨਾਂ ਨੂੰ ਸਰਟੀਫਿਕੇਟ ਸਟੇਜ ਤੋਂ ਵੰਡੇ ਗਏ ਸਨ, ਉਨ੍ਹਾਂ ਨੂੰ ਸਮਾਰੋਹਾਂ ਤੋਂ ਇਕ ਦਿਨ ਪਹਿਲਾਂ ਹੀ ਮਾਨਸਾ ਦੇ ਹੋਟਲਾਂ ਵਿਚ ਠਹਿਰਾਇਆ ਗਿਆ ਜਿਸ ਦੌਰਾਨ ਕਿਸਾਨਾਂ ਦੀ ਖੂਬ ਖਾਤਰਦਾਰੀ ਕੀਤੀ ਗਈ। ਸਮਾਰੋਹ ਵਿਚ ਗੁਰਦਾਸ ਮਾਨ ਨੇ ਕਈ ਘੰਟੇ ਸਟੇਜ ਤੋਂ ਰੰਗ ਬੰਨ੍ਹਿਆ ਜਿਸ ਦੇ ਬਦਲੇ ਵਿਚ ਮੰਡੀ ਬੋਰਡ ਨੇ 15 ਲੱਖ ਦੀ ਅਦਾਇਗੀ ਕੀਤੀ।

ਲੋਕ ਸੰਪਰਕ ਵਿਭਾਗ ਨੇ ਆਰ.ਟੀ.ਆਈ. ਸੂਚਨਾ ਵਿਚ ਦੱਸਿਆ ਕਿ ਵਿਭਾਗ ਨੇ ਮਾਨਸਾ ਸਮਾਰੋਹਾਂ 'ਤੇ ਕੋਈ ਖਰਚਾ ਨਹੀਂ ਕੀਤਾ ਹੈ ਅਤੇ ਗੁਰਦਾਸ ਮਾਨ ਦੀ ਅਦਾਇਗੀ ਵੀ ਪੰਜਾਬ ਮੰਡੀ ਬੋਰਡ ਵੱਲੋਂ ਕੀਤੀ ਗਈ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮੰਡੀ ਬੋਰਡ ਨੂੰ ਮਾਨਸਾ ਸਮਾਰੋਹ ਦੇ 35 ਲੱਖ ਦੇ ਬਿੱਲਾਂ ਦੀ ਅਦਾਇਗੀ ਕਰਨੀ ਪਈ ਹੈ। ਮਾਨਸਾ ਸਮਾਰੋਹਾਂ ਵਿਚ ਜੋ ਟੈਂਟ ਲਾਇਆ ਗਿਆ, ਉਹ ਫਰਮ ਪਟਿਆਲਾ ਤੋਂ ਸੀ ਅਤੇ ਉਸ ਦਾ ਬਿੱਲ ਕਰੀਬ 11 ਲੱਖ ਰੁਪਏ ਦਾ ਬਣਿਆ ਹੈ। ਤਿੰਨ ਲੱਖ ਦਾ ਖਰਚਾ ਲੰਗਰ ਦਾ ਰਿਹਾ ਹੈ। ਮਾਨਸਾ ਪ੍ਰਸ਼ਾਸਨ ਕੋਲ ਟੈਂਟ, ਸਾਊਂਡ, ਲੰਗਰ, ਫੁੱਲਾਂ, ਬੈਨਰਾਂ ਆਦਿ ਉਤੇ ਤਕਰੀਬਨ 20 ਲੱਖ ਰੁਪਏ ਦੇ ਬਿੱਲ ਪੁੱਜੇ ਹਨ।

ਡਿਪਟੀ ਕਮਿਸ਼ਨਰ ਮਾਨਸਾ ਧਰਮਪਾਲ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਇਕ ਕਮੇਟੀ ਬਣਾ ਕੇ ਸਮਾਰੋਹਾਂ ਉਤੇ ਬਹੁਤ ਸੰਜਮ ਨਾਲ ਖਰਚਾ ਕੀਤਾ ਹੈ ਅਤੇ ਇਹ ਖਰਚਾ ਕਰੀਬ 20 ਲੱਖ ਰੁਪਏ ਬਣਦਾ ਹੈ ਜਿਸ ਦੇ ਬਿੱਲ ਸਰਕਾਰ ਨੂੰ ਭੇਜ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਤੋਂ ਫੰਡ ਮੰਗੇ ਹਨ ਪਰ ਹਾਲੇ ਤੱਕ ਕੋਈ ਪੈਸਾ ਪ੍ਰਾਪਤ ਨਹੀਂ ਹੋਇਆ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਲਿਆਂਵਾਲੇ ਬਾਗ 'ਚ ਲੱਗਿਆ ਊਧਮ ਸਿੰਘ ਦਾ ਬੁੱਤ



**ਅੰਮ੍ਰਿਤਸਰ:** ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਜਲਿਆਂਵਾਲਾ ਬਾਗ ਵਿਚ ਸ਼ਹੀਦ ਊਧਮ ਸਿੰਘ ਦੇ ਬੁੱਤ ਦਾ ਰਸਮੀ ਉਦਘਾਟਨ ਕੀਤਾ। ਸ਼ਹੀਦ ਊਧਮ ਸਿੰਘ ਨੂੰ ਜੁਲਾਈ 1940 ਵਿਚ ਲੰਡਨ ਦੀ ਜੇਲ੍ਹ ਵਿਚ ਫਾਂਸੀ ਦਿੱਤੇ ਜਾਣ ਤੋਂ 78 ਵਰ੍ਹਿਆਂ ਬਾਅਦ ਉਨ੍ਹਾਂ ਦਾ ਬੁੱਤ ਜਲਿਆਂਵਾਲਾ ਬਾਗ ਵਿਚ ਸਥਾਪਤ ਕੀਤਾ ਗਿਆ ਹੈ। ਇਹ ਆਦਮਕੱਦ ਬੁੱਤ ਲਗਭਗ 11 ਫੁੱਟ ਉਚਾ ਹੈ, ਜਿਸ ਨੂੰ ਚਾਰ ਫੁੱਟ ਉਚੇ ਮੰਚ 'ਤੇ ਸਥਾਪਤ ਕੀਤਾ ਗਿਆ ਹੈ। ਇਹ ਬੁੱਤ ਫਾਈਬਰ ਗਲਾਸ ਦਾ ਬਣਿਆ ਹੋਇਆ ਹੈ।

ਸਭ ਤੋਂ ਪਹਿਲਾਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਏ। ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਰਾਜਨਾਥ ਸਿੰਘ ਦਾ ਸਨਮਾਨ ਕੀਤਾ। ਉਸ ਤੋਂ ਬਾਅਦ ਉਨ੍ਹਾਂ ਜਲਿਆਂਵਾਲਾ ਬਾਗ ਵਿਚ ਸ਼ਹੀਦ ਊਧਮ ਸਿੰਘ ਦੇ ਬੁੱਤ ਦਾ ਰਸਮੀ ਉਦਘਾਟਨ ਕੀਤਾ। 13 ਅਪਰੈਲ 1919 ਨੂੰ ਜਲਿਆਂਵਾਲਾ ਬਾਗ ਵਿਚ ਹੋਏ ਕਤਲ ਕਾਂਡ ਦੇ ਸਾਲ 2019 ਵਿਚ 100 ਸਾਲ ਪੂਰੇ ਹੋ ਰਹੇ ਹਨ। ਇਸ ਦੇ ਚੱਲਦਿਆਂ ਅੰਗਰੇਜ਼ਾਂ ਖਿਲਾਫ ਲੜਾਈ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸ਼ਹੀਦ ਊਧਮ ਸਿੰਘ ਦਾ ਬੁੱਤ ਜਲਿਆਂਵਾਲਾ ਬਾਗ 'ਚ ਲਾਉਣ ਦੀ ਮੰਗ ਕਾਫੀ ਸਮੇਂ ਤੋਂ ਉਠ ਰਹੀ ਸੀ।

ਸ਼ਹੀਦ ਊਧਮ ਸਿੰਘ ਦੇ ਬੁੱਤ ਦੇ ਰਸਮੀ ਉਦਘਾਟਨ ਲਈ ਤਿਆਰ ਪੰਡਾਲ ਨੂੰ 5 ਕੁਇੰਟਲ ਫੁੱਲਾਂ ਨਾਲ ਸਜਾਇਆ ਗਿਆ। ਇਸ 11 ਫੁੱਟ ਉਚੇ ਬੁੱਤ ਉਤੇ ਤਕਰੀਬਨ 12 ਲੱਖ ਰੁਪਏ ਖਰਚ ਕੀਤੇ ਗਏ ਹਨ। 13 ਅਪਰੈਲ 1919 ਨੂੰ ਸਰ ਮਾਇਕਲ ਓ ਡਾਇਰ ਦੇ ਹੁਕਮ ਉਤੇ ਇਥੇ ਨਿਹੱਥੇ ਲੋਕਾਂ ਉਤੇ ਗੋਲੀਆਂ ਚਲਵਾਈਆਂ ਗਈਆਂ ਸਨ। ਉਸ ਸਮੇਂ ਉਥੇ ਮੌਜੂਦ ਊਧਮ ਸਿੰਘ ਨੇ ਬਾਗ ਦੀ ਮਿੱਟੀ ਚੁੱਕ ਕੇ ਡਾਇਰ ਨੂੰ ਮਾਰ ਕੇ ਜਲਿਆਂਵਾਲੇ ਬਾਗ 'ਚ ਹੋਏ ਕਤਲੇਆਮ ਦਾ ਬਦਲਾ ਲੈਣ ਦੀ ਸਹੁੰ ਖਾਦੀ ਸੀ। ਉਨ੍ਹਾਂ ਨੇ 13 ਅਪਰੈਲ 1940 'ਚ ਲੰਡਨ 'ਚ ਡਾਇਰ ਨੂੰ ਮਾਰ ਕੇ ਬਦਲਾ ਲਿਆ ਸੀ।

## ਉਘੇ ਵਿਗਿਆਨੀ ਸਟੀਫਨ ਹਾਕਿੰਗ ਦਾ ਦੇਹਾਂਤ

*(ਸਫਾ ਇਕ ਦੀ ਬਾਕੀ)*

ਅਹਿਮ ਖੋਜਾਂ ਕੀਤੀਆਂ। ਅੰਤਾਂ ਦੇ ਬਿਮਾਰ ਹੋਣ ਦੇ ਬਾਵਜੂਦ ਉਹ ਆਪਣੇ ਇਸ ਕਾਰਜ ਵਿਚ ਲਗਾਤਾਰ ਲੱਗੇ ਰਹੇ।

ਸਟੀਫਨ ਵਿਲੀਅਮ ਹਾਕਿੰਗ ਦਾ ਜਨਮ 8 ਜਨਵਰੀ 1942 ਨੂੰ ਆਕਸਫੋਰਡ (ਇੰਗਲੈਂਡ) ਵਿਚ ਹੋਇਆ ਸੀ। 1988 ਵਿਚ ਆਈ ਉਨ੍ਹਾਂ ਦੀ ਕਿਤਾਬ 'ਏ ਬਰੀਫ਼ ਹਿਸਟਰੀ ਆਫ ਟਾਈਮ' ਨੇ ਦੁਨੀਆਂ ਭਰ ਵਿਚ ਤਰਥੱਲੀ ਮਚਾ ਦਿੱਤੀ ਸੀ। ਇਹ ਕਿਤਾਬ ਅੰਗਰੇਜ਼ੀ ਰਸਾਲੇ 'ਸੰਡੇ ਟਾਈਮਜ਼' ਦੀ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਦੀ ਸੂਚੀ ਵਿਚ ਲਗਾਤਾਰ 237 ਹਫਤੇ ਸ਼ਾਮਿਲ ਰਹੀ ਸੀ। ਇਸ ਅਹਿਮ ਕਿਤਾਬ ਤੋਂ ਇਲਾਵਾ ਉਨ੍ਹਾਂ 'ਬਲੈਕ ਹੋਲਜ਼ ਐਂਡ ਬੇਬੀ ਯੂਨੀਵਰਸਜ਼' (1993), 'ਯੂਨੀਵਰਸ ਇੰਨ ਏ ਨੱਟਸ਼ੈਲ' (2001), 'ਆਨ ਦਿ ਸ਼ੋਲਡਰਜ਼ ਆਫ਼ ਜਾਇੰਟਸ' (2002) ਅਤੇ 'ਮਾਈ ਬਰੀਫ ਹਿਸਟਰੀ' (2013) ਵਰਗੀਆਂ ਕਿਤਾਬਾਂ ਲਿਖੀਆਂ। ਉਨ੍ਹਾਂ ਦੀਆਂ ਕਈ ਲਿਖਤਾਂ ਅਤੇ ਖੁਦ ਉਨ੍ਹਾਂ ਬਾਰੇ ਕਈ ਦਸਤਾਵੇਜ਼ੀ ਫਿਲਮਾਂ ਵੀ ਬਣੀਆਂ। ਪਿਛਲੇ ਲੰਮੇ ਸਮੇਂ ਤੋਂ ਉਹ ਮਸ਼ੀਨਾਂ ਰਾਹੀਂ ਹੀ ਆਪਣਾ ਕਾਰਜ ਜਾਰੀ ਰੱਖ ਰਹੇ ਸਨ ਅਤੇ 14 ਮਾਰਚ 2018 ਨੂੰ ਉਨ੍ਹਾਂ ਆਖਰੀ ਸਾਹ ਲਿਆ।

## ਟਿੱਕਾ ਸ਼ਿਵ ਚੰਦ ਨੂੰ ਸੱਚ ਬੋਲਣ ਦੀ ਸਜ਼ਾ

**ਚੰਡੀਗੜ੍ਹ:** ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਗੈਰ ਕਾਨੂੰਨੀ ਖਣਨ ਦਾ ਮੁੱਦਾ ਉਭਾਰਨ ਵਾਲੇ ਟਿੱਕਾ ਸ਼ਿਵ ਚੰਦ ਨੂੰ ਰਾਜ ਜੰਗਲੀ ਜੀਵ ਬੋਰਡ ਤੋਂ ਲਾਂਭੇ ਕਰ ਦਿੱਤਾ ਗਿਆ। ਸ਼ਿਵ ਚੰਦ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਆਨੰਦਪੁਰ ਸਾਹਿਬ ਖੇਤਰ ਵਿਚ ਅਜਿਹੇ ਧੰਦੇ ਦਾ ਪਰਦਾਫਾਸ਼ ਕੀਤਾ ਸੀ। ਇਸ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਦੇ ਪਰਿਵਾਰ ਵੱਲ ਉਂਗਲ ਚੁੱਕੀ ਗਈ ਸੀ। ਇਸ ਖੁਲਾਸੇ ਪਿੱਛੋਂ ਸ਼ਿਵ ਚੰਦ ਨੂੰ ਬੋਰਡ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ।

# ਜੀ.ਐਸ.ਟੀ. ਦੇ ਗਣਿਤ ਵਿਚ ਉਲਝੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰਾਲੇ ਦਾ ਦਾਅਵਾ ਹੈ ਕਿ ਧਾਰਮਿਕ ਸਥਾਨਾਂ ਉਤੇ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ ਨੂੰ ਜੀ.ਐਸ.ਟੀ. ਤੋਂ ਮੁਕੰਮਲ ਛੋਟ ਦੇ ਦਿੱਤੀ ਹੈ ਜਦੋਂ ਕਿ ਸ਼੍ਰੋਮਣੀ ਕਮੇਟੀ ਭੰਬਲਭੂਸੇ ਵਿਚ ਫਸੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਹੈ ਕਿ ਲੰਗਰ ਅਤੇ ਪ੍ਰਸ਼ਾਦ ਵਾਸਤੇ ਖਰੀਦੀ ਜਾਂਦੀ ਸਮੱਗਰੀ 'ਤੇ ਜੀ.ਐਸ.ਟੀ. ਲੱਗ ਕੇ ਆ ਰਿਹਾ ਹੈ ਅਤੇ ਛੋਟ ਸਬੰਧੀ ਕੋਈ ਵੀ ਸਰਕੂਲਰ ਕੇਂਦਰ ਨੇ ਜਾਰੀ ਨਹੀਂ ਕੀਤਾ ਹੈ। ਜੇ ਛੋਟ ਹੈ ਤਾਂ ਤਾਰੇ ਗਏ ਜੀ.ਐਸ.ਟੀ. ਦੀ ਰਕਮ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀ ਜਾਵੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਲਿਖਿਆ ਜਾ ਚੁੱਕਿਆ ਹੈ ਕਿ ਲੰਗਰ ਤੇ ਪ੍ਰਸ਼ਾਦ ਨੂੰ ਜੀ.ਐਸ.ਟੀ. ਤੋਂ ਮੁਕਤ ਕੀਤਾ ਜਾਵੇ। ਇਵੇਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖ ਚੁੱਕੇ ਹਨ ਜਦੋਂਕਿ ਸ਼੍ਰੋਮਣੀ ਕਮੇਟੀ ਨੇ ਤਾਂ ਕਈ ਯਾਦ ਪੱਤਰ ਇਸ ਮਾਮਲੇ ਉਤੇ ਕੇਂਦਰ ਸਰਕਾਰ ਨੂੰ ਭੇਜੇ ਹਨ।

ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਲਿਖਤੀ ਵੇਰਵਿਆਂ ਅਨੁਸਾਰ ਲੰਗਰ ਅਤੇ ਪ੍ਰਸ਼ਾਦ ਉਤੇ ਜੀ.ਐਸ.ਟੀ. ਲਾਗੂ ਨਹੀਂ ਹੁੰਦਾ ਹੈ। ਵਿੱਤ ਮੰਤਰਾਲੇ ਨੇ ਆਖਿਆ ਹੈ ਕਿ ਚੈਰੀਟੇਬਲ ਟਰੱਸਟਾਂ ਅਤੇ ਧਾਰਮਿਕ ਸਥਾਨਾਂ, ਜਿਨ੍ਹਾਂ ਵੱਲੋਂ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਮੁਫਤ ਲੰਗਰ/ਪ੍ਰਸ਼ਾਦ ਵਰਤਾਇਆ ਜਾਂਦਾ ਹੈ, ਨੂੰ ਜੀ.ਐਸ.ਟੀ. ਕਾਰਨ ਉਤਪਾਦ ਖਰੀਦਣ ਵਿਚ ਕੋਈ ਪਰੇਸ਼ਾਨੀ ਨਹੀਂ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਲੰਘੇ ਸੱਤ ਮਹੀਨਿਆਂ ਵਿਚ ਲੰਗਰ ਅਤੇ ਪ੍ਰਸ਼ਾਦ ਲਈ 20.17 ਕਰੋੜ ਰੁਪਏ ਦੇ ਉਤਪਾਦਾਂ ਦੀ ਖਰੀਦ ਕੀਤੀ ਗਈ ਹੈ, ਜਿਨ੍ਹਾਂ ਉਤੇ ਕਰੀਬ ਦੋ ਕਰੋੜ ਰੁਪਏ ਇਕੱਲੇ ਜੀ.ਐਸ.ਟੀ. ਵਜੋਂ ਤਾਰੇ ਜਾ ਚੁੱਕੇ ਹਨ। ਇਨ੍ਹਾਂ ਉਤਪਾਦਾਂ ਉਤੇ ਜੀ.ਐਸ.ਟੀ. ਦਰ 5% ਤੋਂ 18 ਫੀਸਦੀ ਤੱਕ ਹੈ।

## ਫਰਾਂਸ 'ਚ ਦਸਤਾਰ ਦਾ ਮਸਲਾ ਫਿਰ ਖੁੰਝਿਆ

*(ਸਫਾ ਇਕ ਦੀ ਬਾਕੀ)*

ਬਣਾਉਂਦੇ ਸਮੇਂ ਦਸਤਾਰ ਬੰਨ੍ਹਣ ਦੀ ਮਨਾਹੀ ਦਾ ਕਾਨੂੰਨ ਪਾਸ ਕਰ ਦਿੱਤਾ ਸੀ। ਇਸ ਕਾਨੂੰਨ ਤਹਿਤ ਡਰਾਈਵਿੰਗ ਲਾਈਸੈਂਸ, ਪਾਸਪੋਰਟ ਤੇ ਹੋਰ ਕੋਈ ਵੀ ਸਰਕਾਰੀ ਕਾਰਡ ਬਣਾਉਣ ਲਈ ਤਸਵੀਰ ਬਗੈਰ ਪੱਗ, ਭਾਵ ਨੰਗੇ ਸਿਰ ਖੁੱਲ੍ਹੇ ਵਾਲਾਂ ਵਾਲੀ ਹੋਣੀ ਚਾਹੀਦੀ ਹੈ। ਫਰਾਂਸ ਵਿਚ ਦਸਤਾਰਧਾਰੀ ਸਿੱਖ ਭਾਵੇਂ ਕਿੰਨੀ ਵੀ ਉਚ ਵਿੱਦਿਆ ਹਾਸਲ ਕਰ ਲਏ, ਪਰ ਉਸ ਨੂੰ ਸਰਕਾਰੀ ਨੌਕਰੀ ਨਹੀਂ ਮਿਲ ਸਕਦੀ ਤੇ ਨਾ ਹੀ ਉਹ ਵਕਾਲਤ ਕਰ ਸਕਦਾ ਹੈ। ਫਰਾਂਸ ਵਿਚ ਪੜ੍ਹ-ਲਿਖ ਕੇ ਸਿੱਖ ਨੌਜਵਾਨ ਇਸ ਵੇਲੇ ਸਰਕਾਰੀ ਨੌਕਰੀਆਂ ਜਾਂ ਵਕਾਲਤ ਆਦਿ ਲਈ ਇੰਗਲੈਂਡ, ਕੈਨੇਡਾ ਜਾਂ ਹੋਰ ਮੁਲਕਾਂ ਵਿਚ ਜਾ ਰਹੇ ਹਨ। ਪਹਿਲੀ ਸੰਸਾਰ ਜੰਗ ਵਿਚ ਸਿੱਖਾਂ ਨੇ ਫਰਾਂਸ ਦੀ ਆਜ਼ਾਦੀ ਨੂੰ ਬਚਾਉਣ ਲਈ ਸਿੱਖੀ ਸਰੂਪ ਵਿਚ ਹੀ ਜੰਗ ਲੜੀ ਸੀ, ਪਰ ਫਰਾਂਸ ਸਰਕਾਰ ਦੀ ਅੜੀ ਬਰਕਰਾਰ ਹੈ।

## ਫਰਾਂਸ ਦੇ ਸੰਸਦ ਮੈਂਬਰ ਦੀ ਅਪੀਲ ਵੀ ਅਣਸੁਣੀ

**ਪੈਰਿਸ:** ਫਰਾਂਸ ਦੀ ਯੂ.ਡੀ.ਆਈ. ਪਾਰਟੀ ਦੇ ਪ੍ਰਧਾਨ ਅਤੇ ਹਲਕਾ ਬੋਬੀਨੀ, ਡਰੰਸੀ ਅਤੇ ਲਾ ਬੁਰਜੇ ਦੇ ਐਮ.ਪੀ.ਜੌਨ ਕਰਿਸਟੋਫ ਲਗਾਰਡ ਨੇ ਰਾਸ਼ਟਰਪਤੀ ਮੈਕਰੌਨ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੀ ਭਾਰਤ ਫੇਰੀ ਮੌਕੇ ਘੱਟ ਗਿਣਤੀਆਂ ਉਤੇ ਹੋ ਰਹੇ ਜ਼ੁਲਮਾਂ ਸਬੰਧੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਗੱਲਬਾਤ ਕਰਨ। ਮੈਕਰੌਨ ਨੂੰ ਲਿਖੀ ਚਿੱਠੀ ਵਿਚ ਉਨ੍ਹਾਂ ਕਿਹਾ ਕਿ ਭਾਰਤ ਵਿਚ ਕਈ ਧਾਰਮਿਕ ਘੱਟ ਗਿਣਤੀਆਂ ਦੇ ਕਤਲੇਆਮ ਹੋਏ ਹਨ, ਪਰ ਇਸ ਨੂੰ ਵੀ ਅਣਗੌਲਿਆ ਕਰ ਦਿੱਤਾ ਗਿਆ।

## ਆਸਟਰੇਲੀਆ: ਦੋ ਪੁਰਸ਼ ਸੰਸਦ ਮੈਂਬਰ ਕਰਵਾਉਣਗੇ ਵਿਆਹ

**ਕੈਨਬਰਾ:** ਆਸਟਰੇਲੀਆ ਵਿਚ ਪਿਛਲੇ ਸਾਲ ਇਕ ਗੇਅ ਸੰਸਦ ਮੈਂਬਰ ਨੇ ਫਲੋਰ ਉਤੇ ਆਪਣੇ ਜੋਟੀਦਾਰ ਨੂੰ ਪਰਪੋਜ਼ ਕੀਤਾ ਸੀ। ਟਿਮ ਵਿਲਸਨ ਨਾਮ ਦੇ ਸੰਸਦ ਮੈਂਬਰ ਦੇ ਇਹ ਐਲਾਨ ਕੀਤਾ ਕਿ ਉਹ ਹੁਣ ਆਪਣੇ ਸਾਥੀ ਨਾਲ ਵਿਆਹ ਕਰਨ ਦੀ ਤਿਆਰੀ ਵਿਚ ਹਨ।

ਵਿਲਸਨ ਨੇ ਆਪਣੇ ਸਾਥੀ ਨੂੰ ਸਮਲਿੰਗੀ ਵਿਆਹ ਬਾਰੇ ਚੱਲ ਰਹੀ ਬਹਿਸ ਦੌਰਾਨ ਪਰਪੋਜ਼ ਕੀਤਾ ਤੇ ਉਸ ਦੇ ਸਾਥੀ ਨੇ ਸਵੀਕਾਰ ਕਰ ਲਿਆ। ਇਹ ਜੋੜਾ ਆਪਣੇ ਪਿਆਰ ਨੂੰ ਵਿਆਹ ਦਾ ਰੂਪ ਦੇਣ ਜਾ ਰਿਹਾ ਹੈ। ਸਮਲਿੰਗ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਲਈ ਆਸਟਰੇਲੀਆ ਸਰਕਾਰ ਨੇ ਸਰਵੇਖਣ ਕਰਾਇਆ ਸੀ। ਦੇਸ਼ ਦੀ ਜਨਤਾ ਨੇ ਵੱਡੀ ਗਿਣਤੀ 'ਚ ਇਸ ਦਾ ਸਮਰਥਨ ਕੀਤਾ ਸੀ। ਇਸ ਤੋਂ ਬਾਅਦ ਇਸ ਨੂੰ ਮਾਨਤਾ ਦਿੱਤੀ ਗਈ।

## ਨਾਜਾਇਜ਼ ਖਣਨ: ਕਾਂਗਰਸੀਆਂ ਨੇ ਬਾਦਲਾਂ ਦੀ ਬੁਰਛਾਗਰਦੀ ਨੂੰ ਪਾਈ ਮਾਤ

*(ਸਫਾ ਇਕ ਦੀ ਬਾਕੀ)*

ਆਪਣਾ ਪੈਸੇ ਰੇਤ ਦੀਆਂ ਖੱਡਾਂ ਵਿਚ ਲਾਇਆ ਸੀ, ਉਸੇ ਤਰ੍ਹਾਂ ਹੀ ਚੰਨੀ ਨੇ ਆਪਣੇ ਭਾਣਜੇ ਰਾਹੀਂ ਲਗਾਇਆ ਹੈ। ਇਨ੍ਹਾਂ ਖੁਲਾਸਿਆਂ ਪਿੱਛੋਂ ਵਿਰੋਧੀ ਧਿਰਾਂ ਬਜਟ ਸੈਸ਼ਨ ਵਿਚ ਕਾਂਗਰਸ ਸਰਕਾਰ ਨੂੰ ਘੇਰਨ ਲਈ ਤਿਆਰ ਬਰ ਤਿਆਰ ਬੈਠੀਆਂ ਹਨ। ਵਿਰੋਧੀ ਧਿਰਾਂ, ਖਾਸ ਕਰ 'ਆਪ' ਆਗੂਆਂ ਦਾ ਦੋਸ਼ ਹੈ ਕਿ ਜਦ ਕੈਪਟਨ ਅਮਰਿੰਦਰ ਸਿੰਘ ਕੋਲ ਇਸ ਨਾਜਾਇਜ਼ ਧੰਦੇ ਵਿਚ ਲੱਗੇ ਲੋਕਾਂ ਦੀ ਜਾਣਕਾਰੀ ਹੈ ਤਾਂ ਫਿਰ ਕਾਰਵਾਈ ਟਿੱਪਰ ਜ਼ਬਤ ਕਰਨ ਤੇ ਉਨ੍ਹਾਂ ਦੇ ਡਰਾਈਵਰਾਂ ਖਿਲਾਫ ਮਾਮਲੇ ਦਰਜ ਕਰਨ ਤੱਕ ਹੀ ਕਿਉਂ ਸੀਮਤ ਹੈ। ਦੱਸ ਦਈਏ ਕਿ ਰੇਤ ਦੇ ਗੈਰ ਕਾਨੂੰਨੀ ਕਾਰੋਬਾਰ ਦਾ ਮਸਲਾ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੁੱਦਾ ਸੀ ਤੇ ਇਹੀ ਕਾਰੋਬਾਰ ਪਿਛਲੀ ਬਾਦਲ ਸਰਕਾਰ ਦੀਆਂ ਜੜ੍ਹਾਂ ਵਿਚ ਬੈਠ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਸਰਕਾਰ ਬਣਦਿਆਂ ਹੀ ਅਸਲ ਦੋਸ਼ੀਆਂ ਨੂੰ ਸਜ਼ਾ ਮਿਲੇਗੀ, ਪਰ ਸਰਕਾਰ ਬਣਨ ਪਿੱਛੋਂ ਕਾਂਗਰਸ ਦੇ ਆਪਣੇ ਵਿਧਾਇਕ ਤੇ ਮੰਤਰੀ ਇਸ ਧੰਦੇ ਵਿਚ ਜੁਟ ਗਏ। ਸਰਕਾਰ ਬਣਨ ਤੋਂ ਤੁਰਤ ਪਿੱਛੋਂ ਕੈਪਟਨ ਨੇ ਵਿਧਾਨ ਸਭਾ ਸੈਸ਼ਨ ਵਿਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਕੋਲ ਨਾਜਾਇਜ਼ ਕਾਰੋਬਾਰ ਕਰਨ ਵਾਲੇ ਅਕਾਲੀ ਆਗੂਆਂ ਦੀਆਂ ਲਿਸਟਾਂ ਹਨ ਪਰ ਇਕ ਸਾਲ ਪਿੱਛੋਂ ਵੀ ਕਾਂਗਰਸ ਸਰਕਾਰ ਅੱਖਾਂ ਬੰਦ ਕਰੀ ਤਮਾਸ਼ਾ ਵੇਖ ਰਹੀ ਹੈ। ਹੁਣ ਕੈਪਟਨ ਕੋਲ ਅਜਿਹੇ ਕਾਰੋਬਾਰੀਆਂ ਦੀਆਂ ਨਵੀਆਂ ਲਿਸਟਾਂ ਵੀ ਆ ਗਈਆਂ ਹਨ ਤੇ ਇਨ੍ਹਾਂ ਵਿਚ ਕਾਂਗਰਸੀ ਆਗੂਆਂ ਦੇ ਨਾਂ ਸਿਖਰ 'ਤੇ ਹਨ। ਇਸੇ ਲਈ ਕੈਪਟਨ ਸਰਕਾਰ ਕਾਰਵਾਈ ਦੇ ਨਾਂ 'ਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਿਚ ਜੁਟੀ ਹੋਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕਿਸਾਨ ਖੁਦਕੁਸ਼ੀਆਂ: ਨੀਤੀਆਂ ਬਣਾਉਣ 'ਚ ਹੀ ਉਲਝੀ ਸਰਕਾਰ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਾਲਾਤ ਸੁਧਾਰਨ ਅਤੇ ਖੁਦਕੁਸ਼ੀਆਂ ਰੋਕਣ ਦਾ ਵਾਅਦਾ ਕਰ ਕੇ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਇਕ ਸਾਲ ਦੇ ਕਾਰਜਕਾਲ ਦੌਰਾਨ ਖੁਦਕੁਸ਼ੀਆਂ ਦੇ ਰੁਝਾਨ ਵਿਚ ਤੇਜ਼ੀ ਆਈ ਹੈ। ਮਾਲਵਾ ਖੇਤਰ ਤੱਕ ਸੀਮਤ ਜਾਪਦਾ ਖੁਦਕੁਸ਼ੀਆਂ ਦਾ ਰੁਝਾਨ ਮਾਝਾ ਖੇਤਰ ਵਿਚ ਵੀ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ। ਦੋਆਬੇ ਦੇ ਜ਼ਿਲ੍ਹਿਆਂ ਵਿਚ ਹੋਣ ਵਾਲੀਆਂ ਖੁਦਕੁਸ਼ੀਆਂ ਦੀਆਂ ਖਬਰਾਂ ਵੀ ਚਿੰਤਾਜਨਕ ਤਸਵੀਰ ਪੇਸ਼ ਕਰ ਰਹੀਆਂ ਹਨ।

ਸਾਲ 2000 ਤੋਂ 2010 ਤੱਕ ਪੰਜਾਬ ਦੀਆਂ ਯੂਨੀਵਰਸਿਟੀਆਂ ਵੱਲੋਂ ਕੀਤੇ ਸਰਵੇਖਣ ਅਨੁਸਾਰ ਪੰਜਾਬ ਵਿਚ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ ਮਜ਼ਦੂਰਾਂ ਦੀ ਗਿਣਤੀ 6900 ਤੋਂ ਜ਼ਿਆਦਾ ਸੀ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਅਤੇ ਮਾਝਾ ਦੇ ਚਾਰ ਤੇ ਦੋਆਬਾ ਦੇ ਤਿੰਨ ਜ਼ਿਲ੍ਹਿਆਂ ਵਿਚ ਕੀਤੇ ਸਰਵੇਖਣ ਸਬੰਧੀ ਪ੍ਰੋਜੈਕਟ ਦੇ ਮੁਖੀ ਪ੍ਰੋਫੈਸਰ ਸ਼ਰਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਬੇਸ਼ੱਕ ਮਾਲਵਾ ਖੇਤਰ ਵਿਚ ਖੁਦਕੁਸ਼ੀਆਂ ਦੀ ਗਿਣਤੀ ਜ਼ਿਆਦਾ ਹੈ, ਪਰ ਰੁਝਾਨ ਮਾਝਾ ਵਿਚ ਵੀ ਵਧ ਰਿਹਾ ਹੈ। ਦੋਆਬੇ ਵਿਚੋਂ ਪਰਵਾਸ ਕਾਰਨ ਖੁਦਕੁਸ਼ੀਆਂ ਦਾ ਰੁਝਾਨ ਇਕ ਤਰ੍ਹਾਂ ਸਥਿਰ ਹੀ ਹੈ। ਖੁਦਕੁਸ਼ੀ ਪੀੜਤ ਪਰਿਵਾਰ ਰਾਹਤ ਨੀਤੀ ਨੂੰ ਬਣਿਆਂ ਵੀ ਲਗਭਗ ਪੰਜ ਸਾਲ ਹੋ ਚੁੱਕੇ ਹਨ, ਪਰ ਇਹ ਠੀਕ ਤਰੀਕੇ ਨਾਲ ਲਾਗੂ ਨਾ ਹੋਣ ਕਰ ਕੇ ਸਾਲਾਂਬੱਧੀ ਪੀੜਤ ਪਰਿਵਾਰਾਂ ਨੂੰ ਰਾਹਤ ਨਹੀਂ ਮਿਲ ਰਹੀ ਹੈ। ਮਾਝੇ ਦੇ ਵੀ ਜ਼ਿਆਦਾਤਰ ਕੇਸਾਂ ਵਿਚ ਸਰਕਾਰ ਵੱਲੋਂ ਪਹਿਲੀ ਐਲਾਨੀ ਤਿੰਨ ਲੱਖ ਰੁਪਏ ਦੀ ਰਾਹਤ ਰਾਸ਼ੀ ਨਹੀਂ ਮਿਲੀ ਹੈ।

ਕੈਪਟਨ ਸਰਕਾਰ ਨੇ ਤਾਂ ਇਹ ਰਾਸ਼ੀ ਵਧਾ ਕੇ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ, ਪਰ ਐਲਾਨ ਉਤੇ ਅਮਲ ਨਹੀਂ ਹੋ ਸਕਿਆ। ਨੀਤੀ ਦੇ ਮੁਤਾਬਕ ਤਾਂ ਪੀੜਤ ਪਰਿਵਾਰ ਨੇ ਤਿੰਨ ਮਹੀਨਿਆਂ ਅੰਦਰ ਅਰਜ਼ੀ ਦੇਣੀ ਹੁੰਦੀ ਹੈ ਅਤੇ ਸਬੰਧਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਬਣੀ ਕਮੇਟੀ ਨੇ ਇਕ ਮਹੀਨੇ ਅੰਦਰ ਇਸ ਬਾਰੇ ਫੈਸਲਾ ਕਰਨਾ ਹੁੰਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 2015-16 ਅਤੇ ਗੁਰਦਾਸਪੁਰ ਜ਼ਿਲ੍ਹੇ ਦੇ 2017 ਤੱਕ ਦੇ ਸਰਵੇਖਣ ਦੌਰਾਨ ਸਾਹਮਣੇ ਆਇਆ ਕਿ ਗੁਰਦਾਸਪੁਰ ਵਿਚ ਖੁਦਕੁਸ਼ੀਆਂ ਦੀ ਦਰ ਮਾਝੇ ਦੇ ਬਾਕੀ ਜ਼ਿਲ੍ਹਿਆਂ ਨਾਲੋਂ ਜ਼ਿਆਦਾ ਹੈ। ਤਰਨ ਤਾਰਨ ਵਿਚ ਵੀ ਖੁਦਕੁਸ਼ੀ ਦੇ ਕੇਸ ਵਧੇ ਹਨ।

### ਪੀੜਤਾਂ ਨੂੰ ਰਾਹਤ ਵੱਲ ਇਕ ਕਦਮ ਵੀ ਨਾ ਪੁੱਟਿਆ

ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਕਰਜ਼ੇ ਦੇ ਸੰਕਟ ਨੂੰ ਹੱਲ ਕਰ ਦਿੱਤਾ ਜਾਵੇਗਾ। ਪਿਛਲੇ ਸਾਲ ਜੂਨ ਵਿਚ ਹੋਏ ਬਜਟ ਇਜਲਾਸ ਦੌਰਾਨ ਮੁੱਖ ਮੰਤਰੀ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ। ਇਸ ਦਿਸ਼ਾ ਵਿਚ ਅਜੇ ਤੱਕ ਕੋਈ ਕੰਮ ਨਹੀਂ ਹੋਇਆ ਹੈ।

ਇਨ੍ਹਾਂ ਪਰਿਵਾਰਾਂ ਦੀ ਸਹਾਇਤਾ ਅਤੇ ਸਮੁੱਚੀ ਵਿੱਤੀ ਹਾਲਤ ਸੁਧਾਰਨ ਲਈ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਪੰਜ ਵਿਧਾਇਕਾਂ ਦੀ ਕਮੇਟੀ ਵੀ ਬਣਾਈ ਸੀ। ਕਮੇਟੀ ਨੇ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਵੀ ਕੀਤੀ ਹੈ। ਕਮੇਟੀ ਦੇ ਮੈਂਬਰ ਵਿਧਾਇਕ ਨੇ ਕਿਹਾ ਕਿ ਕਮੇਟੀ ਆਪਣੀਆਂ ਸਿਫਾਰਸ਼ਾਂ ਤਿਆਰ ਕਰ ਰਹੀ ਹੈ ਤੇ ਰਿਪੋਰਟ ਇਸੇ ਮਹੀਨੇ ਅੱਗੇ ਸੌਂਪਣ ਦੀ ਸੰਭਾਵਨਾ ਹੈ।

ਪਠਾਨਕੋਟ ਖੁਦਕੁਸ਼ੀ ਮੁਕਤ ਜ਼ਿਲ੍ਹਾ ਕਿਹਾ ਜਾ ਸਕਦਾ ਹੈ, ਕਿਉਂਕਿ ਯੂਨੀਵਰਸਿਟੀ ਦੇ ਸਰਵੇ ਵਿਚ ਜ਼ਿਲ੍ਹੇ ਵਿਚੋਂ ਇਕ ਵੀ ਖੁਦਕੁਸ਼ੀ ਦਾ ਮਾਮਲਾ ਸਾਹਮਣੇ ਨਹੀਂ ਆਇਆ ਹੈ। ਡਾ. ਢਿੱਲੋਂ ਅਨੁਸਾਰ ਜੇਕਰ ਦੇਖਿਆ ਜਾਵੇ ਤਾਂ ਜਿਨ੍ਹਾਂ ਵੀ ਪਰਿਵਾਰਾਂ ਨੂੰ ਖੇਤੀ ਤੋਂ ਇਲਾਵਾ ਕੋਈ ਸਹਾਇਕ ਆਮਦਨ ਨਹੀਂ ਹੈ, ਉਹ ਕਰਜ਼ੇ ਕਾਰਨ ਤਣਾਅ ਵਿਚੋਂ ਗੁਜ਼ਰ ਰਹੇ ਹਨ। ਕੇਂਦਰ ਜਾਂ ਰਾਜ ਸਰਕਾਰਾਂ ਦੀ ਅਜੇ ਤੱਕ ਅਜਿਹੇ ਕਿਸਾਨਾਂ ਨੂੰ ਵਿੱਤੀ ਸੰਕਟ ਵਿਚੋਂ ਕੱਢਣ ਲਈ ਕੋਈ ਠੋਸ ਖੇਤੀ ਨੀਤੀ ਵੀ ਨਹੀਂ ਹੈ। ਪੰਜਾਬ ਵਿਚ ਅਸਲ ਮੁੱਦਾ ਸਿਰਫ ਫਸਲੀ ਵੰਨ-ਸਵੰਨਤਾ ਨਹੀਂ, ਬਲਕਿ ਖੇਤੀ ਨਾਲ ਜੁੜੀਆਂ ਗਤੀਵਿਧੀਆਂ ਦੀ ਵਿਭਿੰਨਤਾ ਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਪੂਰੇ ਪੰਜਾਬ ਦੇ ਕੀਤੇ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਦੇ ਸਰਵੇਖਣ ਮੁਤਾਬਕ 2015-16 ਤੱਕ 16,606 ਕਿਸਾਨਾਂ ਅਤੇ ਮਜ਼ਦੂਰਾਂ ਨੇ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕੀਤੀ ਹੈ। ਇਸ ਵਿਚ 14 ਹਜ਼ਾਰ ਤੋਂ ਵੱਧ ਖੁਦਕੁਸ਼ੀਆਂ ਮਾਲਵਾ ਖੇਤਰ ਦੇ ਸੱਤ ਜ਼ਿਲ੍ਹਿਆਂ ਦੀਆਂ ਹਨ।

## ਕੈਪਟਨ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ 'ਧੱਕੇਸ਼ਾਹੀ ਐਵਾਰਡ'

**ਜਲੰਧਰ:** ਪੰਜਾਬ ਦੇ ਠੇਕਾ ਮੁਲਾਜ਼ਮਾਂ ਨੇ ਸੂਬੇ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ 'ਧੱਕੇਸ਼ਾਹੀ ਐਵਾਰਡ' ਨਾਲ ਨਿਵਾਜਿਆ। ਠੇਕਾ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਆਸ਼ੀਸ਼ ਜੁਲਾਹਾ ਮੁਤਾਬਕ ਕੈਪਟਨ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕਿਹਾ



ਸੀ ਕਿ ਉਹ ਜਿੱਤੇ ਤਾਂ ਸਾਰੇ ਮੁਲਾਜ਼ਮਾਂ ਨੂੰ ਪੱਕਾ ਕਰ ਦੇਣਗੇ। ਹੁਣ ਉਹ ਪੱਕਾ ਕਰਨ ਦੀ ਥਾਂ ਨਵਾਂ ਬਿੱਲ ਲਿਆ ਕੇ ਤਨਖਾਹਾਂ ਘਟਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਐਵਾਰਡ ਜਲੰਧਰ ਸੈਂਟਰਲ ਤੋਂ ਕਾਂਗਰਸੀ ਵਿਧਾਇਕ ਰਜਿੰਦਰ ਬੇਰੀ ਨੂੰ ਦੇਣ ਗਏ ਤਾਂ ਉਹ ਆਪਣੇ ਦਫਤਰ ਵਿਚ ਮੌਜੂਦ ਨਹੀਂ ਸਨ। ਠੇਕਾ ਮੁਲਾਜ਼ਮਾਂ ਨੇ ਇਹ ਐਵਾਰਡ ਉਨ੍ਹਾਂ ਦੇ ਦਫਤਰ ਬਾਹਰ ਰੱਖ ਦਿੱਤਾ।

ਇਸ ਤੋਂ ਪਹਿਲਾਂ ਇਹ ਠੇਕਾ ਮੁਲਾਜ਼ਮ 'ਮੁੱਖ ਮੰਤਰੀ ਮਿਲਾਓ ਇਨਾਮ ਪਾਓ' ਯੋਜਨਾ ਤਹਿਤ ਵੀ ਪ੍ਰਦਰਸ਼ਨ ਕਰ ਚੁੱਕੇ ਹਨ।

# ਧਰਨੇ ਮੁਜ਼ਾਹਰਿਆਂ ਦੇ ਗੇੜ 'ਚ ਫਸੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਆਪਣੀ ਸੱਤਾ ਦਾ ਪਹਿਲਾ ਵਰ੍ਹਾ ਪੂਰਾ ਕਰਨ ਜਾ ਰਹੀ ਕੈਪਟਨ ਸਰਕਾਰ ਧਰਨੇ ਮੁਜ਼ਾਹਰਿਆਂ ਦੇ ਰੋਹ ਵਿਚ ਘਿਰ ਗਈ ਹੈ। ਸੂਬੇ ਦੀਆਂ ਤਕਰੀਬਨ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਸਰਕਾਰ ਦੀ ਵਾਅਦਾਖਿਲਾਫੀ ਕਾਰਨ ਸੜਕਾਂ ਉਤੇ ਆ ਗਈਆਂ ਹਨ। ਵਿਰੋਧੀ ਧਿਰਾਂ ਦੀ ਇਨ੍ਹਾਂ ਜਥੇਬੰਦੀਆਂ ਨੂੰ ਹਮਾਇਤ ਨੇ ਸਰਕਾਰ ਨੂੰ ਹੋਰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਦੱਸ ਦਈਏ ਕਿ ਸਿੱਖਿਆ ਵਿਭਾਗ ਰਾਹੀਂ ਸੁਸਾਇਟੀਆਂ ਅਧੀਨ ਭਰਤੀ ਕੀਤੇ ਗਏ 15,600 ਮੁਲਾਜ਼ਮਾਂ ਦੀ ਪੰਜਾਬ ਸਰਕਾਰ ਤਨਖਾਹ ਘਟਾਉਣ ਜਾ ਰਹੀ ਹੈ। ਇਨ੍ਹਾਂ ਮੁਲਾਜ਼ਮਾਂ ਵੱਲੋਂ ਸ਼ੁਰੂ ਕੀਤੇ ਧਰਨਿਆਂ ਵਿਚ ਹੋਰ ਜਥੇਬੰਦੀਆਂ ਵੀ ਆਣ ਰਲੀਆਂ ਹਨ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਦਾ ਸ਼ਹਿਰ ਹੋਣ ਕਰ ਕੇ ਬਠਿੰਡਾ ਧਰਨਿਆਂ ਦਾ ਗੜ੍ਹ ਬਣਿਆ ਹੋਇਆ ਹੈ ਜਿਥੇ ਥਰਮਲ ਦੇ ਕੱਚੇ ਕਾਮੇ ਪਹਿਲੀ ਜਨਵਰੀ ਤੋਂ ਲਗਾਤਾਰ ਦਿਨ ਰਾਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਪੱਕਾ ਧਰਨਾ ਲਗਾ ਕੇ ਬੈਠੇ ਹਨ। ਉਧਰ, ਆਂਗਨਵਾੜੀ ਵਰਕਰਾਂ ਵੀ ਪਿਛਲੇ 42 ਦਿਨਾਂ ਤੋਂ ਵਿੱਤ ਮੰਤਰੀ ਦੇ ਦਫਤਰ ਬਾਹਰ ਪੱਕਾ ਧਰਨਾ ਲਾ ਕੇ ਬੈਠੀਆਂ ਹਨ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਹ ਬਾਰਾਂ ਸਾਲ ਤੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ। ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ ਕੇ ਪ੍ਰਮੋਸ਼ਨ ਕਰਨ ਦੀ ਥਾਂ ਸਰਕਾਰ ਡਿਮੋਸ਼ਨ ਕਰਨ ਜਾ ਰਹੀ ਹੈ। ਚਾਲੀ ਤੋਂ ਪਚਵੰਜਾ ਹਜ਼ਾਰ ਤੱਕ ਪ੍ਰਤੀ ਮਹੀਨਾ ਤਨਖਾਹ ਲੈਣ ਵਾਲੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਤਨਖਾਹ ਘਟਾ ਕੇ ਦਸ ਹਜ਼ਾਰ ਤਿੰਨ ਸੌ ਰੁਪਿਆ ਪ੍ਰਤੀ ਮਹੀਨਾ ਕਰਨ ਜਾ ਰਹੀ ਹੈ। ਉਧਰ ਮਾਸਟਰ ਕੇਡਰ ਯੂਨੀਅਨ ਵੱਲੋਂ ਵੀ ਬਠਿੰਡਾ ਵਿਚ ਮਨਪ੍ਰੀਤ ਬਾਦਲ ਦੇ ਦਫਤਰ ਬਾਹਰ ਭੁੱਖ ਹੜਤਾਲ ਕੀਤੀ।

ਇਸ ਦੌਰਾਨ ਮੁਲਾਜ਼ਮਾਂ ਨੇ ਚਮਚੇ ਤੇ ਥਾਲੀਆਂ ਖੜਕਾ ਕੇ ਸਰਕਾਰ ਖਿਲਾਫ ਆਪਣਾ ਗੁੱਸਾ ਜ਼ਾਹਰ ਕੀਤਾ। ਇਨ੍ਹਾਂ ਮੁਲਾਜ਼ਮਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਨਵੰਬਰ 2014 ਵਿਚ ਭਰਤੀ ਕੀਤਾ ਸੀ। ਉਦੋਂ ਤੋਂ ਇਹ ਸਾਰੇ 2300 ਅਧਿਆਪਕ ਸਿਰਫ 6 ਹਜ਼ਾਰ ਪ੍ਰਤੀ ਮਹੀਨਾ ਉਤੇ ਕੰਮ ਕਰਦੇ ਆ ਰਹੇ ਹਨ। ਹੁਣ ਤੱਕ ਘਰ ਤੋਂ 100-150 ਕਿਲੋਮੀਟਰ ਦੂਰੀ ਤੱਕ ਪੱਲਿਓਂ ਪੈਸੇ ਖਰਚ ਕੇ ਸਿਰਫ ਇਸੇ ਉਮੀਦ ਤੇ ਜਾਂਦੇ ਰਹੇ ਕਿ ਨਵੰਬਰ 2017 ਵਿਚ ਉਨ੍ਹਾਂ ਦਾ ਪ੍ਰੋਬੇਸ਼ਨ ਪੀਰੀਡ ਖਤਮ ਹੁੰਦਿਆਂ ਹੀ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ ਪਰ ਸਰਕਾਰ ਸਾਨੂੰ ਰੈਗੂਲਰ ਕਰਨ ਦੀ ਬਜਾਏ ਪ੍ਰੋਬੇਸ਼ਨ ਪੀਰੀਅਡ ਤਿੰਨ ਸਾਲ ਹੋਰ ਵਧਾ ਰਹੀ ਹੈ।



### 'ਆਪ' ਵੀ ਅਧਿਆਪਕ ਜਥੇਬੰਦੀਆਂ ਦੇ ਨਾਲ ਖੜ੍ਹੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੀ ਸੰਘਰਸ਼ ਕਰ ਰਹੇ ਅਧਿਆਪਕਾਂ ਨਾਲ ਖੜ੍ਹ ਗਈ ਹੈ। 'ਆਪ' ਨੇ ਆਖਿਆ ਹੈ ਕਿ ਆਗਾਮੀ ਵਿਧਾਨ ਸਭਾ ਸੈਸ਼ਨ ਦੌਰਾਨ ਇਨ੍ਹਾਂ ਅਧਿਆਪਕਾਂ ਦੀਆਂ ਤਨਖਾਹਾਂ ਵਿਚ ਵੱਡੀ ਕਟੌਤੀ ਕਰਨ ਦੀ ਤਜਵੀਜ਼ ਦਾ ਵਿਰੋਧ ਕਰੇਗੀ ਅਤੇ ਇਨ੍ਹਾਂ ਅਧਿਆਪਕਾਂ ਨੂੰ ਬਿਨਾਂ ਸ਼ਰਤ ਪੱਕਾ ਕਰਨ ਦੀ ਵਕਾਲਤ ਕਰੇਗੀ। 'ਆਪ' ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਅਧਿਆਪਕਾਂ ਨਾਲ ਧੱਕੇਸ਼ਾਹੀ ਨਹੀਂ ਹੋਣ ਦੇਵੇਗੀ।

### ਸੰਘਰਸ਼ੀ ਅਧਿਆਪਕਾਂ ਨੂੰ ਜੇਲ੍ਹੀਂ ਡੱਕਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਪੂਰੀਆਂ ਤਨਖਾਹਾਂ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਠੇਕਾ ਅਧਿਆਪਕਾਂ ਨੂੰ ਜੇਲ੍ਹਾਂ ਵਿਚ ਬੰਦ ਕਰਨ ਅਤੇ ਨੌਕਰੀਆਂ ਖੋਹਣ ਦੇ ਰਾਹ ਪੈ ਗਈ ਹੈ ਜਿਸ ਕਾਰਨ ਜਿਥੇ ਅਧਿਆਪਕਾਂ ਵਿਚ ਖੌਫ ਦਾ ਮਾਹੌਲ ਪੈਦਾ ਹੋ ਗਿਆ ਹੈ, ਉਥੇ ਸਾਂਝਾ ਅਧਿਆਪਕ ਮੋਰਚਾ ਨੇ ਸਰਕਾਰ ਨਾਲ ਸਿੱਧੀ ਟੱਕਰ ਲੈਣ ਦੀ ਤਿਆਰੀ ਕੱਸ ਲਈ ਹੈ। ਸਿੱਖਿਆ ਵਿਭਾਗ ਵੱਲੋਂ 5178 ਅਧਿਆਪਕ ਯੂਨੀਅਨ ਦੇ ਆਗੂਆਂ ਨੂੰ ਨੋਟਿਸ ਜਾਰੀ ਕਰ ਕੇ 15 ਦਿਨਾਂ ਵਿਚ ਜਵਾਬਤਲਬੀ ਕਰ ਲਈ ਹੈ ਅਤੇ ਸਖਤ ਕਾਰਵਾਈ ਕਰਨ ਦੇ ਸੰਕੇਤ ਦਿੱਤੇ ਹਨ।

# ਵਰਲਡ ਪੰਜਾਬੀ ਕਾਨਫਰੰਸ 'ਚ ਪੰਜਾਬ ਸੰਕਟ ਬਾਰੇ ਚਰਚਾ

**ਚੰਡੀਗੜ੍ਹ:** 6ਵੀਂ ਵਰਲਡ ਪੰਜਾਬੀ ਕਾਨਫਰੰਸ ਨਿਵੇਕਲੀਆਂ ਪੈੜਾਂ ਪਾਉਂਦੀ ਸਮਾਪਤ ਹੋ ਗਈ। ਅਖੀਰਲੇ 7ਵੇਂ ਸੈਸ਼ਨ ਵਿਚ ਵੱਖ-ਵੱਖ ਪਾਰਟੀਆਂ ਦੇ ਸਿਆਸੀ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਵੀ ਸੱਦਾ ਦਿੱਤਾ ਗਿਆ। ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਹਾਲਾਂ ਕਿ ਪੰਜਾਬ ਇਸ ਸਮੇਂ ਵਿੱਤੀ ਸੰਕਟ ਨਾਲ ਜੂਝ ਰਿਹਾ ਹੈ, ਇਸ ਦੇ ਬਾਵਜੂਦ ਉਹ ਪੰਜਾਬੀ ਭਾਸ਼ਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਤਿਆਰ ਹਨ।

ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਆਪਣੀ ਰਾਜਨੀਤਕ ਵਿਚਾਰਧਾਰਾ ਤੋਂ ਉਤੇ ਉਠ ਕੇ ਪੰਜਾਬੀ ਭਾਸ਼ਾ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਅੱਗੇ ਆਉਣਾ ਹੋਵੇਗਾ। ਇਸੇ ਦੌਰਾਨ ਮਨਪ੍ਰੀਤ ਸਿੰਘ ਬਾਦਲ ਨੇ ਕਾਨਫਰੰਸ ਦੇ ਚੇਅਰਮੈਨ ਐਚ.ਐਸ. ਹੰਸਪਾਲ ਵੱਲੋਂ ਉਠਾਏ ਪੰਜਾਬੀ ਭਾਸ਼ਾ ਦੇ ਮੁੱਦਿਆਂ ਉਤੇ ਐਲਾਨ ਕੀਤਾ ਕਿ ਪੰਜਾਬ 'ਚ ਸਰਕਾਰੀ ਤੇ ਪ੍ਰਾਈਵੇਟ ਸਾਈਨ ਬੋਰਡਾਂ ਉਤੇ ਪੰਜਾਬੀ ਭਾਸ਼ਾ ਨੂੰ ਤਰਜੀਹੀ ਤੌਰ ਉਤੇ ਲਿਖਿਆ ਜਾਵੇਗਾ ਤੇ ਇਸ ਦੇ ਨਾਲ ਹੀ ਪੰਜਾਬ ਦੇ ਸਮੂਹ ਸਰਕਾਰੀ ਦਫਤਰਾਂ 'ਚ ਸਾਰਾ ਕੰਮਕਾਜ ਵੀ ਪੰਜਾਬੀ ਭਾਸ਼ਾ ਵਿਚ ਕੀਤਾ ਜਾਵੇਗਾ। ਇਸ ਕਾਨਫਰੰਸ ਦੇ ਵਿਦਾਇਗੀ ਭਾਸ਼ਣ 'ਚ ਪੰਜਾਬੀ ਜਾਗ੍ਰਿਤੀ ਮੰਚ ਪੰਜਾਬ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ, ਪੰਜਾਬ ਦੇ ਹਸਪਤਾਲ, ਇਸ ਦੀ ਸਨਅਤ, ਇਸ ਦੀ ਕਿਸਾਨੀ, ਸਾਡੀ ਭਾਸ਼ਾ, ਸਾਡੇ ਸਭਿਆਚਾਰ ਸਭ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸਾਨੂੰ ਸਾਰੇ ਪੰਜਾਬੀਆਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਇਸ ਤੋਂ ਪਹਿਲਾਂ ਸਵੇਰ ਦਾ ਸੈਸ਼ਨ ਪੰਜਾਬੀ ਭਾਸ਼ਾ ਨੂੰ ਸਮਰਪਤ ਸੀ, ਜਿਸ ਵਿਚ ਪ੍ਰੋ. ਜੋਗਾ ਸਿੰਘ, ਡਾ. ਧਰਮ ਸਿੰਘ, ਖਾਲਿਦ ਹੁਸੈਨ, ਸੁਖਵਿੰਦਰ ਅੰਮ੍ਰਿਤ ਅਤੇ ਸਵਰਨ ਵਿਰਕ ਨੇ ਪੰਜਾਬੀ ਭਾਸ਼ਾ ਸਬੰਧੀ ਆਪਣੇ ਤੌਖਲੇ ਸਾਂਝੇ ਕੀਤੇ।

ਇਸੇ ਦੌਰਾਨ ਸਾਹਿਤ ਅਤੇ ਹੋਰ ਸੂਖਮ ਕਲਾਵਾਂ ਨਾਲ ਸਬੰਧਤ ਸੈਸ਼ਨਾਂ 'ਚ ਡਾ. ਰਵੀ ਰਵਿੰਦਰ, ਵਰਿਆਮ ਸੰਧੂ, ਡਾ. ਜਸਵਿੰਦਰ ਸਿੰਘ, ਕੇਵਲ ਧਾਲੀਵਾਲ, ਡਾ. ਨਿਵੇਦਿਤਾ ਸਿੰਘ ਅਤੇ ਡਾ. ਹਰਜੀਤ ਨੇ ਪੰਜਾਬੀਅਤ 'ਚ ਸਾਹਿਤ ਅਤੇ ਹੋਰ ਕਲਾਵਾਂ ਦੇ ਰੋਲ ਬਾਰੇ ਰਚਨਾਤਮਕ ਚਰਚਾ ਕੀਤੀ। ਪੰਜਾਬੀ ਡਾਇਸਪੋਰਾ ਸਬੰਧਤ ਸੈਸ਼ਨ ਵਿਚ ਸੰਦੀਪ ਸਿੰਘ, ਇਕਬਾਲ ਮਾਹਲ, ਸੁੱਖੀ ਬਾਠ, ਹਰਜੀਤ ਅਟਵਾਲ, ਮੋਹਨ ਮਹੇੜੂ ਨੇ ਪਰਵਾਸ ਤੇ ਪਰਵਾਸੀਆਂ ਦੀ ਸਮੱਸਿਆ ਸਮੇਤ ਵਿਦੇਸ਼ਾਂ 'ਚ ਪੜ੍ਹਨ ਅਤੇ ਕਾਨੂੰਨੀ ਤੇ ਗੈਰ-ਕਾਨੂੰਨੀ ਤੌਰ ਉਤੇ ਪਰਵਾਸ ਕਰਨ ਵਾਲੇ ਲੋਕਾਂ ਸਬੰਧੀ ਤੌਖਲਿਆਂ ਨੂੰ ਵੀ ਸਪੱਸ਼ਟ ਕੀਤਾ। ਸਿਆਸੀ ਵਿਚਾਰਾਂ ਵਾਲੇ ਸੈਸ਼ਨ 'ਚ ਡਾ. ਲਖਵਿੰਦਰ ਜੌਹਲ ਨੇ ਸੂਤਰਧਾਰ ਵਜੋਂ ਭੂਮਿਕਾ ਨਿਭਾਉਂਦੇ ਹੋਏ ਰਾਜਨੀਤਕ ਸ਼ਖਸੀਅਤਾਂ ਨੂੰ ਸਰੋਤਿਆਂ ਦੇ ਸਨਮੁੱਖ ਪੇਸ਼ ਕੀਤਾ, ਇਨ੍ਹਾਂ 'ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਭਾਜਪਾ ਵੱਲੋਂ ਇਕਬਾਲ ਸਿੰਘ ਲਾਲਪੁਰਾ, ਕਮਿਊਨਿਸਟ ਪਾਰਟੀ ਵੱਲੋਂ ਹਰਦੇਵ ਅਰਸ਼ੀ, ਆਮ ਆਦਮੀ ਪਾਰਟੀ ਵੱਲੋਂ ਡਾ. ਭੀਮਇੰਦਰ ਸਿੰਘ ਨੇ ਕਾਨਫਰੰਸ ਵਿਚ ਉਠੇ ਮਸਲਿਆਂ ਪ੍ਰਤੀ ਆਪਣੀ ਪਾਰਟੀ ਦੀ ਦ੍ਰਿਸ਼ਟੀ ਸਪੱਸ਼ਟ ਕੀਤੀ।

# ਪੰਜਾਬ ਦੇ ਚਾਰ ਸ਼ਹਿਰ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਦੀ ਹਰਿਆਲੀ ਉਤੇ ਇੰਨੀ ਤੇਜ਼ੀ ਨਾਲ ਕੁਹਾੜਾ ਚੱਲਿਆ ਹੈ ਕਿ ਸੂਬੇ ਦੇ ਚਾਰ ਪ੍ਰਮੁੱਖ ਸ਼ਹਿਰ ਸੰਸਾਰ ਦੇ 25 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਸ਼ਾਮਲ ਹੋ ਗਏ ਹਨ। ਪੰਜਾਬ ਵਿਚ ਪ੍ਰਦੂਸ਼ਣ ਲਗਾਤਾਰ ਵਧਣ ਨਾਲ ਰੋਜ਼ਾਨਾ 20 ਪੰਜਾਬੀ ਕੈਂਸਰ ਵਰਗੀਆਂ ਮਾਰੂ ਬਿਮਾਰੀ ਦੀ ਜਕੜ ਵਿਚ ਆ ਰਹੇ ਹਨ।

ਗੈਰ ਸਰਕਾਰੀ ਸੰਸਥਾ 'ਈਕੋ ਸਿੱਖ' ਵੱਲੋਂ ਪੇਸ਼ ਅੰਕੜਿਆਂ ਮੁਤਾਬਕ 2011 ਤੋਂ 2016 ਤੱਕ 9 ਲੱਖ ਰੁੱਖ ਵੱਢੇ ਗਏ ਹਨ। ਸਾਲ 2017 ਦੇ ਜਨਵਰੀ ਮਹੀਨੇ ਤੋਂ ਅਗਸਤ ਤੱਕ ਹੀ ਇਕ ਲੱਖ 25 ਹਜ਼ਾਰ ਰੁੱਖਾਂ ਉਤੇ ਕੁਹਾੜਾ ਚੱਲਿਆ। 2013 ਤੱਕ ਪੰਜਾਬ ਦਾ ਜੰਗਲਾਤ ਖੇਤਰ ਸੁੰਘੜ ਕੇ 3.8 ਫੀਸਦੀ ਰਹਿ ਗਿਆ ਹੈ।

'ਈਕੋ ਸਿੱਖ' ਦੇ ਪ੍ਰੋਜੈਕਟ ਪ੍ਰਬੰਧਕ ਰਵਨੀਤ ਸਿੰਘ ਮੁਤਾਬਕ ਸਾਫ-ਸੁਥਰੀ ਹਵਾ ਵਿਚ ਸਾਹ ਲੈਣ ਵਾਸਤੇ ਇਕ ਸ਼ਹਿਰ ਦਾ ਜੰਗਲਾਤ ਏਰੀਆ ਲਗਭਗ 13 ਫੀਸਦੀ ਹੋਣਾ ਚਾਹੀਦਾ ਹੈ, ਜਦੋਂਕਿ ਪੰਜਾਬ ਦਾ ਪੂਰਾ ਜੰਗਲਾਤ ਖੇਤਰ ਹੀ 3.8 ਫੀਸਦੀ ਹੈ। ਸੰਸਥਾ ਵੱਲੋਂ ਪੇਸ਼ ਅੰਕੜਿਆਂ ਮੁਤਾਬਕ ਪੰਜਾਬ ਦੇ ਚਾਰ ਪ੍ਰਮੁੱਖ ਸ਼ਹਿਰ ਦੁਨੀਆਂ ਦੇ ਚਾਰ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਕਤਾਰ ਵਿਚ ਖੜ੍ਹੇ ਹੋ ਗਏ ਹਨ। 'ਈਕੋ ਸਿੱਖ' ਮੁਤਾਬਕ ਲੁਧਿਆਣਾ, ਖੰਨਾ, ਗੋਬਿੰਦਗੜ੍ਹ ਅਤੇ ਅੰਮ੍ਰਿਤਸਰ ਦੁਨੀਆਂ ਦੇ ਚਾਰ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚ ਸ਼ਾਮਲ ਹਨ।

ਸੰਸਥਾ ਦੇ ਪ੍ਰੋਜੈਕਟ ਪ੍ਰਬੰਧਕ ਰਵਨੀਤ ਸਿੰਘ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਕੂੜੇ ਦੀ ਸੰਭਾਲ ਵਾਸਤੇ ਪੰਜਾਬ 'ਚ ਚਾਰ ਨਵੇਂ ਪ੍ਰੋਜੈਕਟ ਲਾਏ ਜਾਣੇ ਸਨ, ਪਰ ਸਿਰਫ ਬਠਿੰਡਾ ਵਿਚ ਹੀ ਪਲਾਂਟ ਲਾਇਆ ਗਿਆ, ਜੋ ਹਫਤੇ ਮਗਰੋਂ ਬੰਦ ਹੋ ਗਿਆ। ਸੰਸਥਾ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਪਾਣੀ ਦਾ ਪੱਧਰ ਵੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ।

# ਅਟਵਾਲ ਨੇ ਟਰੂਡੋ ਦੀ ਭਾਰਤ ਫੇਰੀ 'ਖਰਾਬ' ਕਰਨ ਲਈ ਮੰਗੀ ਮੁਆਫੀ

**ਵੈਨਕੂਵਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪਿਛਲੇ ਮਹੀਨੇ ਭਾਰਤ ਫੇਰੀ ਦੌਰਾਨ ਚਰਚਾ ਵਿਚ ਆਏ ਸਰੀ ਦੇ ਕਾਰੋਬਾਰੀ ਅਤੇ ਸਜ਼ਾਯਾਫਤਾ ਖਾੜਕੂ ਜਸਪਾਲ ਅਟਵਾਲ ਨੇ ਉਸ ਕਰ ਕੇ ਜਸਟਿਸ ਟਰੂਡੋ ਅਤੇ ਭਾਰਤ ਨੂੰ ਝੱਲਣੀ ਪਈ ਨਮੋਸ਼ੀ ਲਈ ਮੁਆਫੀ ਮੰਗੀ ਹੈ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਹੁਣ ਖਾਲਿਸਤਾਨ ਦੀ ਲਹਿਰ ਦਾ ਸਮਰਥਨ ਨਹੀਂ ਕਰਦਾ।

ਦੱਸਣਯੋਗ ਹੈ ਕਿ ਇਹ ਮਾਮਲਾ ਉਦੋਂ ਭਖਿਆ ਜਦੋਂ ਮੁੰਬਈ ਵਿਚ ਇਕ ਸਮਾਗਮ ਦੌਰਾਨ ਅਟਵਾਲ ਦੀਆਂ ਟਰੂਡੋ ਦੀ ਪਤਨੀ ਸੋਫੀ ਅਤੇ ਹੋਰ ਅਧਿਕਾਰੀਆਂ ਨਾਲ ਫੋਟੋਆਂ ਖਿੱਚੀਆਂ ਗਈਆਂ। ਉਸ ਨੂੰ ਟਰੂਡੋ ਦੀ ਇਕ ਹਫਤੇ ਦੀ ਭਾਰਤ ਫੇਰੀ ਦੌਰਾਨ ਦਿੱਲੀ ਵਿਚ ਕੈਨੇਡੀਅਨ ਹਾਈ ਕਮਿਸ਼ਨਰ ਦੀ ਰਿਹਾਇਸ਼ ਉਤੇ ਰੱਖੇ ਰਾਤਰੀ ਭੋਜ ਲਈ ਵੀ ਸੱਦਾ ਦਿੱਤਾ ਗਿਆ ਸੀ। ਬਾਅਦ ਵਿਚ ਇਹ ਸੱਦਾ ਵਾਪਸ ਲੈ ਲਿਆ ਗਿਆ ਸੀ। 62 ਸਾਲਾ ਅਟਵਾਲ ਨੇ ਕਈ ਦਿਨਾਂ ਦੀ ਚੁੱਪੀ ਮਗਰੋਂ ਇਥੇ ਆਪਣੇ ਵਕੀਲ ਦੇ ਦਫਤਰ ਵਿਚ ਰੱਖੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਉਸ ਨੂੰ



ਆਪਣੇ ਵਕੀਲ ਨਾਲ ਜਸਪਾਲ ਅਟਵਾਲ (ਸੱਜੇ)

ਭਾਰਤੀ ਅਫਸਰਾਂ ਵੱਲੋਂ ਵਰਤੇ ਜਾਣ ਵਿਚ ਰਤਾ ਵੀ ਸੱਚਾਈ ਨਹੀਂ ਹੈ। ਉਸ ਨੂੰ ਜਸਟਿਨ ਟਰੂਡੋ ਨਾਲ ਖਾਣੇ ਦੀ ਦਾਅਵਤ ਦਾ ਸੱਦਾ ਭਾਰਤ ਵਿਚ ਕੈਨੇਡੀਅਨ ਸਫੀਰ ਵੱਲੋਂ ਦਿੱਤਾ ਗਿਆ ਸੀ, ਜਿਸ ਦੀ ਸਿਫਾਰਸ਼ ਉਸ ਨੇ ਸਰੀ ਸੈਂਟਰਲ ਹਲਕੇ ਤੋਂ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਤੋਂ ਕਰਵਾਈ ਸੀ। ਉਸ ਨੇ ਕਿਹਾ ਕਿ ਬੇਸ਼ੱਕ ਉਸ ਨੇ 1986 ਵਿਚ ਕੈਨੇਡਾ ਆਏ ਪੰਜਾਬ ਦੇ ਰਾਜ ਮੰਤਰੀ ਉਤੇ ਹਮਲਾ ਕੀਤਾ ਸੀ ਪਰ ਉਹ ਪੰਜਾਬ ਦੇ ਤਤਕਾਲੀ ਹਾਲਾਤ ਵਿਚੋਂ ਉਪਜੇ ਗੁੱਸੇ ਦਾ ਨਤੀਜਾ ਸੀ, ਜਿਸ ਦਾ ਉਸ ਨੂੰ ਪਛਤਾਵਾ ਵੀ ਹੈ।

ਪੱਤਰਕਾਰਾਂ ਵੱਲੋਂ ਸਵਾਲ ਵਕੀਲ ਦੀ ਥਾਂ ਅਟਵਾਲ ਤੋਂ ਪੁੱਛੇ ਜਾਣ ਦੇ ਯਤਨਾਂ ਦੌਰਾਨ ਉਸ ਦੇ ਵਕੀਲ ਦੀ ਇਕ ਪੱਤਰਕਾਰ ਨਾਲ ਤਲਖਕਲਾਮੀ ਵੀ ਹੋ ਗਈ। ਅਟਵਾਲ ਵੱਲੋਂ ਆਪਣਾ ਬਿਆਨ ਆਪ ਪੜ੍ਹ ਕੇ ਸੁਣਾਇਆ ਗਿਆ। ਉਸ ਨੇ ਕਿਹਾ ਕਿ ਉਹ 'ਹੈਰਾਨ ਅਤੇ ਪਰੇਸ਼ਾਨ' ਹੋ ਗਿਆ ਜਦੋਂ ਉਸ ਦੀ ਦਾਅਵਤ ਵਿਚ ਸ਼ਿਰਕਤ ਕਾਰਨ ਵਿਵਾਦ ਖੜ੍ਹਾ ਹੋ ਗਿਆ। ਉਸ ਨੇ ਕਿਹਾ ਕਿ ਇਸ ਮਸਲੇ ਕਾਰਨ ਕੈਨੇਡਾ, ਭਾਰਤ, ਮੇਰੇ ਭਾਈਚਾਰੇ, ਪਰਿਵਾਰ ਅਤੇ ਦੋਸਤਾਂ ਨੂੰ ਝੱਲਣੀ ਪਈ ਨਮੋਸ਼ੀ ਲਈ ਮੈਂ ਮੁਆਫੀ ਮੰਗਦਾ ਹਾਂ। ਉਸ ਦੇ ਹਾਵ-ਭਾਵ ਦਰਸਾ ਰਹੇ ਸਨ ਕਿ ਉਸ ਨੇ ਕਾਨੂੰਨੀ ਦਾਅ ਪੇਚਾਂ ਤੋਂ ਬਚਣ ਲਈ ਵਕੀਲ ਦੀ ਮਦਦ ਲਈ ਹੋ ਸਕਦੀ ਹੈ। ਉਸ ਨੇ ਵਾਰ-ਵਾਰ ਕਿਹਾ ਕਿ ਉਹ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਵੀਜ਼ੇ ਉਤੇ ਹੀ ਪਿਛਲੇ ਸਾਲ ਦੋ ਵਾਰ ਭਾਰਤ ਗਿਆ ਅਤੇ ਇਸ ਵਾਰ ਵੀ ਗਿਆ। ਜੇਕਰ ਉਸ ਦੇ ਭਾਰਤ ਵਿਰੋਧੀ ਕਿਸੇ ਜਥੇਬੰਦੀ ਨਾਲ ਸਬੰਧ ਹੁੰਦੇ ਤਾਂ ਭਾਰਤ ਸਰਕਾਰ ਉਸ ਨੂੰ ਵੀਜ਼ਾ ਨਾ ਦਿੰਦੀ।

### ਜਾਇਜ਼ ਵੀਜ਼ੇ 'ਤੇ ਆਇਆ ਅਟਵਾਲ: ਭਾਰਤ

**ਨਵੀਂ ਦਿੱਲੀ:** ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮੁਜਰਮ ਕਰਾਰ ਦਿੱਤਾ ਗਿਆ ਖਾਲਿਸਤਾਨੀ ਜਸਪਾਲ ਅਟਵਾਲ ਆਪਣੇ ਜਾਇਜ਼ ਵੀਜ਼ੇ ਰਾਹੀਂ ਭਾਰਤ ਆਇਆ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਸਰਕਾਰ ਪਰਵਾਸੀ ਭਾਰਤੀਆਂ ਤੱਕ ਪਹੁੰਚ ਦੀ ਨੀਤੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ, ਜਿਨ੍ਹਾਂ ਵਿਚ ਗੁੰਮਰਾਹਕੁਨ ਤੱਤ ਵੀ ਸ਼ਾਮਲ ਹਨ, ਜੋ ਅਤੀਤ 'ਚ ਭਾਵੇਂ ਭਾਰਤ-ਵਿਰੋਧੀ ਸਨ, ਪਰ ਬਾਅਦ ਵਿਚ ਉਨ੍ਹਾਂ ਇਹ ਰਾਹ ਤਿਆਗ ਦਿੱਤਾ।

# ਭਾਰਤ ਵਿਚ ਇੱਛਤ ਮੌਤ ਦੀ ਮਿਲੀ ਇਜਾਜ਼ਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਮਿਸਾਲੀ ਫੈਸਲੇ ਵਿਚ ਲਾਇਲਾਜ ਰੋਗ ਨਾਲ ਪੀੜਤ ਮਰੀਜ਼ਾਂ ਤੇ ਬੇਸੁਰਤ ਮਰੀਜ਼ਾਂ ਨੂੰ ਕੁਝ ਸ਼ਰਤਾਂ ਤਹਿਤ ਇੱਛਤ ਮੌਤ ਦੀ ਇਜਾਜ਼ਤ ਦੇ ਦਿੱਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਲਾਇਲਾਜ ਰੋਗ ਹੰਢਾ ਰਿਹਾ ਮਰੀਜ਼ ਹੁਣ 'ਜਿਉਂਦੀ ਵਸੀਅਤ' ਲਿਖ ਸਕੇਗਾ, ਜੋ ਡਾਕਟਰਾਂ ਨੂੰ ਉਸ ਮਰੀਜ਼ ਤੋਂ ਜੀਵਨ ਰੱਖਿਅਕ ਢਾਲ ਨੂੰ ਲਾਹੁਣ ਦੀ ਇਜਾਜ਼ਤ ਦੇਵੇਗੀ। ਸੁਪਰੀਮ ਕੋਰਟ ਨੇ ਸਾਫ ਕਰ ਦਿੱਤਾ ਕਿ ਇਕ ਅਜਿਹਾ ਸ਼ਖਸ, ਜਿਸ ਦੀ ਜਿਉਣ ਦੀ ਕੋਈ ਇੱਛਾ ਨਹੀਂ, ਉਸ ਨੂੰ ਡੂੰਘੀ ਬੇਹੋਸ਼ੀ ਦੀ ਹਾਲਤ ਵਿਚ ਦੁੱਖ ਭੋਗਣ ਲਈ ਨਹੀਂ ਛੱਡਿਆ ਜਾ ਸਕਦਾ। ਮੁਲਕ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਉਦਾਸੀਨ ਸੌਖੀ ਮੌਤ ਅਤੇ ਜਿਉਂਦੀ ਜਾਗਦੀ ਅਗਾਊਂ ਵਸੀਅਤ ਸਵੀਕਾਰਯੋਗ ਹਨ।

ਬੈਂਚ ਨੇ ਸਵੈ-ਇੱਛਤ ਮੌਤ ਦੀ ਇਜਾਜ਼ਤ ਦੇਣ ਦੇ ਨਾਲ ਹੀ ਕੁਝ ਦਿਸ਼ਾ ਨਿਰਦੇਸ਼ ਵੀ ਜਾਰੀ ਕੀਤੇ ਹਨ, ਜਿਨ੍ਹਾਂ ਤਹਿਤ ਇਹ ਨਿਰਧਾਰਤ ਹੋਵੇਗਾ ਕਿ ਇਸ ਵਸੀਅਤ ਨੂੰ ਕੌਣ ਅਮਲ ਵਿਚ ਲਿਆ ਸਕਦਾ ਹੈ ਤੇ ਮੈਡੀਕਲ ਬੋਰਡ ਵੱਲੋਂ ਸਵੈ-ਇੱਛਤ ਮੌਤ ਦੀ ਇਜਾਜ਼ਤ ਕਿਸ ਅਧਾਰ ਉਤੇ ਦਿੱਤੀ ਜਾਵੇਗੀ। ਸੁਪਰੀਮ ਕੋਰਟ ਨੇ ਕਿਹਾ ਕਿ ਲਾਇਲਾਜ ਰੋਗ ਪੀੜਤ ਜਾਂ ਬੇਸੁਰਤ ਮਰੀਜ਼ ਲਈ ਸਵੈ-ਇੱਛਤ ਮੌਤ ਲਈ ਅਗਾਊਂ ਦਰਖਾਸਤ ਅਜਿਹੇ ਵਿਅਕਤੀ ਦਾ ਨੇੜਲਾ ਦੋਸਤ ਤੇ ਰਿਸ਼ਤੇਦਾਰ ਹੀ ਕਰ ਸਕਦਾ ਹੈ। ਮਗਰੋਂ ਮੈਡੀਕਲ ਬੋਰਡ ਵੱਲੋਂ ਇਸ ਦਰਖਾਸਤ 'ਤੇ ਗੌਰ ਕੀਤੀ ਜਾਵੇਗੀ। ਉਂਜ ਸਿਖਰਲੀ ਅਦਾਲਤ ਨੇ ਸਾਫ ਕਰ ਦਿੱਤਾ ਕਿ ਜਦੋਂ ਤੱਕ ਇਸ ਮੁੱਦੇ (ਸਵੈ-ਇੱਛਾ ਨਾਲ ਮੌਤ) ਉਤੇ ਕੋਈ ਕਾਨੂੰਨ ਨਹੀਂ ਲਿਆਂਦਾ ਜਾਂਦਾ, ਉਸ ਵੱਲੋਂ ਜਾਰੀ ਹੁਕਮ ਤੇ ਦਿਸ਼ਾ-ਨਿਰਦੇਸ਼ ਲਾਗੂ ਰਹਿਣਗੇ।

ਚੀਫ ਜਸਟਿਸ ਦੀਪਕ ਮਿਸ਼ਰਾ ਨੇ ਫੈਸਲਾ ਪੜ੍ਹਦਿਆਂ ਕਿਹਾ ਕਿ ਬੈਂਚ ਵਿਚ ਇਸ ਫੈਸਲੇ ਨੂੰ ਲੈ ਕੇ ਭਾਵੇਂ ਚਾਰ ਵੱਖੋ ਵੱਖਰੇ ਨਜ਼ਰੀਏ ਸਨ, ਪਰ ਸਾਰੇ ਜੱਜ 'ਜਿਉਂਦੀ ਵਸੀਅਤ' ਦੀ ਇਜਾਜ਼ਤ ਦਿੱਤੇ ਜਾਣ ਉਤੇ ਇਕਮਤ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਕਿਸੇ ਵਿਅਕਤੀ ਦੀ ਜਿਉਣ ਦੀ ਇੱਛਾ ਮਰ ਚੁੱਕੀ ਹੈ ਤਾਂ ਉਸ ਨੂੰ ਡੂੰਘੀ ਬੇਹੋਸ਼ੀ ਦੀ ਹਾਲਤ ਵਿਚ ਕਸ਼ਟ ਭੋਗਣ ਲਈ ਨਹੀਂ ਛੱਡਿਆ ਜਾ ਸਕਦਾ। ਯਾਦ ਰਹੇ ਕਿ ਸੁਪਰੀਮ ਕੋਰਟ ਨੇ ਸਾਲ 2011 'ਚ ਅਰੁਣਾ ਸ਼ਾਨਬਾਗ ਦੇ ਕੇਸ ਵਿਚ ਸਵੈ-ਇੱਛਾ ਨਾਲ ਮੌਤ ਦੀ ਇਜਾਜ਼ਤ ਦਿੰਦਿਆਂ ਕਿਹਾ ਸੀ ਕਿ ਅਜਿਹੇ ਕੇਸਾਂ 'ਚ ਜਿਥੇ ਪੀੜਤ ਮਰੀਜ਼ ਖੁਦ ਕੋਈ ਫੈਸਲਾ ਲੈਣ ਦੇ ਸਮਰੱਥ ਨਹੀਂ, ਤੋਂ ਜੀਵਨ ਰੱਖਿਅਕ ਢਾਲ ਉਤਾਰ ਲਈ ਜਾਵੇ।

# ਕੈਨੇਡਾ ਦੇ ਡਾਕਟਰਾਂ ਦੇ 'ਸਬਰ' ਦੀ ਚਰਚਾ

### ਤਨਖਾਹਾਂ ਵਧਾਉਣ ਦੀ ਥਾਂ ਮਰੀਜ਼ਾਂ ਨੂੰ ਸਹੂਲਤਾਂ ਦੀ ਵਕਾਲਤ

**ਟੋਰਾਂਟੋ:** ਕੈਨੇਡਾ ਵਿਚ ਸੈਂਕੜੇ ਡਾਕਟਰਾਂ ਤੇ ਮੈਡੀਕਲ ਵਿਦਿਆਰਥੀਆਂ ਨੇ ਵਿਲੱਖਣ ਪਟੀਸ਼ਨ ਉਤੇ ਦਸਤਖਤ ਕੀਤੇ ਹਨ। ਇਹ ਪਟੀਸ਼ਨ ਇਨ੍ਹਾਂ ਡਾਕਟਰਾਂ ਦੀ ਤਨਖਾਹ ਵਧਾਏ ਜਾਣ ਖਿਲਾਫ ਹੈ। ਇਨ੍ਹਾਂ ਡਾਕਟਰਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ




ਦੀ ਤਨਖਾਹ ਵਿਚ ਵਧਾਈ ਰਕਮ ਨੂੰ ਨਰਸਾਂ ਦੀਆਂ ਤਨਖਾਹਾਂ ਤੇ ਜ਼ਰੂਰਤਮੰਦ ਮਰੀਜ਼ਾਂ ਦੀ ਸਹਾਇਤਾ ਲਈ ਵਰਤਿਆ ਜਾਣਾ ਚਾਹੀਦਾ ਹੈ।

ਕੈਨੇਡਾ ਦੇ ਜਿਸ ਸੂਬੇ ਦੇ ਡਾਕਟਰਾਂ ਦੀ ਇਹ ਮੰਗ ਹੈ, ਉਥੋਂ ਦੀ ਦਫਤਰੀ ਭਾਸ਼ਾ ਫਰੈਂਚ ਹੈ। ਇਸੇ ਭਾਸ਼ਾ ਵਿਚ ਲਿਖੀ ਗਈ ਚਿੱਠੀ ਵਿਚ ਲਿਖਿਆ ਹੈ, "ਅਸੀਂ ਕਿਊਬਿਕ ਡਾਕਟਰ ਮਜ਼ਬੂਤ ਪਬਲਿਕ ਸਿਸਟਮ ਵਿਚ ਵਿਸ਼ਵਾਸ ਰੱਖਦੇ ਹਾਂ ਤੇ ਮੈਡੀਕਲ ਫੈਡਰੇਸ਼ਨ ਨੇ ਸਾਡੇ ਪੈਸੇ ਵਧਵਾਏ ਜਾਣ ਦੀ ਮੰਗ ਨੂੰ ਪਾਸ ਕਰਵਾਇਆ ਹੈ, ਅਸੀਂ ਉਸ ਦਾ ਵਿਰੋਧ ਕਰ ਰਹੇ ਹਾਂ।"

ਬੀਤੀ 25 ਫਰਵਰੀ ਨੂੰ ਪੋਸਟ ਕੀਤੀ ਗਈ ਇਸ ਪਟੀਸ਼ਨ ਉਤੇ ਹੁਣ ਤੱਕ 700 ਤੋਂ ਜ਼ਿਆਦਾ ਡਾਕਟਰਾਂ ਨੇ ਦਸਤਖਤ ਕੀਤੇ ਹਨ। ਇਨ੍ਹਾਂ ਵਿਚ ਜਨਰਲ ਪ੍ਰੈਕਟੀਸ਼ਨਰ, ਸਪੈਸ਼ਲਿਸਟ, ਰੈਜੀਡੈਂਟ ਮੈਡੀਕਲ ਡਾਕਟਰ ਤੋਂ ਲੈ ਕੇ ਮੈਡੀਕਲ ਵਿਦਿਆਰਥੀ ਸ਼ਾਮਲ ਹਨ। ਡਾਕਟਰਾਂ ਦੀਆਂ ਤਨਖਾਹਾਂ ਵਧਾਉਣ ਲਈ ਦੇਸ਼ ਦੇ ਹੈਲਥ ਬਜਟ ਵਿਚੋਂ ਇਕ ਵੱਡਾ ਹਿੱਸਾ ਕੱਢਣਾ ਪਿਆ ਹੈ, ਜਿਸ ਕਾਰਨ ਨਰਸਾਂ ਤੇ ਕਲਰਕਾਂ 'ਤੇ ਬਹੁਤ ਜ਼ਿਆਦਾ ਵਜ਼ਨ ਪੈ ਗਿਆ ਹੈ। ਇਸ ਦੇ ਨਾਲ-ਨਾਲ ਮਰੀਜ਼ਾਂ ਨੂੰ ਵੀ ਸਿਹਤ ਸੇਵਾਵਾਂ ਵਿਚ ਕਾਫੀ ਪਰੇਸ਼ਾਨੀ ਝੱਲਣੀ ਪੈ ਰਹੀ ਹੈ।

ਕੈਨੇਡਾ ਇੰਸਟੀਚਿਊਟ ਫਾਰ ਹੈਲਥ ਇਨਫਾਰਮੇਸ਼ਨ ਦੀ ਸਾਲ 2017 ਦੀ ਰਿਪੋਰਟ ਮੁਤਾਬਕ ਇਕ ਆਮ ਕੈਨੇਡੀਅਨ ਡਾਕਟਰ 260,925 ਡਾਲਰ ਯਾਨਿ 1,31,67,790.58 ਰੁਪਏ ਕਮਾਉਂਦਾ ਹੈ। ਰਿਪੋਰਟ ਨੇ ਇਹ ਗੱਲ ਸਾਫ ਕੀਤੀ ਹੈ ਕਿ ਇਹ ਸਿਰਫ ਡਾਕਟਰਾਂ ਨੂੰ ਸਿੱਧੇ ਤੌਰ 'ਤੇ ਮਿਲਣ ਵਾਲੀ ਰਕਮ ਹੈ ਜਿਸ ਵਿਚ ਉਨ੍ਹਾਂ ਦੀ ਬਾਕੀ ਕੀ ਕਮਾਈ ਸ਼ਾਮਲ ਨਹੀਂ ਹੋ ਸਕਦੀ। ਡਾਕਟਰਾਂ ਨੇ 25 ਫਰਵਰੀ ਨੂੰ ਇਕ ਹੋਰ ਪਟੀਸ਼ਨ ਜਾਰੀ ਕੀਤੀ ਸੀ ਜਿਸ ਵਿਚ ਉਨ੍ਹਾਂ ਨੂੰ 500 ਮਿਲੀਅਨ ਡਾਲਰ ਯਾਨਿ 25,25,32,52,925.00 ਰੁਪਏ ਦੀ ਰਕਮ ਨੂੰ ਸਪੈਸ਼ਲਿਸਟ ਡਾਕਟਰਾਂ ਦੀ ਤਨਖਾਹ ਵਿਚ ਵਧਾਏ ਜਾਣ ਨੂੰ ਭੱਦਾ ਕਰਾਰ ਦਿੱਤਾ। ਡਾਕਟਰਾਂ ਦਾ ਇਹ ਕਦਮ ਨਰਸਾਂ ਦੇ ਉਸ ਕਦਮ ਤੋਂ ਬਾਅਦ ਆਇਆ ਹੈ ਜੋ ਇਨ੍ਹਾਂ ਡਾਕਟਰਾਂ ਦੀ ਤਨਖਾਹ ਵਧਾਏ ਜਾਣ ਦੇ ਵਿਰੋਧ ਵਿਚ ਚੁੱਕਿਆ ਸੀ।

### ਖੇਤ ਮਜ਼ਦੂਰ ਦਾ ਪੁੱਤ ਬਣਿਆ ਪੀ. ਸੀ. ਐਸ. ਅਧਿਕਾਰੀ

**ਸ੍ਰੀ ਮੁਕਤਸਰ ਸਾਹਿਬ:** ਪਿੰਡ ਭਾਗਸਰ ਦੇ ਖੇਤ ਮਜ਼ਦੂਰ ਦੇ ਪੁੱਤ ਤਰਸੇਮ ਕੁਮਾਰ ਨੇ ਪੀ.ਸੀ.ਐਸ. ਅਧਿਕਾਰੀ ਬਣ ਕੇ ਮੁਕਤਸਰ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਤਰਸੇਮ ਦੀ ਤਾਇਨਾਤੀ ਚੰਡੀਗੜ੍ਹ ਵਿਚ ਵਿੱਤ ਵਿਭਾਗ ਵਿਚ ਹੋਈ ਹੈ। ਪੀ.ਸੀ.ਐਸ. ਦੀ ਇੰਟਰਵਿਊ ਵਿਚ ਤਰਸੇਮ 15 ਉਮੀਦਵਾਰਾਂ ਵਿਚੋਂ ਮੋਹਰੀ ਰਿਹਾ ਸੀ।

ਜਾਣਕਾਰੀ ਅਨੁਸਾਰ ਤਰਸੇਮ ਨੇ ਪਿੰਡ ਭਾਗਸਰ ਤੋਂ ਬਾਰ੍ਹਵੀਂ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਉਸ ਤੋਂ ਬਾਅਦ ਪ੍ਰਾਈਵੇਟ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਵੀ ਕਰਦਾ ਰਿਹਾ। ਇਸ ਦੌਰਾਨ ਉਹ ਡਿਪਟੀ ਕਮਿਸ਼ਨਰ ਦਫਤਰ (ਸ੍ਰੀ ਮੁਕਤਸਰ ਸਾਹਿਬ) ਵਿਚ ਬਤੌਰ ਕਲਰਕ ਭਰਤੀ ਹੋ ਗਿਆ, ਪਰ ਮਨ ਵਿਚ ਉਚ ਸਿੱਖਿਆ ਦੀ ਤਾਂਘ ਹੋਣ ਕਰ ਕੇ ਉਸ ਨੇ ਚੰਡੀਗੜ੍ਹ ਡੇਰੇ ਲਾ ਲਏ। ਉਸ ਨੇ 2013 ਵਿਚ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਪ੍ਰਸ਼ਾਸਨਿਕ ਸੇਵਾਵਾਂ (ਵਿੱਤ ਵਿਭਾਗ) ਵਿਚ ਸਿੱਧਾ ਸੀਨੀਅਰ ਸਹਾਇਕ ਦਾ ਅਹੁਦਾ ਪ੍ਰਾਪਤ ਕੀਤਾ। ਇਸ ਮਗਰੋਂ ਉਸ ਨੇ ਪੀ.ਸੀ.ਐਸ. ਦੀ ਤਿਆਰੀ ਸ਼ੁਰੂ ਕਰ ਦਿੱਤੀ।

ਉਸ ਨੇ ਅਕਤੂਬਰ 2017 ਵਿਚ ਪੀ.ਸੀ.ਐਸ. ਦੀ ਪ੍ਰੀਖਿਆ ਸਰ ਕਰਦਿਆਂ ਪਹਿਲੇ 15 ਜਣਿਆਂ ਵਿਚ ਪਹਿਲਾ ਸਥਾਨ ਹਾਸਲ ਕਰ ਲਿਆ ਤੇ ਇਨ੍ਹਾਂ ਸਿਖਰਲੇ ਪੰਦਰਾਂ ਉਮੀਦਵਾਰਾਂ ਦੀ ਹੁਣ ਹੋਈ ਇੰਟਰਵਿਊ ਵਿਚ ਉਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

# ਹਰਿਆਣਾ ਸਰਕਾਰ ਵੱਲੋਂ ਟੈਕਸ ਰਹਿਤ ਬਜਟ ਪੇਸ਼

**ਚੰਡੀਗੜ੍ਹ:** ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਸੂਬੇ ਦਾ 1,15,198.29 ਕਰੋੜ ਰੁਪਏ ਦਾ ਟੈਕਸ ਰਹਿਤ



ਬਜਟ ਪੇਸ਼ ਕੀਤਾ। ਸਨਅਤਾਂ ਵੱਲੋਂ ਵਰਤੀ ਜਾਂਦੀ ਕੁਦਰਤੀ ਗੈਸ ਉਤੇ ਵੈਟ 12.5 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰ ਦਿੱਤਾ ਗਿਆ ਹੈ। ਸੂਬੇ ਦਾ ਮਾਇਕ ਘਾਟਾ ਪਿਛਲੇ ਸਾਲ ਦੇ 17240.45 ਕਰੋੜ ਨਾਲੋਂ ਵਧ ਕੇ 19399.34 ਕਰੋੜ ਹੋ ਜਾਵੇਗਾ। ਹਰਿਆਣਾ ਸਰਕਾਰ ਨੇ ਬਜਟ ਨੂੰ ਵਿਕਾਸ ਮੁਖੀ ਦੱਸਿਆ ਹੈ ਪਰ ਵਿਰੋਧੀ ਧਿਰ ਨੇ ਬਜਟ ਨੂੰ ਦਿਸ਼ਾ ਹੀਣ ਅਤੇ ਨਿਰਾਸ਼ਾਜਨਕ ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ ਵਿਚ ਕਰਜ਼ਾ ਲੈ ਕੇ ਸੂਬੇ ਦੇ ਲੋਕਾਂ 'ਤੇ 90,226 ਕਰੋੜ ਰੁਪਏ ਦਾ ਬੋਝ ਪਾ ਦਿੱਤਾ ਹੈ। ਕਰਜ਼ੇ ਦੇ ਬੋਝ ਬਾਰੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਦੀ ਦਲੀਲ ਹੈ ਕਿ ਕਰਜ਼ਾ ਵਿੱਤੀ ਪ੍ਰਬੰਧ ਅਤੇ ਜ਼ਿੰਮੇਵਾਰੀ ਐਕਟ ਦੀ ਤਿੰਨ ਫੀਸਦੀ ਹੱਦ ਵਿਚ ਹੈ ਅਤੇ ਰਾਜ ਸਰਕਾਰ 19,366.99 ਕਰੋੜ ਦਾ ਅਜੇ ਹੋਰ ਕਰਜ਼ਾ ਲੈ ਸਕਦੀ ਹੈ।

ਹਰਿਆਣਾ ਸਰਕਾਰ ਦਾ ਬਜਟ ਪਿਛਲੇ ਸਾਲ ਦੇ 1,02,329.35 ਕਰੋੜ ਰੁਪਏ ਤੋਂ 14,791.38 ਕਰੋੜ ਰੁਪਏ ਵਧ ਹੈ ਜਿਹੜਾ 12.6 ਫੀਸਦੀ ਵਧ ਬਣਦਾ ਹੈ। ਵਿੱਤ ਮੰਤਰੀ ਦਾ ਅਨੁਮਾਨ ਹੈ ਕਿ ਸੂਬੇ ਨੂੰ 76,933.02 ਕਰੋੜ ਰੁਪਏ ਦੀਆਂ ਮਾਲੀਆ ਪ੍ਰਾਪਤੀਆਂ ਹੋਣਗੀਆਂ। ਇਸ ਵਿਚ ਸੂਬੇ ਦੀਆਂ 49,131.74 ਕਰੋੜ ਰੁਪਏ ਦੀਆਂ ਆਪਣੀਆਂ ਟੈਕਸ ਪ੍ਰਾਪਤੀਆਂ ਅਤੇ 11,302.66 ਗੈਰ ਟੈਕਸ ਮਾਲੀਆ ਪ੍ਰਾਪਤੀਆਂ ਹਨ।

ਟੈਕਸ ਪ੍ਰਾਪਤੀਆਂ ਵਿਚ ਮੁੱਖ ਸਾਧਨ ਜੀ.ਐਸ.ਟੀ. ਤੋਂ 23,760 ਕਰੋੜ, ਵੈਟ ਤੋਂ 11,440 ਕਰੋੜ, ਆਬਕਾਰੀ ਫੀਸ ਤੋਂ 6,000 ਕਰੋੜ, ਅਸ਼ਟਾਮ ਅਤੇ ਰਜਿਸਟਰੇਸ਼ਨ ਤੋਂ 4500 ਕਰੋੜ ਰੁਪਏ ਮਿਲਣੇ ਹਨ। ਗੈਰ ਟੈਕਸ ਪ੍ਰਾਪਤੀਆਂ ਵਿਚ ਈ.ਡੀ.ਸੀ. ਤੋਂ 4000 ਕਰੋੜ, ਟਰਾਂਸਪੋਰਟ ਤੋਂ 2000 ਕਰੋੜ ਅਤੇ ਖਣਨ ਤੋਂ 800 ਕਰੋੜ ਰੁਪਏ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹਰਿਆਣਾ ਅਗਲੇ ਵਿੱਤੀ ਸਾਲ ਵਿਚ ਅੱਠ ਫੀਸਦੀ ਵਿਕਾਸ ਦਰ ਪ੍ਰਾਪਤ ਕਰ ਲਵੇਗਾ ਜਦੋਂ ਕਿ ਕੌਮੀ ਪੱਧਰ ਦੀ ਦਰ 6.6 ਫੀਸਦੀ ਹੈ।

### ਐਸ.ਵਾਈ.ਐਲ. ਦੇ ਪਾਣੀ ਲਈ ਖੱਟਰ ਵੱਲੋਂ ਸੰਕਲਪ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ ਨੂੰ ਸੱਤਾ ਦੀ ਪੌੜੀ ਬਣਾ ਕੇ ਰਾਜਸੀ ਰੋਟੀਆਂ ਸੇਕਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਐਸ. ਵਾਈ. ਐਲ. ਦੇ ਪਾਣੀ ਦੀ ਇਕ ਬੂੰਦ ਵੀ ਨਹੀਂ ਛੱਡਾਂਗੇ ਅਤੇ ਇਹ ਸਾਡਾ ਸੰਕਲਪ ਹੈ। ਮੁੱਖ ਮੰਤਰੀ ਹਰਿਆਣਾ ਵਿਧਾਨ ਸਭਾ 'ਚ ਰਾਜਪਾਲ ਦੇ ਭਾਸ਼ਣ 'ਤੇ ਆਪਣਾ ਜਵਾਬ ਦੇ ਰਹੇ ਸਨ।

# ਸਿਫਾਰਸ਼ੀ ਨਿਯੁਕਤੀ 'ਤੇ ਸ਼੍ਰੋਮਣੀ ਕਮੇਟੀ ਦੀ ਸਖਤੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ 2017 ਦੌਰਾਨ ਹੋਈਆਂ 700 ਤੋਂ ਵੱਧ ਨਿਯੁਕਤੀਆਂ ਵਿਚੋਂ ਤਕਰੀਬਨ 523 ਨੂੰ ਨਿਯਮਾਂ ਅਨੁਸਾਰ ਨਾ ਹੋਣ ਕਾਰਨ ਛੇਤੀ ਹੀ ਰੱਦ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਮੁੜ ਨਿਯਮਾਂ ਅਤੇ ਲੋੜ ਮੁਤਾਬਕ ਨਵੀਂ ਭਰਤੀ ਹੋਵੇਗੀ।

ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਫੈਸਲੇ ਉਤੇ ਮੋਹਰ ਲਾਈ ਗਈ ਹੈ। ਮੀਟਿੰਗ ਦੌਰਾਨ ਪਿਛਲੇ ਵਰ੍ਹੇ ਵਿਚ ਹੋਈਆਂ ਨਿਯੁਕਤੀਆਂ ਦੀ ਜਾਂਚ ਵਾਸਤੇ ਬਣਾਈ ਜਾਂਚ ਕਮੇਟੀ ਦੀ ਰਿਪੋਰਟ ਪੇਸ਼ ਹੋਈ ਸੀ। ਇਸ ਰਿਪੋਰਟ ਨੂੰ ਅੰਤ੍ਰਿੰਗ ਕਮੇਟੀ ਵਿਚ ਪ੍ਰਵਾਨ ਕੀਤਾ ਗਿਆ ਅਤੇ ਇਸ ਵੱਲੋਂ ਕੀਤੀ ਗਈ ਸਿਫਾਰਸ਼ ਅਨੁਸਾਰ ਅਗਲੀ ਕਾਰਵਾਈ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਰਿਪੋਰਟ ਵਿਚ ਜਾਂਚ ਟੀਮ ਨੇ ਦਾਅਵਾ ਕੀਤਾ ਕਿ ਬੀਤੇ ਵਰ੍ਹੇ ਦੌਰਾਨ ਹੋਈਆਂ ਨਿਯੁਕਤੀਆਂ ਸਿੱਖ ਗੁਰਦੁਆਰਾ ਐਕਟ ਵਿਚ ਦਿੱਤੇ ਗਏ ਨਿਯਮਾਂ ਤੇ ਸ਼ਰਤਾਂ ਮੁਤਾਬਕ ਨਹੀਂ ਹੋਈਆਂ ਅਤੇ ਨਿਯਮਾਂ ਦੀ ਅਣਦੇਖੀ ਕੀਤੀ ਗਈ ਹੈ। ਜਾਂਚ ਟੀਮ ਨੇ ਲਗਭਗ 523 ਨਿਯੁਕਤੀਆਂ ਨੂੰ ਨਿਯਮਾਂ ਦੀ ਅਣਦੇਖੀ ਕਰ ਕੇ ਕੀਤਾ ਗਿਆ ਕਰਾਰ ਦਿੱਤਾ ਹੈ ਅਤੇ ਇਹ ਸਾਰੀਆਂ ਨਿਯੁਕਤੀਆਂ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵਿਚ ਜਾਂਚ ਟੀਮ ਦੀ ਰਿਪੋਰਟ ਨੂੰ ਪ੍ਰਵਾਨ ਕੀਤਾ ਗਿਆ ਹੈ ਅਤੇ ਉਸ ਵੱਲੋਂ ਕੀਤੀ ਸਿਫਾਰਸ਼ ਮੁਤਾਬਕ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਲਗਭਗ 523 ਨਿਯੁਕਤੀਆਂ ਨੂੰ ਜਾਂਚ ਕਮੇਟੀ ਦੀ ਰਿਪੋਰਟ ਮੁਤਾਬਕ ਜਲਦੀ ਹੀ ਰੱਦ ਕੀਤਾ ਜਾਵੇਗਾ। ਇਸ ਸਬੰਧੀ ਪ੍ਰਕਿਰਿਆ ਜਲਦੀ ਸ਼ੁਰੂ ਹੋ ਜਾਵੇਗੀ।

ਉਨ੍ਹਾਂ ਆਖਿਆ ਕਿ ਸਿੱਖ ਸੰਸਥਾ ਵੱਲੋਂ ਬਜਟ ਇਜਲਾਸ ਤੋਂ ਬਾਅਦ ਨਵੀਂ ਭਰਤੀ ਕੀਤੀ ਜਾਵੇਗੀ। ਨਵੀਂ ਭਰਤੀ ਨਿਯਮਾਂ ਅਨੁਸਾਰ ਅਤੇ ਲੋੜ ਮੁਤਾਬਕ ਹੋਵੇਗੀ। ਉਨ੍ਹਾਂ ਆਖਿਆ ਕਿ ਰੱਦ ਕੀਤੇ ਕਰਮਚਾਰੀ ਵੀ ਮੁੜ ਬਿਨੈ ਪੱਤਰ ਦੇ ਸਕਦੇ ਹਨ। ਜੇਕਰ ਕੋਈ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਉਸ ਨੂੰ ਸਿੱਖ ਸੰਸਥਾ ਵਿਚ ਕੀਤੀ ਨੌਕਰੀ ਦੇ ਤਜਰਬੇ ਦਾ ਲਾਭ ਮਿਲੇਗਾ।

ਇਹ ਸਾਰੀਆਂ ਨਿਯੁਕਤੀਆਂ ਪਿਛਲੇ ਵਰ੍ਹੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਮੇਂ ਵਿਚ ਹੋਈਆਂ ਸਨ। ਪ੍ਰੋ. ਬਡੂੰਗਰ ਨੇ ਅੰਤ੍ਰਿੰਗ ਕਮੇਟੀ ਦੇ ਇਸ ਫੈਸਲੇ ਉਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਆਖਿਆ ਕਿ ਜਦੋਂ ਤੱਕ ਅੰਤ੍ਰਿੰਗ ਕਮੇਟੀ ਦੇ ਫੈਸਲੇ ਜਾਂ ਮਤੇ ਬਾਰੇ ਸਪੱਸ਼ਟਤਾ ਨਹੀਂ ਹੁੰਦੀ, ਉਹ ਕੋਈ ਟਿੱਪਣੀ ਕਰਨਾ ਜਾਇਜ਼ ਨਹੀਂ ਸਮਝਦੇ।

## ਜਥੇਦਾਰਾਂ ਦੇ ਰਿਸ਼ਤੇਦਾਰ ਮੁਲਾਜ਼ਮਾਂ ਦੀ ਵੀ ਛਾਂਟੀ

**ਸ੍ਰੀ ਆਨੰਦਪੁਰ ਸਾਹਿਬ:** ਮੁਲਾਜ਼ਮਾਂ ਦੀ ਛਾਂਟੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਹੁਣ ਇਕ ਹੋਰ ਸੂਚੀ ਜਾਰੀ ਕਰ ਦਿੱਤੀ ਹੈ, ਜਿਸ ਵਿਚ ਇਕ ਤੋਂ ਵੱਧ ਖੂਨ ਦੇ ਰਿਸ਼ਤੇ ਵਾਲੇ ਭਰਤੀ ਹੋਏ ਸੈਂਕੜੇ ਮੁਲਾਜ਼ਮਾਂ ਦੇ ਨਾਂ ਵੀ ਸ਼ਾਮਲ ਹਨ। ਇਸ ਸੂਚੀ ਵਿਚ ਤਖਤਾਂ ਦੇ ਜਥੇਦਾਰ ਸਾਹਿਬਾਨ ਦੇ ਦਰਜਨਾਂ ਦੇ ਹਿਸਾਬ ਨਾਲ ਸ਼੍ਰੋਮਣੀ ਕਮੇਟੀ 'ਚ ਕੰਮ ਕਰਦੇ ਰਿਸ਼ਤੇਦਾਰ ਜਾਂ ਪਰਿਵਾਰਕ ਜੀਅ, ਹੈੱਡਗ੍ਰੰਥੀ, ਮੈਨੇਜਰਾਂ ਦੇ ਜਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਕ ਮੈਂਬਰ, ਥੋਕ ਵਿਚ ਕੀਤੀਆਂ ਗਈਆਂ ਤਰੱਕੀਆਂ ਵਾਲੇ ਸੈਂਕੜੇ ਮੁਲਾਜ਼ਮਾਂ ਦੇ ਨਾਂ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਬੰਧੀ ਕੋਈ ਵੀ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਕੋਲ ਹੈ। ਜਿਉਂ ਹੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਜਾਰੀ ਹੋਵੇਗੀ, ਉਸ ਤੋਂ ਬਾਅਦ ਨਵੀਂ ਸੂਚੀ ਉਤੇ ਅਮਲ ਸ਼ੁਰੂ ਹੋ ਜਾਵੇਗਾ। ਸ੍ਰੀ ਵਿਰਕ ਨੇ ਇਹ ਵੀ ਪੁਸ਼ਟੀ ਕੀਤੀ ਕਿ 523 ਮੁਲਾਜ਼ਮਾਂ ਦੀ ਛਾਂਟੀ ਜ਼ਰੂਰ ਕੀਤੀ ਜਾ ਰਹੀ ਹੈ ਪਰ ਅਸਾਮੀਆਂ ਖਤਮ ਨਹੀਂ ਕੀਤੀਆਂ ਜਾ ਰਹੀਆਂ। ਇਸ ਲਈ ਲੋੜ ਅਨੁਸਾਰ ਮੁੜ ਤੋਂ ਇਸ਼ਤਿਹਾਰ ਦੇ ਕੇ ਨਿਯਮਾਂ ਅਨੁਸਾਰ ਭਰਤੀ ਕੀਤੀ ਜਾਵੇਗੀ।

## ਆਪੇ ਅਸਤੀਫੇ ਦੇਣ ਲੱਗੇ ਸਿਫਾਰਸ਼ੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਭਰਤੀ ਕੀਤੇ 523 ਮੁਲਾਜ਼ਮਾਂ ਨੂੰ ਘਰ ਤੋਰਨ ਦੀਆਂ ਤਿਆਰੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਵੇਲੇ ਇਕ ਅੰਤ੍ਰਿੰਗ ਕਮੇਟੀ ਦੇ ਮੈਂਬਰ ਵੱਲੋਂ ਸੁਪਰਵਾਈਜ਼ਰ ਭਰਤੀ ਕਰਵਾਏ ਉਸ ਦੇ ਬੇਟੇ ਨੇ ਚੁੱਪਚਾਪ ਪ੍ਰਧਾਨ ਨੂੰ ਆਪਣਾ ਅਸਤੀਫਾ ਭੇਜ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਨੇ ਇਸ ਦੀ ਦਬੀ ਜ਼ੁਬਾਨ 'ਚ ਪੁਸ਼ਟੀ ਕਰਦਿਆਂ ਦੱਸਿਆ ਕਿ ਸੂਚਨਾ ਕੇਂਦਰ ਵਿਖੇ ਤਾਇਨਾਤ ਇਕ ਸੁਪਰਵਾਈਜ਼ਰ ਵੱਲੋਂ ਪ੍ਰਧਾਨ ਨੂੰ ਆਪਣਾ ਅਸਤੀਫਾ ਭੇਜਿਆ ਗਿਆ ਸੀ ਜੋ ਪ੍ਰਵਾਨ ਹੋ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਮੁਲਾਜ਼ਮ ਜੋ ਕਿ ਡਰਾਈਵਰ ਵਜੋਂ ਤਾਇਨਾਤ ਸੀ, ਵੱਲੋਂ ਵੀ ਸੀਨੀਅਰ ਅਧਿਕਾਰੀਆਂ ਵੱਲੋਂ ਮਿਲੀ ਹਦਾਇਤ 'ਤੇ ਆਪਣਾ ਅਸਤੀਫ਼ਾ ਦੇ ਦਿੱਤਾ ਹੈ।

## ਦਿੱਲੀ ਕਮੇਟੀ ਵੱਲੋਂ ਗੂਗਲ ਨੂੰ ਕਾਨੂੰਨੀ ਨੋਟਿਸ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਖਿਲਾਫ਼ ਗੂਗਲ ਸਰਚ ਇੰਜਣ ਉਤੇ ਮੌਜੂਦ ਨਫਰਤ ਭਰੇ ਵੀਡੀਓ ਅਤੇ ਲਿਖਤਾਂ ਨੂੰ ਹਟਾਉਣ ਲਈ ਗੂਗਲ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਦਿੱਲੀ




ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਉਕਤ ਨੋਟਿਸ ਉਨ੍ਹਾਂ ਦੇ ਵਕੀਲ ਹਰਪ੍ਰੀਤ ਸਿੰਘ ਹੋਰਾ ਮਾਰਫਤ ਭੇਜਿਆ ਗਿਆ ਹੈ।

ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਯੂ ਟਿਊਬ 'ਤੇ ਕਈ ਅਜਿਹੇ ਵੀਡੀਓ ਹਨ ਜੋ ਨਾ ਸਿਰਫ ਸਿੱਖਾਂ ਦਾ ਮਜ਼ਾਕ ਉਡਾਉਂਦੇ ਹਨ ਸਗੋਂ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂਆਂ ਬਾਰੇ ਇਤਰਾਜ਼ਯੋਗ ਸ਼ਬਦਾਵਲੀ ਵੀ ਵਰਤ ਰਹੇ ਹਨ।

## ਦਾਊਦ ਦਾ ਸਾਥੀ ਟਕਲਾ ਗ੍ਰਿਫਤਾਰ

**ਨਵੀਂ ਦਿੱਲੀ:** ਅੰਡਰਵਰਲਡ ਡਾਨ ਦਾਊਦ ਇਬਰਾਹਿਮ ਦੇ ਸਾਥੀ ਫਾਰੂਕ ਟਕਲਾ ਨੂੰ ਸੀ.ਬੀ.ਆਈ. ਨੇ ਦਿੱਲੀ ਤੋਂ ਗ੍ਰਿਫਤਾਰ ਕੀਤਾ ਹੈ। ਉਹ ਦੁਬਈ ਤੋਂ ਇਥੇ ਆਇਆ ਸੀ। ਟਕਲਾ ਮੁੰਬਈ ਬੰਬ ਧਮਾਕਿਆਂ ਦਾ ਦੋਸ਼ੀ ਹੈ। ਉਸ ਖਿਲਾਫ ਇੰਟਰਪੋਲ ਦਾ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ।

# ਨਵਜੋਤ ਕੌਰ 'ਤੇ ਮਿਹਰਬਾਨ ਹੋਈ ਕੈਪਟਨ ਸਰਕਾਰ

**ਚੰਡੀਗੜ੍ਹ:** ਦੇਸ਼ ਦਾ ਨਾਂ ਚਮਕਾਉਣ ਵਾਲੀ ਨਵਜੋਤ ਕੌਰ ਨੂੰ ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਵਿਚ ਉਪ ਪੁਲਿਸ ਕਪਤਾਨ ਦਾ ਅਹੁਦਾ ਸੰਭਾਲਣ ਦੀ ਪੇਸ਼ਕਸ਼ ਕੀਤੀ।

ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਪੰਜ ਲੱਖ ਦੀ ਇਨਾਮੀ ਰਾਸ਼ੀ ਵੀ ਪ੍ਰਦਾਨ ਕੀਤੀ। ਨਵਜੋਤ ਕੌਰ ਨੇ ਬੀਤੇ ਦਿਨੀਂ ਕਿਰਗੀਸਤਾਨ ਦੇ ਬਿਸ਼ਕੇਕ 'ਚ ਖੇਡੀ ਗਈ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤਿਆ ਸੀ। ਤਰਨ ਤਾਰਨ ਜਿਲ੍ਹੇ ਦੇ ਪਿੰਡ ਬਾਗੜੀਆਂ ਦੀ ਜੰਮਪਲ ਨਵਜੋਤ ਨੇ 65 ਕਿਲੋਗ੍ਰਾਮ ਵਰਗ 'ਚ ਸੋਨ ਤਗਮਾ ਜਿੱਤਿਆ।

ਨਵਜੋਤ ਨੇ ਫਾਈਨਲ ਮੁਕਾਬਲੇ 'ਚ ਜਾਪਾਨੀ ਮਹਿਲਾ ਪਹਿਲਵਾਨ ਮੀਯੂ ਈਮਾਈ ਨੂੰ 9-1 ਨਾਲ ਮਾਤ ਦਿੱਤੀ ਤੇ ਪੁਰਾਣੀ ਹਾਰ ਦਾ ਬਦਲਾ ਵੀ ਲੈ ਲਿਆ ਸੀ। ਇਸ ਉਪਲਬਧੀ ਨਾਲ ਨਵਜੋਤ ਭਾਰਤ ਦੀ ਪਹਿਲੀ ਏਸ਼ੀਅਨ ਚੈਂਪੀਅਨ ਪਹਿਲਵਾਨ ਬਣੀ ਸੀ। ਇਸ ਤੋਂ ਪਹਿਲਾਂ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਨਵਜੋਤ ਕੌਰ ਨੂੰ ਅੰਮ੍ਰਿਤਸਰ ਦੇ ਕਾਲਜ 'ਚ ਸਮਾਗਮ ਦੌਰਾਨ ਬਾਬਾ ਸਾਹਿਬ ਅੰਬੇਡਕਰ ਐਵਾਰਡ ਨਾਲ ਸਨਮਾਨਤ ਕਰਦੇ ਹੋਏ ਇਕ ਲੱਖ ਨਗਦ ਇਨਾਮ ਵੀ ਦਿੱਤਾ। ਵਿਧਾਇਕ ਵੇਰਕਾ ਨੇ ਕਿਹਾ ਕਿ ਪੰਜਾਬ ਦੀ ਧੀ ਨੇ ਦੁਨੀਆਂ ਭਰ 'ਚ ਆਪਣੇ ਦੇਸ਼ ਤੇ ਪਿੰਡ ਦਾ ਨਾਂ ਰੋਸ਼ਨ ਕੀਤਾ ਹੈ। ਨਵਜੋਤ ਨੇ ਕਿਹਾ ਕਿ ਉਸ ਦਾ ਸਨਮਾਨ ਉਸ ਦੀ ਆਸ ਨਾਲੋਂ ਵੱਧ ਕੀਤਾ ਗਿਆ ਹੈ। ਹਾਲਾਂਕਿ ਅਜੇ ਉਹ ਆਪਣੀ ਖੇਡ ਵੱਲ ਹੀ ਆਪਣਾ ਪੂਰਾ ਧਿਆਨ ਲਾਵੇਗੀ।

# ਸ਼੍ਰੋਮਣੀ ਕਮੇਟੀ ਵੱਲੋਂ 'ਇਕ ਨਗਰ ਇਕ ਗੁਰਦੁਆਰਾ' ਮੁਹਿੰਮ ਦਾ ਆਗਾਜ਼

**ਜਗਰਾਉਂ:** ਜਾਤ-ਬਰਾਦਰੀ ਅਧਾਰਤ ਗੁਰਦੁਆਰਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੇ ਮੰਤਵ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਕ ਨਗਰ ਇਕ ਗੁਰਦੁਆਰਾ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ



ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪਿੰਡ ਚਕਰ ਨੂੰ ਢਾਈ ਲੱਖ ਰੁਪਏ ਦਾ ਨਗਦ ਇਨਾਮ ਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਪਿੰਡ ਚਕਰ ਦੇ ਸਰਪੰਚ ਮੇਜਰ ਸਿੰਘ ਸਮੇਤ ਪਿੰਡ ਦੇ ਹਰੇਕ ਪਾਰਟੀ ਨਾਲ ਸਬੰਧਤ ਮੋਹਤਬਰਾਂ ਨੂੰ ਜਿਲ੍ਹੇ ਦੇ 15 ਹਜ਼ਾਰ ਆਬਾਦੀ ਵਾਲੇ ਵੱਡੇ ਪਿੰਡ ਵਿਚ ਇਕੋ ਗੁਰਦੁਆਰਾ ਰੱਖਣ ਲਈ ਸਿਰੋਪੇ ਬਖਸ਼ਿਸ਼ ਕੀਤੇ ਗਏ।

ਗੁਰਮਤਿ ਸਮਾਗਮ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਹਰੇਕ ਧਿਰ ਨਾਲ ਸਬੰਧਤ ਆਗੂਆਂ ਨੇ ਇਸ ਵਿਚ ਸ਼ਿਰਕਤ ਕੀਤੀ। ਭਾਈ ਲੌਂਗੋਵਾਲ ਨੇ ਇਕੱਠ ਨੂੰ ਸੰਬੋਧਨ ਕਰਨ ਮੌਕੇ ਵੀ ਇਸ ਦਾ ਜ਼ਿਕਰ ਕਰਦਿਆਂ ਆਖਿਆ ਕਿ ਪਾਰਟੀ ਕੋਈ ਵੀ ਰੱਖੋ, ਪਰ ਪਿੰਡ ਵਿਚ ਗੁਰਦੁਆਰਾ ਇਕੋ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਸਿਆਸੀ ਮਤਭੇਦ ਹੋ ਸਕਦੇ ਹਨ ਪਰ ਉਸ ਨੂੰ ਗੁਰੂਆਂ ਦੇ ਸਿਧਾਂਤ 'ਤੇ ਕਾਇਮ ਰਹਿਣਾ ਚਾਹੀਦਾ ਹੈ। ਧੜੇਬੰਦੀ, ਪ੍ਰਧਾਨਗੀ ਤੇ ਚੌਧਰ ਖਾਤਰ ਜਾਤ ਬਰਾਦਰੀ ਅਧਾਰਤ ਵੱਖਰੇ ਗੁਰਦੁਆਰੇ ਹੋਂਦ ਵਿਚ ਆਉਣੇ ਸਿੱਖੀ ਸਿਧਾਂਤ ਦੇ ਉਲਟ ਹੈ। ਇਸ ਦਿਸ਼ਾ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ।

ਭਾਈ ਲੌਂਗੋਵਾਲ ਨੇ ਕਿਹਾ ਕਿ ਜੇਕਰ ਕਿਸੇ ਪਿੰਡ ਦੇ ਲੋਕ ਇਕ ਗੁਰਦੁਆਰੇ ਲਈ ਸਹਿਮਤ ਹੁੰਦੇ ਹਨ ਤਾਂ ਸ਼੍ਰੋਮਣੀ ਕਮੇਟੀ ਦੂਸਰੇ ਗੁਰਦੁਆਰਿਆਂ ਵਿਚ ਗੁਰਮਤਿ ਵਿਦਿਆਲਾ, ਲਾਇਬਰੇਰੀ ਆਦਿ ਖੋਲ੍ਹ ਸਕਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਵੇਂ ਗੁਰਦੁਆਰੇ ਬਣਾਉਣ ਉਤੇ ਰੋਕ ਤਾਂ ਨਹੀਂ ਲਗਾਈ ਗਈ ਪਰ ਲੋਕਾਂ ਨੂੰ ਇਸ ਪਾਸੇ ਸੋਚਣਾ ਜ਼ਰੂਰ ਚਾਹੀਦਾ ਹੈ। ਭਾਈ ਲੌਂਗੋਵਾਲ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀ ਮੰਗ ਉਤੇ ਉਥੇ ਸ਼੍ਰੋਮਣੀ ਕਮੇਟੀ ਵੱਲੋਂ ਅੰਗਰੇਜ਼ੀ ਬੋਲਣ ਵਾਲੇ ਪ੍ਰਚਾਰਕ ਭੇਜੇ ਜਾਣਗੇ। ਵਿਦੇਸ਼ਾਂ ਦੇ ਜੰਮੇ ਪਲੇ ਸਿੱਖ ਬੱਚਿਆਂ ਦੀ ਲੋੜ ਅਤੇ ਮਾਪਿਆਂ ਦੀ ਮੰਗ ਉਤੇ ਇਹ ਫੈਸਲਾ ਹੋਇਆ ਹੈ। ਇਹ ਪ੍ਰਚਾਰਕ ਅੰਗਰੇਜ਼ੀ ਭਾਸ਼ਾ ਵਿਚ ਗੁਰਬਾਣੀ ਦਾ ਪ੍ਰਚਾਰ ਕਰਨਗੇ।

ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੱਲੋਂ ਡੇਰਾ ਸਿਰਸਾ ਜਾ ਕੇ ਵੋਟਾਂ ਮੰਗਣ ਦੇ ਮਾਮਲੇ ਵਿਚ ਅਕਾਲ ਤਖਤ ਉਤੇ ਪੇਸ਼ ਹੋਣ ਬਾਰੇ ਕੋਈ ਫੈਸਲਾ ਨਾ ਕੀਤਾ ਹੋਣ ਦੇ ਦਿੱਤੇ ਬਿਆਨ ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਬੀਬੀ ਭੱਠਲ ਸਮੇਤ ਹਰੇਕ ਉਸ ਆਗੂ ਨੂੰ ਪੇਸ਼ ਹੋਣਾ ਪਵੇਗਾ, ਜਿਸ ਨੂੰ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਤਨਖਾਹ ਲਾਈ ਗਈ ਸੀ। ਧਰਮ ਨਿਰਪੱਖ ਪਾਰਟੀ ਦੀ ਆਗੂ ਆਖ ਕੇ ਕੋਈ ਬਚ ਨਹੀਂ ਸਕਦਾ ਅਤੇ ਪੇਸ਼ ਨਾ ਹੋਣ ਦਾ ਖਮਿਆਜ਼ਾ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਦੇ ਰੂਪ 'ਚ ਭੁਗਤਣਾ ਪਵੇਗਾ।

# ਪਾਕਿਸਤਾਨ 'ਚ ਵਿਧਵਾ ਹਿੰਦੂ ਔਰਤਾਂ ਨੂੰ ਵਿਆਹ ਦੀ ਇਜਾਜ਼ਤ ਮਿਲੀ

**ਇਸਲਾਮਾਬਾਦ:** ਪਾਕਿਸਤਾਨ ਦੀ ਸਿੰਧ ਅਸੈਂਬਲੀ ਵੱਲੋਂ ਪਾਸ ਕੀਤੇ ਹਿੰਦੂ ਵਿਆਹ ਪੰਜੀਕਰਨ ਐਕਟ, 2016 ਨੂੰ ਸੈਨੇਟ ਦੀ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕਮੇਟੀ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਬਿੱਲ 'ਚ ਸੋਧ ਕਰਦਿਆਂ ਹਿੰਦੂ ਵਿਧਵਾ ਔਰਤਾਂ ਨੂੰ ਮੁੜ ਵਿਆਹ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਸਿੰਧ ਨੈਸ਼ਨਲ ਅਸੈਂਬਲੀ ਵੱਲੋਂ ਪਾਸ ਕੀਤੇ ਇਸ ਕਾਨੂੰਨ ਉਪਰੰਤ ਹੁਣ ਪਾਕਿਸਤਾਨ ਵਿਚ ਵਿਧਵਾ ਹਿੰਦੂ ਔਰਤਾਂ ਨੂੰ ਆਪਣੀ ਇੱਛਾ ਨਾਲ ਮੁੜ ਨਵਾਂ ਵਿਆਹ ਕਰਨ ਦਾ ਪੂਰਨ ਤੌਰ ਉਤੇ ਅਧਿਕਾਰ ਹੋਵੇਗਾ।

ਸਿੰਧ ਅਸੈਂਬਲੀ ਵਿਚ ਅਪਰੈਲ 2016 ਵਿਚ ਹਿੰਦੂ ਵਿਆਹ ਪੰਜੀਕਰਨ ਐਕਟ ਲਾਗੂ ਕੀਤਾ ਜਾ ਚੁੱਕਿਆ ਹੈ ਅਤੇ ਉਸ ਤੋਂ ਪਹਿਲਾਂ ਪਾਕਿ ਵਿਚ ਹੋਣ ਵਾਲੇ ਹਿੰਦੂ ਵਿਆਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਸੀ, ਜਿਸ ਕਰ ਕੇ ਇਥੇ ਰਹਿੰਦੇ ਹਿੰਦੂਆਂ ਨੂੰ ਕਈ ਸਮਾਜਿਕ ਤੇ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਕਤ ਪਾਸ ਕੀਤੇ ਨਵੇਂ ਬਿੱਲ 'ਚ ਦਰਜ ਕਾਨੂੰਨ ਦੀ ਧਾਰਾ 17 ਅਨੁਸਾਰ ਕਿਸੇ ਵੀ ਹਿੰਦੂ ਵਿਧਵਾ ਔਰਤ ਨੂੰ ਪਤੀ ਦੀ ਮੌਤ ਦੇ ਛੇ ਮਹੀਨੇ ਬਾਅਦ ਮੁੜ ਵਿਆਹ ਕਰਨ ਦਾ ਅਧਿਕਾਰ ਪ੍ਰਾਪਤ ਹੋਵੇਗਾ।

# ਮਨੀਕਰਨ ਹਾਦਸਾ: ਸ਼੍ਰੋਮਣੀ ਕਮੇਟੀ ਵੱਲੋਂ ਮ੍ਰਿਤਕਾਂ ਦੇ ਵਾਰਸਾਂ ਦੀ ਮਾਲੀ ਮਦਦ

**ਅੰਮ੍ਰਿਤਸਰ:** ਮਨੀਕਰਨ ਤੋਂ ਵਾਪਸੀ ਵੇਲੇ ਹਿਮਾਚਲ ਪ੍ਰਦੇਸ਼ ਵਿਚ ਸੜਕ ਹਾਦਸੇ ਦਾ ਸ਼ਿਕਾਰ ਹੋਏ ਅੱਠ ਅੰਮ੍ਰਿਤਸਰ ਵਾਸੀ ਨੌਜਵਾਨਾਂ ਨਮਿਤ ਅੰਤਿਮ ਅਰਦਾਸ ਵਿਚ ਸ਼੍ਰੋਮਣੀ ਕਮੇਟੀ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਹੈ, ਜਦੋਂਕਿ ਇਸ ਮੌਕੇ ਕਾਂਗਰਸ ਵੱਲੋਂ ਪੁੱਜੇ ਸੰਸਦ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ ਸਰਕਾਰ ਵਲੋਂ ਦੋ-ਦੋ ਲੱਖ ਰੁਪਏ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।

ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਮਗਰੋਂ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਜੋ ਇਸ ਵੇਲੇ ਕੇਂਦਰ ਵਿਚ ਭਾਜਪਾ ਨਾਲ ਸੱਤਾ 'ਚ ਭਾਈਵਾਲ ਹੈ, ਵੱਲੋਂ ਸਿਆਸੀ ਲਾਲਚ ਕਾਰਨ ਹੀ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਤੇ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਨਹੀਂ ਕੀਤੀ ਜਾ ਰਹੀ। ਉਨ੍ਹਾਂ ਆਖਿਆ ਕਿ ਹੋਰ ਸਿਆਸੀ ਪਾਰਟੀਆਂ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ, ਪਰ ਸ਼੍ਰੋਮਣੀ ਅਕਾਲੀ ਦਲ ਨੇ ਚੁੱਪ ਧਾਰੀ ਹੋਈ ਹੈ। ਇਸ ਮਾਮਲੇ ਵਿਚ ਅਕਾਲੀ ਸੰਸਦ ਮੈਂਬਰਾਂ ਨੇ ਕਦੇ ਕੋਈ ਆਵਾਜ਼ ਬੁਲੰਦ ਨਹੀਂ ਕੀਤੀ।

## ਹਜ਼ਾਰ ਨਵੇਂ ਪ੍ਰਚਾਰਕ ਭਰਤੀ ਕਰੇਗੀ ਸ਼੍ਰੋਮਣੀ ਕਮੇਟੀ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਹੈ ਕਿ ਧਰਮ ਪ੍ਰਚਾਰ ਲਹਿਰ ਨੂੰ ਵਧੇਰੇ ਪ੍ਰਫੁੱਲਤ ਕਰਨ ਲਈ ਜਲਦੀ ਹੀ ਇਕ ਹਜ਼ਾਰ ਨਵੇਂ ਪ੍ਰਚਾਰਕਾਂ ਦੀ ਭਰਤੀ ਕੀਤੀ ਜਾਵੇਗੀ ਅਤੇ ਐਸ.ਜੀ.ਪੀ.ਸੀ. ਦੇ ਸਾਲਾਨਾ ਬਜਟ ਇਜਲਾਸ ਵਿਚ ਧਰਮ ਪ੍ਰਚਾਰ ਲਹਿਰ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਵੱਲੋਂ ਧਰਮ ਪ੍ਰਚਾਰ ਲਹਿਰ ਦੀ ਸਰਗਰਮੀ ਵਧਾਉਣ ਲਈ ਸਬ ਆਫਿਸ ਖੋਲ੍ਹੇ ਗਏ ਸਨ।

ਧਰਮ ਪ੍ਰਚਾਰ ਲਈ ਸ਼ੁਰੂ ਕੀਤੀ ਮੁਹਿੰਮ ਦੇ ਬਿਹਤਰ ਨਤੀਜੇ ਪ੍ਰਾਪਤ ਹੋ ਰਹੇ ਹਨ। ਜਨਵਰੀ ਮਹੀਨੇ ਤੋਂ ਲੈ ਕੇ ਹੁਣ ਤੱਕ 10 ਹਜ਼ਾਰ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗੇ ਹਨ। ਨਵੇਂ ਭਰਤੀ ਕੀਤੇ ਜਾਣ ਵਾਲੇ ਧਰਮ ਪ੍ਰਚਾਰਕਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇਲ ਭੱਤਾ ਵੀ ਦਿੱਤਾ ਜਾਵੇਗਾ। ਲੋੜ ਅਨੁਸਾਰ ਢਾਡੀ, ਰਾਗੀ ਅਤੇ ਗ੍ਰੰਥੀ ਵੀ ਭਰਤੀ ਕੀਤੇ ਜਾਣਗੇ।

# ਰਨਵੇਅ 'ਤੇ ਬੇਕਾਬੂ ਹੋਇਆ ਜਹਾਜ਼, 50 ਮੌਤਾਂ



**ਕਾਠਮੰਡੂ:** ਨੇਪਾਲ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ ਉਤੇ ਅਮਰੀਕੀ-ਬੰਗਲਾ ਏਅਰਲਾਈਨਜ਼ ਦਾ ਜਹਾਜ਼ ਹਾਦਸਾਗ੍ਰਸਤ ਹੋਣ ਅਤੇ ਅੱਗ ਲੱਗਣ ਕਰ ਕੇ 50 ਮੁਸਾਫਰ ਹਲਾਕ ਹੋ ਗਏ। ਬੰਬਾਰਡੀਅਰ ਡੈਸ਼ 8 ਕਿਊ400 'ਚ 67 ਮੁਸਾਫਰ ਅਤੇ ਅਮਲੇ ਦੇ 4 ਮੈਂਬਰ ਸਵਾਰ ਸਨ। ਜਹਾਜ਼ ਦਾ ਰਨਵੇਅ ਉਤੇ ਉਤਰਨ ਸਮੇਂ ਸੰਤੁਲਨ ਵਿਗੜ ਗਿਆ ਅਤੇ ਇਹ ਹਵਾਈ ਅੱਡੇ ਨੇੜੇ ਫੁੱਟਬਾਲ ਮੈਦਾਨ 'ਚ ਜਾ ਕੇ ਕਰੈਸ਼ ਹੋ ਗਿਆ ਅਤੇ ਅੱਗ ਲੱਗ ਗਈ। ਹਵਾਈ ਅੱਡੇ ਦੇ ਜਨਰਲ ਮੈਨੇਜਰ ਰਾਜ ਕੁਮਾਰ ਛੇਤਰੀ ਨੇ ਦੱਸਿਆ ਕਿ 50 ਵਿਅਕਤੀਆਂ ਦੇ ਮਰਨ ਦਾ ਖਦਸ਼ਾ ਹੈ। ਉਡਾਣ ਯੂਬੀਜੀ 211 ਢਾਕਾ (ਬੰਗਲਾਦੇਸ਼) ਤੋਂ ਕਾਠਮੰਡੂ ਆ ਰਹੀ ਸੀ।

ਫੁੱਟਬਾਲ ਮੈਦਾਨ ਵਿਚੋਂ ਕਾਲੇ ਧੂੰਏਂ ਦੇ ਉਠਦੇ ਗੁਬਾਰ ਨੂੰ ਦੇਖਿਆ ਜਾ ਸਕਦਾ ਸੀ। ਅਧਿਕਾਰੀਆਂ ਨੇ ਕਿਹਾ ਕਿ ਹਾਦਸਾ ਤਕਨੀਕੀ ਗੜਬੜੀ ਕਰ ਕੇ ਹੋਇਆ ਜਾਪਦਾ ਹੈ। ਨੇਪਾਲ ਦੇ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਦੇ ਡਾਇਰੈਕਟਰ ਜਨਰਲ ਸੰਜੀਵ ਗੌਤਮ ਨੇ ਦੱਸਿਆ ਕਿ ਜਹਾਜ਼ ਨੇ ਰਨਵੇਅ ਦੇ ਦੱਖਣੀ ਪਾਸੇ ਵੱਲੋਂ ਉਤਰਨਾ ਸੀ ਪਰ ਇਹ ਉਤਰੀ ਪਾਸੇ ਵੱਲੋਂ ਦੀ ਆਇਆ। ਉਨ੍ਹਾਂ ਕਿਹਾ ਕਿ ਰਨਵੇਅ 'ਤੇ ਉਤਰਨ ਦੀ ਕੋਸ਼ਿਸ਼ ਦੌਰਾਨ ਜਹਾਜ਼ ਬੇਕਾਬੂ ਹੋ ਗਿਆ ਸੀ।

ਢਾਕਾ ਤੋਂ ਜਹਾਜ਼ ਬਿਲਕੁਲ ਠੀਕ ਠਾਕ ਉਡਿਆ ਸੀ ਪਰ ਕਾਠਮੰਡੂ ਵਿਚ ਉਤਰਨ ਸਮੇਂ ਡਗਮਗਾਉਣ ਲੱਗ ਪਿਆ। ਉਸ ਨੇ ਦੱਸਿਆ ਕਿ ਜਹਾਜ਼ 'ਚ ਵੱਖ ਵੱਖ ਟਰੈਵਲ ਏਜੰਸੀਆਂ ਦੇ 16 ਨੇਪਾਲੀ ਸਵਾਰ ਸਨ ਜੋ ਸਿਖਲਾਈ ਲੈਣ ਲਈ ਬੰਗਲਾਦੇਸ਼ ਗਏ ਸਨ। ਉਹ ਤਾਕੀ ਦੇ ਕੋਲ ਬੈਠਾ ਹੋਇਆ ਸੀ ਅਤੇ ਉਸ ਨੂੰ ਤੋੜ ਕੇ ਉਹ ਨਿਕਲਣ 'ਚ ਕਾਮਯਾਬ ਰਿਹਾ। ਉਸ ਦੀਆਂ ਲੱਤਾਂ ਅਤੇ ਸਿਰ 'ਚ ਸੱਟਾਂ ਲੱਗੀਆਂ ਹਨ।

# ਨਵਾਜ਼ ਸ਼ਰੀਫ 'ਤੇ ਜੁੱਤੀ ਸੁੱਟੀ

**ਲਾਹੌਰ:** ਇਸਲਾਮਿਕ ਸੈਮੀਨਾਰ ਦੌਰਾਨ ਇਕ ਧਾਰਮਿਕ ਕੱਟੜਪੰਥੀ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੱਲ ਬੂਟ ਵਗਾਹ ਮਾਰਿਆ। ਇਸ ਘਟਨਾ ਤੋਂ ਅਜੇ ਇਕ ਦਿਨ ਪਹਿਲਾਂ ਹੀ ਪਾਕਿਸਤਾਨ ਦੇ ਵਿਦੇਸ਼ ਮੰਤਰੀ ਖਵਾਜਾ ਆਸਿਫ ਜਦੋਂ ਇਥੋਂ ਸੌ ਕਿਲੋਮੀਟਰ ਦੂਰ ਸਿਆਲਕੋਟ



ਵਿਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ ਤਾਂ ਇਕ ਕੱਟੜਪੰਥੀ ਵੱਲੋਂ ਉਨ੍ਹਾਂ ਦਾ ਮੂੰਹ ਸਿਆਹੀ ਨਾਲ ਕਾਲਾ ਕਰ ਦਿੱਤਾ ਸੀ। ਸ੍ਰੀ ਸ਼ਰੀਫ਼ ਗੜ੍ਹੀ ਸ਼ਾਹ ਲਾਹੌਰ ਦੇ ਜਾਮੀਆ ਨਈਮੀਆ ਵਿਚ ਮੁੱਖ ਮਹਿਮਾਨ ਸਨ।

ਸ਼ਰੀਫ਼ ਜਦੋਂ ਭਾਸ਼ਣ ਦੇਣ ਲਈ ਸਟੇਜ ਵੱਲ ਵਧੇ ਤਾਂ ਇਕ ਵਿਦਿਆਰਥੀ ਨੇ ਉਨ੍ਹਾਂ ਵੱਲ ਬੂਟ ਸੁੱਟਿਆ ਜੋ ਉਨ੍ਹਾਂ ਦੇ ਮੋਢੇ ਅਤੇ ਕੰਨ 'ਤੇ ਲੱਗਿਆ। ਵਿਦਿਆਰਥੀ ਉਨ੍ਹਾਂ ਸਾਹਮਣੇ ਵੀ ਪਹੁੰਚ ਗਿਆ ਅਤੇ ਨਾਅਰੇਬਾਜ਼ੀ ਕੀਤੀ। ਸੁਰੱਖਿਆ ਕਰਮੀਆਂ ਨੇ ਵਿਦਿਆਰਥੀ ਅਤੇ ਉਸ ਦੇ ਸਹਿਯੋਗੀ ਨੂੰ ਫੜ ਲਿਆ। ਪੁਲਿਸ ਨੇ ਬੂਟ ਸੁੱਟਣ ਵਾਲੇ ਦੀ ਪਛਾਣ ਅਬਦੁਲ ਗਫੂਰ ਦੇ ਰੂਪ ਵਿਚ ਕੀਤੀ ਹੈ ਜੋ ਜਾਮੀਆ ਦਾ ਸਾਬਕਾ ਵਿਦਿਆਰਥੀ ਹੈ। ਦੂਜੇ ਸਾਥੀ ਦੀ ਪਛਾਣ ਸਾਜਿਦ ਦੇ ਰੂਪ ਵਿਚ ਹੋਈ ਹੈ।

## ਅਰੁਣਾਚਲ ਪ੍ਰਦੇਸ਼ ਵੱਲੋਂ ਅਨੰਦ ਮੈਰਿਜ ਐਕਟ ਨੂੰ ਸਹਿਮਤੀ

**ਨਵੀਂ ਦਿੱਲੀ:** ਅਰੁਣਾਚਲ ਪ੍ਰਦੇਸ਼ ਸਰਕਾਰ ਨੇ ਸੂਬੇ ਵਿਚ ਆਨੰਦ ਮੈਰਿਜ ਐਕਟ ਲਾਗੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਐਕਟ ਨੂੰ ਲਾਗੂ ਕਰਨ ਦੀ ਜਾਣਕਾਰੀ ਦਿੰਦਿਆਂ ਕਾਨੂੰਨ ਤੇ ਨਿਆਂ ਵਿਭਾਗ ਦੇ ਡਿਪਟੀ ਸਕੱਤਰ ਨੇ ਮਹਿਲਾ ਤੇ ਬਾਲ ਵਿਕਾਸ ਸਕੱਤਰ ਨੂੰ ਲਿਖਿਆ ਹੈ ਕਿ ਅਰੁਣਾਚਲ ਪ੍ਰਦੇਸ਼ ਸਰਕਾਰ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਹੱਈਆ ਕਰਵਾਈ ਸੂਚਨਾ ਮਗਰੋਂ ਆਪਣਾ ਇਰਾਦਾ ਬਦਲ ਲਿਆ ਹੈ।

ਸਰਕਾਰ ਨੇ ਫੈਸਲਾ ਕੀਤਾ ਸੀ ਕਿ ਰਾਜ ਵਿਚ ਸਿੱਖਾਂ ਦੀ ਗਿਣਤੀ ਘੱਟ ਹੋਣ ਦੇ ਮੱਦੇਨਜ਼ਰ ਆਨੰਦ ਮੈਰਿਜ ਐਕਟ ਲਾਗੂ ਨਾ ਕੀਤਾ ਜਾਵੇ। ਪੱਤਰ ਮੁਤਾਬਕ ਮਾਮਲੇ ਦੀ ਦੁਬਾਰਾ ਸਮੀਖਿਆ ਕੀਤੀ ਗਈ ਤੇ ਪਾਇਆ ਗਿਆ ਕਿ ਸੋਧ ਐਕਟ 2012 ਦੀ ਧਾਰਾ 6 ਤਹਿਤ ਰਾਜ ਸਰਕਾਰ ਸੂਬੇ ਵਿਚ ਐਕਟ ਤਹਿਤ ਸਿੱਖ ਭਾਈਚਾਰੇ ਦੇ ਵਿਆਹਾਂ ਦੀ ਰਜਿਸਟਰੇਸ਼ਨ ਵਾਸਤੇ ਨਿਯਮ ਬਣਾ ਸਕਦੀ ਹੈ।

# ਕਿਸਾਨ ਰੋਹ ਅੱਗੇ ਭਾਜਪਾ ਸਰਕਾਰ ਦੀ ਇਕ ਨਾ ਚੱਲੀ



**ਮੁੰਬਈ:** ਮੰਗਾਂ ਮਨਵਾਉਣ ਲਈ ਨਾਸਿਕ ਤੋਂ ਮੁੰਬਈ ਪੁੱਜੇ ਹਜ਼ਾਰਾਂ ਕਿਸਾਨਾਂ ਅੱਗੇ ਮਹਾਰਾਸ਼ਟਰ ਸਰਕਾਰ ਨੂੰ ਝੁਕਣਾ ਪੈ ਗਿਆ। ਭਾਜਪਾ ਦੀ ਅਗਵਾਈ ਹੇਠਲੀ ਮਹਾਰਾਸ਼ਟਰ ਸਰਕਾਰ ਨੇ ਜੰਗਲੀ ਜ਼ਮੀਨ ਉਤੇ ਖੇਤੀ ਕਰਨ ਦਾ ਹੱਕ ਦੇਣ ਸਮੇਤ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਮੰਨ ਲਿਆ ਹੈ। ਕਿਸਾਨਾਂ ਨੇ ਮੁੰਬਈ ਦੇ ਆਜ਼ਾਦ ਮੈਦਾਨ 'ਚ ਡੇਰਾ ਜਮਾਇਆ ਹੋਇਆ ਸੀ ਅਤੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨੂੰ ਨਾ ਮੰਨਿਆ ਗਿਆ ਤਾਂ ਉਹ ਵਿਧਾਨ ਸਭਾ ਦਾ ਘਿਰਾਉ ਕਰਨਗੇ ਅਤੇ ਜੇਕਰ ਮੈਦਾਨ ਵਿਚੋਂ ਬਾਹਰ ਨਾ ਜਾਣ ਦਿੱਤਾ ਗਿਆ ਤਾਂ ਉਹ ਮਰਨ ਵਰਤ ਅਰੰਭ ਦੇਣਗੇ। ਭਾਜਪਾ ਉਤੇ ਆਪਣੇ ਭਾਈਵਾਲ ਸ਼ਿਵ ਸੈਨਾ ਦਾ ਵੀ ਦਬਾਅ ਸੀ ਕਿਉਂਕਿ ਉਨ੍ਹਾਂ ਕਿਸਾਨਾਂ ਦੇ ਅੰਦੋਲਨ ਨੂੰ ਹਮਾਇਤ ਦਿੱਤੀ ਹੋਈ ਸੀ। ਨਾਸਿਕ ਤੋਂ ਪੈਦਲ, ਕੁਝ ਤਾਂ ਨੰਗੇ ਪੈਰ, ਛੇ ਦਿਨਾਂ ਦਾ 180 ਕਿਲੋਮੀਟਰ ਦਾ ਸਫਰ ਤੈਅ ਕਰ ਕੇ ਕਰੜੀ ਧੁੱਪ 'ਚ ਇਥੇ ਪੁੱਜੇ ਕਿਸਾਨਾਂ ਨੂੰ ਵੱਡੀ ਜਿੱਤ ਨਸੀਬ ਹੋਈ ਹੈ।

ਸੂਬੇ ਦੇ ਮਾਲ ਮੰਤਰੀ ਚੰਦਰਕਾਂਤ ਪਾਟਿਲ ਨੇ ਆਜ਼ਾਦ ਮੈਦਾਨ ਵਿਚ ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਦੀ ਮੌਜੂਦਗੀ 'ਚ ਹਜ਼ਾਰਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾ ਰਹੀਆਂ ਹਨ। ਵਿਧਾਨ ਭਵਨ ਦੇ ਬਾਹਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਉਨ੍ਹਾਂ ਆਦਿਵਾਸੀਆਂ ਤੇ ਕਿਸਾਨਾਂ ਨੂੰ ਖੇਤੀ ਲਈ ਵਰਤੀ ਜਾ ਰਹੀ ਜੰਗਲਾਤ ਜ਼ਮੀਨ ਸੌਂਪਣ ਸਬੰਧੀ ਕਮੇਟੀ ਬਣਾਉਣ ਦੀ ਸਹਿਮਤੀ ਦੇ ਦਿੱਤੀ ਹੈ।

ਕਿਸਾਨਾਂ ਅਤੇ ਆਦਿਵਾਸੀਆਂ ਦੇ ਨੁਮਾਇੰਦਿਆਂ ਨਾਲ ਵਿਧਾਨ ਭਵਨ 'ਚ ਹੋਈ ਬੈਠਕ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਆਦਿਵਾਸੀ 2005 ਤੋਂ ਪਹਿਲਾਂ ਜ਼ਮੀਨ ਉਤੇ ਖੇਤੀ ਕਰਨ ਦਾ ਸਬੂਤ ਦਿੰਦੇ ਹਨ ਤਾਂ ਖੇਤੀ ਵਾਲੀ ਜ਼ਮੀਨ ਅਲਾਟ ਕਰਨ ਲਈ ਕਮੇਟੀ ਬਣਾਉਣ ਲਈ ਸਰਕਾਰ ਰਾਜ਼ੀ ਹੈ। ਉਨ੍ਹਾਂ ਵੀ ਤਕਰੀਬਨ ਸਾਰੀਆਂ ਮੰਗਾਂ ਮੰਨਣ ਦੀ ਹਾਮੀ ਭਰੀ। ਕਿਸਾਨਾਂ ਦੇ 'ਲੰਬੇ ਮਾਰਚ' ਬਾਰੇ ਵਿਧਾਨ ਸਭਾ ਵਿਚ ਹੋਈ ਬਹਿਸ ਦੌਰਾਨ ਸ੍ਰੀ ਫੜਨਵੀਸ ਨੇ ਕਿਹਾ ਕਿ ਅੰਦੋਲਨ ਵਿਚ ਸ਼ਾਮਲ ਕਰੀਬ 90 ਤੋਂ 95 ਫੀਸਦੀ ਵਿਅਕਤੀ ਗਰੀਬ ਆਦਿਵਾਸੀ ਹਨ। ਉਹ ਜੰਗਲਾਂ ਅਤੇ ਜ਼ਮੀਨੀ ਹੱਕਾਂ ਲਈ ਲੜ ਰਹੇ ਹਨ। ਉਹ ਬੇਜ਼ਮੀਨੇ ਹਨ ਅਤੇ ਖੇਤੀ ਨਹੀਂ ਕਰ ਸਕਦੇ। ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਅਤੇ ਹਾਂ ਪੱਖੀ ਹੈ। ਉਨ੍ਹਾਂ ਕਿਹਾ ਕਿ ਮੰਤਰਾਲਾ ਪੱਧਰ ਦੀ ਕਮੇਟੀ ਬਣਾਈ ਗਈ ਹੈ ਜੋ ਅੰਦੋਲਨਕਾਰੀਆਂ ਨਾਲ ਉਨ੍ਹਾਂ ਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕਰੇਗੀ।

ਸ਼ਿਵ ਸੈਨਾ ਆਗੂ ਆਦਿੱਤਿਆ ਠਾਕਰੇ ਅਤੇ ਐਮ.ਐਨ.ਐਸ. ਮੁਖੀ ਰਾਜ ਠਾਕਰੇ ਨੇ ਕਿਸਾਨਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਵਿਰੋਧੀ ਧਿਰ ਕਾਂਗਰਸ ਅਤੇ ਐਨ.ਸੀ.ਪੀ. ਨੇ ਵੀ ਕਿਸਾਨ ਅੰਦੋਲਨ ਨੂੰ ਹਮਾਇਤ ਦਿੱਤੀ ਸੀ। ਮੁੰਬਈ ਡੱਬਾਵਾਲਾ ਐਸੋਸੀਏਸ਼ਨ ਦੇ ਤਰਜਮਾਨ ਸੁਭਾਸ਼ ਤਾਲੇਕਰ ਨੇ ਦੱਸਿਆ ਕਿ ਉਨ੍ਹਾਂ ਕਿਸਾਨਾਂ ਨੂੰ ਭੋਜਨ ਅਤੇ ਪਾਣੀ ਮੁਹੱਈਆ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਅੰਨਦਾਤੇ ਹਨ ਜੋ ਸੂਬੇ ਦੇ ਦੂਰ-ਦੁਰਾਡੇ ਦੇ ਹਿੱਸਿਆਂ ਤੋਂ ਆਏ ਹਨ ਅਤੇ ਉਨ੍ਹਾਂ ਦੀ ਸਹਾਇਤਾ ਕਰਨਾ ਸਾਡਾ ਫਰਜ਼ ਹੈ।

## ਸਰੀ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ

**ਵੈਨਕੂਵਰ:** ਸਰੀ ਵਿਚ ਇਕ ਪੰਜਾਬੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਡੈਲਟਾ ਦਾ ਰਹਿਣ ਵਾਲਾ ਪਰਦੀਪ ਸਿੰਘ ਬਰਾੜ (23) ਦੋਸਤ ਕੋਲ ਆਇਆ ਹੋਇਆ ਸੀ। ਦੋ ਕਾਰਾਂ 'ਤੇ ਸਵਾਰ ਲੋਕਾਂ ਨੇ ਉਸ ਉਤੇ ਗੋਲੀਆਂ ਦਾਗੀਆਂ। ਉਸ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਿਆ।

ਪੁਲਿਸ ਬੁਲਾਰੇ ਫਰੈਂਕ ਜੰਗ ਨੇ ਦੱਸਿਆ ਕਿ ਸਰੀ ਦੇ ਨਿਊਟਨ ਖੇਤਰ 'ਚ 65 ਐਵੇਨਿਊ ਕੋਲ ਇਕ ਘਰ ਦੇ ਬਾਹਰ ਕਈ ਗੋਲੀਆਂ ਚੱਲਣ ਦੀ ਸੂਚਨਾ ਮਗਰੋਂ ਪੁਲਿਸ ਉਥੇ ਪਹੁੰਚੀ ਤਾਂ ਪਰਦੀਪ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲਿਆ।

# ਆਈ.ਟੀ.ਬੀ.ਪੀ. ਨੂੰ ਮਿਲੀ ਪਹਿਲੀ ਲੜਾਕੂ ਮਹਿਲਾ ਅਫਸਰ

**ਨਵੀਂ ਦਿੱਲੀ:** ਸਰਹੱਦਾਂ ਦੀ ਰਾਖੀ ਲਈ ਜ਼ਿੰਮੇਵਾਰ ਸੀਮਾ ਸੁਰੱਖਿਆ ਬਲ ਵਿਚ 25 ਸਾਲਾ ਪ੍ਰਕ੍ਰਿਤੀ ਪਹਿਲੀ ਲੜਾਕੂ ਮਹਿਲਾ ਅਫਸਰ ਵਜੋਂ ਸ਼ਾਮਲ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੇ 2016 ਵਿਚ ਕੇਂਦਰ ਹਥਿਆਰਬੰਦ ਫੋਰਸਾਂ ਵਿਚ ਮਹਿਲਾਵਾਂ ਨੂੰ ਲੜਾਕੂ ਅਫਸਰਾਂ ਵਜੋਂ ਭਰਤੀ ਕਰਨ ਦੀ ਮਨਜ਼ੂਰੀ ਦਿੱਤੀ ਸੀ।



ਪ੍ਰਕ੍ਰਿਤੀ ਨੇ ਉਸੇ ਸਾਲ ਕੇਂਦਰੀ ਹਥਿਆਰਬੰਦ ਫੋਰਸਾਂ ਵਿਚ ਭਰਤੀ ਲਈ ਯੂ.ਪੀ.ਐਸ.ਸੀ. ਵੱਲੋਂ ਲਈ ਗਈ ਪ੍ਰੀਖਿਆ ਪਹਿਲੀ ਹੀ ਕੋਸ਼ਿਸ਼ ਵਿਚ ਪਾਸ ਕਰ ਲਈ ਸੀ। ਉਹ ਇਸ ਵੇਲੇ ਆਈ.ਟੀ.ਬੀ.ਪੀ. ਦੀ ਉਤਰਾਖੰਡ ਵਿਚ ਸਥਿਤ ਪਿਥੋਰਾਗੜ੍ਹ ਯੂਨਿਟ ਵਿਚ ਤਾਇਨਾਤ ਹੈ ਅਤੇ ਜਲਦੀ ਹੀ ਫੋਰਸ ਦੀ ਦੇਹਰਾਦੂਨ ਵਿਚ ਸਥਿਤ ਆਫਿਸਰ ਟਰੇਨਿੰਗ ਅਕੈਡਮੀ ਜੁਆਇਨ ਕਰੇਗੀ।

ਦੇਹਰਾਦੂਨ ਵਿਚ ਟਰੇਨਿੰਗ ਕਰਨ ਤੋਂ ਬਾਅਦ ਉਸ ਨੂੰ ਅਗਲੇ ਸਾਲ ਤੱਕ ਫੋਰਸ ਵਿਚ ਸਹਾਇਕ ਕਮਾਂਡੈਂਟ ਵਜੋਂ ਕਮਿਸ਼ਨ ਮਿਲਣ ਦੀ ਆਸ ਹੈ। ਜ਼ਿਕਰਯੋਗ ਹੈ ਕਿ ਫੋਰਸ ਵਿਚ ਪਹਿਲਾਂ ਵੀ ਲੜਾਕੂਆਂ ਵਜੋਂ ਮਹਿਲਾਵਾਂ ਭਰਤੀ ਹਨ ਪਰ ਉਹ ਸਿਰਫ ਸਿਪਾਹੀ ਦੇ ਅਹੁਦੇ ਉਤੇ ਹਨ।

# ਮਹਿਲਾ ਸਾਹਿਤਕ ਇਨਾਮ ਲਈ ਅਰੁੰਧਤੀ ਅਤੇ ਮੀਨਾ ਵੀ ਦਾਅਵੇਦਾਰ

**ਲੰਡਨ:** ਬਰਤਾਨੀਆ ਵੱਲੋਂ ਉਨ੍ਹਾਂ ਮਹਿਲਾ ਗਲਪ ਲੇਖਕਾਂ ਦੀ ਸੂਚੀ ਜਾਰੀ ਕੀਤੀ ਗਈ ਜਿਨ੍ਹਾਂ ਵਿਚੋਂ ਕਿਸੇ ਇਕ ਦੀ ਇਨਾਮ ਲਈ ਚੋਣ ਕੀਤੀ ਜਾਵੇਗੀ। ਦੁਨੀਆਂ ਭਰ ਦੀਆਂ 16 ਮਹਿਲਾ ਲੇਖਕਾਂ 'ਚ ਭਾਰਤ ਦੀਆਂ ਅਰੁੰਧਤੀ ਰੌਇ ਅਤੇ ਮੀਨਾ ਕਾਂਡਾਸਾਮੀ ਵੀ ਸ਼ਾਮਲ ਹਨ।



ਕੌਮਾਂਤਰੀ ਮਹਿਲਾ ਦਿਵਸ ਮੌਕੇ ਮਹਿਲਾ ਗਲਪ ਲੇਖਕਾਂ ਨੂੰ ਇਨਾਮ ਵਾਸਤੇ ਚੋਣ ਕਰਨਾ ਅਹਿਮ ਹੈ।

ਅਰੁੰਧਤੀ ਦੀ ਕਿਤਾਬ 'ਦਿ ਮਿਨਿਸਟਰੀ ਆਫ ਅਟਮੋਸਟ ਹੈਪੀਨੈੱਸ' ਅਤੇ ਮੀਨਾ ਦੀ 'ਵੈੱਨ ਆਈ ਹਿੱਟ ਯੂ' 30 ਹਜ਼ਾਰ ਪੌਂਡ ਦੇ ਇਨਾਮ ਦੀ ਦੌੜ ਵਿਚ ਹਨ। ਬੀ.ਬੀ.ਸੀ. ਐਡੀਟਰ ਅਤੇ ਜੱਜ ਸਾਰਾਹ ਸੈਂਡਜ਼ ਨੇ ਕਿਹਾ ਕਿ ਲਿਸਟ ਨੂੰ ਦੇਖ ਕੇ ਮਹਿਲਾ ਲੇਖਕਾਂ ਦੇ ਹੁਨਰ ਦਾ ਤਾਂ ਪਤਾ ਚੱਲਦਾ ਹੀ ਹੈ ਸਗੋਂ ਉਹ ਹਰ ਵਿਸ਼ੇ ਬਾਰੇ ਲਿਖ ਰਹੀਆਂ ਹਨ। ਸੂਚੀ 'ਚ ਬ੍ਰਿਟਿਸ਼ ਪਾਕਿਸਤਾਨੀ ਨਾਵਲਕਾਰ ਕਾਮਿਲਾ ਸ਼ਮਸੀ, ਨਿਕੋਲਾ ਬਾਰਕਰ, ਐਲਿਫ ਬਾਟੂਮੈਨ, ਜੋਆਨਾ ਕੈਨਨ, ਚਾਰਮੀਨ ਕਰੇਗ, ਜੈਨਿਫਰ ਇਗਨ ਅਤੇ ਇਮੋਜਨ ਹਰਮਜ਼ ਗੋਆਰ ਦੇ ਨਾਮ ਵੀ ਸ਼ਾਮਲ ਹਨ।

## ਪੰਜਾਬਣ ਨੇ ਗੱਡਿਆ ਨਿਊਜ਼ੀਲੈਂਡ 'ਚ ਝੰਡਾ

**ਆਕਲੈਂਡ:** 20 ਸਾਲ ਪਹਿਲਾਂ ਆਸਟਰੇਲੀਆ ਆਈ ਮਨਦੀਪ ਕੌਰ ਨਿਊਜ਼ੀਲੈਂਡ ਦੇ ਵੇਸਮੇਟਾ ਜਿਲ੍ਹੇ ਵਿਚ ਨਸਲੀ ਪੀਪਲਜ਼ ਕਮਿਊਨਿਟੀ ਰਿਲੇਸ਼ਨਜ਼ ਅਫਸਰ ਬਣਨ ਵਿਚ ਸਫਲ ਹੋਈ ਹੈ। ਆਸਟਰੇਲੀਆ ਵਿਚ ਥੋੜ੍ਹੇ ਸਮਾਂ ਰਹਿਣ ਤੋਂ ਬਾਅਦ ਉਹ ਟੈਕਸੀ ਡਰਾਈਵਰ ਵਜੋਂ ਵੀ ਕੰਮ ਕਰਦੀ ਰਹੀ ਹੈ।



ਮਨਦੀਪ ਕੌਰ ਨੇ ਆਪਣੇ ਬੱਚਿਆਂ ਤੋਂ ਕੁਝ ਸਾਲ ਦੂਰ ਬਿਤਾਏ ਹਨ ਪਰ ਅਖੀਰ ਉਸ ਨੇ ਭਾਰਤੀ ਅਦਾਲਤਾਂ ਰਾਹੀਂ ਆਪਣੇ ਬੱਚਿਆਂ ਨੂੰ ਨਿਊਜ਼ੀਲੈਂਡ ਲਿਆਉਣ ਦਾ ਹੱਕ ਜਿੱਤ ਲਿਆ। ਮਨਦੀਪ ਦੀ ਕਹਾਣੀ ਇਕ ਜੀਵਨ ਭਰ ਯਾਤਰਾ ਹੈ ਜੋ ਪ੍ਰੇਰਣਾ ਨਾਲ ਭਰਪੂਰ ਹੈ।

ਉਸ ਨੇ ਕਿਹਾ ਹੈ ਕਿ ਅਗਲੇ ਦੋ ਸਾਲਾਂ ਲਈ ਉਚ ਅਫਸਰ ਬਣਨ ਲਈ ਤਿਆਰ ਹੈ। ਉਸ ਨੇ ਕਿਹਾ ਕਿ ਇਹ ਸਭ ਕੁਝ ਔਖਾ ਸੀ ਪਰ ਖੁਸ਼ੀ ਹੈ ਕਿ ਇਹ ਪੂਰਾ ਹੋ ਚੁੱਕਾ ਹੈ ਤੇ ਉਸ ਨੇ ਸਿਰੜ ਤੇ ਮਿਹਨਤ ਨਾਲ ਕੀਤਾ ਹੈ।

## ਨਾਟੋ ਕਮਾਂਡਰ ਨੇ ਖੋਲ੍ਹੀ ਪਾਕਿਸਤਾਨ ਦੀ ਪੋਲ


**ਵਾਸ਼ਿੰਗਟਨ:** ਨਾਟੋ ਕਮਾਂਡਰ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਵੱਲੋਂ ਹੱਕਾਨੀ ਨੈੱਟਵਰਕ ਨੂੰ ਹਮਾਇਤ ਮਿਲਦੀ ਆ ਰਹੀ ਹੈ। ਇਸ ਕਰ ਕੇ ਇਹ ਦਹਿਸ਼ਤਗਰਦ ਜਥੇਬੰਦੀ ਅਫਗਾਨਿਸਤਾਨ ਵਿਚ ਲਗਾਤਾਰ ਹਮਲੇ ਕਰ ਰਹੀ ਹੈ। ਨਾਟੋ ਮਿਲਟਰੀ ਕਮੇਟੀ ਦੇ ਚੇਅਰਮੈਨ ਜਨਰਲ ਪੈਟਰ ਪਾਵੇਲ ਨੇ ਕਿਹਾ ਹੈ ਕਿ ਇਸ ਵੇਲੇ ਹੱਕਾਨੀ ਨੈੱਟਵਰਕ ਦੀ ਤਾਲਿਬਾਨ ਵਿਚ ਦੂਜੀ ਪੁਜ਼ੀਸ਼ਨ ਬਣ ਗਈ ਹੈ।



ਉਨ੍ਹਾਂ ਡਿਫੈਂਸ ਰਾਈਟਰਜ਼ ਗਰੁੱਪ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਅਜੇ ਵੀ ਦੇਖ ਰਹੇ ਹਾਂ ਕਿ ਹੱਕਾਨੀ ਨੈੱਟਵਰਕ ਨੂੰ ਕਾਫੀ ਇਮਦਾਦ ਮਿਲ ਰਹੀ ਹੈ, ਖਾਸ ਕਰ ਕੇ ਸੁਰੱਖਿਅਤ ਪਨਾਹਗਾਹ ਦੇ ਰੂਪ ਵਿਚ।" ਜਨਰਲ ਪਾਵੇਲ ਨੇ ਕਿਹਾ ਕਿ ਅਫਗਾਨਿਸਤਾਨ ਵਿਚ ਹਾਲੀਆ ਕੁਝ ਮਹੀਨਿਆਂ ਵਿਚ ਹੱਕਾਨੀ ਨੈੱਟਵਰਕ ਨੇ ਕਈ ਹਮਲੇ ਕੀਤੇ ਹਨ। ਜਨਰਲ ਪਾਵੇਲ ਜੂਨ 2015 ਤੋਂ ਨਾਟੋ ਮਿਲਟਰੀ ਕਮੇਟੀ ਦੇ ਚੇਅਰਮੈਨ ਚਲੇ ਆ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਫਗਾਨ ਅਮਨ ਵਾਰਤਾ ਵਿਚ ਪਾਕਿਸਤਾਨ ਦੀ ਅਹਿਮ ਭੂਮਿਕਾ ਹੈ।

# ਬੁੱਤ-ਤੋੜੂ ਧਮੱਚੜ ਪ੍ਰਤੀ ਭਾਜਪਾ ਦਾ ਸਿਆਸੀ ਹੇਜ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਤ੍ਰਿਪੁਰਾ ਵਿਚ ਖੱਬੇ ਪੱਖੀ ਹਾਰ ਗਏ। ਪੰਝੀ ਸਾਲਾਂ ਦੇ ਉਨ੍ਹਾਂ ਦੇ ਰਾਜ ਦਾ ਅੰਤ ਹੋ ਗਿਆ। ਇਸ ਨਾਲ ਫਰਕ ਪੈਂਦਾ ਜ਼ਰੂਰ ਹੈ, ਪਰ ਜਿੰਦਾਂ ਦੇ ਫਰਕ ਦਾ ਪ੍ਰਚਾਰ ਕੀਤਾ ਗਿਆ ਹੈ, ਓਦਾਂ ਦੀ ਗੱਲ ਨਹੀਂ। ਵਿਰੋਧੀ ਕਹਿ ਰਹੇ ਹਨ ਕਿ ਉਥੇ ਖੱਬੇ ਪੱਖੀਆਂ ਦੀ ਹਾਰ ਦਾ ਅਰਥ ਉਨ੍ਹਾਂ ਦੇ ਸਿਧਾਂਤ ਦੀ ਹਾਰ ਹੈ। ਬਹੁਤ ਫਜ਼ੂਲ ਗੱਲ ਹੈ।

ਪੁਰਾਣੇ ਟਰਾਵਨਕੋਰ ਨੂੰ ਤੋੜ ਕੇ ਨਵੇਂ 1957 ਵਿਚ ਬਣੇ ਕੇਰਲਾ ਰਾਜ ਵਿਚ ਪਹਿਲੀ ਵਾਰੀ 114 ਮੈਂਬਰੀ ਵਿਧਾਨ ਸਭਾ ਦੀ ਚੋਣ ਹੋਈ ਸੀ। ਕੇਂਦਰ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵਰਗਾ ਪ੍ਰਧਾਨ ਮੰਤਰੀ ਹੁੰਦਿਆਂ ਵੀ ਕਮਿਊਨਿਸਟ 114 ਵਿਚੋਂ 60 ਸੀਟਾਂ ਜਿੱਤ ਗਏ ਸਨ। ਸਵਾ ਦੋ ਸਾਲਾਂ ਬਾਅਦ ਕੇਂਦਰ ਨੇ ਉਹ ਸਰਕਾਰ ਤੋੜ ਦਿੱਤੀ ਤੇ ਅਗਲੇ ਸਾਲਾਂ ਵਿਚ ਖੱਬੇ ਪੱਖੀ ਲਹਿਰ ਵਿਚ ਦੁਫਾੜ ਦੇ ਬਾਅਦ ਕਾਂਗਰਸ ਬੜੀ ਆਸਵੰਦ ਸੀ ਕਿ ਹੁਣ ਕਦੇ ਨਹੀਂ ਉਠ ਸਕਣਗੇ। ਅਗਲੀਆਂ ਦੋ ਚੋਣਾਂ ਵਿਚ ਕਮਿਊਨਿਸਟ ਮੁੱਖ ਵਿਰੋਧੀ ਧਿਰ ਰਹਿ ਕੇ ਤੀਸਰੀ 1967 ਵਾਲੀ ਚੋਣ ਵਿਚ ਫਿਰ 133 ਮੈਂਬਰੀ ਵਿਧਾਨ ਸਭਾ ਵਿਚ 71 ਸੀਟਾਂ ਜਿੱਤਣ ਵਿਚ ਸਫਲ ਰਹੇ ਸਨ, ਜਿਨ੍ਹਾਂ ਵਿਚੋਂ 52 ਸੀਟਾਂ ਵੱਖਰੀ ਬਣਾਈ ਗਈ ਸੀ. ਪੀ. ਆਈ. (ਐਮ) ਕੋਲ ਸਨ। ਇੱਕ ਹੋਰ ਚੋਣ ਵਿਚ ਦੋਹਾਂ ਥਾਂਈਂ ਪਾਟੇ ਹੋਏ ਵੀ ਕਮਿਊਨਿਸਟ ਚੋਣ ਲੜੇ ਤਾਂ ਜਿਸ ਗੱਠਜੋੜ ਦੀ ਸਰਕਾਰ ਬਣੀ, ਉਸ ਦੀ ਅਗਵਾਈ ਸੀ. ਪੀ. ਆਈ. ਕੋਲ ਸੀ ਤੇ ਅਗਲੀ ਵਾਰੀ ਫਿਰ ਹਾਕਮ ਗੱਠਜੋੜ ਦੀ ਅਗਵਾਈ ਸੀ. ਪੀ. ਆਈ. ਕੋਲ ਰਹਿ ਗਈ, ਪਰ ਉਸ ਤੋਂ ਅਗਲੀ ਚੋਣ ਵਿਚ ਗੱਠਜੋੜ ਸਰਕਾਰ ਦੀ ਅਗਵਾਈ ਸੀ. ਪੀ. ਆਈ. (ਐਮ) ਦੇ ਹੱਥ ਆਈ ਸੀ, ਕਿਸੇ ਹੋਰ ਦੇ ਨਹੀਂ। ਉਦੋਂ ਪਿੱਛੋਂ ਉਸ ਰਾਜ ਵਿਚ ਕਦੀ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਅਤੇ ਕਦੇ ਖੱਬੇ ਪੱਖੀ ਰਾਜ ਕਰਦੇ ਰਹੇ, ਪਰ ਚੋਣਾਂ 'ਚ ਹੋਈ ਹਾਰ ਨਾਲ ਸਿਧਾਂਤ ਦੀ ਹਾਰ ਵਾਲੀ ਗੱਲ ਉਸ ਰਾਜ ਦੇ ਰਾਜਸੀ ਤਜਰਬੇ ਨਾਲ ਰੱਦ ਹੋ ਚੁਕੀ ਹੈ।

ਜਿਸ ਗੱਲ ਨੇ ਹਰ ਕਿਸੇ ਦਾ ਵੱਧ ਧਿਆਨ ਖਿੱਚਿਆ, ਉਹ ਤ੍ਰਿਪੁਰਾ ਵਿਚ ਖੱਬੇ ਪੱਖੀਆਂ ਦੀ ਹਾਰ ਨਹੀਂ, ਭਾਜਪਾ ਦੇ ਸਮਰਥਕਾਂ ਵੱਲੋਂ ਪਾਇਆ ਗਿਆ ਧਮੱਚੜ ਸੀ। ਹਾਲੇ ਚੋਣ ਨਤੀਜਾ ਆਇਆ ਹੀ ਸੀ, ਨਵੀਂ ਸਰਕਾਰ ਨੇ ਸਹੁੰ ਵੀ ਨਹੀਂ ਸੀ ਚੁੱਕੀ ਕਿ ਭਾਜਪਾ ਸਮਰਥਕਾਂ ਨੇ ਇੱਕ ਬੁਲਡੋਜ਼ਰ ਵਾਲੇ ਸ਼ਰਾਬੀ ਬੰਦੇ ਨੂੰ ਵਲਾਦੀਮੀਰ ਲੈਨਿਨ ਦਾ ਬੁੱਤ ਤੋੜਨ ਲਈ ਵਰਤ ਲਿਆ। ਕੇਂਦਰ ਦੇ ਮੰਤਰੀਆਂ ਤੱਕ ਨੇ ਇੱਕ ਜਾਂ ਦੂਸਰੇ ਢੰਗ ਨਾਲ ਇਸ ਕਾਰੇ ਨੂੰ ਜਾਇਜ਼ ਠਹਿਰਾਇਆ। ਉਹ ਇਹ ਵੀ ਕਹਿਣ ਲੱਗ ਪਏ ਕਿ ਜਦੋਂ ਭਾਰਤ ਵਿਚ ਮਹਾਤਮਾ ਗਾਂਧੀ ਤੇ ਭਗਤ ਸਿੰਘ ਵਰਗੀਆਂ ਸ਼ਖਸੀਅਤਾਂ ਹੋਈਆਂ ਹਨ ਤਾਂ ਕਿਸੇ ਵਿਦੇਸ਼ੀ ਦਾ ਬੁੱਤ ਲਾਉਣ ਦੀ ਲੋੜ ਹੀ ਨਹੀਂ। ਇਹ ਦਲੀਲ ਇਸ ਲਈ ਨਕਾਰਾ ਹੈ ਕਿ ਜੇ ਇਥੇ ਵਿਦੇਸ਼ੀ ਬੇਲੋੜੇ ਹੋ ਜਾਂਦੇ ਹਨ ਤਾਂ ਇਹੋ ਗੱਲ ਲੰਡਨ, ਮਾਸਕੋ, ਜੋਹਾਨਸਬਰਗ ਅਤੇ ਹੋਰ ਦੇਸ਼ਾਂ ਵਿਚ ਲੱਗੇ ਮਹਾਤਮਾ ਗਾਂਧੀ ਤੇ ਹੋਰ ਭਾਰਤੀ ਲੀਡਰਾਂ ਦੇ ਬੁੱਤਾਂ ਬਾਰੇ ਵੀ ਕੋਈ ਕਹਿ ਦੇਵੇਗਾ।



ਲੈਨਿਨ ਦਾ ਤੋੜਿਆ ਹੋਇਆ ਬੁੱਤ

ਨਰਿੰਦਰ ਮੋਦੀ ਸਰਕਾਰ ਦੇ ਮੰਤਰੀਆਂ ਨੇ ਪਿਛਲੇ ਚਾਰ ਸਾਲਾਂ ਵਿਚ ਕਈ ਦੇਸ਼ਾਂ ਵਿਚ ਜਾ ਕੇ ਇਹੋ ਜਿਹੇ ਭਾਰਤੀ ਆਗੂਆਂ ਦੇ ਬੁੱਤਾਂ ਤੋਂ ਪਰਦਾ ਚੁੱਕਿਆ ਹੋਇਆ ਹੈ। ਰਾਮਦੇਵ ਬਾਹਰਲੇ ਦੇਸ਼ਾਂ ਵਿਚ ਆਪਣੀਆਂ ਦਵਾਈਆਂ ਵੇਚਣ ਉਤੇ ਮਾਣ ਮਹਿਸੂਸ ਕਰਦਾ ਤੇ ਵਿਦੇਸ਼ੀ ਦਵਾਈਆਂ ਦੀ ਭਾਰਤ ਵਿਚ ਵਰਤੋਂ ਵਿਰੁਧ ਪ੍ਰਚਾਰ ਕਰਦਾ ਹੈ। ਇਹੋ ਕੰਮ ਭਾਜਪਾ ਦੇ ਲੀਡਰ ਇਨ੍ਹਾਂ ਬੁੱਤਾਂ ਦੇ ਮਾਮਲੇ ਵਿਚ ਕਰ ਰਹੇ ਹਨ। ਜਦੋਂ ਇਸ ਧਮੱਚੜ ਮਗਰੋਂ ਕੋਲਕਾਤਾ ਵਿਚ ਸ਼ਿਆਮਾ ਪ੍ਰਸਾਦ ਮੁਕਰਜੀ ਦੀ ਮੂਰਤੀ ਤੋੜੀ ਗਈ ਤਾਂ ਕੇਂਦਰ ਵਿਚੋਂ ਕਿਹਾ ਜਾਣ ਲੱਗਾ ਕਿ ਮੂਰਤੀਆਂ ਤੇ ਬੁੱਤ ਤੋੜਨੇ ਗਲਤ ਹਨ ਅਤੇ ਆਰ. ਐਸ. ਐਸ. ਨੇ ਵੀ ਬੁੱਤ-ਤੋੜੂ ਮੁਹਿੰਮ ਦਾ ਵਿਰੋਧ ਕਰ ਦਿੱਤਾ। ਪਹਿਲਾਂ ਉਨ੍ਹਾਂ ਦੇ ਕੁਝ ਆਗੂ ਅਜਿਹੇ ਕਾਰਿਆਂ ਨੂੰ ਲੋਕਾਂ ਦਾ 'ਸੁਭਾਵਕ ਪ੍ਰਤੀਕਰਮ' ਕਹਿ ਕੇ ਜਾਇਜ਼ ਠਹਿਰਾ ਰਹੇ ਸਨ।

ਕੁਝ ਬੁੱਤ ਤੋੜ ਦਿੱਤੇ ਗਏ, ਇਹ ਪਹਿਲੀ ਵਾਰ ਨਹੀਂ ਹੋਇਆ। ਇਸ ਨਾਲ ਖੱਬੇ ਪੱਖੀ ਲੋਕਾਂ ਨੂੰ ਵੱਡਾ ਮਾਨਸਿਕ ਸਦਮਾ ਨਹੀਂ ਲੱਗਣਾ, ਕਿਉਂਕਿ ਉਹ ਪਹਿਲਾਂ ਰੂਸ ਵਿਚ ਵੀ ਲੈਨਿਨ ਦੇ ਬੁੱਤ ਟੁੱਟੇ ਵੇਖ ਚੁਕੇ ਹਨ। ਸੋਚਣ ਦਾ ਮੁੱਦਾ ਇਹ ਬਿਲਕੁਲ ਨਹੀਂ ਕਿ ਬੁੱਤ ਤੋੜ ਦਿੱਤੇ ਗਏ, ਸਗੋਂ ਇਹ ਹੈ ਕਿ ਇਸ ਬੁੱਤ ਤੋੜਨ ਦੀ ਕਾਰਵਾਈ ਪਿੱਛੇ ਮਾਨਸਿਕਤਾ ਕਿਹੜੀ ਕੰਮ ਕਰਦੀ ਹੈ? ਪਹਿਲੀ ਨਜ਼ਰੇ ਇਹ ਮੱਧ-ਯੁੱਗ ਵਾਲੀ ਮਾਨਸਿਕਤਾ ਹੈ। ਮੱਧ ਯੁੱਗ ਵਿਚ ਜਦੋਂ ਜੰਗਾਂ ਹੁੰਦੀਆਂ ਸਨ, ਉਸ ਵਕਤ ਜਿੱਤਣ ਵਾਲੀ ਧਿਰ ਨਾਲ ਜੁੜੇ ਲੋਕ ਏਦਾਂ ਦਾ ਖੌਰੂ ਪਾਇਆ ਕਰਦੇ ਸਨ ਕਿ ਮਾਰ ਹੇਠ ਆਏ ਪਿੰਡਾਂ ਤੇ ਸ਼ਹਿਰਾਂ ਨੂੰ ਲੁੱਟ ਲੈਣਾ ਤੇ ਸਾਹਮਣੇ ਆਏ ਹਰ ਵਿਅਕਤੀ ਨੂੰ ਮਾਰ ਕੇ ਅਤੇ ਲਿਤਾੜ ਕੇ ਲੰਘ ਜਾਣਾ ਜਾਇਜ਼ ਮੰਨਿਆ ਜਾਂਦਾ ਸੀ।

ਹੁਣ ਇਹ ਮਾਨਸਿਕਤਾ ਇਸ ਲਈ ਸਿਰ ਚੁੱਕ ਰਹੀ ਹੈ ਕਿ ਚੋਣਾਂ ਹੁਣ ਚੋਣਾਂ ਨਹੀਂ ਰਹਿ ਗਈਆਂ, ਜੰਗਾਂ ਦਾ ਰੂਪ ਧਾਰਨ ਲੱਗ ਪਈਆਂ ਹਨ। ਅਸੀਂ ਲਗਭਗ ਹਰ ਚੋਣ ਵਿਚ ਇਹ ਸੁਣਦੇ ਹਾਂ ਕਿ ਕਾਂਗਰਸ ਦੇ 'ਵਾਰ-ਰੂਮ' ਦਾ ਜ਼ਿੰਮਾ ਫਲਾਣੇ ਬੰਦੇ ਨੂੰ ਦਿੱਤਾ ਜਾ ਰਿਹਾ ਹੈ ਤੇ ਭਾਜਪਾ ਦੇ 'ਵਾਰ-ਰੂਮ' ਦਾ ਜ਼ਿੰਮਾ ਫਲਾਣਾ ਆਗੂ ਸੰਭਾਲਦਾ ਹੈ। ਲੋਕਤੰਤਰ ਦੀ ਸਹਿਜ ਪ੍ਰਕ੍ਰਿਆ ਨੂੰ ਚੋਣ-ਜੰਗ ਦੀ ਥਾਂ ਇੱਕ ਸੱਚਮੁੱਚ ਦੀ ਜੰਗ ਵਰਗੇ ਮਾਹੌਲ ਵਿਚ ਪੁਚਾ ਦਿੱਤਾ ਜਾਂਦਾ ਹੈ। ਹੇਠਲੇ ਵਰਕਰ ਤੇ ਸਮਰਥਕ ਇਸ 'ਚੋਣ-ਜੰਗ' ਵਿਚ ਸਮਰਥਕ ਨਾ ਰਹਿ ਕੇ ਉਸ ਪਾਰਟੀ ਦੇ ਜੰਗੀ ਪਿਆਦੇ ਬਣੇ ਦਿਖਾਈ ਦੇਣ ਲੱਗਦੇ ਹਨ ਤੇ ਜੋ ਧਿਰ ਜਿੱਤਣ ਵਿਚ ਸਫਲ ਹੋ ਜਾਂਦੀ ਹੈ, ਉਸ ਦੇ ਇਹ 'ਚੋਣ-ਜੰਗ' ਵਾਲੇ ਪਿਆਦੇ ਮੱਧ-ਯੁੱਗੀ ਜੰਗਾਂ ਵਿਚ ਜੇਤੂ ਧਿਰ ਦੇ ਧਾੜਵੀ ਸਿਪਾਹੀਆਂ ਵਾਂਗ ਹਾਰੀ ਹੋਈ ਧਿਰ ਨਾਲ ਹਰ ਧੱਕਾ ਕਰਨਾ ਜਾਇਜ਼ ਮੰਨਣ ਲੱਗਦੇ ਹਨ। ਲੋਕਤੰਤਰ ਜਿਹੜੇ ਦੇਸ਼ਾਂ ਵਿਚੋਂ ਵਿਕਸਿਆ ਅਤੇ ਫਿਰ ਭਾਰਤ ਤੱਕ ਪਹੁੰਚਿਆ ਹੈ, ਉਨ੍ਹਾਂ 'ਚੋਂ ਕਿਸੇ ਦੇਸ਼ ਵਿਚ ਏਦਾਂ ਨਹੀਂ ਹੁੰਦਾ।

ਰਹਿ ਗਿਆ ਸਵਾਲ ਬੁੱਤਾਂ ਦੀ ਬੇਇੱਜ਼ਤੀ ਦਾ, ਇਹ ਕਿਸੇ ਵੀ ਵਿਚਾਰਧਾਰਾ ਦੇ ਕਿਸੇ ਵੀ ਲੀਡਰ ਦੇ ਹੋਣ, ਚੌਰਾਹੇ ਵਿਚ ਲੱਗੇ ਹੋਣ ਕਰ ਕੇ ਭੀੜ-ਤੰਤਰ ਤੋਂ ਇਨ੍ਹਾਂ ਨੂੰ ਆਮ ਹਾਲਾਤ ਵਿਚ ਬਚਾਉਣਾ ਮੁਸ਼ਕਿਲ ਹੈ। ਕਿਉਂਕਿ ਭਾਰਤੀ ਭੀੜ-ਤੰਤਰ ਇਸ ਵਕਤ ਲੋਕਤੰਤਰ ਉਤੇ ਭਾਰੂ ਹੋਇਆ ਪਿਆ ਹੈ, ਇਸ ਲਈ ਇਹ ਗੱਲ ਸੋਚਣੀ ਵੀ ਫਜ਼ੂਲ ਹੈ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਿਰਪੱਖ ਹੋਣਗੀਆਂ। ਉਹ ਮੌਕੇ ਦੇ ਹੁਕਮਰਾਨਾਂ ਦੀ ਅੱਖ ਦਾ ਇਸ਼ਾਰਾ ਸਮਝ ਕੇ ਚੱਲਣ ਦੀਆਂ ਆਦੀ ਹੋ ਚੁਕੀਆਂ ਹਨ, ਨਿਰਪੱਖ ਹੋਣ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ।

ਇਸ ਹਾਲਤ ਵਿਚ ਸਿਰਫ ਇਹੋ ਕੀਤਾ ਜਾ ਸਕਦਾ ਹੈ ਕਿ ਜਨਤਕ ਥਾਂਵਾਂ, ਚੌਕਾਂ ਆਦਿ ਵਿਚ ਬੁੱਤ ਲਾਉਣ ਦੀ ਥਾਂ ਸਿਰਫ ਉਥੇ ਹੀ ਲਾਏ ਜਾਣ, ਜਿੱਥੇ ਕੋਈ ਉਨ੍ਹਾਂ ਬੁੱਤਾਂ ਦੀ ਸੰਭਾਲ ਤੇ ਸੁਰੱਖਿਆ ਕਰ ਸਕਦਾ ਹੋਵੇ। ਬੁੱਤਾਂ ਦੀ ਰਾਖੀ ਦੀ ਥਾਂ ਬੁੱਤ ਲਾਉਣ ਦੀ ਨੀਤੀ ਜਦੋਂ ਤੱਕ ਬਦਲੀ ਤੇ ਸੋਧੀ ਨਹੀਂ ਜਾਂਦੀ, ਉਦੋਂ ਤੱਕ ਭੀੜਤੰਤਰ ਨੂੰ ਇਹ ਬੁੱਤ ਭੁਗਤਦੇ ਰਹਿਣਗੇ। ਕਦੀ ਗਾਂਧੀ ਦੀ ਲਾਠੀ ਤੋੜੀ ਜਾਂਦੀ ਰਹੇਗੀ, ਕਦੀ ਭਗਤ ਸਿੰਘ ਦੇ ਹੱਥ ਵਿਚ ਫੜ੍ਹਿਆ ਪਿਸਤੌਲ ਭੰਨਿਆ ਜਾਂਦਾ ਰਹੇਗਾ ਤੇ ਕਦੀ ਡਾ. ਅੰਬੇਡਕਰ, ਪੈਰੀਆਰ ਜਾਂ ਲੈਨਿਨ ਜਾਂ ਕਿਸੇ ਹੋਰ ਦਾ ਬੁੱਤ ਤੋੜਿਆ ਜਾਂਦਾ ਰਹੇਗਾ।

# ਸੰਵਿਧਾਨ ਬਚਾਓ, ਦੇਸ਼ ਬਚਾਓ

ਭਾਰਤ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕ ਰਾਜ ਮੰਨਿਆ ਜਾਂਦਾ ਹੈ। ਭਾਰਤੀ ਸੰਵਿਧਾਨ ਜਮਹੂਰੀਅਤ ਦੀ ਗਾਰੰਟੀ ਦਿੰਦਾ ਹੈ ਅਤੇ ਇਸ ਦੀ ਆਤਮਾ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਮਾਈ ਹੋਈ ਹੈ ਜੋ ਬਰਤਾਨਵੀ ਸਾਮਰਾਜ ਦੇ ਖਿਲਾਫ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਦੇਸ਼ ਭਗਤਾਂ ਦੀਆਂ ਇੱਛਾਵਾਂ, ਭਾਵਨਾਵਾਂ ਅਤੇ ਖਾਹਿਸ਼ਾਂ ਦਾ ਪ੍ਰਤੱਖ ਅਕਸ ਹੈ। ਅਣਗਿਣਤ ਤਸੀਹੇ ਝੱਲ ਕੇ ਆਜ਼ਾਦੀ ਘੁਲਾਟੀਆਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ। ਡਾ. ਭੀਮਾ ਰਾਓ ਅੰਬੇਡਕਰ ਦੀ ਅਗਵਾਈ ਵਿਚ ਸੰਵਿਧਾਨ ਘੜਨੀ ਸਭਾ ਬਣਾਈ ਗਈ, ਜਿਸ ਨੇ ਖਰੜਾ ਤਿਆਰ ਕਰਕੇ ਸੰਵਿਧਾਨ ਸਭਾ ਵਿਚ ਪੇਸ਼ ਕੀਤਾ, ਜਿਸ ਨੂੰ ਤਿੱਖੇ ਵਿਚਾਰ-ਵਟਾਂਦਰੇ ਪਿੱਛੋਂ ਪਾਸ ਕੀਤਾ ਗਿਆ।




ਡਾ. ਕਮਲਜੀਤ ਸਿੰਘ ਟਿੱਬਾ
ਫੋਨ: 91-98554-70128


ਸੰਵਿਧਾਨ ਨੂੰ ਤਿਆਰ ਕਰਨ ਲਈ 2 ਸਾਲ, 11 ਮਹੀਨੇ, 18 ਦਿਨ ਲੱਗੇ। 24 ਜਨਵਰੀ 1950 ਨੂੰ ਹੋਈ ਸੰਵਿਧਾਨ ਸਬੰਧੀ ਆਖਰੀ ਮੀਟਿੰਗ ਵਿਚ ਡਾ. ਅੰਬੇਡਕਰ ਨੇ ਚਿਤਾਵਨੀ ਭਰੇ ਸ਼ਬਦਾਂ ਵਿਚ ਕਿਹਾ, "ਜੇ ਸਿਆਸੀ ਦਲ ਆਪਣੇ ਮੱਤ ਨੂੰ ਸੰਵਿਧਾਨ ਤੋਂ ਉਪਰ ਰੱਖਣਗੇ ਤਾਂ ਸਾਡੀ ਆਜ਼ਾਦੀ ਖਤਰੇ ਵਿਚ ਪੈ ਜਾਵੇਗੀ। ਇਹ ਸਦਾ ਲਈ ਵੀ ਖੁੱਸ ਸਕਦੀ ਹੈ।" ਇਸੇ ਮੀਟਿੰਗ ਵਿਚ ਸੰਵਿਧਾਨ ਸਭਾ ਦੇ ਮੁਖੀ ਡਾ. ਰਾਜਿੰਦਰ ਪ੍ਰਸ਼ਾਦ ਨੇ ਵੀ ਖਬਰਦਾਰ ਕੀਤਾ ਸੀ ਕਿ ਕੇਵਲ ਚੁਣੇ ਹੋਏ ਇਮਾਨਦਾਰ ਲੋਕ ਹੀ ਭਾਰਤੀ ਸੰਵਿਧਾਨ ਦਾ ਠੀਕ ਸੰਚਾਲਨ ਕਰ ਸਕਦੇ ਹਨ। ਸੰਵਿਧਾਨ ਦੀ ਅਗਵਾਈ ਵਿਚ ਭਾਰਤ ਦੇ ਭਵਿੱਖ ਸਬੰਧੀ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤ ਦੀਆਂ ਅਤੇ ਵਿਸ਼ਵ ਦੀਆਂ ਸਮੱਸਿਆਵਾਂ ਦਾ ਹੱਲ ਸਮਾਜਵਾਦ ਹੀ ਹੋਵੇਗਾ।

ਭਾਰਤੀ ਸੰਵਿਧਾਨ ਦਾ ਨਿਚੋੜ ਇਸ ਦੀ ਪ੍ਰਸਤਾਵਨਾ 'ਚ ਦਰਜ ਹੈ। ਇਸ ਵਿਚ ਭਾਰਤ ਨੂੰ ਪ੍ਰਭੂਸੱਤਾ ਸੰਪੰਨ, ਧਰਮ ਨਿਰਪੱਖ, ਸਮਾਜਵਾਦੀ ਜਮਹੂਰੀ ਗਣਰਾਜ ਕਿਹਾ ਗਿਆ ਹੈ। ਬਰਾਬਰੀ, ਨਿਆਂ ਅਤੇ ਅਖੰਡਤਾ ਇਸ ਦੇ ਆਧਾਰ ਹਨ। ਇਹ ਭਾਰਤੀ ਬੌਧਿਕਤਾ, ਭਾਵਨਾਤਮਕਤਾ ਤੇ ਪਰੰਪਰਾਵਾਂ ਦਾ ਗੌਰਵਸ਼ੀਲ ਪ੍ਰਤੀਫਲ ਹੈ। ਅਸਲ ਵਿਚ ਸੰਵਿਧਾਨ ਦੇਸ਼ ਦਾ ਸਰਬਉਚ ਕਾਨੂੰਨ ਹੈ।

ਮੌਜੂਦਾ ਹਕੂਮਤ ਨੇ ਸੰਵੇਦਨਸ਼ੀਲ ਨਾਗਰਿਕਾਂ ਨੂੰ ਡੂੰਘੇ ਫਿਕਰਾਂ ਵਿਚ ਪਾ ਦਿੱਤਾ ਹੈ। ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੇ ਰਾਖਵੇਂਕਰਨ ਨੂੰ ਮੁੜ ਵਿਚਾਰੇ ਜਾਣ ਬਾਰੇ ਬਿਆਨ ਨੇ ਡਰਾ ਹੀ ਦਿੱਤਾ ਹੈ। ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਸੰਵਿਧਾਨ ਵਿਚ ਧਰਮ ਨਿਰਪੱਖ ਸ਼ਬਦ ਨੂੰ ਹਟਾਏ ਜਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਭਾਜਪਾ ਤਾਂ ਸੰਵਿਧਾਨ ਬਦਲਣ ਲਈ ਹੀ ਸੱਤਾ ਵਿਚ ਆਈ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਪ੍ਰਵੀਨ ਤੋਗੜੀਆ ਦਾ ਬਿਆਨ ਹੈ ਕਿ ਹਿੰਦੂਆਂ ਨੂੰ ਲਾਜ਼ਮੀ ਤੌਰ 'ਤੇ ਲੋਕਤੰਤਰੀ ਢੰਗ ਨਾਲ ਆਪਣੀ ਸੁਰੱਖਿਆ ਲਈ ਦੇਸ਼ ਦੀ ਸੱਤਾ 'ਤੇ ਕਬਜ਼ਾ ਕਰਨਾ ਚਾਹੀਦਾ ਹੈ। ਮੁੱਖ ਮੰਤਰੀ, ਮੰਤਰੀ, ਕੁਲੈਕਟਰ, ਜ਼ਿਲਾ ਜੱਜ ਆਦਿ ਸਾਰੇ ਹਿੰਦੂ ਹੀ ਹੋਣੇ ਚਾਹੀਦੇ ਹਨ। ਸੰਸਦ ਮੈਂਬਰ ਸਾਕਸ਼ੀ ਮਹਾਰਾਜ ਅਤੇ ਭਾਜਪਾ ਸਮੇਤ ਸੰਘ ਦੇ ਆਗੂਆਂ ਦੇ ਬਿਆਨਾਂ ਤੋਂ ਹੁਣ ਭਾਜਪਾ ਦੇ ਲੁਕਵੇਂ ਏਜੰਡੇ ਬੱਦਲਾਂ ਹੇਠ ਆਏ ਸੂਰਜ ਦੀਆਂ ਕੰਨੀਆਂ 'ਤੇ ਪ੍ਰਤੱਖ ਹੋ ਰਹੀਆਂ ਲਿਸ਼ਕਾਂ ਦੀ ਤਰ੍ਹਾਂ ਵੇਖੇ ਜਾ ਸਕਦੇ ਹਨ। ਬੁੱਧੀਮਾਨ ਅੰਦਾਜ਼ਾ ਲਾ ਰਹੇ ਹਨ ਕਿ ਭਾਜਪਾ ਸੰਵਿਧਾਨ ਦੀ ਪ੍ਰਸਤਾਵਨਾ ਵਿਚੋਂ ਧਰਮ ਨਿਰਪੱਖ ਤੇ ਸਮਾਜਵਾਦ ਦੇ ਸ਼ਬਦ ਹਟਾ ਕੇ ਇਨ੍ਹਾਂ ਦੀ ਥਾਂ 'ਹਿੰਦੂ ਰਾਸ਼ਟਰ' ਪਾ ਸਕਦੀ ਹੈ। ਇਹ ਅਤਿਅੰਤ ਖਤਰਨਾਕ ਘਟਨਾ ਹੋਵੇਗੀ। ਇਹ ਸੰਵਿਧਾਨ ਪੱਖੀ ਜਮਹੂਰੀਅਤ ਪਸੰਦ ਤੇ ਸਮਾਨਤਾ ਚਾਹੁੰਦੇ ਭਾਰਤੀਆਂ ਲਈ ਇੱਕ ਖੁੱਲ੍ਹਾ ਚੈਲੰਜ ਵੀ ਹੋਵੇਗਾ। ਬਾਮਸੇਫ ਦੇ ਚਿੰਤਕਾਂ ਅਨੁਸਾਰ ਇਹ ਸਿਰਫ ਸੰਵਿਧਾਨ ਨੂੰ ਬਦਲਣ ਦੀ ਪ੍ਰਕ੍ਰਿਆ ਤੱਕ ਹੀ ਸੀਮਤ ਨਹੀਂ ਸਗੋਂ ਸੰਵਿਧਾਨ ਦੇ ਮਨੂੰ ਸਿਮ੍ਰਿਤੀ ਵਿਚ ਤਬਦੀਲ ਹੋਣ ਲਈ ਰਾਹ ਪੱਧਰਾ ਹੋ ਰਿਹਾ ਹੈ ਜੋ ਅਣਕਿਆਸੀ ਸਮਾਜਕ ਉਥਲ-ਪੁਥਲ ਨੂੰ ਜਨਮ ਦੇਵੇਗਾ।

ਭਾਰਤ ਦੀਆਂ ਉਚੀਆਂ ਜਾਤੀਆਂ ਭਾਰਤ ਦੀ ਦੌਲਤ ਉਤੇ ਕਬਜ਼ਾ ਕਰੀ ਬੈਠੀਆਂ ਹਨ। ਭਾਰਤ ਦੇ ਦਲਿਤ, ਪਛੜੇ ਅਤੇ ਆਦਿ-ਵਾਸੀ ਲਗਾਤਾਰ ਸੰਪਤੀ ਤੋਂ ਵਿਰਵੇ ਹੋ ਰਹੇ ਹਨ। ਦੇਸ਼ ਦੇ ਸ਼ਾਸਨ ਤੇ ਪ੍ਰਸ਼ਾਸਨ ਵਿਚ ਵੀ ਉਚੀਆਂ ਜਾਤੀਆਂ ਕੇਂਦਰੀ ਅਤੇ ਫੈਸਲਾਕੁਨ ਸਥਾਨਾਂ 'ਤੇ ਬੈਠੀਆਂ ਹਨ। ਇਹ ਸਭ ਦੇਸ਼ ਵਿਚ ਅਸ਼ਾਂਤੀ, ਅਰਾਜਕਤਾ ਤੇ ਨਿਰਾਸ਼ਾ ਨੂੰ ਜਨਮ ਦੇ ਸਕਦਾ ਹੈ। ਇਸ ਦੇ ਬਿਲਕੁਲ ਨਾਲ ਨਾਲ ਪੀੜਤ ਲੋਕਾਈ ਵਿਚ ਉਤਪੰਨ ਹੋ ਰਹੀ ਜਾਗ੍ਰਿਤੀ ਤੇ ਵਿਕਸਿਤ ਆਮ ਸੂਝ ਸਮਝ ਸਾਡੇ ਸਭਨਾਂ ਲਈ ਆਸ਼ਾ ਦੀ ਕਿਰਨ ਹੈ। ਕੱਟੜ ਹਿੰਦੁਤਵ ਦੇ ਖਤਰੇ ਨਾਲ ਨਜਿੱਠਣ ਲਈ ਪੀੜਤ ਲੋਕਾਈ ਦੇ ਖਾੜਕੂ ਨੌਜਵਾਨ ਪਹਾੜੀ ਨਦੀ ਦੀ ਤਰ੍ਹਾਂ ਛੱਲਾਂ ਮਾਰਦੇ ਉਭਰ ਰਹੇ ਜਾਪਦੇ ਹਨ। ਕਨ੍ਹੱਈਆ ਕੁਮਾਰ, ਜਿਗਨੇਸ਼ ਮੇਵਾਣੀ, ਹਾਰਦਿਕ ਪਟੇਲ, ਚੰਦਰ ਸ਼ੇਖਰ ਰਾਵਣ, ਅਖਿਲੇਸ਼ ਠਾਕੁਰ, ਉਮਰ ਖਾਲਿਦ, ਸਾਹਿਲਾ ਰਸੀਦ ਆਦਿ ਅਤਿਅੰਤ ਜੋਸ਼, ਉਤਸ਼ਾਹ ਤੇ ਸਮਝ ਨਾਲ ਭਾਰਤ ਦੀ ਮੁਕਤੀ ਲਈ ਸੰਘਰਸ਼ਸ਼ੀਲ ਹਨ।



ਡਾ. ਅੰਬੇਡਕਰ

ਰਾਜਸਥਾਨ ਦੀ ਹਾਈਕੋਰਟ ਦੀ ਇਮਾਰਤ ਉਤੇ ਤਿਰੰਗੇ ਦੇ ਬਰਾਬਰ ਭਗਵਾਂ ਝੰਡਾ ਲਹਿਰਾਉਣਾ, ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੋਡਸੇ ਦੇ ਮੰਦਿਰ ਦੇ ਨੀਂਹ ਪੱਥਰ 'ਤੇ ਉਕਰੇ 'ਜੈ ਹਿੰਦੂ ਰਾਸ਼ਟਰ' ਦੇ ਅੱਖਰ ਆਦਿ ਭਾਜਪਾਈਆਂ ਦੇ ਬੁਰੇ ਇਰਾਦਿਆਂ ਦਾ ਇਜ਼ਹਾਰ ਹਨ।

ਕੱਟੜ ਹਿੰਦੂਵਾਦੀ ਫਿਰਕਾਪ੍ਰਸਤੀ ਦਾ ਖਤਰਾ ਲਗਾਤਾਰ ਵੱਧ ਰਿਹਾ ਹੈ। ਭਾਰਤ ਦੀ ਪੁਰਾਤਨ ਸੰਸਕ੍ਰਿਤੀ ਗੰਗਾ-ਜਮੁਨਾ ਦੀ ਸਾਂਝੀ ਤਹਿਜ਼ੀਬ ਦਾ ਮੋਹ ਲੈਣ ਵਾਲਾ ਅੰਗ ਹੈ, ਪਰ ਕੱਟੜ ਹਿੰਦੂਵਾਦੀ ਫਿਰਕਾਪ੍ਰਸਤ ਇਸ ਰੰਗੋਲੀ ਨੂੰ ਮਧੋਲ ਕੇ ਅਨੇਕਤਾ ਵਿਚ ਏਕਤਾ ਨੂੰ ਸਦਾ ਸਦਾ ਲਈ ਨਸ਼ਟ ਕਰਨ ਦੇ ਰਉਂ ਵਿਚ ਹਨ ਜਿਨ੍ਹਾਂ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਕੌਮੀ ਇਕਜੁੱਟਤਾ ਭਾਰਤ ਦੀ ਤਾਕਤ ਵੀ ਹੈ ਤੇ ਪਛਾਣ ਵੀ।

ਕੇਂਦਰੀ ਸਰਕਾਰ ਵੱਲੋਂ ਕੌਮਾਂਤਰੀ ਕਾਰਪੋਰੇਸ਼ਨਾਂ ਨੂੰ ਦੇਸ਼ ਵਿਚ ਕਾਰੋਬਾਰ ਕਰਨ ਦੀ ਆਗਿਆ ਦੇ ਕੇ ਭਾਰਤ ਦੀ ਪ੍ਰਭੂਸੱਤਾ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਹਿੰਦੂ ਧਰਮ ਦੇ ਕੱਟੜ ਰੂਪ ਨੂੰ ਪ੍ਰਮੁੱਖਤਾ ਦੇਣ ਲਈ ਬਾਕੀ ਧਰਮਾਂ ਨੂੰ ਨਕਾਰਿਆ ਜਾਣ ਲੱਗਾ ਹੈ। ਪਬਲਿਕ ਸੈਕਟਰ ਨੂੰ ਪਛਾੜ ਕੇ ਨਿਜੀ ਖੇਤਰ ਨੂੰ ਉਭਾਰਿਆ ਜਾਣਾ ਪੂੰਜੀਵਾਦ ਨੂੰ ਤਕੜਿਆਂ ਕਰਦਾ ਹੈ, ਜੋ ਆਰਥਕ ਨਾ-ਬਰਾਬਰੀ ਨੂੰ ਵਧਾਉਂਦਾ ਹੈ ਜੋ ਭਾਰਤ ਦੀ ਸਥਿਰਤਾ ਲਈ ਖਤਰਾ ਸਾਬਤ ਹੋ ਸਕਦੀ ਹੈ।

ਗੈਰ ਜਿੰਮੇਵਾਰ ਨੇਤਾਵਾਂ ਦੇ ਬਿਆਨਾਂ ਨਾਲ ਡਾ. ਰਾਜਿੰਦਰ ਪ੍ਰਸ਼ਾਦ ਦਾ 'ਡਰ' ਸੱਚ ਬਣਦਾ ਨਜ਼ਰ ਆ ਰਿਹਾ ਹੈ ਅਤੇ ਕੱਟੜ ਹਿੰਦੂ ਫਿਰਕਾਪ੍ਰਸਤੀ ਦਾ ਦਾਨਵ ਮੂੰਹ ਅੱਡੀ ਖੜ੍ਹਾ ਹੈ। ਅਸਲ ਵਿਚ ਭਾਜਪਾ ਜੋ ਵਾਅਦੇ ਕਰਕੇ ਸੱਤਾ ਵਿਚ ਆਈ ਸੀ, ਉਹ ਪੂਰੇ ਨਹੀਂ ਕਰ ਸਕੀ। ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ, 15-15 ਲੱਖ ਰੁਪਏ ਹਰ ਨਾਗਰਿਕ ਦੇ ਖਾਤੇ ਵਿਚ ਪਾਉਣਾ, ਵਿਦੇਸ਼ੀ ਬੈਂਕਾਂ ਵਿਚ ਪਿਆ ਸਾਰਾ ਕਾਲਾ ਧਨ ਵਾਪਸ ਲਿਆਉਣਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨਾ ਆਦਿ ਵਾਅਦੇ ਧਰੇ ਧਰਾਏ ਰਹਿ ਗਏ ਹਨ।

ਨੋਟਬੰਦੀ ਤੇ ਜੀ. ਐਸ. ਟੀ. ਨੇ ਲੋਕਾਂ ਦੇ ਰੋਸ ਨੂੰ ਰੋਹ ਵਿਚ ਬਦਲਣਾ ਸ਼ੁਰੂ ਕਰ ਦਿੱਤਾ ਹੈ। ਸਹਾਰਨਪੁਰ, ਊਨਾ ਅਤੇ ਭੀਮਾ ਕੋਰੇਗਾਓਂ ਦੀਆਂ ਘਟਨਾਵਾਂ ਨੇ ਅਥਾਹ ਬੇਚੈਨੀ ਨੂੰ ਜਨਮ ਦਿੱਤਾ ਹੈ। ਓਕਸ ਫੈਮ ਇੰਡੀਆ ਦੀ ਤਾਜ਼ਾ ਰਿਪੋਰਟ ਨੇ ਵਧ ਰਹੀ ਆਰਥਕ ਨਾ-ਬਰਾਬਰੀ ਨੂੰ ਦਿਖਾ ਕੇ ਦੇਸ਼ ਦੀ ਆਰਥਕ ਸਥਿਤੀ ਦੇ ਕੋਹਜ ਨੂੰ ਨੰਗਾ ਕਰ ਦਿੱਤਾ ਹੈ। ਭਾਰਤ ਵਿਚ ਪਹਿਲਾਂ 17 ਅਰਬਪਤੀ ਸਨ, ਹੁਣ 101 ਹੋ ਗਏ ਹਨ। ਨਿਜੀ ਸੰਪਤੀ ਵਿਚ ਹੋ ਰਿਹਾ ਵਾਧਾ ਪਬਲਿਕ ਸੈਕਟਰ ਦੇ ਭੋਗ ਪੈਣ ਦਾ ਕਾਰਨ ਬਣ ਰਿਹਾ ਹੈ। ਰਾਜਨੀਤਕ ਲੋਕਤੰਤਰ ਸਮਾਜਕ ਲੋਕਤੰਤਰ ਅਤੇ ਆਰਥਕ ਲੋਕਤੰਤਰ ਤੋਂ ਬਿਨਾ ਬਚ ਨਹੀਂ ਸਕੇਗਾ। ਲੋਕਤੰਤਰ ਸ਼ਾਸਨ ਅਤੇ ਪ੍ਰਸ਼ਾਸਨ ਦੇ ਹਰ ਅੰਗ ਵਿਚ ਮੌਜੂਦ ਰਹਿਣਾ ਚਾਹੀਦਾ ਹੈ।

ਸਿਆਸਤ, ਆਰਥਕਤਾ ਤੇ ਸੱਭਿਆਚਾਰ ਦੇ ਹਰ ਅੰਗ 'ਚ ਸਭ ਸਮਾਜਕ ਵਰਗਾਂ ਦੀ ਸਰਗਰਮ ਭਾਗੀਦਾਰੀ ਹੋਣਾ ਹੀ ਅਸਲੀ ਲੋਕ ਰਾਜ ਹੈ। ਲੋਕ ਰਾਜ ਨੂੰ ਸਿਰਫ ਚੋਣਾਂ ਤੱਕ ਸੀਮਤ ਕਰਕੇ ਸ਼ਾਸਕਾਂ ਨੇ ਇਸ ਦਾ ਗਲਾ ਘੁੱਟਿਆ ਹੈ। ਸਮਾਨਤਾ, ਨਿਆਂ ਤੇ ਭਾਈਚਾਰਾ ਭਾਰਤ ਦੇਸ਼ ਦੀ ਬੁਨਿਆਦ ਹੈ, ਜੋ ਖੋਖਲੀ ਹੋ ਰਹੀ ਹੈ। ਸੰਵਿਧਾਨ ਨੂੰ ਬਚਾਉਣ ਤੇ ਲੋਕ ਰਾਜ ਨੂੰ ਬਣਾਈ ਰੱਖਣ ਲਈ ਉਨੀਆਂ ਸਦੀਆਂ ਤੋਂ ਦਬਾਈਆਂ ਜਾਤਾਂ ਅਤੇ ਜਮਾਤਾਂ ਦੀਆਂ ਲਹਿਰਾਂ ਦਾ ਸੂਖਮ ਪ੍ਰਭਾਵ ਗੁਜਰਾਤ ਵਿਧਾਨ ਸਭਾ ਚੋਣਾਂ ਤੇ ਰਾਜਸਥਾਨ ਦੀਆਂ ਜ਼ਿਮਨੀ ਚੋਣਾਂ 'ਤੇ ਪ੍ਰਤੱਖ ਦੇਖਿਆ ਜਾ ਸਕਦਾ ਹੈ ਜਿਸ ਨੂੰ ਸਿਆਸੀ ਭਾਸ਼ਾ 'ਚ 'ਕੱਟੜ ਹਿੰਦੂਵਾਦੀ ਫਿਰਕਾਪ੍ਰਸਤਾਂ ਦੇ ਵੱਜਿਆ ਸਿਆਸੀ ਘਸੁੰਨ' ਕਿਹਾ ਜਾ ਸਕਦਾ ਹੈ। ਜਾਗ੍ਰਿਤ ਲੋਕਾਂ ਦੀਆਂ ਇਹ ਲਹਿਰਾਂ ਕੱਟੜ ਹਿੰਦੂਵਾਦੀ ਫਿਰਕਾਪ੍ਰਸਤੀ ਦਾ ਜ਼ਰੂਰ ਮੂੰਹ ਮੋੜਨਗੀਆਂ, ਇਹ ਮੇਰਾ ਯਕੀਨ ਹੈ।


## ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਲੌਰਸ, ਕੈਨਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

*ਰਿਹਾਇਸ਼ ਤੇ ਖਾਣਾ ਫਰੀ; ਚੰਗੀ ਤਨਖਾਹ*

ਫੋਨ:316-305-1818, 918-576-1899

10-13

ਪੰਜਾਬ ਟਾਈਮਜ਼

*ਸਨਿਚਰਵਾਰ, 17 ਮਾਰਚ 2018*

# ਕੈਪਟਨ ਦਾ ਇਕ ਵਰ੍ਹਾ

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਬਣੀ ਨੂੰ ਇਕ ਵਰ੍ਹਾ ਬੀਤ ਗਿਆ ਹੈ। ਇਸ ਇਕ ਵਰ੍ਹੇ ਦੌਰਾਨ ਇਹ ਸਰਕਾਰ ਜੀਅ ਭਰ ਕੇ ਉਡਾਣ ਭਰਨ ਵਿਚ ਅਸਫਲ ਰਹੀ ਹੈ। ਇਸ ਸਰਕਾਰ ਦੀ ਕਾਇਮੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਗਠਜੋੜ ਸਰਕਾਰ ਦੇ ਦਸ ਸਾਲ ਦੇ ਰਾਜ ਤੋਂ ਬਾਅਦ ਹੋਈ ਸੀ। ਪੁਰਾਣੀ ਸਰਕਾਰ ਦੇ ਕੰਮ ਢੰਗ ਤੋਂ ਸੂਬੇ ਦੇ ਲੋਕਾਂ ਅੰਦਰ ਬਹੁਤ ਰੋਸ ਤੇ ਰੋਹ ਸੀ। ਇਸ ਰੋਹ ਤੇ ਰੋਸ ਕਾਰਨ ਹੀ ਨਵੀਂ ਸਰਕਾਰ ਲਈ ਰਾਹ ਖੁੱਲ੍ਹਿਆ ਸੀ ਅਤੇ ਅਕਾਲੀ ਦਲ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਲਈ ਵੀ ਜਿੱਤ ਵੱਕਾਰ ਦਾ ਮਸਲਾ ਬਣੀ ਹੋਈ ਸੀ। ਪਿਛਲੀਆਂ ਚੋਣਾਂ ਵਿਚ ਵੀ ਉਹ ਜਿੱਤਦੇ ਜਿੱਤਦੇ ਹਾਰ ਗਏ ਸਨ ਅਤੇ 2017 ਵਾਲੀਆਂ ਚੋਣਾਂ ਉਨ੍ਹਾਂ ਲਈ ਇਕ ਲਿਹਾਜ਼ ਲਈ ਆਖਰੀ ਮੌਕਾ ਸੀ। ਲੋਕਾਂ ਨਾਲ ਵਾਅਦੇ ਕਰਦਿਆਂ ਉਨ੍ਹਾਂ ਸਿਆਸੀ ਜਲਸਿਆਂ ਵਿਚ ਇਹ ਕਿਹਾ ਵੀ ਸੀ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੋਵੇਗੀ। ਇਸੇ ਹੀ ਕਾਰਨ ਉਨ੍ਹਾਂ ਲੋਕਾਂ ਨਾਲ ਵਾਅਦੇ ਕਰਦਿਆਂ ਕੋਈ ਕੰਜੂਸੀ ਨਹੀਂ ਵਰਤੀ। ਸੂਬੇ ਵਿਚ ਆਮ ਆਦਮੀ ਪਾਰਟੀ ਵਲੋਂ ਮਜ਼ਬੂਤ ਤੀਜੀ ਧਿਰ ਵਜੋਂ ਉਭਰਨ ਕਾਰਨ ਮੁਕਾਬਲਾ ਵੀ ਬਹੁਤ ਦਿਲਚਸਪ ਹੋ ਗਿਆ ਸੀ, ਪਰ ਜਿੱਤ ਤੋਂ ਬਾਅਦ ਨਾ ਕੈਪਟਨ ਅਤੇ ਨਾ ਹੀ ਉਨ੍ਹਾਂ ਦੀ ਸਰਕਾਰ ਲੋਕਾਂ ਦੀਆਂ ਆਸਾਂ ਉਤੇ ਪੂਰੀ ਉਤਰ ਸਕੀ ਹੈ। ਜ਼ਾਹਰ ਹੈ ਕਿ ਸੂਬੇ ਵਿਚ ਨਵੀਂ ਸਰਕਾਰ ਭਾਵੇਂ ਕਾਇਮ ਹੋ ਗਈ ਸੀ, ਪਰ ਸਿਸਟਮ ਵਿਚ ਕੋਈ ਖਾਸ ਤਬਦੀਲੀ ਨਹੀਂ ਹੋਈ। ਹੋਰ ਤਾਂ ਹੋਰ, ਪਹਿਲੇ ਛੇ ਮਹੀਨੇ ਤਾਂ ਸੂਬੇ ਵਿਚ ਤਾਇਨਾਤ ਅਫਸਰਸ਼ਾਹੀ ਨੇ ਹੀ ਸਰਕਾਰ ਅਤੇ ਸਰਕਾਰ ਚਲਾ ਰਹੇ ਆਗੂਆਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਰਹਿੰਦੀ-ਖੂੰਹਦੀ ਕਸਰ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਸ਼ਾਹੀ ਠਾਠ ਨੇ ਕੱਢ ਦਿੱਤੀ।

ਉਂਜ, ਸਰਕਾਰ ਦੇ ਪ੍ਰਸੰਗ ਵਿਚ ਇਕ ਮਸਲਾ ਇਹ ਵੀ ਵਿਚਾਰਨ ਵਾਲਾ ਹੈ ਕਿ ਸਰਕਾਰ ਦੇ ਇਕ ਸਾਲ ਦੇ ਨਾਲ ਨਾਲ ਵਿਰੋਧੀ ਧਿਰ ਲਈ ਵੀ ਤਾਂ ਇਕ ਸਾਲ ਹੋ ਹੋਇਆ ਹੈ। ਇਸ ਸਮੇਂ ਦੌਰਾਨ ਵਿਰੋਧੀ ਧਿਰ ਦੀ ਭੂਮਿਕਾ ਕੀ ਰਹੀ ਹੈ? ਇਸ ਅਹਿਮ ਸਵਾਲ ਦਾ ਜਵਾਬ ਵੀ ਕੋਈ ਤਸੱਲੀਬਖਸ਼ ਨਹੀਂ। ਐਤਕੀਂ ਮੁੱਖ ਵਿਰੋਧੀ ਧਿਰ ਵਾਲਾ ਮਾਣ ਆਮ ਆਦਮੀ ਪਾਰਟੀ ਨੂੰ ਮਿਲਿਆ ਸੀ, ਪਰ ਇਹ ਪਾਰਟੀ ਕੋਈ ਬੱਝਵਾਂ ਪ੍ਰਭਾਵ ਦੇਣ ਵਿਚ ਅਸਫਲ ਰਹੀ ਹੈ। ਦਰਅਸਲ, ਆਪਣੇ ਅੰਦਰੂਨੀ ਕਲੇਸ਼ ਕਾਰਨ ਹੀ ਇਸ ਧਿਰ ਨੇ ਸੂਬੇ ਅੰਦਰ ਖੁੱਲ੍ਹ ਕੇ ਵਿਚਰਨ ਦਾ ਮੌਕਾ ਗੁਆ ਲਿਆ। ਇਸ ਪਾਰਟੀ ਅਤੇ ਇਸ ਦੇ ਆਗੂਆਂ ਤੋਂ ਸੂਬੇ ਦੇ ਲੋਕਾਂ ਨੇ ਬਹੁਤ ਆਸਾਂ ਲਾਈਆਂ ਸਨ। ਲੋਕਾਂ ਨੂੰ ਜਾਪਿਆ ਸੀ ਕਿ ਇਹ ਪਾਰਟੀ ਰਵਾਇਤੀ ਪਾਰਟੀਆਂ ਦਾ ਕਾਮਯਾਬ ਬਦਲ ਹੋ ਸਕਦੀ ਹੈ। ਵਿਧਾਨ ਸਭਾ ਚੋਣਾਂ ਵਿਚ ਇਸ ਨੂੰ ਸਰਕਾਰ ਬਣਾਉਣ ਜੋਗੀ ਜਿੱਤ ਹਾਸਲ ਨਹੀਂ ਹੋਈ, ਇਹ ਵੱਖਰਾ ਮਸਲਾ ਹੈ; ਪਰ ਲੋਕਾਂ ਦੀ ਆਸ ਮੁਤਾਬਕ ਸਿਆਸੀ ਪਹਿਲਕਦਮੀ ਤਾਂ ਕੀਤੀ ਹੀ ਜਾਣੀ ਚਾਹੀਦੀ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਆਪਣੀ ਗੁਆਚੀ ਸਾਖ ਦੀ ਬਹਾਲੀ ਲਈ ਹੱਥ-ਪੈਰ ਮਾਰ ਰਿਹਾ ਹੈ, ਪਰ ਅਜੇ ਤੱਕ ਲੋਕਾਂ ਦਾ ਰੋਹ ਤੇ ਰੋਸ ਜਾਪਦਾ ਹੈ, ਢੈਲਾ ਨਹੀਂ ਪਿਆ ਹੈ। ਇਹ ਪਾਰਟੀ ਆਪਣੇ ਸੰਗਠਨ ਦੇ ਸਿਰ ਉਤੇ ਮੁੜ ਪੈਰ ਲਾਉਣ ਲਈ ਤਤਪਰ ਹੈ। ਸਪਸ਼ਟ ਹੈ ਕਿ ਇਨ੍ਹਾਂ ਸਾਰੀਆਂ ਧਿਰਾਂ ਦੀ ਨਾਕਾਮੀ ਕਾਰਨ, ਚੋਣਾਂ ਦੌਰਾਨ ਤਬਦੀਲੀ ਦੀ ਤਾਂਘ ਰੱਖਣ ਵਾਲੇ ਸੂਬੇ ਦੇ ਲੋਕ ਅੱਜ ਵੀ ਉਥੇ ਦੇ ਉਥੇ ਖੜ੍ਹੇ ਹਨ। ਅਸਲ ਵਿਚ, ਪੰਜਾਬ ਇਸ ਵੇਲੇ ਜਿਸ ਬਹੁ-ਪਰਤੀ ਸੰਕਟ ਵਿਚੋਂ ਲੰਘ ਰਿਹਾ ਹੈ, ਸਾਡੇ ਸਿਆਸੀ ਆਗੂ ਉਸ ਬਾਰੇ ਉਤਨੀ ਸੰਜੀਦਗੀ ਨਾਲ ਵਿਚਾਰਾਂ ਨਹੀਂ ਕਰ ਰਹੇ। ਹਰ ਪਾਰਟੀ ਨੂੰ ਪੰਜਾਬ ਦੀ ਥਾਂ ਆਪਣੀ ਪਾਰਟੀ ਬਾਰੇ ਵੱਧ ਫਿਕਰ ਹੈ। ਇਹ ਫਿਕਰ ਆਪਾ-ਧਾਪੀ ਵਿਚ ਬਦਲ ਰਿਹਾ ਜਾਪਦਾ ਹੈ।

ਹੁਣ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਆ ਰਿਹਾ ਹੈ ਤਾਂ ਸਰਕਾਰੀ ਧਿਰ ਵੀ ਅਤੇ ਵਿਰੋਧੀ ਧਿਰ ਵੀ ਆਪੋ-ਆਪਣੇ ਔਜ਼ਾਰ ਤਿੱਖੇ ਕਰ ਰਹੀਆਂ ਹਨ। ਇਸ ਸਬੰਧੀ ਪਹਿਲ ਆਮ ਆਦਮੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਨੇ ਕੀਤੀ ਹੈ। ਉਨ੍ਹਾਂ ਵਿਧਾਨ ਸਭਾ ਦੇ ਸਪੀਕਰ ਨੂੰ 11 ਛਾਟਵੇਂ ਮੁੱਦਿਆਂ ਬਾਰੇ ਚਰਚਾ ਕਰਨ ਲਈ ਖਤ ਲਿਖਿਆ ਹੈ। ਆਪਣੇ ਖਤ ਵਿਚ ਉਨ੍ਹਾਂ ਬੇਨਤੀ ਕੀਤੀ ਹੈ ਕਿ ਇੰਨੇ ਅਹਿਮ ਮੁੱਦਿਆਂ ਬਾਰੇ ਵਿਚਾਰ-ਵਟਾਂਦਰੇ ਲਈ 20 ਮਾਰਚ ਤੋਂ ਅੱਠ ਦਿਨਾਂ ਲਈ ਚੱਲਣ ਵਾਲਾ ਵਿਧਾਨ ਸਭਾ ਸੈਸ਼ਨ ਬਹੁਤ ਛੋਟਾ ਹੈ, ਇਸ ਲਈ ਇਕ ਹੋਰ ਹਫਤੇ ਲਈ ਸੈਸ਼ਨ ਦੀ ਮਿਆਦ ਵਧਾਈ ਜਾਵੇ। ਖਤ ਵਿਚ ਸ਼ਾਮਲ ਕੀਤੇ ਮੁੱਦਿਆਂ ਵਿਚ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦਿਆਂ, ਸੂਬੇ ਦੀ ਆਰਥਕ ਹਾਲਤ, ਕਿਸਾਨਾਂ ਲਈ ਕਰਜ਼ਾ ਮੁਆਫੀ, ਬੇਰੁਜ਼ਗਾਰੀ, ਮਾਫੀਆ ਰਾਜ ਦਾ ਖਾਤਮਾ, ਸਿਹਤ ਤੇ ਸਿੱਖਿਆ ਦੇ ਮਸਲੇ, ਪਰਵਾਸੀ ਭਾਰਤੀਆਂ ਦੀ ਨਾਰਾਜ਼ਗੀ, ਕੁਦਰਤੀ ਸੋਮਿਆਂ ਦੀ ਰੱਖਿਆ, ਛੋਟੇ ਕਸਬਿਆਂ ਵਿਚ ਕੰਮ ਕਰਦੇ ਪੱਤਰਕਾਰਾਂ ਦੇ ਮਸਲੇ ਆਦਿ ਸ਼ਾਮਲ ਹਨ। ਅਜੇ ਵੀ ਸਰਕਾਰ ਕੋਲ ਪੂਰੇ ਚਾਰ ਵਰ੍ਹੇ ਹਨ ਅਤੇ ਇੰਨਾ ਹੀ ਸਮਾਂ ਵਿਰੋਧੀ ਧਿਰ ਕੋਲ ਹੈ। ਹੁਣ ਹਰ ਖੇਤਰ ਵਿਚ ਪਛਾੜ ਖਾ ਰਹੇ ਪੰਜਾਬ ਅਤੇ ਇਸ ਨੂੰ ਦਰਪੇਸ਼ ਮਸਲਿਆਂ ਬਾਰੇ ਸੋਚਣ ਦਾ ਵੇਲਾ ਹੈ। ਇਸ ਸਬੰਧ ਵਿਚ ਸੂਬੇ ਦੇ ਬੁੱਧੀਜੀਵੀਆਂ ਬਾਰੇ ਉਚੇਚੀ ਗੱਲ ਕਰਨੀ ਬਣਦੀ ਹੈ। ਪੰਜਾਬ ਚਿਰਾਂ ਤੋਂ ਬੌਧਿਕ ਕੰਗਾਲੀ ਹੰਢਾ ਰਿਹਾ ਹੈ। ਇਸ ਕਰ ਕੇ ਕੋਈ ਨਵਾਂ ਵਿਚਾਰ ਸਾਹਮਣੇ ਨਹੀਂ ਆ ਰਿਹਾ, ਇਸੇ ਕਰ ਕੇ ਹੀ ਪੰਜਾਬ ਦੇ ਪੱਲੇ ਪਈ ਖੜੋਤ ਨਹੀਂ ਟੁੱਟ ਰਹੀ ਹੈ। ਇਸ ਲਈ ਸਿਆਸੀ ਨਿਘਾਰ ਦੇ ਇਸ ਦੌਰ ਵਿਚ ਬੁੱਧੀਜੀਵੀਆਂ ਨੂੰ ਲੋਕਾਂ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਸੂਬੇ ਦੇ ਮਸਲਿਆਂ ਨੂੰ ਲੋਕਾਂ ਦੀ ਕਚਹਿਰੀ ਵਿਚ ਲੈ ਕੇ ਜਾਣਾ ਚਾਹੀਦਾ ਹੈ। ਲੋਕਾਂ ਦੀ ਚੇਤਨਾ ਹੀ ਖੜੋਤ ਨੂੰ ਭੰਨ੍ਹਣ ਵਾਲਾ ਕਾਰਜ ਕਰ ਸਕਦੀ ਹੈ। ਸਿਆਸੀ ਆਗੂਆਂ ਨੂੰ ਲੋਕਾਂ ਨੇ ਬਥੇਰਾ ਪਰਖ ਲਿਆ ਹੈ। ਹੁਣ ਲੋਕ ਚੇਤਨਾ ਦਾ ਦੀਪ ਬਾਲਿਆ ਜਾਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੰਦ ਚਾੜ੍ਹੇ ਮੱਤ ਦਾਨ!*

ਈ. ਵੀ. ਐਮ. 'ਤੇ ਲੋਕਾਂ ਨੂੰ ਸ਼ੱਕ ਭਾਰੀ, ਬੈਲਟ ਪੇਪਰ ਹੀ ਕਰਦੇ ਨੇ ਮੰਗ ਯਾਰੋ।
ਫਿਰ ਵੀ ਸੁਣੇ ਸਰਕਾਰ ਨਾ ਗੱਲ ਕੋਈ, ਤਾਨਾਸ਼ਾਹਾਂ ਦੇ ਵਾਂਗ ਅੜਬੰਗ ਯਾਰੋ।
ਟੰਗਾਂ ਤੋੜੀਆਂ ਸੈਕੂਲਰ ਸੋਚ ਦੀਆਂ, ਲੋਕ-ਰਾਜ ਹੁਣ ਮਾਰਦਾ ਲੰਗ ਯਾਰੋ।
ਰੰਗਾਂ ਬਾਕੀ ਦੇ ਸੱਜਿਆਂ-ਖੱਬਿਆਂ ਦਾ, ਭਗਵੇਂ ਕੀਤਾ ਐ ਕਾਫੀਆ ਤੰਗ ਯਾਰੋ।
ਪੰਡ ਬੰਨ੍ਹ ਕੇ ਲਾਰਿਆਂ-ਲੱਪਿਆਂ ਦੀ, ਜੁਮਲੇ ਬੋਲ ਕੇ ਲੋਕਾਂ ਨੂੰ ਠੱਗਦੇ ਨੇ।
'ਮੱਤ ਦਾਨ' ਨੇ ਚੰਦ ਕੀ ਚਾੜ੍ਹ ਦੇਣਾ, ਜਿੱਥੇ 'ਮੱਤ' ਹੀ 'ਸੇਲ' 'ਤੇ ਲੱਗਦੇ ਨੇ।

# ਪੰਜਾਬ ਦੇ ਅਰਥਚਾਰੇ ਦੀ ਨਵ-ਉਸਾਰੀ ਦਾ ਵੇਲਾ

***ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਬਣੀ ਨੂੰ ਇਕ ਸਾਲ ਬੀਤ ਗਿਆ ਹੈ, ਪਰ ਅਜੇ ਤੱਕ ਇਸ ਸਰਕਾਰ ਦੇ ਪੈਰ ਵੀ ਨਹੀਂ ਲੱਗੇ ਹਨ। ਪਿਛਲੀ ਸਰਕਾਰ ਵੇਲੇ ਵੀ ਆਮ ਲੋਕਾਂ ਦੇ ਹੱਥ-ਪੱਲੇ ਕੁਝ ਨਹੀਂ ਸੀ ਆਇਆ। ਅਸਲ ਵਿਚ ਹਰ ਧਿਰ ਦੇ ਆਗੂ ਪੰਜਾਬ ਦੀ ਥਾਂ ਆਪਣੀ ਪਾਰਟੀ ਨੂੰ ਤਰਜੀਹ ਦਿੰਦੇ ਰਹੇ ਹਨ ਜਿਸ ਕਾਰਨ ਵਿਕਾਸ ਦਾ ਰਾਹ ਡੱਕਿਆ ਗਿਆ ਹੈ। ਇਸ ਬਾਰੇ ਚਰਚਾ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਨਿਰਮਲ ਸੰਧੂ**

ਪੰਜਾਬ ਦੇ ਬਜਟ ਦਾ ਵੇਲਾ ਆਣ ਪੁੱਜਿਆ ਹੈ ਅਤੇ ਹੁਣ ਪੰਜਾਬ ਦੇ ਪੁਰਾਣੇ ਨਿਹਚਿਆਂ ਦੇ ਰੂ-ਬ-ਰੂ ਹੋਣ, ਤੇ ਡੁੱਬ ਰਹੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਸੰਜੀਦਾ ਯਤਨ ਕਰਨ ਦਾ ਵਕਤ ਵੀ ਹੈ। ਪੁਰਾਣੀਆਂ ਬੱਜਰ ਗ਼ਲਤੀਆਂ ਤੇ ਉਕਾਈਆਂ ਬਾਰੇ ਸਿਆਸੀ ਰੌਲਾ ਪਾਉਂਦੇ ਰਹਿਣ ਲਈ ਇਕ ਸਾਲ ਦਾ ਸਮਾਂ ਬਹੁਤ ਹੁੰਦਾ ਹੈ। ਹੁਣ ਇਨ੍ਹਾਂ ਗ਼ਲਤੀਆਂ ਨੂੰ ਦਰੁਸਤ ਕਰਨ ਦਾ ਵਕਤ ਹੈ। ਹੁਣ ਪਹਿਲਾਂ ਵਰਗਾ ਆਮ ਜਿਹਾ ਬਜਟ ਪੇਸ਼ ਕਰ ਕੇ ਨਹੀਂ ਸਰਨਾ।

ਪੰਜਾਬ ਦੇ ਲੀਡਰ ਇਮਦਾਦ ਲਈ ਕੇਂਦਰ ਦਾ ਦਰਵਾਜ਼ਾ ਲਗਾਤਾਰ ਖੜਕਾਉਂਦੇ ਆ ਰਹੇ ਹਨ। ਸਾਰਾ ਕਸੂਰ ਕੇਂਦਰ ਸਿਰ ਮੜ੍ਹਨਾ ਸਭ ਤੋਂ ਸੁਖਾਲਾ ਕੰਮ ਹੈ। ਪ੍ਰਕਾਸ਼ ਸਿੰਘ ਬਾਦਲ ਕਿੰਨੇ ਸਾਲਾਂ ਤੋਂ ਅਜਿਹਾ ਕਰ ਰਹੇ ਹਨ ਅਤੇ ਸੂਬੇ ਵਿਚ ਲੱਕ-ਤੋੜਵੀਂ ਹਾਰ ਤੋਂ ਪਹਿਲਾਂ, ਉਹ ਹਰ ਵਾਰ "ਕੇਂਦਰੀ ਪੱਖਪਾਤ" ਵਾਲਾ ਨੁਕਤਾ ਉਭਾਰ ਕੇ ਸਿਆਸੀ ਲਾਹਾ ਲੈਂਦੇ ਰਹੇ ਹਨ। ਹਾਰਨ ਤੋਂ ਪਹਿਲਾਂ ਉਨ੍ਹਾਂ ਨੇ ਕੇਂਦਰ ਦੀਆਂ ਹੀ ਸ਼ਰਤਾਂ ਉਤੇ ਸੂਬੇ ਸਿਰ 31 ਹਜ਼ਾਰ ਕਰੋੜ ਰੁਪਏ ਦੇ ਨਾਵਾਜਬ ਕਰਜ਼ੇ ਦਾ ਭਾਰ ਲੱਦ ਦਿੱਤਾ।

ਕੇਂਦਰੀ ਖ਼ੈਰਾਤ ਹੁਣ ਸੰਭਵ ਨਹੀਂ ਜਾਪਦੀ, ਕਿਉਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਪੰਜਾਬ ਕਿਤੇ ਸੂਤ ਨਹੀਂ ਬੈਠਦਾ। ਨੀਤੀ ਆਯੋਗ ਦੇ ਨੁਮਾਇੰਦੇ ਡਾਕਟਰ ਰਾਜੀਵ ਕੁਮਾਰ ਨੇ ਆਪਣੇ ਹਾਲੀਆ ਚੰਡੀਗੜ੍ਹ ਦੌਰੇ ਦੌਰਾਨ ਦਿੱਲੀ ਦਾ ਦੋ-ਟੁੱਕ ਸੁਨੇਹਾ ਸ਼ਰ੍ਹੇਆਮ ਦੁਹਰਾਇਆ: "ਫੰਡ ਮੰਗਣੇ ਬੰਦ ਕਰੋ। ਮੁਲਕ ਦੀ ਅਨਾਜ ਸੁਰੱਖਿਆ ਦਾ ਮਸਲਾ ਤੁਸੀਂ ਸਾਡੇ 'ਤੇ ਛੱਡ ਸਕਦੇ ਹੋ।" ਇਸ ਝਿੜਕ ਵਿਚ ਹੀ ਸਖ਼ਤ ਸੁਨੇਹਾ ਹੈ।

ਹਰ ਬਜਟ, ਲੀਡਰਸ਼ਿਪ ਲਈ ਇਕ ਚੋਣ ਕਰਨ ਦੀ ਚੁਣੌਤੀ ਵਾਂਗ ਹੁੰਦਾ ਹੈ: ਕਰਦਾਤਿਆਂ ਦਾ ਪੈਸਾ ਵੋਟਰਾਂ ਨੂੰ ਲੁਭਾਉਣ ਲਈ ਵਰਤਿਆ ਜਾਵੇ ਤਾਂ ਕਿ ਅਗਲੀਆਂ ਚੋਣਾਂ ਵਿਚ ਇਨ੍ਹਾਂ ਨੂੰ ਆਪਣੇ ਹੱਕ ਵਿਚ ਭੁਗਤਾਇਆ ਜਾ ਸਕੇ, ਜਾਂ ਫਿਰ ਲੰਮੇ ਸਮੇਂ ਦੇ ਫ਼ਾਇਦਿਆਂ ਲਈ ਕੁਝ ਸਖ਼ਤ ਫ਼ੈਸਲੇ ਕੀਤੇ ਜਾਣ। ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਹਾਂ ਨੇ ਹੀ ਹੁਣ ਤੱਕ ਉਹੀ ਰਾਹ ਅਪਣਾਏ ਹਨ ਜੋ ਸੂਬੇ ਦੀ ਥਾਂ ਉਨ੍ਹਾਂ ਨੂੰ ਵਧੇਰੇ ਸੂਤ ਬੈਠਦੇ ਹਨ। ਜ਼ਾਹਿਰ ਹੈ ਕਿ ਉਹ ਸੱਤਾ ਉਤੇ ਕਬਜ਼ੇ ਲਈ ਸਿਆਸਤ ਕਰ ਰਹੇ ਹਨ, ਲਾਭਦਾਇਕ ਕਾਰਜ ਕਰਨ ਲਈ ਕੁਝ ਵੀ ਨਹੀਂ ਕਰ ਰਹੇ।

ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮਾਹਿਰ ਜਿਨ੍ਹਾਂ ਫ਼ਜ਼ੂਲ ਗੱਲਾਂ ਤੋਂ ਵਰਜਦੇ ਰਹੇ, ਇਹ ਲੋਕ ਉਹੀ ਕੁਝ ਕਰਦੇ ਰਹੇ ਹਨ। ਮੁਫ਼ਤ ਬਿਜਲੀ ਅਜਿਹੀ ਸਭ ਤੋਂ ਵੱਡੀ ਗ਼ਲਤੀ ਹੈ ਜਿਹੜੀ (1) ਪੰਜਾਬ ਦੀ ਖੇਤੀਬਾੜੀ ਦਾ ਨੁਕਸਾਨ ਕਰ ਰਹੀ ਹੈ, (2) ਝੋਨੇ ਦੀ ਕਾਸ਼ਤ ਨੂੰ ਮਿਲਦੀ ਹੱਲਾਸ਼ੇਰੀ ਨੇ ਪੰਜਾਬ ਦੇ ਜਲ ਸੋਮੇ ਸੁਕਾ ਦਿੱਤੇ ਹਨ, (3) ਸਬਮਰਸੀਬਲ ਪੰਪਾਂ ਨਾਲ ਕਿਸਾਨਾਂ ਦਾ ਪੈਦਾਵਾਰੀ ਖ਼ਰਚਾ ਵਧਾ ਦਿੱਤਾ ਹੈ, (4) ਪ੍ਰਾਈਵੇਟ ਬਿਜਲੀ ਕੰਪਨੀਆਂ ਉੱਤੇ ਸੂਬੇ ਦੀ ਨਿਰਭਰਤਾ ਵਧਾਈ ਜੋ ਆਪਣੀਆਂ ਸ਼ਰਤਾਂ ਮੰਨਵਾਉਂਦੀਆਂ ਹਨ, (5) ਝੋਨੇ ਦੇ ਸੀਜ਼ਨ ਦੌਰਾਨ ਸਨਅਤੀ ਕੰਮਕਾਰ ਠੱਲ੍ਹ ਦਿੱਤਾ; ਅਤੇ (6) ਉਹ ਵਸੀਲੇ ਚਟਮ ਕਰ ਲਏ ਹਨ ਜਿਹੜੇ ਬਿਜਲੀ ਪਲਾਂਟਾਂ ਨੂੰ ਆਧੁਨਿਕ ਬਣਾਉਣ ਤੇ ਬਿਜਲੀ ਪੈਦਾਵਾਰ ਦੀ ਸਮਰੱਥਾ ਵਧਾਉਣ ਲਈ ਵਰਤੇ ਜਾ ਸਕਦੇ ਸਨ, ਅਤੇ ਇਸ ਤਰ੍ਹਾਂ ਪਲਾਂਟ ਬੰਦ ਕਰਨ ਕਰ ਕੇ ਟੁੱਟੀਆਂ ਨੌਕਰੀਆਂ ਬਚਾਉਣ ਦਾ ਸਾਧਨ ਬਣ ਸਕਦੇ ਸਨ। ਜੁੱਗਾਂ ਪੁਰਾਣੀ ਕਹਾਵਤ 'ਬੰਦੇ ਨੂੰ ਮੱਛੀ ਦੇਣ ਦੀ ਥਾਂ ਮੱਛੀ ਫੜਨੀ ਸਿਖਾਉ' ਤੱਜ ਦਿੱਤੀ ਗਈ। ਇਨ੍ਹਾਂ ਨੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾ ਦਿੱਤਾ।

ਇਸ ਅਣਗਹਿਲੀ ਕਰ ਕੇ ਬਹੁਤ ਨੁਕਸਾਨ ਹੋਇਆ। ਵੋਟ ਸਿਆਸਤ ਅਤੇ ਪ੍ਰਾਈਵੇਟ ਖੇਤਰ ਦੀ ਸਰਪ੍ਰਸਤੀ ਲਈ ਲੋੜਾਂ ਪੂਰੀਆਂ ਕਰਦਿਆਂ, ਵਸੀਲਿਆਂ ਦੀ ਵਰਤੋਂ ਹੋਰ ਪਾਸੇ ਕਰਨ ਦਾ ਮਾਮਲਾ ਹੁਣ ਸਿਰਫ਼ ਬਿਜਲੀ ਖੇਤਰ ਤੱਕ ਹੀ ਸੀਮਤ ਨਹੀਂ ਰਿਹਾ। ਇਹ ਅਗਾਂਹ ਸਰਕਾਰੀ ਟਰਾਂਸਪੋਰਟ, ਸਿੱਖਿਆ, ਸਿਹਤ ਅਤੇ ਸੜਕਾਂ ਦੇ ਖੇਤਰਾਂ ਤੱਕ ਫੈਲ ਗਿਆ, ਜਿਸ ਨਾਲ ਸਰਕਾਰੀ ਖੇਤਰ ਵਿਚ ਨੌਕਰੀਆਂ ਘਟ ਜਾਂ ਖ਼ਤਮ ਹੋ ਰਹੀਆਂ ਹਨ। ਇਸ ਦਾ ਖ਼ਮਿਆਜ਼ਾ ਸਭ ਨੂੰ ਭੁਗਤਣਾ ਪੈ ਰਿਹਾ ਹੈ। ਕਰਜ਼ਾ ਮੁਆਫ਼ੀ ਉਡੀਕਦਿਆਂ ਕਿਸਾਨਾਂ ਨੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ। ਹੁਣ ਕਾਂਗਰਸ ਇਹ 'ਫੜ੍ਹ' ਮਾਰ ਸਕਦੀ ਹੈ ਕਿ ਲੋਕ ਲੁਭਾਊ ਸਿਆਸਤ ਖ਼ਾਤਿਰ ਇਸ ਨੇ ਸਹਿਕਾਰੀ ਸਭਾਵਾਂ ਅਤੇ ਬੈਂਕਾਂ ਨੂੰ ਵੀ ਮਾੜੀ ਕਾਰਗੁਜ਼ਾਰੀ ਵਾਲੀਆਂ ਹੋਰ ਸੰਸਥਾਵਾਂ ਵਿਚ ਸ਼ੁਮਾਰ ਕਰ ਦਿੱਤਾ ਹੈ।

ਹਰ ਆਰਥਿਕ ਮਾਹਿਰ ਇਹ ਆਖ ਰਿਹਾ ਹੈ ਕਿ ਕਿਸਾਨੀ ਸਿਰ ਪਏ ਸੰਕਟ ਦਾ ਹੱਲ ਕਰਜ਼ਾ ਮੁਆਫ਼ੀ ਨਹੀਂ ਹੈ। ਫਿਰ ਵੀ ਸਰਕਾਰ ਜਿਸ ਨੇ ਸਲਾਹਕਾਰਾਂ ਦੀ ਪੂਰੀ ਬਟਾਲੀਅਨ ਖੜ੍ਹੀ ਕਰ ਲਈ ਹੋਈ ਹੈ, ਇਸ ਵਾਜਬ ਤੇ ਸਿਆਣੀ ਸਲਾਹ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਲਕੀਰ ਦੇ ਫ਼ਕੀਰ ਤੋਂ ਅਗਾਂਹ ਸੋਚਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਪਿਛਲੇ ਸਾਲਾਂ ਦੌਰਾਨ ਆਪਣੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਨੇ ਕੋਈ ਇਕ ਵੀ ਵੱਡਾ ਵਿਚਾਰ ਸਾਹਮਣੇ ਨਹੀਂ

> ***ਕੇਂਦਰੀ ਖ਼ੈਰਾਤ ਹੁਣ ਸੰਭਵ ਨਹੀਂ ਜਾਪਦੀ, ਕਿਉਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਪੰਜਾਬ ਕਿਤੇ ਸੂਤ ਨਹੀਂ ਬੈਠਦਾ।***

ਲਿਆਂਦਾ। ਹਰਿਆਣਾ ਖੇਡਾਂ ਨੂੰ ਪ੍ਰਫੁਲਿਤ ਕਰ ਰਿਹਾ ਹੈ ਅਤੇ ਸਬਜ਼ੀ ਕਾਸ਼ਤਕਾਰਾਂ ਨੂੰ ਚੰਗੇ ਭਾਅ ਦੇ ਰਿਹਾ ਹੈ। ਹਿਮਾਚਲ ਪ੍ਰਦੇਸ਼ ਮਨੁੱਖੀ ਵਿਕਾਸ ਵਾਲੇ ਪਾਸੇ ਪੂਰੇ ਸਿਰੜ ਨਾਲ ਲੱਗਿਆ ਹੋਇਆ ਹੈ। ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਿਣਸ ਵਿਕਣ ਕਾਰਨ, ਕਿਸਾਨਾਂ ਨੂੰ ਪੈਂਦਾ ਘਾਟਾ ਖ਼ੁਦ ਪੈਸਾ ਮੁਹੱਈਆ ਕਰਵਾ ਕੇ ਪੂਰਾ ਕਰ ਰਿਹਾ ਹੈ। ਤਿਲੰਗਾਨਾ ਬਿਜਾਈ ਦੇ ਹਰ ਸੀਜ਼ਨ ਦੌਰਾਨ ਕਿਸਾਨਾਂ ਨੂੰ ਚਾਰ ਹਜ਼ਾਰ ਰੁਪਏ ਫ਼ੀ ਏਕੜ ਉੱਕਾ-ਪੁੱਕਾ ਸਬਸਿਡੀ ਦੇ ਰਿਹਾ ਹੈ।

ਬਹੁਤ ਘੱਟ ਆਸ ਹੈ ਕਿ ਆਉਣ ਵਾਲਾ ਬਜਟ ਕਿਸੇ ਲਿਹਾਜ਼ ਵੱਖਰਾ ਹੋਵੇਗਾ। ਸਾਡੇ ਕੋਲ ਅਜਿਹੇ ਨੀਤੀਘਾੜੇ ਹਨ ਜਿਹੜੇ ਮੌਕਾ ਆਉਣ 'ਤੇ ਆਪਣੇ ਦਰਵਾਜ਼ੇ ਢੋਹ ਲੈਂਦੇ ਹਨ। ਮੁੱਖ ਮੰਤਰੀ ਪ੍ਰਾਈਵੇਟ ਪੂੰਜੀਨਿਵੇਸ਼ ਖ਼ਾਤਿਰ ਮੁੰਬਈ ਤਾਂ ਜਾ ਸਕਦੇ ਹਨ ਪਰ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪੰਜਾਬੀਆਂ ਨਾਲ ਸਾਂਝ ਤੇ ਸਦਭਾਵਨਾ ਖ਼ਾਤਿਰ ਪੰਜਾਬ ਆਉਂਦੇ ਹਨ ਤਾਂ ਉਨ੍ਹਾਂ ਨਾਲ ਗੱਲ ਕਰਨ ਲਈ ਮੁੱਖ ਮੰਤਰੀ ਕੋਲ ਕੋਈ ਆਰਥਿਕ ਏਜੰਡਾ ਹੀ ਨਹੀਂ ਹੁੰਦਾ। ਇਸ ਦੀ ਥਾਂ ਨੌਂ ਭਗੌੜੇ ਬੰਦਿਆਂ ਦੀ ਲਿਸਟ ਪੇਸ਼ ਕੀਤੀ ਜਾਂਦੀ ਹੈ ਅਤੇ ਖ਼ਾਲਿਸਤਾਨ ਵਰਗਾ ਖ਼ਤਮ ਹੋਇਆ ਮੁੱਦਾ ਮੁੜ ਉਖਾੜਿਆ ਜਾਂਦਾ ਹੈ। ਦਰਅਸਲ, ਮੁੱਖ ਮੰਤਰੀ ਕੈਨੇਡਾ ਵੱਲੋਂ ਉਨ੍ਹਾਂ ਨੂੰ ਵੀਜ਼ੇ ਤੋਂ ਇਨਕਾਰ ਕਰਨ ਵਾਲੀ ਗੱਲ ਤੋਂ ਉਪਰ ਉਠ ਹੀ ਨਹੀਂ ਸਕੇ।

ਉਤਰ ਭਾਰਤ ਆਮ ਕਰ ਕੇ, ਤੇ ਪੰਜਾਬ ਖ਼ਾਸ ਕਰ ਕੇ ਪਾਕਿਸਤਾਨ ਅਤੇ ਹੋਰ ਅਗਲੇਰੇ ਮੁਲਕਾਂ ਨਾਲ ਕਾਰੋਬਾਰ ਵਧਾਉਣ ਤੋਂ ਲਾਭ ਉਠਾ ਸਕਦਾ ਹੈ ਪਰ ਪੰਜਾਬ ਦੇ ਕਿਸੇ ਵੀ ਲੀਡਰ ਨੇ ਭਾਜਪਾ ਦੇ ਜੰਗਬਾਜ਼ ਕਾਡਰ ਨੂੰ ਥਾਂ ਸਿਰ ਰੱਖਣ ਵੱਲ ਕਦੀ ਕੋਈ ਧਿਆਨ ਨਹੀਂ ਦਿੱਤਾ। ਦਹਿਸ਼ਤਪਸੰਦੀ ਦੇ ਟਾਕਰੇ ਲਈ ਸਭ ਤੋਂ ਵੱਡਾ ਹਥਿਆਰ ਕਾਰੋਬਾਰ ਹੈ ਅਤੇ ਇਹ ਪਾਕਿਸਤਾਨ ਤਕ ਵਧੇਰੇ ਪਹੁੰਚ ਦੀ ਮੰਗ ਕਰਦਾ ਹੈ; ਪਰ ਕੈਪਟਨ ਅਮਰਿੰਦਰ ਸਿੰਘ ਆਪਣੇ ਚੁਸਤ-ਚਾਲਾਕ ਚੋਣ ਰਣਨੀਤੀਕਾਰਾਂ ਦੀ ਸਲਾਹ ਉਤੇ ਅੱਲਵਲੱਲੇ ਚੋਣ ਵਾਅਦੇ ਕਰਦਿਆਂ ਸਮਾਂ ਲੰਘਾਉਂਦੇ ਰਹੇ।

ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਟੀਫ਼ਨ ਹੋਮਜ਼ ਦਾ ਕਹਿਣਾ ਹੈ, "ਸਿਆਸਤ ਦਾ ਮਤਲਬ ਵਾਅਦੇ ਕਰਨਾ, ਨਾਕਾਮ ਹੋਣਾ ਅਤੇ ਫਿਰ ਇਸ ਨਾਕਾਮੀ ਨੂੰ ਲੁਕੋਣਾ ਹੈ।" ਹੋਮਜ਼ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਤਾਂ ਨਹੀਂ ਸੁਣਿਆ ਹੋਵੇਗਾ ਪਰ ਉਨ੍ਹਾਂ ਜੋ ਕਿਹਾ ਉਹ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਰਤਾਈ ਜਾ ਰਹੀ ਜਮਹੂਰੀਅਤ ਉਤੇ ਐਨ ਢੁਕਦਾ ਹੈ। ਕੈਪਟਨ ਨੇ ਪੂਰਾ ਇਕ ਸਾਲ ਲੋਕਾਂ ਨੂੰ ਇਹ ਚੇਤਾ ਕਰਾਉਂਦਿਆਂ ਹੀ ਲੰਘਾ ਦਿੱਤਾ ਕਿ ਬਾਦਲਾਂ ਨੇ ਕਿੰਨੀ ਵੱਡੀ ਗੜਬੜ ਕੀਤੀ ਹੈ। ਮੁੱਖ ਮੰਤਰੀ ਦਾ 2.08 ਲੱਖ ਕਰੋੜ ਦੇ ਕਰਜ਼ੇ ਉਤੇ ਹੈਰਾਨੀ ਭਰਿਆ ਬਿਆਨ ਵੀ ਬਨਾਵਟੀ ਸੀ, ਕਿਉਂਕਿ ਉਦੈ ਬੌਂਡਜ਼, ਸਟੇਟ ਗਾਰੰਟੀ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਕਰਜ਼ੇ ਸਮੇਤ ਸੂਬੇ ਸਿਰ ਚੜ੍ਹਿਆ ਕਰਜ਼ਾ ਜਨਤਕ ਹੋਇਆ ਹੋਇਆ ਹੈ। 'ਟਾਈਮਜ਼ ਆਫ਼ ਇੰਡੀਆ' ਨਾਲ ਇੰਟਰਵਿਊ (27 ਫਰਵਰੀ) ਦੌਰਾਨ ਉਨ੍ਹਾਂ ਕਿਹਾ ਹੈ, "ਸਾਲ 2006-07 (ਜਦੋਂ ਉਹ ਮੁੱਖ ਮੰਤਰੀ ਸਨ) ਵਿਚ ਸੂਬੇ ਦੀ ਵਿਕਾਸ ਦਰ 10.18 ਫ਼ੀਸਦ ਸੀ ਜਿਹੜੀ ਭਾਰਤ ਦੀ ਔਸਤ ਵਿਕਾਸ ਦਰ 9.57 ਫ਼ੀਸਦ ਤੋਂ ਵੱਧ ਸੀ। ਸਾਲ 2016-17 ਤੱਕ ਪੁੱਜਦਿਆਂ ਇਹ ਭਾਰਤ ਦੀ 7.5 ਫ਼ੀਸਦ ਦਰ ਦੇ ਮੁਕਾਬਲੇ 4.20 ਫ਼ੀਸਦ ਤੱਕ ਆ ਡਿੱਗੀ।" ਤੇ 8 ਮਾਰਚ 2006 ਨੂੰ 'ਦਿ ਹਿੰਦੂ' ਵਿਚ ਛਪੀ ਰਿਪੋਰਟ 'ਨੋ ਫਰੈਸ਼ ਟੈਕਸ ਇੰਨ ਪੰਜਾਬ ਬਜਟ' ਵਿਚ ਪੰਜਾਬ ਦੀ ਵਿਕਾਸ ਦਰ 5.5 ਦੱਸੀ ਗਈ ਹੈ। ਇਹ ਕੈਪਟਨ ਦੇ ਦਾਅਵਿਆਂ ਤੋਂ ਤਕਰੀਬਨ ਅੱਧੀ ਹੈ। ਇਸ ਤੋਂ ਅਮਰੀਕੀ ਸਿਆਸਤਦਾਨ ਤੇ ਕੂਟਨੀਤਕ ਡੇਨੀਅਲ ਪੈਟਰਿਕ ਦਾ ਕਿਹਾ ਚੇਤੇ ਆਉਂਦਾ ਹੈ: "ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੁੰਦਾ ਹੈ ਪਰ ਤੱਥ ਕਿਸੇ ਦੇ ਆਪਣੇ ਨਹੀਂ ਹੋ ਸਕਦੇ।"

ਪੰਜਾਬ ਵਿਚ ਸਰਫ਼ਾਕਾਰੀ ਸ਼ੁਰੂ ਤਾਂ ਹੋਈ ਹੈ ਪਰ ਗ਼ਲਤ ਪਾਸੇ: ਦਿਹਾਤੀ ਸਕੂਲ ਬੰਦ ਕਰਨੇ, ਅਧਿਆਪਕਾਂ ਲਈ ਘੱਟੋ-ਘੱਟ ਉਕਾ-ਪੁੱਕਾ ਤਨਖਾਹ, 'ਸੁਵਿਧਾ ਕੇਂਦਰ' ਤੇ ਬਿਜਲੀ ਪਲਾਂਟ ਬੰਦ ਕਰਨੇ। ਕਰ, ਬਿਜਲੀ ਦਰਾਂ ਅਤੇ ਬੱਸਾਂ ਦੇ ਕਿਰਾਏ ਵਧ ਗਏ ਹਨ। ਸਰਕਾਰ ਦੇ ਉਪਰਲੇ ਪੱਧਰ ਉਤੇ ਇਹ ਸਰਫ਼ਾਕਾਰੀ ਲਾਗੂ ਨਹੀਂ। ਉਂਜ ਵੀ, ਸਰਕਾਰੀ ਫਜ਼ੂਲਖਰਚੀ ਵਿਚ ਕਟੌਤੀ ਅਜਿਹੀ ਆਸ ਹੈ ਜਿਵੇਂ ਸ਼ਾਹੀ ਠਾਠ ਨਾਲ ਰਹਿਣ ਵਾਲਿਆਂ ਤੋਂ ਮਹਾਤਮਾ ਗਾਂਧੀ ਵਾਂਗ ਰਹਿਣ ਦੀ ਉਮੀਦ ਕਰਨੀ।

ਕੈਪਟਨ ਅਮਰਿੰਦਰ ਸਿੰਘ ਆਖਦੇ ਹਨ ਕਿ ਇਕ ਵਾਰ ਪੰਜਾਬ ਦੀ ਵਿੱਤੀ ਹਾਲਤ ਠੀਕ ਹੋ ਜਾਵੇ, ਉਹ ਪਾਸੇ ਹੋ ਜਾਣਗੇ। ਇਸ ਦਾ ਮਤਲਬ ਹੈ ਕਿ ਸੱਤਾ ਦਾ ਲਾਲਚ ਨਹੀਂ ਛੁੱਟ ਰਿਹਾ। ਵਿੱਤੀ ਸੁਧਾਰਾਂ ਲਈ ਸੰਜੀਦਗੀ ਨਾਲ ਕੰਮ ਕਰ ਕੇ ਉਹ ਸਿਆਸੀ ਤੌਰ 'ਤੇ ਖ਼ੁਦ ਨੂੰ ਫ਼ਾਲਤੂ ਤੇ ਬੇਲੋੜੇ ਕਿਉਂ ਬਣਾਉਣਗੇ? ਉਹ ਯਾਦਗਾਰਾਂ ਬਣਾਉਣ ਲਈ ਬਾਦਲ ਦੀ ਸ਼ਲਾਘਾ ਕਰਦੇ ਹਨ, ਜਦਕਿ ਉਨ੍ਹਾਂ ਦਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਯਾਦਗਾਰਾਂ ਉਤੇ 2000 ਕਰੋੜ ਰੁਪਏ ਦੀ ਫ਼ਜ਼ੂਲ ਖ਼ਰਚੀ ਦੀ ਗੱਲ ਕਰਦਾ ਹੈ ਅਤੇ ਪੰਜਾਬ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਵੀ ਨਹੀਂ ਦਿੰਦਾ।

ਬਜਟ ਦੇ ਜ਼ਰੀਏ ਸੱਤਾ ਧਿਰ ਨੂੰ ਇਕ ਮੌਕਾ ਮਿਲਿਆ ਹੈ ਕਿ ਉਹ ਤਬਦੀਲੀ-ਵਿਰੋਧੀ ਧਾਰਨਾ ਬਦਲ ਸੁੱਟੇ। ਹੁਣ ਪਾਣੀ, ਹਵਾ, ਮਿੱਟੀ/ਭੂਮੀ, ਸਿੱਖਿਆ ਤੇ ਸਿਹਤ ਵਰਗੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦਾ ਵੇਲਾ ਹੈ। ਪਾਣੀ, ਹਵਾ ਤੇ ਮਿੱਟੀ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਤੇ ਪਰਿਵਾਰਾਂ ਦੇ ਬਜਟ ਉਤੇ ਬਹੁਤ ਘਾਤਕ ਅਸਰ ਪਾਉਂਦਾ ਹੈ। ਗੈਰ-ਮਿਆਰੀ ਸਿੱਖਿਆ ਨੇ ਨੌਜਵਾਨਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਬਜਟ ਇਨ੍ਹਾਂ ਸਾਰੇ ਖੇਤਰਾਂ ਵਿਚ ਹਰ ਕਿਸੇ ਲਈ ਇਤਬਾਰ ਵਾਲੀ ਰਾਹਤ ਯੋਜਨਾ ਲਈ ਫੰਡ ਜੁਟਾ ਸਕਦਾ ਹੈ। ਹੁਣ ਵਸੀਲਿਆਂ ਦੀ ਫਜ਼ੂਲ ਖ਼ਰਚੀ ਦੀ ਥਾਂ ਇਨ੍ਹਾਂ ਦੀ ਉਸਾਰੂ ਵਰਤੋਂ ਵੱਲ ਮੋੜ ਕੱਟਣ ਦਾ ਵੇਲਾ ਹੈ।

# ਸੱਤਾ ਧਿਰਾਂ ਅਤੇ ਬਦਲਵੀਂ ਸਿਆਸਤ ਦੀ ਉਡਾਣ

ਦਿੱਲੀ ਵਿਚ ਆਮ ਆਦਮੀ ਦੀ ਸਰਕਾਰ ਬਣਿਆਂ ਤਿੰਨ ਵਰ੍ਹੇ ਲੰਘ ਗਏ ਹਨ। ਕਈ ਕਾਰਨਾਂ ਕਰ ਕੇ ਇਹ ਵਰ੍ਹੇ ਵਾਹਵਾ ਹੰਗਾਮਾਖੇਜ਼ ਰਹੇ, ਪਰ ਐਤਕੀਂ ਤਿੰਨ ਵਰ੍ਹਿਆਂ ਵਾਲੇ ਜਸ਼ਨ ਓਨੇ ਹੀ ਖ਼ਾਮੋਸ਼ ਹੋ ਗੁਜ਼ਰੇ। ਪਿਛਲੀ ਵਾਰ ਤਾਂ ਇੰਨੀਆਂ ਧੂੜਾਂ ਪੁੱਟੀਆਂ ਗਈਆਂ ਸਨ ਕਿ ਮਾਮਲਾ ਅਦਾਲਤ ਦੇ ਦਰਵਾਜ਼ੇ ਜਾ ਵੱਜਿਆ ਸੀ। ਦਰਅਸਲ, ਪਿਛਲੀ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਸਿਰ ਉਤੇ ਸਨ ਅਤੇ ਪਾਰਟੀ ਨੂੰ ਉਮੀਦ ਸੀ ਕਿ ਇਹ ਦਿੱਲੀ ਤੋਂ ਬਾਅਦ ਪੰਜਾਬ ਵਿਚ ਵੀ ਸੱਤਾ ਦਾ ਝੰਡਾ ਲਹਿਰਾ ਦੇਵੇਗੀ। ਇਹ ਨਿਰੀ ਚੋਣ-ਸਿਆਸਤ ਵਾਲਾ ਦਾਈਆ ਸੀ। ਸੋ, ਦੇਖਦਿਆਂ ਦੇਖਦਿਆਂ ਸਾਰੀਆਂ ਅਹਿਮ ਅਖ਼ਬਾਰਾਂ ਵਿਚ ਹਰ ਰੋਜ਼ ਇਸ਼ਤਿਹਾਰਾਂ ਦੇ ਦੋ ਦੋ, ਤਿੰਨ ਤਿੰਨ ਸਫ਼ੇ ਸਜਣ ਲੱਗੇ। ਇਹ

ਜਸਵੀਰ ਸਮਰ

ਦਰਅਸਲ, ਲੋਕਾਂ ਦੇ ਪੈਸੇ ਦਾ ਉਜਾੜਾ ਸੀ।

ਹੋਰ ਸੱਤਾਧਾਰੀ ਪਾਰਟੀਆਂ ਵੀ ਚੋਣਾਂ ਦੇ ਦਿਨੀਂ ਇੰਜ ਹੀ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਉਡਾਉਂਦੀਆਂ ਹਨ। ਸਾਰੀ ਦੀ ਸਾਰੀ ਖੇਡ ਸਿਰਫ਼ ਵੋਟਾਂ ਦੁਆਲੇ ਘੁੰਮਦੀ ਹੈ। ਦਿੱਲੀ ਦੇ ਕਿਸੇ ਬਾਸ਼ਿੰਦੇ ਨੇ ਅਦਾਲਤ ਵਿਚ ਪਟੀਸ਼ਨ ਪਾਈ, ਪਰ ਅਦਾਲਤ ਤਾਂ ਅੰਨ੍ਹੀ ਸੀ, ਤੇ ਚੋਣ ਕਮਿਸ਼ਨ ਲਈ ਇਹ ਕੋਈ ਮਸਲਾ ਹੀ ਨਹੀਂ ਸੀ। ਮੁਲਕ ਅੰਦਰ ਚੋਣ ਸੁਧਾਰਾਂ ਵਾਲੀ ਟਾਕੀ ਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੇ ਇਸ ਬਾਬਤ ਭਾਵੇਂ ਬਥੇਰਾ ਟਿੱਲ ਲਾਇਆ ਹੋਇਆ ਹੈ, ਪਰ ਚੋਣ ਕਮਿਸ਼ਨ ਚੋਣਾਂ ਦੇ ਦਿਨੀਂ ਸਰਕਾਰ ਅਤੇ ਸੱਤਾਧਾਰੀ ਪਾਰਟੀ ਨੂੰ ਅਲਹਿਦਾ ਕਰ ਕੇ ਦੇਖਣ ਲਈ ਅਜੇ ਮੰਨਿਆ ਨਹੀਂ ਹੈ। ਪਤਾ ਨਹੀਂ ਕਦੋਂ ਕੋਈ ਮਾਈ ਦਾ ਲਾਲ ਉਠੇਗਾ, ਜਦੋਂ ਇਹ ਦਲੀਲ ਸਭ ਦੇ ਸਾਹਮਣੇ ਰੱਖੇਗਾ ਕਿ ਸਰਕਾਰ ਦੀਆਂ ਪ੍ਰਾਪਤੀਆਂ ਦਾ ਪ੍ਰਚਾਰ ਜੇ ਕਰਨਾ ਹੈ ਤਾਂ ਸੱਤਾਧਾਰੀ ਪਾਰਟੀ ਆਪਣੇ ਖਾਤੇ ਵਿਚੋਂ ਕਰੇ, ਲੋਕਾਂ ਤੋਂ ਇਕੱਠਾ ਕੀਤਾ ਪੈਸਾ ਅਜਿਹੇ ਪ੍ਰਚਾਰ 'ਤੇ ਰੋੜ੍ਹਨ ਦੀ ਮਨਾਹੀ ਹੋਵੇ।

ਸਿਆਸਤ ਦੇ ਪਿੜ ਅੰਦਰ ਆਮ ਆਦਮੀ ਪਾਰਟੀ ਦੀ ਆਮਦ ਦਾ ਦਾਅਵਾ, ਬਦਲਵੀਂ ਸਿਆਸਤ ਦੀ ਝੰਡਾਬਰਦਾਰ ਜਥੇਬੰਦੀ ਵਜੋਂ ਕੀਤਾ ਗਿਆ ਸੀ। ਉਦੋਂ ਪਾਰਟੀ ਲੀਡਰ ਦਾ ਟੁਣਕਵਾਂ ਬਿਆਨ ਸੀ: ਅਸੀਂ ਜਿੱਤਣ ਲਈ ਸਿਆਸਤ ਕਰਨ ਨਹੀਂ ਆਏ ਸਗੋਂ ਕੁਹਜ ਦੀ ਨਦੀ ਵਿਚ ਗੋਤੇ ਖਾ ਰਹੀ ਸਿਆਸਤ ਨੂੰ ਮੁੱਢੋਂ-ਸੁੱਢੋਂ ਬਦਲਣ ਆਏ ਹਾਂ। ਬਦਲਵੀਂ ਸਿਆਸਤ ਦੀ ਤਾਂਘ ਰੱਖਣ ਵਾਲਿਆਂ ਲਈ ਇਹ ਪਾਰਟੀ ਸਮਝੋ 'ਮੌਕਾ' ਹੋ ਗਈ। ਕੁਝ ਸਮੇਂ ਬਾਅਦ ਜਿੱਤ ਦੀ ਪੰਡ ਸਿਰ ਉਤੇ ਚੁੱਕ ਕੇ ਜਦੋਂ ਇਹ ਲੀਡਰ ਵਿਧਾਨ ਸਭਾ ਵਾਲੀ ਸੀਟ 'ਤੇ ਬਿਰਾਜਮਾਨ ਹੋਇਆ ਤਾਂ ਪਹਿਲਾ ਹੀ ਭਾਸ਼ਣ ਐਨ ਬਦਲਵਾਂ ਸੀ: ਅਸੀਂ ਸਿਆਸਤ ਦੇ ਪਿੜ ਵਿਚ



ਨੰਦੀਗ੍ਰਾਮ ਵਿਚ ਕੀਤੇ ਰੋਸ ਵਿਖਾਵੇ ਦੀ ਝਲਕ

ਜਿੱਤਣ ਲਈ ਆਏ ਸਾਂ/ਹਾਂ ਤਾਂ ਕਿ ਕੁਝ ਬਦਲਿਆ ਜਾ ਸਕੇ। ਹੁਣ ਤਿੰਨ ਵਰ੍ਹਿਆਂ ਬਾਅਦ ਪਹਿਲੀਆਂ ਸਤਰਾਂ ਦੇ ਅਰਥ ਚੌਰਾਹੇ ਵਿਚ ਪੁੱਠੇ ਲਟਕਦੇ ਦਿਸਦੇ ਹਨ ਅਤੇ ਸਿਆਸਤ ਬਦਲਣ ਵਾਲਾ ਨੁਸਖਾ ਹਲਕ ਤੋਂ ਥੱਲੇ ਕਰ ਲਿਆ, ਤੇ ਡਕਾਰ ਵੀ ਨਹੀਂ ਮਾਰਿਆ।

ਮਸਲਾ ਇਹ ਨਹੀਂ ਕਿ ਕੇਂਦਰ ਵਿਚ ਸੱਤਾ ਉਤੇ ਬੈਠੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਸ ਪਾਰਟੀ ਦੀ ਸਰਕਾਰ ਚੱਲਣ ਨਹੀਂ ਦੇ ਰਹੀ। ਲੋਕ ਰੋਹ ਉਤੇ ਸਵਾਰ ਹੋ ਕੇ ਆਏ ਕਿਸੇ ਵੀ ਲੀਡਰ ਜਾਂ ਜਥੇਬੰਦੀ ਨਾਲ ਸੱਤਾਧਾਰੀਆਂ ਦਾ ਵਿਹਾਰ ਇਸੇ ਤਰ੍ਹਾਂ ਦਾ ਹੋਣਾ ਹੁੰਦਾ ਹੈ, ਇਸ ਵਿਚ ਕੋਈ ਸ਼ੱਕ ਜਾਂ ਭੁਲੇਖਾ ਨਹੀਂ ਰਹਿਣਾ ਚਾਹੀਦਾ; ਮਸਲਾ ਤਾਂ ਇਹ ਹੈ ਕਿ ਆਪਣੇ ਹੱਲੇ ਦੀ ਹਰ ਮੋਰੀ ਮੁੰਦ ਕੇ ਕਾਰਵਾਈ ਤਾਂ ਤੁਸੀਂ ਹੀ ਚਲਾਉਣੀ ਹੈ! ਤੇ ਹਰ ਮੋਰੀ ਮੁੰਦਣ ਵਾਲਾ ਰਾਹ ਹੀ ਬਦਲਵੀਂ ਸਿਆਸਤ ਦੇ ਤਾਲੇ ਦੀ ਚਾਬੀ ਹੋ ਸਕਦਾ ਹੈ। ਮੋਰੀਆਂ ਮੁੰਦਣ ਦੀ ਤਾਂ ਗੱਲ ਹੀ ਛੱਡੋ, ਇਸ ਪਾਰਟੀ ਦੇ ਕਰਤਾ-ਧਰਤਾ ਖ਼ੁਦ ਮੋਰੀਆਂ ਕਰਨ ਵਿਚ ਮਸਰੂਫ਼ ਹੋ ਗਏ। ਅਸਲ ਵਿਚ, ਬਦਲਵੀਂ ਸਿਆਸਤ ਦੇ ਤਾਲੇ ਦੀ ਚਾਬੀ ਲੱਭਣ ਦੀ ਤਾਂਘ ਇਸ ਪਾਰਟੀ ਦੇ ਲੀਡਰਾਂ ਕੋਲ ਕਦੇ ਹੈ ਹੀ ਨਹੀਂ ਸੀ। ਪਿਛਲੇ ਸਾਲਾਂ ਦੌਰਾਨ ਵਾਰ ਵਾਰ ਇਹੀ ਕੁਝ ਤਾਂ ਸਾਬਤ ਹੋ ਰਿਹਾ ਹੈ।

ਬਦਲਵੀਂ ਸਿਆਸਤ ਦਾ ਬੁਰਜ ਉਸਾਰਨ ਦੀਆਂ ਸੋਆਂ ਪੱਛਮੀ ਬੰਗਾਲ ਵਿਚ ਪਿਛਲੇ ਕੁਝ ਦਹਾਕਿਆਂ ਦੌਰਾਨ ਪੈਂਦੀਆਂ ਰਹੀਆਂ ਹਨ। 1991 ਵਿਚ ਜਦੋਂ ਡਾਕਟਰ ਮਨਮੋਹਨ ਸਿੰਘ ਨਵੀਆਂ ਆਰਥਿਕ ਨੀਤੀਆਂ ਲੈ ਕੇ ਆਏ ਸਨ ਤਾਂ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਦੀ ਸਰਕਾਰ ਬਣਿਆਂ ਡੇਢ ਦਹਾਕਾ ਬੀਤ ਚੁੱਕਾ ਸੀ। ਫਿਰ ਨਵੀਆਂ ਨੀਤੀਆਂ ਤੋਂ ਤੁਰੰਤ ਬਾਅਦ ਖ਼ਬਰਾਂ ਆਈਆਂ ਕਿ ਕਾਮਰੇਡ ਪੱਛਮੀ ਬੰਗਾਲ ਵਿਚ ਮਨਮੋਹਨ ਸਿੰਘ ਦੇ ਇਸ ਨਵੇਂ ਆਰਥਿਕ ਢਾਂਚੇ ਦੇ ਬਰਾਬਰ ਕੋਈ ਆਰਥਿਕ ਪ੍ਰੋਗਰਾਮ ਤਿਆਰ ਕਰ ਰਹੇ ਸਨ। ਐਧੀ ਭਾਲੀ ਤਾਂ ਉਦੋਂ ਹੀ ਵੱਜ ਗਈ ਸੀ: ਨਵੀਆਂ ਨੀਤੀਆਂ ਆਉਣ ਤੋਂ ਬਾਅਦ ਹੀ ਬਦਲਵਾਂ ਆਰਥਿਕ ਪ੍ਰੋਗਰਾਮ ਕਿਉਂ? ਡੇਢ ਦਹਾਕਾ ਕੋਈ ਮਾਡਲ ਬੰਨ੍ਹਣ ਜਾਂ ਘੱਟੋ-ਘੱਟ ਉਸ ਪਾਸੇ ਤੁਰਨ ਲਈ ਇੰਨਾ ਘੱਟ ਸਮਾਂ ਵੀ ਨਹੀਂ ਹੁੰਦਾ। ਖ਼ੈਰ, ਇਸ ਤੋਂ ਬਾਅਦ 2011 ਤਕ, ਭਾਵ ਤਕਰੀਬਨ ਦੋ ਦਹਾਕੇ ਹੋਰ, ਸੂਬੇ ਅੰਦਰ ਖੱਬੇ ਮੋਰਚੇ ਦੀ ਸਰਕਾਰ ਚੱਲੀ, ਪਰ ਬਦਲਵੇਂ ਦਸਤਾਵੇਜ਼ ਨੂੰ ਬਾਹਰ ਦੀ ਹਵਾ ਨਾ ਲੱਗ ਸਕੀ। ਹਾਂ, 1994 ਵਿਚ ਸੂਬੇ ਲਈ ਸਨਅਤੀ ਨੀਤੀ ਜ਼ਰੂਰ ਉਲੀਕੀ, ਪਰ 2006-07 ਤਕ ਪੁੱਜਦਿਆਂ, ਸਿੰਗੂਰ ਤੇ ਨੰਦੀਗ੍ਰਾਮ ਆਣ ਟਪਕੇ ਜੋ ਸੱਤਾ ਦੀ ਤਖ਼ਤੀ ਉਤੇ ਕਿੱਲ ਬਣ ਕੇ ਖੁੱਭ ਗਏ। ਉਦੋਂ ਪ੍ਰਕਾਸ਼ ਕਰਤ ਨੇ 'ਨੰਦੀਗ੍ਰਾਮ ਵਿਚ ਅਸਲ ਵਿਚ ਕੀ ਵਾਪਰਿਆ' ਲੇਖ ਲਿਖ ਕੇ ਤਰਲਾ ਜਿਹਾ ਵੀ ਲਿਆ, ਪਰ ਡੁੱਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਚੁੱਕਾ ਸੀ।

ਉਂਜ, ਨਵੀਆਂ ਆਰਥਿਕ ਨੀਤੀਆਂ ਦੇ ਪ੍ਰਸੰਗ ਵਿਚ ਸੀ ਪੀ ਐਮ ਦਾ ਦਾਅਵਾ ਅਤੇ ਦਵੰਦ ਦੇਖਣ ਵਾਲਾ ਹੈ: 'ਇੱਕ ਪਾਸੇ (ਨਵੀਆਂ ਆਰਥਿਕ) ਨੀਤੀਆਂ ਵਿਚ ਇਹ ਤਬਦੀਲੀ ਸਪਸ਼ਟ ਤੌਰ 'ਤੇ ਸੱਜੇ ਵੱਲ ਰਾਹ ਖੋਲ੍ਹਦੀ ਹੈ ਜਿਸ ਦੀ ਸੀ ਪੀ ਐਮ ਅਤੇ ਖੱਬੇ ਪੱਖ (ਮੋਰਚੇ) ਵੱਲੋਂ ਮੁਖ਼ਾਲਫ਼ਤ ਕੀਤੀ ਜਾ ਰਹੀ ਹੈ; ਦੂਜੇ ਪਾਸੇ, ਇਹ ਕੇਂਦਰ ਸਰਕਾਰ ਦੀ ਵਿਤਕਰੇ ਵਾਲੀ ਨੀਤੀ ਦਾ ਭੋਗ ਵੀ ਪਾਵੇਗੀ ਜਿਸ ਨੇ ਪੱਛਮੀ ਬੰਗਾਲ ਦੇ ਆਰਥਿਕ ਹਿੱਤਾਂ ਦਾ ਨਾਸ ਮਾਰਿਆ ਹੈ।' ਬਿਲਕੁੱਲ ਸਹੀ ਗੱਲ। ਕੇਂਦਰ ਸਰਕਾਰ ਨੇ ਕੋਲਕਾਤਾ ਨੇੜੇ ਸਾਲਟ ਲੇਕ ਵਿਚ ਲੱਗਣ ਵਾਲਾ ਇਲੈਕਟ੍ਰੌਨਿਕ ਕੰਪਲੈਕਸ, ਸਰਹੱਦੀ ਸੂਬਾ ਹੋਣ ਕਰ ਕੇ ਸੁਰੱਖਿਆ ਦਾ ਬਹਾਨਾ ਲਾ ਕੇ ਡੱਕ ਲਿਆ ਸੀ ਅਤੇ ਹਲਦੀਆ ਪੈਟ੍ਰੋਕੈਮੀਕਲ ਪ੍ਰਾਜੈਕਟ ਪੂਰੇ 11 ਸਾਲ ਨੱਪੀ ਰੱਖਿਆ ਸੀ। ਮੁੱਖ ਮੰਤਰੀ ਜਿਓਤੀ ਬਾਸੂ ਨੇ ਆਪਣਾ 23 ਸਾਲ ਦਾ ਰਾਜਭਾਗ ਮੁਕੰਮਲ ਹੋਣ ਮੌਕੇ 'ਦਿ ਨਿਊ ਯਾਰਕ ਟਾਈਮਜ਼' ਨਾਲ ਮੁਲਾਕਾਤ ਦੌਰਾਨ ਪਤਾ ਨਹੀਂ ਸਾਫ਼ਗੋਈ ਜਾਂ ਕਿਸੇ ਸਿਆਸਤ 'ਚੋਂ ਕਿਹਾ ਸੀ: 'ਸੰਵਿਧਾਨ ਸੂਬਾ ਸਰਕਾਰਾਂ ਨੂੰ ਬੁਨਿਆਦੀ ਤਬਦੀਲੀ ਕਰਨ, ਇਥੋਂ ਤਕ ਕਿ ਮੁੱਖ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਨਾਲ ਨਜਿੱਠਣ ਦੀ ਵੀ ਛੋਟ ਨਹੀਂ ਦਿੰਦਾ।' ਇਥੇ ਹੀ ਸੱਤਾ ਦੀ ਸਿਆਸਤ ਦਾ ਫਾਨਾ ਫਸਿਆ ਹੋਇਆ ਹੈ। ਆਮ ਆਦਮੀ ਪਾਰਟੀ ਬਾਰੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੇ ਆਗੂਆਂ ਨੂੰ 'ਡਾਢੇ' ਕੇਂਦਰ ਖ਼ਿਲਾਫ਼ ਢੰਗ ਨਾਲ ਲੜਨਾ ਵੀ ਨਹੀਂ ਆਇਆ, ਖੱਬਾ ਮੋਰਚਾ ਤਾਂ ਆਪਣੇ ਬਚਾਅ ਲਈ ਇਹ ਢਾਲ ਵੀ ਨਹੀਂ ਵਰਤ ਸਕਦਾ। ਜ਼ਾਹਿਰ ਹੈ ਕਿ ਵੋਟਾਂ ਅਤੇ ਸੱਤਾ ਦੀ ਇਸ ਸਿਆਸਤ ਦੇ ਘੜਮੱਸ ਵਿਚ ਬਦਲਵੀਂ ਸਿਆਸਤ ਦਾ ਬੀਜ ਪੁੰਗਰਦਿਆਂ ਹੀ ਲੂਹਿਆ ਗਿਆ। ਇਹ ਵੱਖਰਾ ਨੁਕਤਾ ਹੈ ਕਿ ਆਲਮਾਂ ਨੂੰ ਇਲਮ ਚਿਰਾਂ ਬਾਅਦ ਹੋਇਆ, ਜਾਂ ਹੋਇਆ ਹੀ ਨਹੀਂ।

**ਸੱਤਾ ਵਿਚ ਰਹਿ ਕੇ ਭ੍ਰਿਸ਼ਟਾਚਾਰ ਤੋਂ ਬਚਣਾ ਘੱਟੋ-ਘੱਟ ਭਾਰਤ ਵਿਚ ਤਾਂ ਕਿਸੇ ਹੋਰ ਦੁਨੀਆਂ ਦੀ ਗੱਲ ਹੀ ਹੋ ਸਕਦੀ ਹੈ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਗੁਰਚਰਨ ਸਿੰਘ ਟੌਹੜਾ ਦਾ ਗੁਣ-ਗਾਨ ਕਰਨ ਵਾਲੇ ਸਿੱਖ ਇਹੀ ਮਿਸਾਲ ਦਿੰਦੇ ਹਨ ਕਿ ਟੌਹੜਾ ਨੇ ਕੋਈ ਜਾਇਦਾਦ ਨਹੀਂ ਬਣਾਈ। ਜਿਸ ਸੰਸਥਾ ਦੇ ਉਹ ਤਕਰੀਬਨ ਤਿੰਨ ਦਹਾਕੇ ਮੁਖੀ ਰਹੇ ਹੋਣ, ਉਸ ਦਾ ਕੋਈ ਬਦਲਵਾਂ ਪ੍ਰਬੰਧ ਉਸਾਰਨ ਦਾ ਉਨ੍ਹਾਂ ਨੂੰ ਸ਼ਾਇਦ ਹੀ ਕਦੀ ਖਿਆਲ ਆਇਆ ਹੋਵੇ!**

ਤ੍ਰਿਪੁਰਾ ਵਿਚ ਹੁਣ ਭਾਜਪਾ ਦੀ ਜਿੱਤ ਤੋਂ ਪਹਿਲਾਂ ਪਿਛਲੇ ਢਾਈ ਦਹਾਕੇ ਤੋਂ ਖੱਬੇ ਮੋਰਚੇ ਦੀ ਸਰਕਾਰ ਸੀ। ਉਥੋਂ ਦੇ 'ਬਦਲਵੇਂ ਮਾਡਲ' ਬਾਰੇ ਸਿਰਫ਼ ਇਕ ਖ਼ਬਰ ਹੀ ਵਾਰ ਵਾਰ ਮੀਡੀਆ ਅੰਦਰ ਘੁੰਮਦੀ ਰਹੀ ਹੈ: ਮੁੱਖ ਮੰਤਰੀ ਕਾਮਰੇਡ ਮਾਨਿਕ ਸਰਕਾਰ (ਹੁਣ ਸਾਬਕਾ) ਸਭ ਤੋਂ ਗ਼ਰੀਬ ਮੁੱਖ ਮੰਤਰੀ ਹਨ, ਇਸ ਦਾ ਭਾਵ ਹੈ ਕਿ ਇੰਨੇ ਸਾਲ ਸੱਤਾ ਵਿਚ ਰਹਿ ਕੇ ਵੀ ਉਹ ਭ੍ਰਿਸ਼ਟ ਨਹੀਂ। ਚੰਗੀ ਗੱਲ ਹੈ।

ਸੱਤਾ ਵਿਚ ਰਹਿ ਕੇ ਭ੍ਰਿਸ਼ਟਾਚਾਰ ਤੋਂ ਬਚਣਾ ਘੱਟੋ-ਘੱਟ ਭਾਰਤ ਵਿਚ ਤਾਂ ਕਿਸੇ ਹੋਰ ਦੁਨੀਆਂ ਦੀ ਗੱਲ ਹੀ ਹੋ ਸਕਦੀ ਹੈ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਗੁਰਚਰਨ ਸਿੰਘ ਟੌਹੜਾ ਦਾ ਗੁਣ-ਗਾਨ ਕਰਨ ਵਾਲੇ ਸਿੱਖ ਇਹੀ ਮਿਸਾਲ ਦਿੰਦੇ ਹਨ ਕਿ ਟੌਹੜਾ ਨੇ ਕੋਈ ਜਾਇਦਾਦ ਨਹੀਂ ਬਣਾਈ। ਜਿਸ ਸੰਸਥਾ ਦੇ ਉਹ ਤਕਰੀਬਨ ਤਿੰਨ ਦਹਾਕੇ ਮੁਖੀ ਰਹੇ ਹੋਣ, ਉਸ ਦਾ ਕੋਈ ਬਦਲਵਾਂ ਪ੍ਰਬੰਧ ਉਸਾਰਨ ਦਾ ਉਨ੍ਹਾਂ ਨੂੰ ਸ਼ਾਇਦ ਹੀ ਕਦੀ ਖਿਆਲ ਆਇਆ ਹੋਵੇ! ਇਸੇ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੇ 'ਵਿਸ਼ਾਲ, ਮਜ਼ਬੂਤ ਤੇ ਕਹਿੰਦੇ-ਕਹਾਉਂਦੇ' ਰਾਜ ਵਾਂਗ ਜਥੇਦਾਰ ਟੌਹੜਾ ਦੀ 'ਸਲਤਨਤ' ਤਾਸ਼ ਦੇ ਪੱਤਿਆਂ ਵਾਂਗ ਬਿਖਰ ਗਈ ਤੇ ਸਿੱਖ ਸੰਸਥਾਵਾਂ ਦਾ ਅੱਜ ਜੋ ਹਾਲ ਹੈ, ਉਸ ਤੋਂ ਜਥੇਦਾਰ ਦੀ ਦੂਰ-ਦ੍ਰਿਸ਼ਟੀ ਦੇ ਦਰਸ਼ਨ ਹੋ ਜਾਂਦੇ ਹਨ।

ਹੁਣ ਸਵਾਲ ਹੈ ਕਿ ਮੌਜੂਦਾ ਢਾਂਚੇ ਨੂੰ ਵੱਢ ਮਾਰੇ ਬਗ਼ੈਰ ਕਿਸੇ ਬਦਲਵੀਂ ਸਿਆਸਤ ਦੀ ਕੋਈ ਗੁੰਜਾਇਸ਼ ਹੈ? ਕਿਤੇ ਚੋਣ ਸਿਆਸਤ, ਕਣ ਵਾਲੀ ਸਿਆਸਤ ਦਾ ਬੀਅ ਲੂਹ ਤਾਂ ਨਹੀਂ ਚੁੱਕੀ? ਤੇ ਭੁੱਜੇ ਬੀਜ ਕਦੋਂ ਉਂਗਰਦੇ ਨੇ ਭਲਾ?

*('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)*

# ਇਕੱਠੀਆਂ ਚੋਣਾਂ ਕਰਵਾਉਣ ਬਾਰੇ ਸਵਾਲ

1952 ਵਿਚ ਭਾਰਤੀ ਸੰਵਿਧਾਨ ਅਨੁਸਾਰ ਪਹਿਲੀਆਂ ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਇਕੱਠੀਆਂ ਚੋਣਾਂ ਹੋਈਆਂ ਸਨ। ਇਸ ਤੋਂ ਬਾਅਦ 1957, 1962 ਅਤੇ 1967 ਤੱਕ ਦੀਆਂ ਤਿੰਨ ਚੋਣਾਂ ਤਾਂ ਇਕੱਠੀਆਂ ਹੀ ਹੋਈਆਂ ਪਰ 1967 ਤੋਂ ਬਾਅਦ ਕਈ ਰਾਜਾਂ ਦੀਆਂ ਵਿਧਾਨ ਸਭਾਵਾਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਹੀ ਟੁੱਟ ਜਾਂਦੀਆਂ ਰਹੀਆਂ, ਜਿਸ ਨਾਲ

ਡਾ. ਸ. ਸ. ਛੀਨਾ

ਲੋਕ ਸਭਾ ਅਤੇ ਰਾਜਾਂ ਦੀਆਂ ਚੋਣਾਂ ਵੱਖ ਵੱਖ ਸਮਿਆਂ 'ਤੇ ਹੋਣੀਆਂ ਸ਼ੁਰੂ ਹੋ ਗਈਆਂ। ਲੋਕ ਸਭਾ ਦੀਆਂ ਹੁਣ ਤੱਕ ਜਿਹੜੀਆਂ 16 ਚੋਣਾਂ ਹੋਈਆਂ ਸਨ, ਉਨ੍ਹਾਂ ਵਿਚੋਂ ਵੀ 7, ਭਾਵ ਤਕਰੀਬਨ ਅੱਧੀਆਂ ਚੋਣਾਂ ਸਮੇਂ ਤੋਂ ਪਹਿਲਾਂ ਹੀ ਹੋਈਆਂ। ਅੱਜ ਕੱਲ੍ਹ ਔਸਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹਰ ਸਾਲ ਕਰਵਾਉਣੀਆਂ ਪੈਂਦੀਆਂ ਹਨ। ਮੁਲਕ ਦੇ 29 ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਦਿੱਲੀ ਤੇ ਪੁਡੂਚੇਰੀ) ਦੀਆਂ ਵਿਧਾਨ ਸਭਾਵਾਂ ਵਿਚ ਜਿਥੇ ਸਮਾਜਿਕ ਅਤੇ ਭੂਗੋਲਿਕ ਵਖਰੇਵਾਂ ਹੈ, ਉਥੇ ਵੱਖ ਵੱਖ ਰਾਜਾਂ ਦੀਆਂ ਖੇਤਰੀ ਪਾਰਟੀਆਂ ਦੇ ਵੱਖ ਵੱਖ ਮੈਨੀਫੈਸਟੋ ਅਤੇ ਉਦੇਸ਼ ਹਨ। ਵਿਚਾਰਾਂ ਦਾ ਵੱਖਰੇਵਾਂ ਹੋਣਾ ਲੋਕਤੰਤਰ ਦਾ ਮੂਲ ਆਧਾਰ ਹੈ ਅਤੇ ਵਿਚਾਰਾਂ ਦੇ ਉਸ ਵਖਰੇਵੇਂ ਕਰਕੇ ਵੱਖ ਵੱਖ ਰਾਜਾਂ ਹੀ ਨਹੀਂ, ਸਗੋਂ ਪਾਰਲੀਮੈਂਟ ਵਿਚ ਵੱਖ ਵੱਖ ਪਾਰਟੀਆਂ ਦੀ ਕੁਲੀਸ਼ਨ ਸਰਕਾਰ ਬਣਦੀ ਰਹੀ ਹੈ ਅਤੇ ਪਾਰਟੀਆਂ ਵੱਲੋਂ ਮਦਦ ਵਾਪਸ ਲਏ ਜਾਣ 'ਤੇ ਸਰਕਾਰਾਂ ਟੁੱਟਦੀਆਂ ਵੀ ਰਹੀਆਂ ਹਨ।

ਇਕ ਮੁਲਕ ਵਿਚ ਇਕੋ ਹੀ ਸਮੇਂ 'ਤੇ ਰਾਜਾਂ ਅਤੇ ਕੇਂਦਰ ਦੀਆਂ ਚੋਣਾਂ ਕਰਾਉਣ ਦਾ ਵਿਚਾਰ ਖਿੱਚ ਤਾਂ ਬਹੁਤ ਪਾਉਂਦਾ ਹੈ ਅਤੇ ਇਹ ਚੰਗਾ ਵੀ ਲਗਦਾ ਹੈ ਪਰ ਕੀ ਇਹ ਸੰਭਵ ਹੈ? ਇਸ ਮਸਲੇ ਨਾਲ ਕਈ ਸੁਆਲ ਜੁੜੇ ਹੋਏ ਹਨ। ਜੇ ਇਕੋ ਹੀ ਸਮੇਂ 'ਤੇ ਸਾਰੀਆਂ ਚੋਣਾਂ ਹੁੰਦੀਆਂ ਹਨ ਤਾਂ ਇਕ ਹੀ ਸੀਮਤ ਸਮੇਂ 'ਤੇ ਚੋਣ ਜ਼ਾਬਤਾ ਲਾਗੂ ਹੋਵੇਗਾ, ਜਿਸ ਨਾਲ ਲੋਕਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿਚ ਵੱਡੀ ਰਾਹਤ ਮਿਲਦੀ ਹੈ। ਇਸ ਨਾਲ ਸਰਕਾਰ ਅਤੇ ਸਿਆਸੀ ਪਾਰਟੀਆਂ ਦਾ ਖਰਚ ਵੀ ਘਟਦਾ ਹੈ। ਸੁਰੱਖਿਆ ਬਲਾਂ ਦੀ ਵਰਤੋਂ ਵੀ ਥੋੜ੍ਹੇ ਸਮੇਂ ਲਈ ਕੀਤੀ ਜਾਂਦੀ ਹੈ। ਸਿਆਸੀ ਝਗੜੇ ਅਤੇ ਚੋਣ ਦੰਗਲ ਦਾ ਸਮਾਂ ਵੀ ਸੀਮਤ ਹੁੰਦਾ ਹੈ। ਇਉਂ ਇਕੱਠੀਆਂ ਚੋਣਾਂ ਹੋਣ ਤਾਂ ਪ੍ਰਬੰਧਕੀ ਯੋਗਤਾ ਵਧਦੀ ਹੈ। ਕਾਲੇ ਧਨ ਦੀ ਵਰਤੋਂ ਅਤੇ ਰਿਸ਼ਵਤਖੋਰੀ ਵੀ ਘਟਦੀ ਹੈ।

2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ, ਜਿਸ ਵਿਚ 90 ਕਰੋੜ ਤੋਂ ਵੱਧ ਵੋਟਰਾਂ ਵੱਲੋਂ ਤਕਰੀਬਨ ਸਵਾ ਨੌਂ ਲੱਖ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਪਾਈਆਂ ਜਾਣੀਆਂ ਹਨ, ਲਈ ਇਕ ਕਰੋੜ ਕਰਮਚਾਰੀ ਚੋਣਾਂ ਲਈ ਨਿਯੁਕਤ ਕਰਨੇ ਪੈਣਗੇ। ਜੇ ਇਕੋ ਸਮੇਂ ਚੋਣਾਂ ਹੋ ਜਾਣ ਤਾਂ ਇਸ ਤਾਇਨਾਤੀ ਦਾ ਦੁਹਰਾਅ ਨਹੀਂ ਹੋਵੇਗਾ। ਉਂਜ, ਇਕ ਤਾਂ ਇਨ੍ਹਾਂ ਚੋਣਾਂ ਤੋਂ ਪਹਿਲਾਂ ਇਕੱਠੀਆਂ ਚੋਣਾਂ ਕਰਵਾਉਣ ਲਈ ਸੰਵਿਧਾਨ ਵਿਚ ਹੋਣ ਵਾਲੀਆਂ ਲੋੜੀਂਦੀਆਂ ਸੋਧਾਂ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਪਰ ਕੀ ਆਉਣ ਵਾਲੇ ਸਮੇਂ ਵਿਚ ਇਹ ਸੰਭਵ ਹੋ ਸਕੇਗਾ? ਇਸ ਵਿਸ਼ੇ 'ਤੇ ਵਿਚਾਰ ਲਈ ਪਾਰਲੀਮੈਂਟਰੀ ਕਮੇਟੀ, ਕਾਨੂੰਨੀ ਮਾਹਿਰਾਂ ਅਤੇ ਨੀਤੀ ਆਯੋਗ ਨੂੰ ਅਧਿਐਨ ਕਰਨ ਲਈ ਕਿਹਾ ਗਿਆ ਸੀ। ਇਨ੍ਹਾਂ ਸੰਸਥਾਵਾਂ ਨੇ ਇਸ ਦੇ ਹੱਕ ਅਤੇ ਵਿਰੁਧ ਆਪਣੀਆਂ ਦਲੀਲਾਂ ਦਿੱਤੀਆਂ ਹਨ ਪਰ ਫੈਡਰਲ ਸਰਕਾਰ ਦੇ ਆਧਾਰ 'ਤੇ ਚੱਲਣ ਵਾਲੀਆਂ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ਇਕੱਠੀਆਂ ਚੋਣਾਂ ਕਰਵਾਉਣੀਆਂ ਸੰਭਵ ਨਹੀਂ ਲਗਦੀਆਂ। ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਮਿਆਦ ਭਾਵੇਂ ਪੰਜ ਸਾਲ ਮਿਥੀ ਹੋਈ ਹੈ ਪਰ ਉਹ ਕਿਸੇ ਵਕਤ ਵੀ ਮੈਂਬਰਾਂ ਦੀ ਦਲ-ਬਦਲੀ ਜਾਂ ਮਦਦ ਵਾਪਸ ਲੈਣ 'ਤੇ ਭੰਗ ਕੀਤੀਆਂ ਜਾ ਸਕਦੀਆਂ ਹਨ।

ਇਸ ਤਰ੍ਹਾਂ ਦੀ ਸੋਧ ਮੁਲਕ ਦੇ ਫੈਡਰਲ ਢਾਂਚੇ ਦੇ ਆਧਾਰ ਦੇ ਉਕਾ ਹੀ ਖ਼ਿਲਾਫ਼ ਹੈ। ਹਰ ਰਾਜ ਦੇ ਲੋਕਲ ਅਤੇ ਰਾਜਾਂ ਨਾਲ ਜੁੜੇ ਵਿਸ਼ੇ ਹਨ ਜਿਹੜੇ ਦੂਸਰੇ ਰਾਜਾਂ ਤੋਂ ਐਨ ਵੱਖਰੇ ਅਤੇ ਕੇਂਦਰ ਤੋਂ ਵੀ ਵੱਖਰੇ ਹੋ ਸਕਦੇ ਹਨ। ਜੰਮੂ ਕਸ਼ਮੀਰ ਤੋਂ ਲੈ ਕੇ ਪੱਛਮੀ ਬੰਗਾਲ ਤਕ ਵੱਖ ਵੱਖ ਮੁੱਦਿਆਂ ਨੂੰ ਆਧਾਰ ਬਣਾ ਕੇ ਬਣੀਆਂ ਖੇਤਰੀ ਪਾਰਟੀਆਂ ਨੇ ਆਪੋ-ਆਪਣੇ ਰਾਜ ਅਤੇ ਪਾਰਲੀਮੈਂਟ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ, ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ, ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ, ਉੜੀਸਾ ਦੀ ਬੀਜੂ ਜਨਤਾ ਦਲ, ਬਿਹਾਰ ਦੀ ਜਨਤਾ ਦਲ ਆਦਿ ਉਹ ਪਾਰਟੀਆਂ ਹਨ ਜਿਨ੍ਹਾਂ ਨੇ ਹਕੂਮਤ ਕੀਤੀ ਹੈ। ਇਨ੍ਹਾਂ ਰਾਜਾਂ ਦੀ ਜਨਤਾ ਵੀ ਇਨ੍ਹਾਂ ਪਾਰਟੀਆਂ ਲਈ ਖਾਸ ਰੁਚੀ ਰੱਖਦੀ ਹੈ। ਹੁਣ ਨਾ ਤਾਂ ਇਨ੍ਹਾਂ ਖੇਤਰੀ ਪਾਰਟੀਆਂ ਦੀ ਹੋਂਦ ਘਟ ਸਕਦੀ ਹੈ ਅਤੇ ਨਾ ਹੀ ਇਨ੍ਹਾਂ ਪਾਰਟੀਆਂ ਵੱਲੋਂ ਦੂਸਰੀਆਂ ਪਾਰਟੀਆਂ ਦੀਆਂ ਸਰਕਾਰਾਂ ਨਾਲ ਮਿਲ ਕੇ ਸਰਕਾਰ ਬਣਾਉਣ ਤੇ ਸਰਕਾਰ ਤੋਂ ਮਦਦ ਵਾਪਸ ਲੈਣ ਦੇ ਨੈਤਿਕ ਤੇ ਸੰਵਿਧਾਨਿਕ ਅਧਿਕਾਰ ਨੂੰ ਕਿਸੇ ਤਰ੍ਹਾਂ ਵੀ ਬੰਦ ਕੀਤਾ ਜਾ ਸਕਦਾ ਹੈ। ਉਂਜ ਵੀ ਪਾਰਲੀਮੈਂਟਰੀ ਲੋਕਤੰਤਰ ਵਿਚ ਬਹੁਮਤ ਨਾਲ ਤਾਕਤ ਹਾਸਲ ਕਰਨੀ ਅਤੇ ਬਹੁਮਤ ਘੱਟ ਹੋਣ ਨਾਲ ਸਰਕਾਰ ਦਾ ਬਦਲਣਾ ਕਿਸੇ ਤਰ੍ਹਾਂ ਵੀ ਰੋਕਿਆ ਨਹੀਂ ਜਾ ਸਕਦਾ।

ਜੇ ਦੋਵੇਂ ਚੋਣਾਂ ਇਕੋ ਹੀ ਸਮੇਂ 'ਤੇ ਹੋਣ ਤਾਂ ਕੌਮੀ ਮੁੱਦੇ ਲੋਕਲ ਅਤੇ ਖੇਤਰੀ ਮੁੱਦਿਆਂ 'ਤੇ ਹਾਵੀ ਹੋ ਸਕਦੇ ਹਨ। ਕੌਮੀ ਪਾਰਟੀਆਂ ਦਾ ਤਾਣਾ-ਬਾਣਾ ਅਤੇ ਵਿਸਥਾਰ ਖੇਤਰੀ ਪਾਰਟੀਆਂ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਨਾਲੇ ਕਿਸੇ ਪਾਰਟੀ ਵੱਲੋਂ ਯੋਗ ਸਿੱਟੇ ਨਾ ਦੇਣ 'ਤੇ ਲੋਕਤੰਤਰ ਵਿਚ ਇਨ੍ਹਾਂ ਪਾਰਟੀਆਂ ਦਾ ਸੰਵਿਧਾਨਿਕ ਹੱਕ ਹੈ ਕਿ ਕਿਸੇ ਸਮੇਂ ਵੀ ਬੇਵਿਸ਼ਵਾਸੀ ਦਾ ਮਤਾ ਰੱਖ ਸਕਦੀਆਂ ਹਨ। ਜੇ ਬੇਵਿਸ਼ਵਾਸੀ ਦਾ ਮਤਾ ਰੱਖਣ ਦਾ ਹੱਕ ਹੈ ਤਾਂ ਇਸ ਨਾਲ ਉਸ ਸਰਕਾਰ ਦੇ ਖ਼ਤਮ ਹੋਣ ਦੀ ਸੰਭਾਵਨਾ ਵੀ ਹੈ। ਜਿੰਨਾ ਚਿਰ ਬੇਵਿਸ਼ਵਾਸੀ ਦਾ ਮਤਾ ਰੱਖਣ ਦਾ ਅਧਿਕਾਰ ਹੈ, ਓਨਾ ਚਿਰ ਇਕੱਠੀਆਂ ਚੋਣਾਂ ਕਰਵਾਉਣ ਦਾ ਵਿਚਾਰ ਬੇਅਰਥ ਹੋਵੇਗਾ।

ਕੇਂਦਰ ਸਰਕਾਰ ਕੋਲ ਸੰਵਿਧਾਨ ਦੀ ਧਾਰਾ 356 ਦੇ ਅਧੀਨ ਕਿਸੇ ਵਿਧਾਨ ਸਭਾ ਨੂੰ ਉਸ ਦੀ ਕਾਰਗੁਜ਼ਾਰੀ ਨੂੰ ਧਿਆਨ ਵਿਚ ਰੱਖਦਿਆਂ ਭੰਗ ਕਰਨ ਦਾ ਅਧਿਕਾਰ ਹੈ। ਫਿਰ ਜਿੰਨਾ ਚਿਰ ਇਹ ਅਧਿਕਾਰ ਕੇਂਦਰ ਸਰਕਾਰ ਕੋਲ ਹੈ, ਓਨਾ ਚਿਰ ਇਕੱਠੀਆਂ ਚੋਣਾਂ ਦਾ ਕੀ ਅਰਥ? ਇਸ ਲਈ ਕਾਨੂੰਨੀ ਮਾਹਿਰਾਂ ਦੀ ਇਹੀ ਰਾਇ ਹੈ ਕਿ ਇਕੱਠੀਆਂ ਚੋਣਾਂ ਦੀ ਵਿਵਸਥਾ ਲਈ ਇਕ ਨਹੀਂ, ਸਗੋਂ ਕਈ ਸੋਧਾਂ ਕਰਨੀਆਂ ਪੈਣਗੀਆਂ।

ਫੈਡਰਲ ਪ੍ਰਣਾਲੀ ਵਿਚ ਸਿਵਾਏ ਖਰਚ ਦੀ ਬੱਚਤ ਤੋਂ ਇਕੱਠੀਆਂ ਚੋਣਾਂ ਕਰਵਾਉਣੀਆਂ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਜਾਪਦੀਆਂ। ਜਿਥੇ ਚੁਣੇ ਹੋਏ ਵਿਧਾਇਕਾਂ ਜਾਂ ਮੈਂਬਰਾਂ ਨੂੰ ਸਰਕਾਰ ਦੀ ਆਲੋਚਨਾ ਕਰਨ ਅਤੇ ਉਨ੍ਹਾਂ ਤੋਂ ਮਦਦ ਵਾਪਸ ਲੈਣ ਦਾ ਹੱਕ ਹੈ, ਉਥੇ ਅੱਜ ਕੱਲ੍ਹ ਇਹ ਵਿਚਾਰ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਇਕ ਇਕ ਹਲਕੇ ਦੇ ਵੋਟਰਾਂ ਨੂੰ ਵੀ ਇਹ ਹੱਕ ਮਿਲਣਾ ਚਾਹੀਦਾ ਹੈ ਕਿ ਮਾੜੀ ਕਾਰਗੁਜ਼ਾਰੀ ਵਾਲੇ ਪ੍ਰਤੀਨਿਧ ਨੂੰ ਉਹ ਵਾਪਸ ਬੁਲਾ ਸਕਣ। ਕਿਸੇ ਵੀ ਲੋਕਤੰਤਰ ਵਿਚ ਵੋਟ ਦਾ ਅਧਿਕਾਰ ਵੱਡਾ ਅਧਿਕਾਰ ਹੁੰਦਾ ਹੈ ਜਿਸ 'ਤੇ ਕੋਈ ਵੀ ਨਾਗਰਿਕ ਮਾਣ ਕਰ ਸਕਦਾ ਹੈ। ਇਸ ਲਈ ਇਹ ਵੀ ਵਿਚਾਰ ਕਰਨ ਵਾਲੀ ਗੱਲ ਹੈ ਕਿ ਇਕੱਠੀਆਂ ਚੋਣਾਂ ਕਰਨ ਦੀ ਵਿਵਸਥਾ ਵੋਟਰਾਂ ਦੇ ਉਸ ਅਧਿਕਾਰ ਦੀ ਉਲੰਘਣਾ ਤਾਂ ਨਹੀਂ ਹੋਵੇਗੀ ਜੋ ਲੋਕਤੰਤਰ ਦੀ ਬੁਨਿਆਦ ਹੈ?

ਲਿਖਤੁਮ

# ਲੜਦੇ-ਭਿੜਦੇ ਪ੍ਰਚਾਰਕਾਂ-ਪ੍ਰਸ਼ੰਸਕਾਂ ਪ੍ਰਤੀ ਪ੍ਰੱਤ੍ਰਿਕਾ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮੈਂ ਦਸ-ਬਾਰਾਂ ਸਾਲਾਂ ਦਾ ਹੋਵਾਂਗਾ, ਉਦੋਂ ਦੀਆਂ ਇਹ ਗੱਲਾਂ ਨੇ। ਇਸ ਲਿਖਤ ਵਿਚ ਆਏ ਦੋਵੇਂ ਸੰਤ ਭਾਵੇਂ ਮੈਂ ਦੇਖੇ ਹੋਏ ਹਨ ਅਤੇ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਕਥਾ-ਵਿਖਿਆਨ ਕਰਦਿਆਂ ਨੂੰ ਵੀ ਸੁਣਿਆ ਹੋਇਆ ਹੈ ਪਰ ਵਿਚਾਰ ਅਧੀਨ ਵਾਰਤਾ ਮੈਂ ਆਪਣੇ ਪਿਤਾ ਜੀ ਦੇ ਮੂੰਹੋਂ ਕਈ ਵਾਰ ਸੁਣੀ ਹੋਈ ਹੈ। ਇਹ ਉਨ੍ਹਾਂ ਦੀ ਹੱਡਬੀਤੀ ਸੀ।

ਸਾਡੇ ਪੇਂਡੂ ਇਲਾਕੇ ਵਿਚ ਦੋ ਸੰਤਾਂ ਦਾ ਬੜਾ ਪ੍ਰਭਾਵ ਸੀ। ਇਕ ਸਨ, ਸੰਤ ਹਰੀ ਸਿੰਘ ਰਾਮਰਾਏਪੁਰ ਵਾਲੇ ਅਤੇ ਦੂਜੇ, ਸੰਤ ਜਵਾਹਰ ਦਾਸ, ਜਿਨ੍ਹਾਂ ਦਾ ਡੇਰਾ ਪਹਿਲੇ ਸੰਤਾਂ ਦੇ ਪਿੰਡ ਤੋਂ ਪੰਜ-ਛੇ ਮੀਲ ਦੂਰ ਅਸਮਾਨਪੁਰ ਪਿੰਡ ਵਿਚ ਸੀ। ਦੋਵੇਂ ਸੰਤ ਭਾਵੇਂ ਹਮ-ਉਮਰ ਹੀ ਸਨ ਪਰ ਦੋਹਾਂ ਦੀ ਵਿਚਾਰਧਾਰਾ ਵੱਖ ਵੱਖ ਸੀ। ਉਹ ਦੋਵੇਂ ਹੀ 'ਸਿੱਖਾਂ ਦੇ ਸੰਤ' ਕਹਾਉਂਦੇ ਸਨ ਪਰ ਜਿਥੇ ਸੰਤ ਹਰੀ ਸਿੰਘ ਸਿੱਖੀ ਰਹਿਤ-ਬਹਿਤ ਵਿਚ ਪਰਪੱਕ ਅੰਮ੍ਰਿਤਧਾਰੀ ਸਿੰਘ ਸਨ, ਉਥੇ ਸੰਤ ਜਵਾਹਰ ਦਾਸ ਹਮੇਸ਼ਾ ਗੇਰੂਏ ਵਸਤਰ ਪਹਿਨਦੇ ਸਨ। ਦੋਵੇਂ ਆਪੋ ਆਪਣੇ ਡੇਰਿਆਂ ਵਿਚ ਨਵੇਂ ਸਿਖਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਦੇਣ ਤੋਂ ਇਲਾਵਾ ਕਥਾ-ਕੀਰਤਨ ਵੀ ਸਿਖਾਉਂਦੇ ਸਨ।

ਦੋਹਾਂ ਸੰਤਾਂ ਨੇ ਆਪੋ-ਆਪਣੇ ਪਾਠੀ ਸਿੰਘ ਵੀ ਰੱਖੇ ਹੋਏ ਸਨ, ਜੋ ਪਿੰਡਾਂ ਵਿਚ ਖੁਸ਼ੀ-ਗਮੀ ਮੌਕੇ ਕਰਵਾਏ ਜਾਂਦੇ ਅਖੰਡ ਪਾਠ ਜਾਂ ਸਾਧਾਰਨ ਪਾਠ (ਉਦੋਂ ਸਹਿਜ ਪਾਠ ਲਈ 'ਸਾਧਾਰਨ ਪਾਠ' ਸ਼ਬਦ ਪ੍ਰਚਲਿਤ ਸੀ) ਕਰਦੇ ਹੁੰਦੇ ਸਨ। ਇਨ੍ਹਾਂ ਦਾ ਵੀ 'ਸੰਤਾਂ ਦੇ ਪਾਠੀਆਂ' ਵਜੋਂ ਚੰਗਾ ਮਾਣ-ਸਤਿਕਾਰ ਸੀ। ਆਲੇ-ਦੁਆਲੇ ਵਾਂਗ ਸਾਡੇ ਪਿੰਡ ਵਿਚ ਵੀ ਦੋਹਾਂ ਸੰਤਾਂ ਦੀ ਸਿੱਖੀ ਸੇਵਕੀ ਵਿਚ ਇਕ ਖਾਸ ਵਖਰੇਵਾਂ ਇਹੀ ਹੁੰਦਾ ਸੀ ਕਿ ਸਿੰਘ ਸਭੀਏ ਪ੍ਰਭਾਵ ਵਾਲੇ ਪਰਿਵਾਰਾਂ ਵਿਚ ਜ਼ਿਆਦਾਤਰ ਸੰਤ ਹਰੀ ਸਿੰਘ ਜਥੇ ਸਮੇਤ ਆਉਂਦੇ। ਥੋੜ੍ਹਾ ਰਲੇ-ਮਿਲੇ ਪਰਿਵਾਰਾਂ ਵਿਚ ਸੰਤ ਅਸਮਾਨਪੁਰੀਏ ਦਾ ਪਹਿਰਾ ਹੁੰਦਾ। ਇਸ ਤੋਂ ਇਲਾਵਾ ਸ਼ਰਧਾ ਤੇ ਸਤਿਕਾਰ ਦੋਹਾਂ ਦਾ ਹੀ ਬਰਾਬਰ ਕੀਤਾ ਜਾਂਦਾ ਸੀ ਅਤੇ ਨਫਰਤ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਸਕੂਲ ਆਉਂਦੇ-ਜਾਂਦੇ ਰਾਹ ਵਿਚ ਕਦੇ ਸਾਨੂੰ ਸੰਤ ਜੀ ਮਿਲ ਪੈਂਦੇ ਤਾਂ ਅਸੀਂ ਉਨ੍ਹਾਂ ਦੇ ਪੈਰੀਂ ਹੱਥ ਲਾਉਂਦੇ।

ਮੁੱਖ ਮੁੱਦੇ ਵਾਲੀ ਘਟਨਾ ਛੋਹਣ ਤੋਂ ਪਹਿਲਾਂ ਦੋਹਾਂ ਬਾਬਿਆਂ ਵਿਚਲੇ ਵਖਰੇਵੇਂ ਦਾ ਅਹਿਮ ਵੇਰਵਾ ਵੀ ਦੱਸ ਦਿੰਦਾ ਹਾਂ। ਸੰਤ ਜਵਾਹਰ ਦਾਸ ਵਲੋਂ ਗੁਰਬਾਣੀ ਸੰਥਿਆ ਦੇਣ ਦੇ ਪਾਠੰਤ੍ਰ-ਭੇਦ ਤਾਂ ਸ਼ਾਇਦ ਹੋਰ ਵੀ ਹੁੰਦੇ ਹੋਣਗੇ ਪਰ ਉਨ੍ਹਾਂ ਦਾ ਸਭ ਤੋਂ ਵੱਡਾ ਤੇ ਅਨੋਖਾ ਫਰਕ ਮੂਲ ਮੰਤਰ ਦੇ ਉਚਾਰਣ ਦਾ ਸੀ। ਉਹ ੴ ਦਾ ਉਚਾਰਣ 'ਇਕ ਓਅੰਕਾਰ' ਦੀ ਥਾਂ 'ਇਕ ਓਂ' ਕਰਦੇ ਸਨ; ਭਾਵ 'ਇਕ ਓਅੰ' ਦੇ ਨਾਲ 'ਕਾਰ' ਨਹੀਂ ਸਨ ਬੋਲਦੇ ਜੋ ਸੁਣਨ ਵਾਲਿਆਂ ਨੂੰ 'ਇੱਕ ਓਮ' ਹੀ ਸਮਝ ਪੈਂਦਾ। ਜਵਾਹਰ ਦਾਸ ਹੁਰੀਂ ਆਪ ਵੀ ਤੇ ਉਨ੍ਹਾਂ ਤੋਂ ਪੜ੍ਹੇ ਹੋਏ ਪਾਠੀ-ਰਾਗੀ ਵੀ ਹਮੇਸ਼ਾ ਪੰਡਿਤਾਂ ਵਾਂਗ 'ਇਕ ਓਂ' ਹੀ ਬੋਲਦੇ।

ਬਜ਼ੁਰਗ ਦੱਸਦੇ ਸਨ ਕਿ ਜੱਗੋਂ ਤੇਰ੍ਹਵੇਂ ਇਸ ਉਚਾਰਣ ਵਿਰੁਧ ਸੰਤ ਹਰੀ ਸਿੰਘ ਸਹਿਵਨ ਗੱਲ ਕਰਦਿਆਂ ਤਾਂ ਇਸ ਨੂੰ ਗਲਤ ਦੱਸ ਕੇ, ਦਰੁਸਤ ਉਚਾਰਣ ਦੀ ਪ੍ਰੇਰਨਾ ਦਿੰਦੇ ਪਰ ਅਜੋਕੇ ਮਾਹੌਲ ਵਾਂਗ ਉਹ ਕਦੇ ਉਚੀ ਜਾਂ ਤਿੱਖੀ ਭਾਸ਼ਾ ਵਿਚ ਕਲੇਸ਼ ਨਹੀਂ ਸੀ ਪਾਉਂਦੇ ਤੇ ਨਾ ਹੀ ਕਦੇ ਕਥਾ-ਉਪਦੇਸ਼ ਕਰਦਿਆਂ ਸਿੱਧੇ-ਅਸਿੱਧੇ ਢੰਗ ਨਾਲ ਅਸਮਾਨਪੁਰੀਏ ਸੰਤ ਨੂੰ 'ਰਗੜੇ' ਹੀ ਲਾਉਂਦੇ।

ਹਾਂ, ਦੋਹਾਂ ਵਿਚਕਾਰ ਗੋਸ਼ਟੀ ਜ਼ਰੂਰ ਹੋਈ ਸੀ ਜਿਸ ਵਿਚ 'ਇਕ ਓਅੰਕਾਰ' ਅਤੇ ਕੁਝ ਹੋਰ ਮਤਭੇਦਾਂ ਬਾਰੇ ਲੰਬੀ ਚਰਚਾ ਕੀਤੀ ਗਈ ਸੀ। ਸਾਡੇ ਇਲਾਕੇ ਦੀ ਸਤਿਕਾਰਤ ਸ਼ਖਸੀਅਤ ਮਾਸਟਰ ਗੁਰਚਰਨ ਸਿੰਘ ਜਗਤੇਵਾਲੀਏ ਦੱਸਿਆ ਕਰਦੇ ਸਨ ਕਿ ਸੰਨ 1967 ਵਿਚ ਜਦ ਉਹ ਸਰਕਾਰੀ ਸਕੂਲ ਸਹਾਬਪੁਰ (ਜ਼ਿਲ੍ਹਾ ਨਵਾਂਸ਼ਹਿਰ) ਵਿਖੇ ਅਧਿਆਪਕ ਲੱਗੇ ਹੋਏ ਸਨ, ਤਦ ਦੋਹਾਂ ਸੰਤਾਂ ਵਿਚਕਾਰ ਤਿੰਨ ਦਿਨ ਵਿਚਾਰ-ਗੋਸ਼ਟੀ ਚੱਲੀ ਸੀ। ਦੋਹਾਂ ਦੇ ਹੀ ਸੰਗੀਆਂ ਸਾਥੀਆਂ ਦੀ ਮੌਜੂਦਗੀ ਵਿਚ ਹੋਈ ਇਹ ਵਿਚਾਰ-ਚਰਚਾ, ਬੇਸ਼ਕ ਸ਼ਾਂਤ ਮਾਹੌਲ ਵਿਚ ਹੀ ਹੋਈ ਪਰ ਸੰਤ ਹਰੀ ਸਿੰਘ ਦੀਆਂ ਦਲੀਲਾਂ ਮੋਹਰੇ ਲਾਜਵਾਬ ਹੋਣ ਦੇ ਬਾਵਜੂਦ ਸੰਤ ਜਵਾਹਰ ਦਾਸ ਹੋਰਾਂ ਉਸ ਕਹਾਵਤ ਵਾਲੀ ਗੱਲ ਕਰ ਦਿੱਤੀ; ਅਖੇ, 'ਇਹ ਗੱਲ ਤਾਂ ਮੰਨੀ, ਪਰ ਤੂੰ ਛੱਲੀ ਕਾਹਤੋਂ ਭੰਨੀ!' ਕਹਿਣ ਦਾ ਮਤਲਬ ਕਿ ਉਹ 'ਓਅੰਕਾਰ' ਕਹਿਣ ਲਈ ਸਹਿਮਤ ਨਹੀਂ ਸੀ ਹੋਏ।

ਜਿੰਨੀ ਕੁ ਵਾਰ ਮੈਂ ਇਸ ਭਗਵਾਂਧਾਰੀ ਸੰਤ ਜੀ ਨੂੰ ਕਥਾ ਕਰਦਿਆਂ ਸੁਣਿਆ, ਮੈਨੂੰ ਯਾਦ ਹੈ, ਉਹ ਭੀਲਣੀ ਦੇ ਬੇਰਾਂ ਵਾਲੀ 'ਸਾਖੀ' ਜ਼ਰੂਰ ਸੁਣਾਉਂਦੇ। ਸਿੱਖਾਂ ਦੇ ਘਰਾਂ ਵਿਚ ਪਾਠ ਦੇ ਭੋਗ ਉਪਰੰਤ ਆਏ ਹੁਕਮਨਾਮੇ ਦੀ ਕਥਾ-ਵਿਆਖਿਆ ਕਰਨ ਵੇਲੇ ਉਹ ਗੁਰ ਇਤਿਹਾਸ ਦਾ ਥੋੜ੍ਹਾ ਜਿਹਾ ਜ਼ਿਕਰ ਕਰਨ ਤੋਂ ਬਾਅਦ ਘੁੰਮ-ਘੁਮਾ ਕੇ ਦੁਆਪੁਰ-ਤ੍ਰੇਤੇ ਦੇ ਮਿਥਿਹਾਸਕ ਪ੍ਰਸੰਗਾਂ ਵਿਚ ਜਾ ਵੜਦੇ। ਵਿਚੇ ਹੀ ਗੀਤਾ ਵਿਚਲੇ ਸੰਸਕ੍ਰਿਤ ਦੇ ਸ਼ਲੋਕ ਬੋਲਦਿਆਂ ਬੜੇ ਮਧੁਰ ਕੰਠ ਨਾਲ 'ਹੇ ਅਰਜਨ', 'ਹੇ ਸਾਰਥੀ' ਤੇ 'ਹੇ ਕੁੰਤੀ' ਵਰਗੇ ਸੰਬੋਧਨੀ ਵਾਕ ਉਚਾਰਦੇ ਰਹਿੰਦੇ। ਗੁਰੂ ਮਹਾਰਾਜ ਦੀ ਤਾਬਿਆ ਬਹਿ ਕੇ ਇਹੋ ਜਿਹੀ 'ਸਨਾਤਨੀ ਕਥਾ' ਸਰਵਣ ਕਰਾਉਣ ਤੋਂ ਬਾਅਦ ਉਨ੍ਹਾਂ ਨੇ ਬ੍ਰਿੰਦਾਵਨੀ ਰਹਾ ਦੇ ਨਾਲ 'ਰਾਮ ਨਾਮ ਕੀ ਜੈ' ਅਤੇ 'ਹਰੀ ਓਮ' ਆਖਦਿਆਂ ਸਮਾਪਤੀ ਕਰ ਦੇਣੀ।

ਕਿਸੇ ਗੁਰਪੁਰਬ ਮੌਕੇ ਸਾਡੇ ਪਿੰਡ ਹੋਏ ਅਖੰਡ ਪਾਠ ਦੇ ਭੋਗ 'ਤੇ ਸੰਤ ਹਰੀ ਸਿੰਘ ਕਥਾ ਕਰਨ ਆਏ। ਉਨ੍ਹਾਂ ਨੇ ਸਿੱਖੀ ਵਿਚ ਕੱਕਾਰਾਂ ਦੀ ਮਹਾਨਤਾ ਦਾ ਵਿਸ਼ਾ ਛੋਹਿਆ। ਕੇਸਾਂ ਬਾਰੇ ਬੋਲਦਿਆਂ ਉਨ੍ਹਾਂ ਭਾਈ ਤਾਰੂ ਸਿੰਘ ਦੀ ਖੋਪੜੀ ਲਹਿਣ ਵਾਲਾ ਲਹੂ-ਭਿੱਜਾ ਬਿਰਤਾਂਤ ਸੁਣਾਇਆ। ਵੱਖ ਵੱਖ ਗ੍ਰੰਥਾਂ ਵਿਚੋਂ ਹਵਾਲਾ-ਤੁਕਾਂ ਬੋਲ ਕੇ ਉਨ੍ਹਾਂ ਪੰਡਾਲ ਵਿਚ ਅਜਿਹਾ ਮਾਹੌਲ ਸਿਰਜ ਦਿੱਤਾ ਕਿ ਕਈ ਸਰੋਤਿਆਂ ਦੀਆਂ ਅੱਖਾਂ ਛਲਕ ਪਈਆਂ। ਅੰਮ੍ਰਿਤ ਛਕਣ ਦੀ ਪ੍ਰੇਰਨਾ ਦੇ ਕੇ ਕਥਾ ਸਮਾਪਤੀ ਤੋਂ ਬਾਅਦ ਜਦ ਉਹ ਪੰਗਤ ਵਿਚ ਬੈਠੇ ਪ੍ਰਸ਼ਾਦਾ ਛਕ ਰਹੇ ਸਨ, ਤਦ ਲਾਸਾਨੀ ਸ਼ਹਾਦਤ ਵਾਲਾ ਇਤਿਹਾਸ ਸੁਣ ਕੇ ਪਸੀਜੇ ਪਏ ਸਾਡੇ ਭਾਈਆ ਜੀ ਨੇ ਉਨ੍ਹਾਂ ਦੀ ਭਰਵੀਂ ਸ਼ਲਾਘਾ ਕਰਦਿਆਂ ਕਿਹਾ, "ਬਾਬਾ ਜੀ, ਤੁਸੀਂ ਹਮੇਸ਼ਾ ਹੀ ਗੁਰਮਤਿ, ਗੁਰ ਇਤਿਹਾਸ ਦੀ ਕਥਾ ਸੁਣਾਉਂਦੇ ਹੋ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਦੇ ਹੋ ਪਰ ਅਸਮਾਨਪੁਰੀਏ ਸੰਤ ਜੀ ਗੁਰਮਤਿ ਦੀ ਥੋੜ੍ਹੀ ਬਹੁਤੀ ਗੱਲ ਸੁਣਾ ਕੇ ਹਮੇਸ਼ਾ ਰਮਾਇਣ ਅਤੇ ਮਹਾਂਭਾਰਤ ਹੀ ਛੇੜ ਲੈਂਦੇ ਹਨ।"

ਸੰਤ ਹਰੀ ਸਿੰਘ ਭਾਵੇਂ ਜ਼ਰਾ ਗੁੱਸੇਖੋਰ ਸੁਭਾਅ ਵਾਲੇ ਸਨ ਪਰ ਸਾਡੇ ਭਾਈਆ ਜੀ ਦੇ ਮੂੰਹੋਂ ਇੰਨੀ ਕੁ ਗੱਲ ਸੁਣ ਕੇ ਉਨ੍ਹਾਂ ਦਾ ਹੱਥ ਫੜ੍ਹਦਿਆਂ ਕਹਿੰਦੇ, "ਗਿਆਨੀ ਜੀ, ਉਹ ਜਿੰਨੀ ਕੁ ਗੁਰਮਤਿ ਦੀ ਗੱਲ ਕਰਦੇ ਹੁੰਦੇ ਨੇ, ਓਨੀ ਕੁ ਪੱਲੇ ਬੰਨ੍ਹ ਲਿਆ ਕਰੋ, ਬਾਕੀ ਦੀ ਉਥੇ ਹੀ ਛੱਡ ਦਿਆ ਕਰੋ ਭਾਈ!"

ਇਹ ਲਿਖਤ ਆਪੋ ਵਿਚੀਂ ਲੜਦੇ-ਭਿੜਦੇ ਤੇ ਖਹਿੰਦੇ ਪ੍ਰਚਾਰਕਾਂ ਪ੍ਰਤੀ ਪ੍ਰੱਤਿਕਾ ਹੀ ਸਮਝਣ ਦੀ ਕ੍ਰਿਪਾਲਤਾ ਕੀਤੀ ਜਾਵੇ।

# ਹੁਸਨ ਬਣੇ ਨਾ ਨਸੀਬਾਂ ਵਾਲੀ ਕਾਨੀ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਉਹ ਕੁੜੀ ਮੈਨੂੰ ਆਪਣੀ ਹੱਡ-ਬੀਤੀ ਦੱਸਣ ਲੱਗੀ। ਪਹਿਲਾਂ ਤਾਂ ਮੈਂ ਜ਼ਿਆਦਾ ਧਿਆਨ ਨਾ ਦਿੱਤਾ, ਪਰ ਉਸ ਦੇ ਹਉਕਿਆਂ ਨੇ ਆਪਣੇ ਆਪ ਹੀ ਉਸ ਦੀ ਹੱਡ-ਬੀਤੀ ਦਾ ਹੁੰਗਾਰਾ ਭਰਨ ਲਾ ਲਿਆ। ਜੋ ਕੁਝ ਉਸ ਕੁੜੀ ਚੰਨੋ ਨੇ ਦੱਸਿਆ, ਹੁਣ ਉਹ ਸਾਂਝਾ ਕਰਨ ਲੱਗਿਆ ਹਾਂ:

ਮੇਰੇ ਪਿਤਾ ਜੀ ਹੋਰੀਂ ਤਿੰਨ ਭਰਾ ਸਨ। ਪਿਤਾ ਜੀ ਰੰਗ ਦਾ ਗੋਰਾ, ਸੋਹਣਾ ਸਨੁੱਖਾ, ਛੈਲ ਛਬੀਲਾ ਗੱਭਰੂ ਸੀ। ਮੇਰੇ ਚਾਰ ਮਾਮੇ ਸਨ। ਜੱਦੀ ਖਾਨਦਾਨ, ਸੋਹਣਾ ਰਹਿਣ-ਸਹਿਣ ਸੀ, ਤੇ ਮੇਰੀ ਮਾਂ ਉਨ੍ਹਾਂ ਦੀ ਇਕੱਲੀ ਭੈਣ ਸੀ। ਮਾਂ ਰੰਗ ਦੀ ਕਾਲੀ, ਕੁਦਰਤ ਨੇ ਜਿਵੇਂ ਸਾਰਾ ਕਾਲਾ ਰੰਗ ਮਾਂ 'ਤੇ ਮੁਕਾ ਦਿੱਤਾ ਹੋਵੇ। ਪਿਤਾ ਜੀ ਹੋਰੀਂ ਬਹੁਤੇ ਗਰੀਬ ਤਾਂ ਨਹੀਂ, ਪਰ ਮਾਮਿਆਂ ਦੇ ਮੂਹਰੇ ਮਹਿਲਾਂ ਅੱਗੇ ਜਿਵੇਂ ਕੱਚਾ ਘਰ ਹੋਵੇ। ਸੰਜੋਗ ਰਲੇ, ਬਾਪੂ ਜੀ ਨੇ ਸਬਰ ਕਰ ਕੇ ਮਾਂ ਨੂੰ ਪ੍ਰਵਾਨ ਕਰ ਲਿਆ। ਮਾਮਿਆਂ ਦੀ ਅਮੀਰੀ ਨੇ ਮਾਂ ਦਾ ਰੰਗ ਕਾਲਿਉਂ ਫਿੱਕਾ ਕਰ ਦਿੱਤਾ। ਉਨ੍ਹਾਂ ਨੇ ਪਿਤਾ ਜੀ ਦੀ ਬਹੁਤ ਮਦਦ ਕੀਤੀ। ਮੇਰੇ ਤਾਏ-ਚਾਚੇ ਵੀ ਖੁਸ਼ ਸਨ ਕਿ ਸਾਡਾ ਹੀਰਾ, ਵੱਡੇ ਘਰ ਵਿਚ ਵਿਆਹਿਆ ਹੋਇਆ ਹੈ। ਮਾਂ ਨੇ ਸਾਂਝੇ ਪਰਿਵਾਰ ਵਿਚ ਕੰਮ ਕਰ ਕੇ ਚੰਗੀ ਟੌਹਰ ਬਣਾ ਲਈ। ਮੇਰੀ ਦਾਦੀ, ਮਾਂ ਨੂੰ ਬਹੁਤ ਪਿਆਰ ਕਰਦੀ। ਮਾਂ ਦੇ ਵਿਆਹ ਤੋਂ ਬਾਅਦ ਪਿਤਾ ਜੀ ਹੋਰਾਂ ਦਾ ਚੰਗਾ ਕੰਮ ਹੋ ਗਿਆ ਸੀ।

ਸਮਾਂ ਲੰਘਿਆ, ਬੀਬੀ ਨੇ ਆਪਣੇ ਵਰਗੀ ਧੀ ਨੂੰ ਜਨਮ ਦਿੱਤਾ। ਉਸ ਦਾ ਨਾਂ ਕਾਲੋ ਰੱਖ ਦਿੱਤਾ। ਕਾਲੋ ਨੂੰ ਪਹਿਲਾ ਜੀਅ ਆਖ ਕੇ ਸਭ ਨੇ ਗੋਦੀ ਖਿਡਾਇਆ। ਪਿਤਾ ਜੀ ਦੇ ਰੰਗ ਦਾ ਇਕ ਵੀ ਕਿਣਕਾ ਕਾਲੋ 'ਤੇ ਨਾ ਪਿਆ। ਮਾਂ ਫਿਰ ਮਾਂ ਬਣਨ ਵਾਲੀ ਹੋ ਗਈ। ਸਭ ਨੇ ਮੁੰਡਾ ਨਾ ਮੰਗਿਆ ਸਗੋਂ ਅਰਦਾਸ ਕੀਤੀ ਕਿ ਜੋ ਵੀ ਜੀਅ ਆਵੇ, ਹੀਰੇ ਵਰਗਾ ਹੋਵੇ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਫਿਰ ਕਾਲੋ ਵਰਗੀ ਧੀ ਆ ਗਈ, ਜੋ ਬਹੁਤ ਮਾੜੀ ਸੀ, ਮਸਾਂ ਹੱਥਾਂ ਵਿਚ ਫੜ੍ਹੀ ਜਾਂਦੀ ਤੇ ਸਭ ਨੇ ਢਿੱਲੇ ਜਿਹੇ ਮੂੰਹ ਨਾਲ ਉਸ ਦਾ ਨਾਂ ਮਾੜੋ ਰੱਖ ਦਿੱਤਾ। ਤਾਏ-ਚਾਚੇ ਵੀ ਪਿਤਾ ਜੀ ਤੋਂ ਪਾਸਾ ਵੱਟਣ ਲੱਗੇ। ਕਹਿੰਦੇ, ਇਹ ਘਰ ਤਾਂ ਕੁੜੀਆਂ ਨਾਲ ਹੀ ਭਰੂਗਾ ਤੇ ਕਿਹੜਾ ਇਨ੍ਹਾਂ ਨੂੰ ਵਿਆਹੁੰਦਾ ਰਹੂ। ਉਹ ਪਿਤਾ ਜੀ ਨੂੰ ਛੱਡ ਕੇ ਵੱਖ ਹੋ ਗਏ। ਮੇਰੀ ਮਾਂ ਨੇ ਸਾਡੇ ਦਾਦਾ-ਦਾਦੀ ਨੂੰ ਆਪਣੇ ਨਾਲੋਂ ਵੱਖ ਨਾ ਹੋਣ ਦਿੱਤਾ। ਮਾਂ ਕਹਿੰਦੀ ਸੀ ਕਿ ਜਿਸ ਘਰ ਵਿਚ ਸਿਆਣੇ ਬਜ਼ੁਰਗ ਨਹੀਂ ਹੁੰਦੇ, ਉਹ ਘਰ ਨਹੀਂ ਹੁੰਦਾ ਸਿਰਫ ਚਾਰ ਦੀਵਾਰੀ ਵਿਚ ਕੈਦ ਲੋਕ ਹੁੰਦੇ ਹਨ। ਮਾਂ ਨੇ ਦਾਦਾ-ਦਾਦੀ ਦੀ ਬਹੁਤ ਸੇਵਾ ਕੀਤੀ।

ਮੇਰੀ ਦਾਦੀ ਦਾ ਮੁਕਤਸਰ ਸਾਹਿਬ ਦੀ ਧਰਤੀ ਦਾ ਜਨਮ ਸੀ, ਬੜੀ ਦਲੇਰ ਸੀ, ਉਸ ਨੇ ਕਦੇ ਮਾਂ ਨੂੰ ਡੋਲਣ ਨਾ ਦਿੱਤਾ। ਮਾਂ ਨੇ ਫਿਰ ਮੇਰੀ ਵਾਰੀ ਕੱਢ ਦਿੱਤੀ। ਮੈਂ ਚੰਨ ਦਾ ਟੁਕੜਾ, ਸਾਰੇ ਘਰ ਵਿਚ ਰੌਸ਼ਨੀ ਕਰ ਦਿੱਤੀ। ਮੇਰੀ ਵਾਰੀ ਮਾਂ ਦੇ ਰੰਗ ਦਾ ਇਕ ਕਿਣਕਾ ਵੀ ਬੱਚੇ ਉਤੇ ਨਹੀਂ ਸੀ ਪਿਆ। ਠੋਡੀ 'ਤੇ ਸਰੋਂ ਦੇ ਦਾਣੇ ਜਿੱਡਾ ਤਿਲ ਸੀ ਜੋ ਮੇਰੀ ਸੁੰਦਰਤਾ ਨੂੰ ਚਾਰ ਚੰਨ ਲਾਉਂਦਾ ਸੀ। ਮੈਂ ਬੇਸ਼ਕ ਤੀਜੀ ਧੀ ਸਾਂ ਪਰ ਮਾਂ ਨੇ ਪੁੱਤ ਵਰਗੀ ਖੁਸ਼ੀ ਮਨਾਈ। ਮਾਂ ਤਾਂ ਕਈ ਵਾਰ ਹੱਸਦੀ ਕਹਿ ਦਿੰਦੀ ਕਿ ਇਹ ਮੇਰੀ ਚੰਨੋ ਨਹੀਂ, ਚੰਨਣ ਸਿਉਂ ਹੈ। ਮੈਂ ਤਿੱਖੀ ਤੇ ਚੁਸਤ ਚਲਾਕ ਵੀ ਬਹੁਤ ਸੀ। ਸਾਰਾ ਪਰਿਵਾਰ ਮੈਨੂੰ ਬਹੁਤ ਪਿਆਰ ਕਰਦਾ ਸੀ, ਸਭ ਕਹਿੰਦੇ, ਚੰਨੋ ਜਿਹੇ ਕਰਮ ਰੱਬ ਸਭ ਨੂੰ ਦੇਵੇ।

ਕਈ ਵਾਰ ਮਾਂ ਨੂੰ ਕਾਲੋ ਤੇ ਮਾੜੋ ਦੇ ਵਿਆਹਾਂ ਦਾ ਫਿਕਰ ਲੱਗ ਜਾਂਦਾ। ਉਹ ਕਹਿੰਦੀ ਕਿ ਇਨ੍ਹਾਂ ਨਾਲ ਕੌਣ ਵਿਆਹ ਕਰਵਾਊਗਾ। ਪਿਤਾ ਜੀ ਕਹਿ ਦਿੰਦੇ ਕਿ ਕੋਈ ਨਾ, ਮੇਰੇ ਵਰਗੇ ਬਥੇਰੇ ਨੇ ਇਸ ਜੱਗ 'ਤੇ, ਜਿਵੇਂ ਮੈਂ ਸਿਰ ਨੀਵਾਂ ਕਰ ਲਿਆ ਸੀ...! ਸਾਰੇ ਹੱਸ ਪੈਂਦੇ, ਪਤਾ ਨਾ ਲੱਗਿਆ ਕਦੋਂ ਕਾਲੋ ਤੇ ਮਾੜੋ ਦਸ ਜਮਾਤਾਂ ਪਾਸ ਕਰ ਗਈਆਂ ਤੇ ਵਿਆਹੁਣ ਦੀ ਦਹਿਲੀਜ਼ 'ਤੇ ਆਣ ਖੜ੍ਹੀਆਂ। ਮਾਂ ਨੇ ਦੋਵਾਂ ਨੂੰ ਸਾਰੇ ਕੰਮ ਸਿਖਾ ਦਿਤੇ ਸਨ, ਜੋ ਘਰੇਲੂ ਰੋਜ਼ਮਰ੍ਹਾ ਦੇ ਹੁੰਦੇ ਹਨ।

ਫਿਰ ਕਾਲੋ ਲਈ ਗੋਨੇਆਣੇ ਮੁੰਡਾ ਵੇਖਿਆ। ਉਹ ਦੁਬਈ ਵਿਚ ਡਰਾਈਵਰੀ ਕਰਦਾ ਸੀ। ਉਸ ਦਾ ਵੱਡਾ ਭਰਾ ਵਿਆਹਿਆ ਹੋਇਆ ਸੀ ਤੇ ਚੰਗੀ ਖੇਤੀਬਾੜੀ ਕਰਦਾ ਸੀ। ਉਸ ਦੀ ਇਕ ਭੈਣ ਸੀ ਜੋ ਮੰਗੀ ਹੋਈ ਸੀ। ਉਨ੍ਹਾਂ ਦੋਵਾਂ ਦਾ ਇਕੱਠਾ ਵਿਆਹ ਕਰਨ ਦਾ ਪ੍ਰੋਗਰਾਮ ਸੀ। ਸਾਨੂੰ ਘਰ-ਬਾਰ ਤੇ ਮੁੰਡਾ ਪਸੰਦ ਆ ਗਿਆ, ਹੁਣ ਡਰ ਸੀ ਕਿ ਮੁੰਡੇ ਨੂੰ ਕਾਲੋ ਪਸੰਦ ਆਉਂਦੀ ਹੈ ਜਾਂ ਨਹੀਂ ਪਰ ਮੁੰਡੇ ਵਾਲਿਆਂ ਦੀ ਮੇਰੇ ਮਾਮਿਆਂ ਨਾਲ ਪਹਿਲਾਂ ਹੀ ਕੋਈ ਜਾਣ-ਪਛਾਣ ਸੀ। ਚਲੋ ਜੀ, ਕਾਲੋ ਦਾ ਰਿਸ਼ਤਾ ਪੱਕਾ ਹੋ ਗਿਆ। ਅਸੀਂ ਵਧੀਆ ਵਿਆਹ ਕੀਤਾ। ਕਾਲੋ ਆਪਣੇ ਸਹੁਰੀਂ ਤੁਰ ਗਈ। ਉਸ ਦੇ ਸਹੁਰਿਆਂ ਵੱਲੋਂ ਸਦਾ ਠੰਢੀ ਹਵਾ ਦੇ ਬੁੱਲ੍ਹੇ ਆਏ। ਮੈਂ ਦਸਵੀਂ ਪਾਸ ਕਰ ਕੇ ਅਗਾਂਹ ਪੜ੍ਹਨ ਲਈ ਕਾਲਜ ਲੱਗ ਗਈ। ਮਾਮੇ ਦੇ ਦੋ ਪੁੱਤ ਵੀ ਉਥੇ ਪੜ੍ਹਦੇ ਸਨ। ਉਨ੍ਹਾਂ ਦੀ ਬਾਜ਼ ਅੱਖ ਹਮੇਸ਼ਾ ਮੇਰੇ 'ਤੇ ਹੁੰਦੀ ਸੀ; ਕੋਈ ਡਰਦਾ ਮੈਨੂੰ ਟੋਟਾ, ਪੁਰਜਾ ਆਖਣ ਦੀ ਜੁਅਰਤ ਨਹੀਂ ਸੀ ਕਰਦਾ। ਮੈਂ ਵੀ ਪੜ੍ਹਾਈ ਵੱਲ ਹੀ ਧਿਆਨ ਦਿੱਤਾ।

ਨਵਾਂ ਸਾਲ ਚੜ੍ਹਿਆ ਤਾਂ ਮਾੜੋ ਦੀ ਵਾਰੀ ਆ ਗਈ। ਉਸ ਲਈ ਵਰ ਲੱਭਣਾ ਸ਼ੁਰੂ ਹੋ ਗਿਆ। ਕਾਲੋ ਨੇ ਸਹੁਰੇ ਜਾ ਕੇ ਸਭ ਦਾ ਮਨ ਜਿੱਤ ਲਿਆ ਸੀ। ਉਹ ਬਹੁਤ ਕੰਮ ਕਰਦੀ। ਮਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਦੀ ਨਾ ਥੱਕਦੀ। ਕਾਲੋ ਨੇ ਸੋਹਣੇ ਪੁੱਤਰ ਨੂੰ ਜਨਮ ਦਿੱਤਾ ਅਤੇ ਉਹ ਦਾ ਸਹੁਰੀਂ ਘਰ ਰੁਤਬਾ ਹੋਰ ਉਚਾ ਹੋ ਗਿਆ। ਉਸ ਦਾ ਕਾਲਾ ਰੰਗ ਸਾਨੂੰ ਕਦੇ ਨਾ ਲੱਭਿਆ।

ਮਾੜੋ ਲਈ ਜ਼ੀਰੇ ਕੋਲ ਫੌਜੀਆਂ ਦਾ ਪਰਿਵਾਰ ਦੀ ਦੱਸ ਪਈ। ਪਿਛਲੀਆਂ ਚਾਰ ਪੀੜ੍ਹੀਆਂ ਤੋਂ ਫੌਜੀ ਤੁਰੇ ਆਉਂਦੇ ਸੀ। ਇਹ ਮੁੰਡਾ ਵੀ ਫੌਜ ਵਿਚ ਸੀ। ਤਿੰਨੇ ਭਰਾ ਹੀ ਫੌਜੀ ਸਨ। ਵੱਡੇ ਦੋਵੇਂ ਵਿਆਹੇ ਹੋਏ ਸਨ। ਤੀਜੇ ਨੂੰ ਭਰਤੀ ਹੋਏ ਨੂੰ ਚਾਰ ਸਾਲ ਹੋਏ ਸਨ। ਸਾਨੂੰ ਮੁੰਡਾ ਤੇ ਉਸ ਦਾ ਪਰਿਵਾਰ ਪਸੰਦ ਆ ਗਿਆ। ਹੁਣ ਡਰ ਸੀ ਕਿ ਫੌਜੀ ਨੂੰ ਮਾੜੋ ਪਸੰਦ ਵੀ ਆਉਂਦੀ ਹੈ! ਮਾਂ ਵਿਚਾਰੀ ਮੁੜ ਮੁੜ ਪਾਣੀ ਵਿਚ ਲੂਣ ਪਾ ਕੇ ਪੀਵੇ ਕਿ ਦਿਲ ਘਟਦਾ ਹੈ। ਮਿਥੇ ਦਿਨ ਫੌਜੀ ਜੀਪ ਭਰ ਕੇ ਆ ਗਏ। ਮੁੰਡੇ ਦੇ ਪਿਉ ਨੇ ਸਾਡੇ ਸਾਰੇ ਜੀਆਂ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ, ਜਿਵੇਂ ਫੌਜੀ ਭਰਤੀ ਵੇਲੇ ਕਰਦੇ ਹਨ। ਪੰਜ ਮਿੰਟਾਂ ਦੀ ਝਾਕਣੀ ਤੋਂ ਬਾਅਦ ਫੌਜੀ ਪਿਉ ਕਹਿੰਦਾ- ਸਾਨੂੰ ਕੁੜੀ ਪਸੰਦ ਹੈ, ਪਾਉ ਸ਼ਗਨ। ਫਿਰ ਮਾੜੋ ਨੂੰ ਉਨ੍ਹਾਂ ਨੇ ਸ਼ਗਨ ਪਾ ਦਿੱਤਾ। ਮਾਂ ਨੇ ਫੌਜੀ ਮੂੰਹ ਲੱਡੂ ਪਾ ਕੇ ਰੋਕਾ ਕਰ ਦਿੱਤਾ। ਅਗਲੀ ਛੁੱਟੀ 'ਤੇ ਵਿਆਹ ਰੱਖ ਦਿੱਤਾ। 'ਨਾ ਟੂੰਮ ਲੈਣੀ, ਨਾ ਦੇਣੀ' ਉਤੇ ਗੱਲ ਮੁੱਕੀ, ਜੇ ਕੋਈ ਹੁਕਮ ਨੂੰ ਨਹੀਂ ਮੰਨਦਾ ਤਾਂ ਵਿਆਹ ਟੁੱਟ ਸਕਦਾ... ਇਹ ਆਖਦਾ ਫੌਜੀ ਪਿਉ ਜੀਪ ਵਿਚ ਬੈਠ ਗਿਆ। ਮਾਂ ਖੁਸ਼ ਸੀ। ਕੁੜਮ ਦੀ ਸਖਤਾਈ ਉਸ ਨੂੰ ਚੰਗੀ ਲੱਗੀ। ਉਹ ਮਾੜੋ ਦਾ ਦਾਜ ਸਮੇਟਣ ਲੱਗ ਪਈ।

ਦਿਨ ਬੀਤੇ ਤਾਂ ਵਿਆਹ ਦੀ ਤਰੀਕ ਪੱਕੀ ਕਰ ਲਈ। ਜਿਨ੍ਹਾਂ ਦਿਨਾਂ ਦਾ ਵਿਆਹ ਸੀ, ਉਨ੍ਹੀਂ ਦਿਨੀਂ ਕਾਲੋ ਨੇ ਦੂਜੇ ਮੁੰਡੇ ਨੂੰ ਜਨਮ ਦਿੱਤਾ। ਸਾਰੇ ਕਹਿੰਦੇ, ਫੌਜੀ ਕਰਮਾਂ ਵਾਲਾ ਹੈ, ਆਪਣੇ ਨਾਲ ਇਕ ਜਵਾਨ ਹੋਰ ਲੈ ਆਇਆ। ਸਾਦੇ ਢੰਗ ਨਾਲ ਮਾੜੋ ਦਾ ਵਿਆਹ ਹੋ ਗਿਆ। ਫੌਜੀਆਂ ਨੇ ਆਪਣੇ ਘਰ ਹੀ ਰੰਮ ਦੇ ਢੱਕਣ ਪੱਟੇ। ਮਾਂ ਦੇ ਸਿਰੋਂ ਭਾਰ ਲੱਥ ਗਿਆ। ਉਸ ਨੇ ਮੇਰੀ ਕਦੇ ਫਿਕਰ ਨਹੀਂ ਸੀ ਕੀਤੀ। ਹਮੇਸ਼ਾ ਕਹਿੰਦੀ, ਚੰਨੋ ਤੈਨੂੰ ਤਾਂ ਅਗਲਿਆਂ ਦੇਖਣ ਆਇਆਂ ਹੀ ਲੈ ਜਾਣਾ ਹੈ। ਪਿਤਾ ਜੀ ਨੂੰ ਖੁਸ਼ੀ ਸੀ ਕਿ ਦੋਵੇਂ ਕੁੜਮ ਉਸ ਦੇ ਭਰਾਵਾਂ ਤੋਂ ਵੱਧ ਨੇ। ਕਾਲੋ ਤੇ ਮਾੜੋ ਦੇ ਵਿਆਹੇ ਜਾਣ ਮਗਰੋਂ ਮੈਨੂੰ ਬਾਲਟੀ ਚੁੱਕ ਧਾਰਾਂ ਕੱਢਣੀਆਂ ਪਈਆਂ। ਚੁੱਲ੍ਹੇ-ਚੌਂਕੇ ਵਿਚ ਗੋਹੇ ਭੰਨ੍ਹ ਕੇ ਚੁੱਲ੍ਹਾ ਤਪਾਉਣਾ ਪਿਆ।

ਬੀ.ਏ. ਪੂਰੀ ਕਰ ਕੇ ਮੈਂ ਕਾਲਜ ਤੋਂ ਹਟ ਗਈ। ਚੁੱਲ੍ਹੇ ਦੇ ਧੂੰਏ ਨੇ ਮੇਰਾ ਹੁਸਨ ਟਿੱਬਿਆ ਦੇ ਰੇਤੇ ਵਾਂਗ ਉਡਾਉਣਾ ਸ਼ੁਰੂ ਕਰ ਦਿੱਤਾ। ਮੇਰੇ ਲਈ ਕੈਨੇਡਾ, ਅਮਰੀਕਾ ਦਾ ਰਿਸ਼ਤਾ ਲੱਭਣ ਲੱਗੇ। ਕਾਲੋ ਤੇ ਮਾੜੋ ਦੇ ਜਾਣ ਨਾਲ ਘਰ ਦਾ ਤੋਰਾ ਜਿਵੇਂ ਖੜ੍ਹ ਗਿਆ ਹੋਵੇ। ਮੇਰੇ ਚੰਨ ਵਰਗੇ ਮੁੱਖ ਨੂੰ ਜਿਵੇਂ ਗ੍ਰਹਿਣ ਲੱਗ ਗਿਆ ਹੋਵੇ। ਵੇਖਦਿਆਂ ਵੇਖਦਿਆਂ ਦਾਦਾ-ਦਾਦੀ ਤੁਰ ਗਏ। ਮੇਰੇ ਲਈ ਕੋਈ ਮੁੰਡਾ ਪਸੰਦ ਨਾ ਆਇਆ। ਮਾਂ ਨੂੰ ਮੇਰਾ ਝੋਰਾ ਖਾਣ ਲੱਗਾ। ਪਤਾ ਨਹੀਂ ਲੱਗਾ, ਮਾਂ ਨੇ ਕਦੋਂ ਝੋਰੇ ਨੂੰ ਕੈਂਸਰ ਦੀ ਨਾ ਮੁਰਾਦ ਬਿਮਾਰੀ ਵਿਚ ਬਦਲ ਲਿਆ। ਕਾਲੋ ਤੇ ਮਾੜੋ ਦੋ ਦਿਨ ਰਹਿ ਕੇ ਮੁੜ ਜਾਂਦੀਆਂ। ਪਿਤਾ ਜੀ ਦੀ ਇਕ ਲੱਤ ਖੇਤ, ਇਕ ਡਾਕਟਰਾਂ ਕੋਲ ਹੁੰਦੀ। ਮਾਂ ਹਮੇਸ਼ਾ ਕਹਿੰਦੀ, ਕਾਲੋ ਤੇ ਮਾੜੋ ਤਾਂ ਘਰ ਦੇ ਭਾਗ ਹੀ ਲੈ ਗਈਆਂ! ਮੈਂ ਕਈ ਵਾਰ ਮਹਿਸੂਸ ਕੀਤਾ ਕਿ ਮੇਰਾ ਕਪਾਹ ਦੀ ਫੁੱਟੀ ਵਰਗਾ ਰੰਗ ਪਰਿਵਾਰ ਲਈ ਬਹੁਤਾ ਰੰਗ ਨਾ ਭਰ ਸਕਿਆ।

ਮੇਰੇ ਲਈ ਮੁੰਡਾ ਲੱਭਣਾ ਮਾਮਿਆਂ ਲਈ ਵੀ ਕਸ਼ਮੀਰ ਦਾ ਮਸਲਾ ਬਣ ਗਿਆ। ਕੈਨੇਡਾ ਤੇ ਅਮਰੀਕਾ ਵਾਲਿਆਂ ਦੇ ਮੈਂ ਪਸੰਦ ਆਉਂਦੀ ਤਾਂ ਦਾਜ ਦੀ ਮੰਗ ਕਰ ਲੈਂਦੇ। ਦਾਜ ਦੇਣਾ ਵੀ ਮਾਮਿਆਂ ਲਈ ਬਹੁਤਾ ਔਖਾ ਨਹੀਂ ਸੀ ਪਰ ਜਿਹੜਾ ਪਹਿਲਾਂ ਹੀ ਮੂੰਹ ਅੱਡ ਰਿਹਾ, ਉਹ ਵਿਆਹ ਪਿਛੋਂ ਕੀ ਰੰਗ ਲਿਆਊਗਾ? ਮਾਂ ਨੂੰ ਨੇੜੇ-ਤੇੜਿਉਂ ਆਰਾਮ ਨਾ ਆਇਆ ਤਾਂ ਅਸੀਂ ਲੁਧਿਆਣਾ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਪੈਸਾ ਪਾਣੀ ਵਾਂਗ ਵਗ ਰਿਹਾ ਸੀ। ਮਾਂ ਮੇਰੇ ਮਾਮਿਆਂ ਦੀ ਜਾਨ ਸੀ।

ਮੈਂ ਮਾਂ ਕੋਲ ਹਸਪਤਾਲ ਰਹਿੰਦੀ, ਉਸ ਦੀ ਦੇਖਭਾਲ ਕਰਦੀ। ਘਰੇ ਕਦੇ ਕਾਲੋ ਤੇ ਕਦੇ ਮਾੜੋ ਆ ਜਾਂਦੀਆਂ। ਕਦੇ ਕੋਈ ਮਾਮੀ ਟਾਈਮ ਲੰਘਾ ਜਾਂਦੀ। ਹੁਣ ਸਭ ਲਈ ਮਾਂ ਨੂੰ ਬਚਾਉਣਾ ਜ਼ਰੂਰੀ ਸੀ। ਮੇਰੇ ਲਈ ਵਰ ਲੱਭਣਾ ਬਾਅਦ ਦੀਆਂ ਗੱਲਾਂ ਸਨ। ਮਾਂ ਦੇ ਲਾਗਲੇ ਵਾਰਡ ਵਿਚ ਇਕ ਬਾਪੂ ਵੀ ਕੈਂਸਰ ਦੀ ਬਿਮਾਰੀ ਨਾਲ ਜੂਝ ਰਿਹਾ ਸੀ। ਮੈਂ ਕਈ ਵਾਰ ਉਸ ਕੋਲ ਚਲੀ ਜਾਂਦੀ। ਬਾਪੂ ਦੇ ਪਰਿਵਾਰ ਨਾਲ ਬੈਠ ਦੋ ਗੱਲਾਂ ਕਰ ਆਉਂਦੀ। ਇਕ ਦਿਨ ਬਾਪੂ ਦੇ ਪੁੱਤ ਲਾਡੀ ਨਾਲ ਮੁਲਾਕਾਤ ਹੋਈ। ਲਾਡੀ ਦੀ ਤੱਕਣੀ ਮੇਰੇ ਅੰਦਰ ਪਾਰੇ ਵਾਂਗ ਉਤਰ ਗਈ। ਉਹ ਸੋਹਣਾ ਸੁਨੱਖਾ ਉਚਾ ਲੰਮਾ ਜਵਾਨ, ਗੋਰਾ ਰੰਗ, ਮੇਰੇ ਦਿਲ ਨੂੰ ਫਬ ਗਿਆ। ਮੈਂ ਹੌਲੀ ਹੌਲੀ ਮਾਂ ਨਾਲ ਉਸ ਦੀਆਂ ਗੱਲਾਂ ਕਰਨ ਲੱਗੀ ਪਰ ਆਪਣੀ ਪਸੰਦ ਮਾਮਿਆਂ ਨੂੰ ਦੱਸਣੀ, ਬਿਜਲੀ ਦੀ ਨੰਗੀ ਤਾਰ ਨੂੰ ਹੱਥ ਪਾਉਣ ਬਰਾਬਰ ਸੀ। ਲਾਡੀ ਦੀ ਮਾਂ ਨੂੰ ਮੈਂ ਪਸੰਦ ਆ ਗਈ ਪਰ ਇਹ ਸਭ ਕੁਝ ਹਸਪਤਾਲ ਦੇ ਵਾਰਡਾਂ ਤਕ ਹੀ ਸੀਮਤ ਰਹਿ ਗਿਆ। ਮਾਂ ਕੁਝ ਠੀਕ ਹੋਈ ਤਾਂ ਸਾਨੂੰ ਛੁੱਟੀ ਮਿਲ ਗਈ। ਮੈਨੂੰ ਲਾਡੀ ਦੀ ਸ਼ਕਲ ਨਾ ਭੁੱਲੀ, ਮਾਂ ਨੇ ਥੋੜ੍ਹਾ ਹੌਸਲਾ ਦਿੱਤਾ। ਦੋ ਮਹੀਨਿਆਂ ਬਾਅਦ ਕੋਈ ਜਾਣੂ ਬੰਦਾ ਕੱਢ ਕੇ ਲਾਡੀ ਘਰ ਭੇਜਿਆ ਤਾਂ ਬਹੁਤ ਦੇਰ ਹੋ ਗਈ ਸੀ। ਉਸ ਦਾ ਵਿਆਹ ਅਮਰੀਕਾ ਵਾਲੀ ਕੁੜੀ ਨਾਲ ਹੋ ਗਿਆ ਸੀ। ਮੈਂ ਬਹੁਤ ਰੋਈ। ਮਾਂ ਨੇ ਧਰਵਾਸ ਦਿੱਤਾ।

ਫਿਰ ਮੈਨੂੰ ਵੀ ਅਮਰੀਕਾ ਵਾਲਾ ਮੁੰਡਾ ਮਿਲ ਗਿਆ ਪਰ ਉਸ ਦਾ ਦੂਜਾ ਵਿਆਹ ਸੀ। ਪਹਿਲੀ ਘਰਵਾਲੀ ਨਾਲ ਤਲਾਕ ਹੋ ਗਿਆ ਸੀ। ਮਾਮਿਆਂ ਨੇ ਹਾਂ ਕਰ ਦਿੱਤੀ। ਮੈਂ ਵੀ ਮਾਮਿਆਂ ਦੇ ਮੂਹਰੇ ਕੁਝ ਨਾ ਬੋਲੀ। ਸਾਦਾ ਵਿਆਹ ਹੋ ਗਿਆ। ਨੌਂ ਮਹੀਨਿਆਂ ਵਿਚ ਮੈਂ ਇਥੇ ਆ ਗਈ। ਇਥੇ ਉਸ ਕੋਲ ਲੀਕਰ ਸਟੋਰ ਸੀ। ਪਹਿਲੇ ਵਿਆਹ ਤੋਂ ਨੌਂ ਸਾਲ ਦੀ ਕੁੜੀ ਸੀ ਜੋ ਉਸ ਕੋਲ ਰਹਿੰਦੀ। ਆਪ ਦਾਰੂ ਦਾ ਆਦੀ ਸੀ। ਮੇਰੀ ਜਾਨ ਨਿੱਤ ਸੂਲੀ ਟੰਗੀ ਰਹਿੰਦੀ। ਮਾੜੀਆਂ ਆਦਤਾਂ ਵਾਲਾ ਬੰਦਾ ਆਪਣਾ ਪਰਿਵਾਰ ਕਿਵੇਂ ਖੁਸ਼ ਰੱਖ ਸਕਦਾ? ਮੈਨੂੰ ਮੇਰੇ ਹੁਸਨ ਨੇ ਇਕ ਦਿਨ ਵੀ ਸੁੱਖ ਦਾ ਸਾਹ ਨਾ ਲੈਣ ਦਿੱਤਾ। ਫਿਰ ਇਕ ਦਿਨ ਉਹ ਸਦਾ ਦੀ ਨੀਂਦ ਸੌਂ ਗਿਆ। ਮੈਂ ਮਾਂ ਤਾਂ ਕੀ ਬਣਨਾ ਸੀ, ਪਤਨੀ ਵੀ ਨਾ ਬਣ ਸਕੀ। ਕਾਨੂੰਨਨ ਮੇਰੇ ਕੋਲ ਘਰ ਸੀ, ਲੀਕਰ ਸਟੋਰ ਸੀ, ਧੀ ਵੀ ਸੀ ਪਰ ਜੋ ਇਕ ਕੁੜੀ ਦੇ ਅਰਮਾਨ ਹੁੰਦੇ ਹਨ, ਉਹ ਮਧੋਲੇ ਗਏ। ਮੈਂ ਹੁਣ ਹਮੇਸ਼ਾ ਇਹੀ ਕਹਿਨੀ ਹਾਂ ਕਿ ਰੱਬਾ! ਰੰਗ ਤਾਂ ਦੋ ਹੀ ਹਨ ਪਰ ਗੋਰੇ ਰੰਗ ਨਾਲ ਮੁਕੱਦਰ ਵੀ ਵਧੀਆ ਲਿਖ ਦਿਆ ਕਰ, ਨਹੀਂ ਤਾਂ ਕਾਲਾ ਰੰਗ ਹੀ ਚੰਗਾ ਹੈ। ਹੁਣ ਨਾ ਮੈਂ ਵਿਆਹੀ ਆਂ, ਨਾ ਕੁਆਰੀ!... ਜ਼ਰੂਰੀ ਨਹੀਂ ਕਿ ਹੁਸਨ ਤੁਹਾਡੀ ਜ਼ਿੰਦਗੀ ਵੀ ਸੰਵਾਰ ਜਾਵੇ।... ਇਹ ਕਹਿ ਕੇ ਉਹਨੇ ਰੋਂਦੀ ਹੋਈ ਨੇ ਫੋਨ ਕੱਟ ਦਿੱਤਾ।

# ਸੁਰਿੰਦਰ ਕੌਰ ਪੱਖੋਕੇ ਦਾ ਕਹਾਣੀ-ਸੰਗ੍ਰਹਿ 'ਦੁੱਖਾਂ ਦੇ ਗੋਹੜੇ' ਰਿਲੀਜ਼

**ਨਿਊ ਜਰਸੀ (ਬਿਊਰੋ):** "ਸਾਡਾ ਸਫਰ ਤਾਂ ਬਾਬੇ ਨਾਨਕ ਦੀਆਂ ਉਦਾਸੀਆਂ ਨਾਲ ਹੀ ਸ਼ੁਰੂ ਹੋ ਗਿਆ ਸੀ। ਬਾਬਾ ਨਾਨਕ ਨੇ ਮਲਕ ਭਾਗੋ ਦੇ ਘਰ ਨਹੀਂ, ਭਾਈ ਲਾਲੋ ਦੇ ਘਰ ਡੇਰੇ ਲਾਏ। ਇਕ ਪਾਸੇ ਲੁੱਟਣ ਵਾਲੇ ਅਤੇ ਇਕ ਪਾਸੇ ਲੁੱਟੇ ਜਾਣ ਵਾਲੇ। ਅਸੀਂ ਤਾਂ ਸ਼ੁਰੂ ਤੋਂ ਹੀ ਮਜ਼ਲੂਮਾਂ ਨਾਲ ਖੜ੍ਹੇ ਹਾਂ। ਸਾਡੀ ਸੋਚ ਇਹੋ ਹੈ।"

ਇਨ੍ਹਾਂ ਵਿਚਾਰਾਂ ਪ੍ਰਗਟਾਵਾ ਪੰਜਾਬੀ ਕਹਾਣੀਕਾਰਾ ਸੁਰਿੰਦਰ ਕੌਰ ਪੱਖੋਕੇ ਨੇ ਆਪਣੇ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਿਹ 'ਦੁੱਖਾਂ ਦੇ ਗੋਹੜੇ' ਸਬੰਧੀ ਹੋਏ ਸਮਾਗਮ ਵਿਚ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਜਿਉਂਦੇ-ਜਾਗਦੇ ਹਨ, ਜ਼ਿੰਦਾਦਿਲ ਹਨ, ਸੰਘਰਸ਼ਸ਼ੀਲ ਹਨ ਅਤੇ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਮੱਥਾ ਲਾਉਣ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਮੇਰੀ ਹਰ ਕਹਾਣੀ ਪ੍ਰੇਰਣਾਦਾਇਕ ਹੈ ਅਤੇ ਖਾਸ ਉਦੇਸ਼ ਨੂੰ ਲੈ ਕੇ ਲਿਖੀ ਗਈ ਹੈ। ਸੁਰਿੰਦਰ ਕੌਰ ਨੇ ਆਪਣੇ ਵਿਦਿਆਰਥੀ ਜੀਵਨ ਦੇ ਘੋਲਾਂ ਤੋਂ ਗੱਲ ਸ਼ੁਰੂ ਕਰ ਕੇ ਵਿਸਥਾਰ ਨਾਲ ਸਾਹਿਤਕ ਸਫਰ ਤੱਕ ਲਿਆ ਕੇ ਮੁਕਾਈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੋ ਕਹਾਣੀ ਸੰਗ੍ਰਿਹ ਲਿਖੇ ਹਨ ਤਾਂ ਇਹ ਉਨ੍ਹਾਂ ਦੇ ਪਤੀ ਜਸਵਿੰਦਰਪਾਲ ਸਿੰਘ ਅਤੇ ਬਾਕੀ ਪਰਿਵਾਰ ਦੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ।

ਸਭ ਤੋਂ ਪਹਿਲਾਂ ਸੁਰਿੰਦਰ ਕੌਰ ਪੱਖੋਕੇ ਨੇ ਆਏ ਮਹਿਮਾਨਾਂ ਅਤੇ ਸਾਹਿਤਕਾਰਾਂ ਨੂੰ 'ਜੀ ਆਇਆਂ' ਕਿਹਾ। ਉਸ ਮਗਰੋਂ ਉਨ੍ਹਾਂ ਕਹਾਣੀਆਂ ਲਿਖਣ ਲਈ ਪ੍ਰੇਰਣਾ ਬਣੀਆਂ ਕੁਝ ਸ਼ਖਸੀਅਤਾਂ ਰੀਤਿਕਾ, ਸ਼ਰਣ, ਹਿਮੈਰਾ ਭੱਟ ਅਤੇ ਮਨਦੀਪ ਸਰਾਏ ਤੋਂ ਚੌਮੁਖੀਏ ਦੀਵੇ ਦੀ ਇਕ ਇਕ ਬੱਤੀ ਰੌਸ਼ਨ ਕਰਵਾਈ। ਸੁਰਿੰਦਰ ਕੌਰ ਦੇ ਸ਼ਬਦਾਂ ਵਿਚ ਇਹ ਉਹੀ ਸ਼ਖਸੀਅਤਾਂ ਸਨ ਜਿਨ੍ਹਾਂ ਨੇ ਉਸ ਦੇ ਅੰਦਰ ਕਹਾਣੀ ਦੀ ਸ਼ਮ੍ਹਾ ਰੌਸ਼ਨ ਕੀਤੀ ਸੀ।

ਪ੍ਰੋਗਰਾਮ ਦੀ ਸ਼ੁਰੂਆਤ ਕੁਲਬੀਰ ਗੁਰਦਾਸਪੁਰੀ ਦੀ ਤਰੰਨਮ ਵਿਚ ਪੇਸ਼ ਕੀਤੀ ਗਜ਼ਲ ਨਾਲ ਹੋਈ। ਧਰਮ ਸਿੰਘ ਗੋਰਾਇਆ ਨੇ ਆਪਣੀ ਨਜ਼ਮ ਨਾਲ ਮਾਹੌਲ ਨੂੰ ਕਾਵਿ-ਮਈ ਬਣਾ ਦਿੱਤਾ।

ਇਸ ਮੌਕੇ ਬੋਲਦਿਆਂ ਸੁਰਿੰਦਰ ਸੋਹਲ ਨੇ ਕਿਹਾ ਕਿ 'ਦੁੱਖਾਂ ਦੇ ਗੋਹੜੇ' ਕਹਾਣੀ ਸੰਗ੍ਰਿਹ ਦੀਆਂ ਸਾਰੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਔਰਤ ਨੂੰ ਔਰਤ ਦੇ ਤੌਰ 'ਤੇ ਹੀ ਪੇਸ਼ ਕੀਤਾ ਗਿਆ ਹੈ। ਸੰਘਰਸ਼ ਕਰਦੀ ਔਰਤ ਨੂੰ ਮਰਦ ਵਰਗੀ ਕਹਿ ਕੇ ਔਰਤ ਦੀ ਹਸਤੀ ਨੂੰ ਹੀਣ ਨਹੀਂ ਕੀਤਾ ਗਿਆ। ਉਹ ਸੰਘਰਸ਼ ਕਰਦੀਆਂ ਨੇ ਤੇ ਕਰੜੀ ਤੋਂ ਕਰੜੀ ਸਥਿਤੀ ਵਿਚ ਵੀ ਆਪਣਾ ਔਰਤਪਨ ਕਾਇਮ ਰੱਖ ਕੇ ਮਿਸਾਲ ਪੈਦਾ ਕਰਦੀਆਂ ਹਨ। ਹਰਵਿੰਦਰ ਰਿਆੜ ਨੇ ਕਿਹਾ ਕਿ ਇਹ ਕਹਾਣੀਆਂ ਨਿਰੀਆਂ ਔਰਤਾਂ ਦੇ ਸੰਘਰਸ਼ ਦੀਆਂ ਹੀ ਨਹੀਂ ਸਗੋਂ ਹਰ ਉਸ ਵਿਅਕਤੀ ਦੀਆਂ ਕਹਾਣੀਆਂ ਹਨ, ਜਿਨ੍ਹਾਂ ਨੇ ਵਿਦੇਸ਼ ਵਿਚ ਆ ਕੇ ਕਾਮਯਾਬੀ ਹਾਸਿਲ ਕੀਤੀ ਹੈ।

ਰਵਿੰਦਰ ਸਹਿਰਾਅ ਨੇ ਲੇਖਿਕਾ ਦੇ ਸੰਘਰਸ਼ ਭਰੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਇਸ ਪੁਸਤਕ 'ਤੇ ਗੋਸ਼ਟੀ ਰੱਖਣ ਦਾ ਸੁਝਾਅ ਵੀ ਪੇਸ਼ ਕੀਤਾ। ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੇ ਪ੍ਰਧਾਨ ਮਨਮੋਹਨ ਪੂਨੀ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਅਜਿਹੇ ਅਗਾਂਹਵਧੂ ਅਤੇ ਸਾਹਿਤਕ ਪ੍ਰੋਗਰਾਮ ਕਰਵਾਉਣ ਦੀ ਵਚਨਬੱਧਤਾ ਪ੍ਰਗਟਾਈ।

ਡਾ. ਸੰਦੀਪ ਸਿੰਘ ਚੌਹਾਨ ਨੇ ਕਿਹਾ ਕਿ ਉਹ ਕੋਲੰਬੀਆਂ ਯੂਨੀਵਰਸਿਟੀ ਵਿਚ ਪੰਜਾਬੀ ਪੜ੍ਹਾਉਂਦਿਆਂ ਬੜੀ ਸ਼ਿੱਦਤ ਨਾਲ ਇਹ ਕਮੀ ਮਹਿਸੂਸ ਕਰਦੇ ਸਨ ਕਿ ਇਥੇ ਜੰਮੇ-ਪਲੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਇਥੋਂ ਦੀਆਂ ਸਮੱਸਿਆਵਾਂ ਪੇਸ਼ ਕਰਦਾ ਸਾਹਿਤ ਉਪਲਬਧ ਹੋਵੇ। ਇਹ ਕਿਤਾਬ ਉਹ ਕਮੀ ਪੂਰੀ ਕਰਦੀ ਹੈ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪ੍ਰੋ. ਨਿਰੰਜਨ ਸਿੰਘ ਢੇਸੀ ਨੇ ਕਿਹਾ ਕਿ ਹੁਣ ਸਾਨੂੰ 'ਪਰਵਾਸੀ ਸਾਹਿਤ' ਜਿਹੇ ਸ਼ਬਦਾਂ ਦੀ ਵਰਤੋਂ ਛੱਡ ਦੇਣੀ ਚਾਹੀਦੀ ਹੈ। 'ਪਰਵਾਸੀ' ਸ਼ਬਦ ਲਾ ਕੇ ਜਿਨ੍ਹਾਂ ਲੋਕਾਂ ਨੇ ਲਾਹਾ ਖੱਟਣਾ ਸੀ, ਖੱਟ ਲਿਆ ਹੈ। ਦੁਨੀਆਂ ਦੇ ਕਿਸੇ ਖੇਤਰ ਵਿਚ ਵੀ ਲਿਖਿਆ ਜਾ ਰਿਹਾ ਪੰਜਾਬੀ ਸਾਹਿਤ, ਪੰਜਾਬੀ ਸਾਹਿਤ ਹੀ ਹੈ। ਬਾਹਰ ਬੈਠੇ ਲੋਕਾਂ ਵਲੋਂ ਲਿਖੀਆਂ ਰਚਨਾਵਾਂ ਅਸਲ ਵਿਚ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਅਧੀਨ ਹੀ ਆਉਂਦੀਆਂ ਹਨ। ਉਨ੍ਹਾਂ ਕਹਾਣੀਕਾਰਾ ਨੂੰ ਵਧਾਈ ਵੀ ਦਿੱਤੀ।

ਇਸ ਪੁਸਤਕ ਦੇ ਸੰਪਾਦਕ ਅਤੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਜੋਗਿੰਦਰ ਕੈਰੋਂ ਨੇ ਆਪਣੇ ਇਸ ਕਾਰਜ 'ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਹੋਰ ਕਿਤਾਬਾਂ ਵੀ ਪਾਠਕਾਂ ਵਿਚ ਪੇਸ਼ ਕਰਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਉਨ੍ਹਾਂ ਮੁਫਤ ਕਿਤਾਬਾਂ ਛਾਪਣ ਦਾ ਵਾਅਦਾ ਵੀ ਲੇਖਕਾਂ ਨਾਲ ਕੀਤਾ। ਉਨ੍ਹਾਂ ਪੁਸਤਕ ਰਿਲੀਜ਼ ਕਰਨ ਦੀ ਰਸਮ ਵੀ ਨਿਭਾਈ।

ਕਾਮਰੇਡ ਕੁਲਵੰਤ ਸਿੰਘ ਸਰਪੰਚ, ਪਰਮਜੀਤ ਕੌਰ, ਬਲਜਿੰਦਰ ਕੌਰ, ਦਵਿੰਦਰ ਕੌਰ ਗੋਰਾਇਆ, ਗੁਰਭੇਜ ਕੌਰ ਸੰਧੂ ਆਦਿ ਨੇ ਕਹਾਣੀਕਾਰਾ ਨੂੰ ਇਸ ਕਾਰਜ ਲਈ ਵਧਾਈਆਂ ਪੇਸ਼ ਕੀਤੀਆਂ ਅਤੇ ਨਾਲ ਹੀ ਹੌਸਲਾਅਫਜ਼ਾਈ ਵੀ ਕੀਤੀ।

ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਸਰੋਤਿਆਂ ਦੇ ਭਰਵੇਂ ਇਕੱਠ ਵਿਚ ਹੋਰਾਂ ਤੋਂ ਇਲਾਵਾ ਕਿਰਪਾਲ ਸਿੰਘ ਬਿੱਲੂ, ਪਰਮਿੰਦਰ ਵਿਰਕ, ਜਗਵਿੰਦਰ ਚੱਠਾ, ਅਮਰ ਸਿੰਘ ਗਿੱਲ, ਰਾਜਭਿੰਦਰ ਸਿੰਘ ਬਦੇਸ਼ਾ, ਕਾਰਜ ਸਿੰਘ ਸੰਧੂ, ਹਰਦੀਪ ਸਿੰਘ ਮੰਡ, ਰੇਨੂ ਕਨੈਕਟੀਕਟ, ਨਵਨੀਤ ਅਲਬਨੀ, ਚੇਤਨ ਸਿੰਘ ਵਰਜੀਨੀਆ, ਰਣਜੀਤ ਕੌਰ ਥੱਗ, ਸੰਗਰਾਮ ਪੱਖੋਕੇ, ਸਵੈਮਾਨ ਪੱਖੋਕੇ, ਰਵੀਪਾਲ ਸਿੰਘ, ਰਾਜਮੀਤ, ਕੁਲਕਿਰਨ ਪ੍ਰੀਤ, ਅਮਨ ਸੋਹਲ, ਅਮਰਜੀਤ ਰਿਆੜ, ਗੋਗੀ ਪੂਨੀ ਆਦਿ ਹਾਜ਼ਰ ਸਨ। ਨਿਊ ਯਾਰਕ ਤੋਂ ਸੰਗੀਤ ਦੇ ਖੇਤਰ ਵਿਚ ਸਨਮਾਨਿਤ ਸ਼ਖਸੀਅਤ ਰੀਟਾ ਕੋਹਲੀ, ਪੰਜਾਬੀ ਕਵੀ ਤਰਲੋਕਬੀਰ, ਪੈਨਸਿਲਵੇਨੀਆ ਤੋਂ ਪੰਜਾਬੀ ਗਜ਼ਲਗੋ ਬਿੰਦਰ ਬਿਸਮਿਲ ਨੇ ਵੀ ਹਾਜ਼ਰੀ ਭਰੀ।

ਪ੍ਰਧਾਨਗੀ ਮੰਡਲ ਵਿਚ ਮਨਮੋਹਨ ਪੂਨੀ, ਹਰਵਿੰਦਰ ਰਿਆੜ ਅਤੇ ਪਰਮਜੀਤ ਸਿੰਘ ਧਾਲੀਵਾਲ (ਹਾਈ ਕੋਰਟ ਦੇ ਰਿਟਾਇਰਡ ਜੱਜ) ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਸੁਸ਼ੋਭਿਤ ਸਨ। ਸਟੇਜ ਸੰਚਾਲਨ ਸੁਰਿੰਦਰ ਸੋਹਲ ਨੇ ਬਹੁਤ ਹੀ ਸਲੀਕੇ ਤੇ ਸੰਜਮ ਨਾਲ ਕੀਤਾ। ਅਖੀਰ ਵਿਚ ਸੁਰਿੰਦਰ ਕੌਰ ਦੇ ਪਤੀ ਜਸਵਿੰਦਰਪਾਲ ਸਿੰਘ ਨੇ ਆਏ ਸਾਹਿਤਕਾਰਾਂ, ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕੀਤਾ।



*(ਉਪਰ) ਖੱਬਿਓਂ ਸੱਜੇ-ਸੁਰਿੰਦਰ ਕੌਰ ਪੱਖੋਕੇ, ਜਸਵਿੰਦਰਪਾਲ ਸਿੰਘ, ਡਾ. ਜੋਗਿੰਦਰ ਕੈਰੋਂ, ਪ੍ਰੋ. ਨਿਰੰਜਨ ਸਿੰਘ ਢੇਸੀ, ਰਵਿੰਦਰ ਸਹਿਰਾਅ, ਡਾ. ਸੰਦੀਪ ਸਿੰਘ, ਪਰਜੀਤ ਸਿੰਘ ਧਾਲੀਵਾਲ ਤੇ ਗੁਰਭੇਜ ਕੌਰ ਸੰਧੂ ਅਤੇ (ਹੇਠਾਂ) ਧਰਮ ਸਿੰਘ ਗੋਰਾਇਆ, ਮਨਮੋਹਨ ਪੂਨੀ, ਸੁਰਿੰਦਰ ਸੋਹਲ, ਦਵਿੰਦਰ ਕੌਰ ਗੁਰਾਇਆ, ਕਾਮਰੇਡ ਕੁਲਵੰਤ ਸਿੰਘ ਸਰਪੰਚ, ਬਲਜਿੰਦਰ ਕੌਰ, ਕੁਲਬੀਰ ਗੁਰਦਾਸਪੁਰੀ ਤੇ ਪਰਮਜੀਤ ਕੌਰ।*





## ਬੁੱਤਾਂ ਦੀ ਬੇਹੁਰਮਤੀ ਦਾ ਸਿਲਸਿਲਾ ਜਾਰੀ

**ਚੇਨਈ:** ਤ੍ਰਿਪੁਰਾ ਵਿਚ ਮਾਰਕਸਵਾਦੀ ਨੇਤਾ ਵਲਾਦੀਮੀਰ ਲੈਨਿਨ ਦੇ ਬੁੱਤ ਤੋੜਨ ਦੀ ਘਟਨਾ ਪਿੱਛੋਂ ਪੂਰੇ ਦੇਸ਼ ਵਿਚ ਇਹ ਸਿਲਸਿਲਾ ਸ਼ੁਰੂ ਹੋ ਗਿਆ ਹੈ। ਚੇਨਈ ਵਿਚ ਦ੍ਰਾਵਿੜ ਨੇਤਾ ਈ.ਵੀ. ਰਾਮਾਸਵਾਮੀ, ਜਿਨ੍ਹਾਂ ਨੂੰ ਪੇਰਿਆਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੇ ਬੁੱਤ ਨੂੰ ਤੋੜਿਆ ਗਿਆ। ਇਸ ਤੋਂ ਇਲਾਵਾ ਕੁਝ ਸ਼ਰਾਰਤੀ ਅਨਸਰਾਂ ਨੇ ਕੋਲਕਾਤਾ 'ਚ ਜਨ ਸੰਘ ਦੇ ਸੰਸਥਾਪਕ ਸਿਆਮਾ ਪ੍ਰਸਾਦ ਮੁਖਰਜੀ ਤੇ ਉਤਰ ਪ੍ਰਦੇਸ਼ ਦੇ ਮੇਰਠ 'ਚ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ।

ਭਾਜਪਾ ਦੇ ਕੌਮੀ ਸਕੱਤਰ ਐਚ. ਰਾਜਾ ਨੇ ਪੇਰਿਆਰ ਤੇ ਲੈਨਿਨ ਦੀ ਤੁਲਨਾ ਕਰਦਿਆਂ ਫੇਸਬੁੱਕ ਉਤੇ ਇਕ ਵਿਵਾਦਿਤ ਪੋਸਟ ਕੀਤਾ ਸੀ, ਜਿਸ ਪਿੱਛੋਂ ਪੇਰਿਆਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ। ਵਿਵਾਦ ਵਧਣ 'ਤੇ ਐਚ. ਰਾਜਾ ਨੇ ਵਿਵਾਦਿਤ ਪੋਸਟ ਨੂੰ ਹਟਾ ਦਿੱਤਾ। ਉਤਰ ਪ੍ਰਦੇਸ਼ ਦੇ ਬਲੀਆ 'ਚ ਹਨੂੰਮਾਨ ਦੀ ਮੂਰਤੀ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਘਟਨਾ ਪਿਛੋਂ ਇਲਾਕੇ 'ਚ ਤਣਾਅ ਪੈਦਾ ਹੋ ਗਿਆ। ਕੇਰਲ ਦੇ ਕਨੂਰ ਜਿਲ੍ਹੇ 'ਚ ਥਾਲੀਪਰੰਬਾ ਇਲਾਕੇ ਵਿਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ। ਇਕ ਨੌਜਵਾਨ ਨੇ ਗਾਂਧੀ ਦੇ ਬੁੱਤ 'ਤੇ ਲੱਗੇ ਚਸ਼ਮੇ ਨੂੰ ਤੋੜ ਦਿੱਤਾ ਅਤੇ ਬੁੱਤ ਉਤੇ ਪਾਏ ਹਾਰ ਨੂੰ ਨੁਕਸਾਨ ਪਹੁੰਚਾਇਆ। ਉਸ ਨੇ ਬੁੱਤ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਪੱਥਰ ਵੀ ਮਾਰੇ।


ਕਲਾਸ 'ਏ' CDL ਡਰਾਈਵਰ
ਓਨਰ ਆਪਰੇਟਰ ਚਾਹੀਦੇ ਹਨ
(OTC/Regional)



ਇਕੱਲੇ ਡਰਾਈਵਰ
55 ਸੈਂਟ ਪ੍ਰਤੀ ਮੀਲ ਤੱਕ
ਟੀਮ ਡਰਾਈਵਰ
70 ਸੈਂਟ ਪ੍ਰਤੀ ਮੀਲ ਤੱਕ

ਲੋੜੀਂਦੀਆਂ ਸ਼ਰਤਾਂ
*ਕਲਾਸ 'ਏ' CDL ਅਤੇ ਦੋ ਸਾਲ ਦਾ ਤਜਰਬਾ
*ਪਿਛਲੇ ਤਿੰਨ ਸਾਲ ਤੋਂ ਕੋਈ ਡੀ. ਯੂ. ਆਈ./ਡੀ. ਡਬਲਿਊ. ਆਈ. ਜਾਂ ਕੋਈ ਹੋਰ ਸਜ਼ਾ ਨਾ ਹੋਈ ਹੋਵੇ
*ਪਿਛਲੇ ਤਿੰਨ ਸਾਲਾਂ ਵਿਚ ਦੋ ਵਾਰ ਤੋਂ ਵੱਧ ਮੂਵਿੰਗ ਵਾਇਲੇਸ਼ਨ ਜਾਂ ਐਟ ਫਾਲਟ, ਜਾਂ ਦੋਵੇਂ ਨਾ ਹੋਈਆਂ ਹੋਣ
*ਡੀ. ਓ. ਟੀ. ਫੰਕਸ਼ਨਲ ਕੈਪੇਸਟੀ ਪ੍ਰੀਖਿਆ ਅਤੇ ਡਰੱਗ ਸਕਰੀਨ ਪਾਸ ਕਰਨ ਦੇ ਯੋਗ ਹੋਵੇ

ਸੰਪਰਕ ਕਰੋ: ਨਵਦੀਪ ਸਿੱਧੂ ਜਾਂ ਹਰਦੀਪ ਸਿੰਘ
ਫੋਨ: 856-562-0052, 614-949-4672
info@5aabtransport.com www.5aabtransport.com
10-12

# ਪਾਕਿਸਤਾਨ ਦੇ ਸਿੰਧ ਸੂਬੇ ਦੀਆਂ ਠੰਢੀਆਂ ਤੱਤੀਆਂ 'ਵਾਵਾਂ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਾਕਿਸਤਾਨ ਤੋਂ ਠੰਡੀਆਂ ਤੱਤੀਆਂ 'ਵਾਵਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਬੀਤੇ ਹਫਤੇ ਸਿੰਧ ਸੂਬੇ ਦੀਆਂ ਦੋ ਖਬਰਾਂ ਇਸ ਦੀ ਪੁਸ਼ਟੀ ਕਰਦੀਆਂ ਹਨ। ਉਥੋਂ ਦੀ ਹਿੰਦੂ ਦਲਿਤ ਕ੍ਰਿਸ਼ਨਾ ਕੁਮਾਰੀ ਕੋਹਲੀ ਦਾ ਸੈਨੇਟ ਦੀ ਮੈਂਬਰ ਚੁਣਿਆ ਜਾਣਾ ਤੇ ਇਕ ਵਿਆਹੁਤਾ ਹਿੰਦੂ ਔਰਤ ਨੂੰ ਅਗਵਾ ਕਰਕੇ ਉਸ ਦਾ ਸੁਹਰਾਬ ਚੰਦੀਓ ਨਾਂ ਦੇ ਮੁਸਲਮਾਨ ਨਾਲ ਨਿਕਾਹ ਪੜ੍ਹਾਉਣਾ। ਮੀਰਪੁਰ ਖਾਸ ਸ਼ਹਿਰ ਦੀ ਮਦੀਨਾ ਮਸਜਿਦ ਵਲੋਂ ਜਾਰੀ ਕੀਤੇ ਸਰਟੀਫਿਕੇਟ ਦੀ ਫੋਟੋ ਕਾਪੀ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਅਜਿਹੇ ਸਰਟੀਫਿਕੇਟ ਛਪਵਾ ਕੇ ਰੱਖੇ ਹੋਏ ਹਨ। ਸਪਸ਼ਟ ਹੈ ਕਿ ਉਥੇ ਆਜ਼ਾਦੀ ਦੇ ਸੱਤਰ ਸਾਲ ਲੰਘ ਜਾਣ ਪਿਛੋਂ ਵੀ ਘੱਟਗਿਣਤੀ ਫਿਰਕਿਆਂ ਨਾਲ ਵਿਤਕਰਾ ਉਸੇ ਤਰ੍ਹਾਂ ਜਾਰੀ ਹੈ।

ਇਸਾਈਆਂ ਦੇ ਘਰ ਸਾੜੇ ਜਾਣਾ ਆਮ ਹੈ। ਅਮੀਰ ਸਿੱਖ ਵਪਾਰੀਆਂ ਤੋਂ ਵੱਡੀਆਂ ਫਿਰੌਤੀਆਂ ਵਸੂਲਣ ਦੇ ਚੱਕਰ ਵਿਚ ਉਨ੍ਹਾਂ ਦੇ ਕਤਲ ਕੀਤੇ ਜਾਂਦੇ ਹਨ। ਸੁੰਨੀ ਬਹੁਗਿਣਤੀ ਅਹਿਮਦੀਆ ਤੇ ਸ਼ੀਆ ਮੁਸਲਿਮ ਭਾਈਚਾਰਿਆਂ ਪ੍ਰਤੀ ਵੀ ਸਹਿਣਸ਼ੀਲ ਨਹੀਂ। ਕਾਦੀਆਨੀ ਮੁਸਲਮਾਨਾਂ ਦੇ ਪਾਸਪੋਰਟਾਂ 'ਤੇ 'ਗੈਰ-ਮੁਸਲਿਮ' ਦੀ ਮੋਹਰ ਲਾਈ ਜਾਂਦੀ ਹੈ। ਫੇਰ ਵੀ ਹਿੰਦੂ ਮਹਿਲਾ ਦਾ ਸੈਨੇਟਰ ਚੁਣੇ ਜਾਣਾ ਸੱਚ ਮੁੱਚ ਹੀ ਠੰਢੀ ਹਵਾ ਦਾ ਬੁੱਲ੍ਹਾ ਹੈ, ਜਿਸ ਦਾ ਸਵਾਗਤ ਹੋਣਾ ਚਾਹੀਦਾ ਹੈ। ਇਸ ਲਈ ਵੀ ਕਿ ਜੇ ਕਿਧਰੇ ਸਿੰਧ ਸੂਬੇ ਵਿਚ ਵੀ 1971 ਦੇ ਬੰਗਲਾਦੇਸ਼ ਵਾਲੀ ਸਥਿਤੀ ਪੈਦਾ ਹੋ ਗਈ ਤਾਂ ਭਾਰਤ-ਪਾਕਿਸਤਾਨ ਤਣਾਓ ਭਿਅੰਕਰ ਰੂਪ ਧਾਰ ਸਕਦਾ ਹੈ।



*ਜੰਗ-ਏ-ਆਜ਼ਾਦੀ ਸਮਾਰਕ*

**ਜੰਗ-ਏ-ਆਜ਼ਾਦੀ ਯਾਦਗਾਰ ਦੀ ਵਿਲੱਖਣਤਾ:** ਜੰਗ-ਏ-ਆਜ਼ਾਦੀ ਯਾਦਗਾਰ ਦਾ ਦੂਜਾ ਪੜਾਅ ਰਾਸ਼ਟਰ ਨੂੰ ਸਮਰਪਣ ਹੋਣ ਨਾਲ ਉਥੇ ਏਨਾ ਕੁਝ ਤਿਆਰ ਹੋ ਚੁਕਾ ਹੈ ਕਿ ਨਵੀਂ ਪੀੜ੍ਹੀ ਇਸ ਤੋਂ ਬਹੁਤ ਕੁਝ ਸਿੱਖ ਸਕਦੀ ਹੈ। ਉਨ੍ਹਾਂ ਸ਼ਹੀਦਾਂ ਉਤੇ ਮਾਣ ਹੈ, ਜਿਨ੍ਹਾਂ ਨੇ ਸੁਤੰਤਰਤਾ ਪ੍ਰਾਪਤੀ ਲਈ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦੇ ਉਨ੍ਹਾਂ ਪੰਨਿਆਂ ਦਾ ਗਿਆਨ ਜੋ ਕੇਵਲ ਵੇਖਿਆਂ ਹੀ ਮਾਣੇ ਦਾ ਸਕਦੇ ਹਨ।

ਸਮਰਪਣ ਸਮਾਰੋਹ ਵਿਚ ਕੈਪਟਨ ਅਮਰਿੰਦਰ ਸਿੰਘ ਵਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਗੁਣ ਗਾਨ ਵੀ ਨੋਟ ਕਰਨ ਵਾਲਾ ਹੈ ਜਿਸ ਨੇ ਇਸ ਯਾਦਗਾਰ ਦਾ ਸੁਪਨਾ ਲਿਆ ਸੀ ਅਤੇ ਇਸ ਦਾ ਪਹਿਲਾ ਪੜਾਅ ਸਮੇਂ ਸਿਰ ਰਾਸ਼ਟਰ ਨੂੰ ਸਮਰਪਿਤ ਕੀਤਾ। ਕੈਪਟਨ ਅਮਰਿੰਦਰ ਸਿੰਘ ਦਾ ਇਸ ਘੜੀ ਆਪਣੀ ਅੰਡੇਮਾਨ ਫੇਰੀ ਨੂੰ ਚੇਤੇ ਕਰਕੇ ਉਨ੍ਹਾਂ ਸੰਗਰਾਮੀਆਂ ਦੇ ਵਾਰੇ ਵਾਰੇ ਜਾਣਾ, ਜਿਨ੍ਹਾਂ ਨੇ ਗੋਰੀ ਸਰਕਾਰ ਦੇ ਤਸੀਹੇ ਝੱਲੇ ਅਤੇ ਉਨ੍ਹਾਂ ਵਲੋਂ ਪਹਿਲੇ ਪੜਾਅ ਦੀ 9.5 ਕਰੋੜ ਦੀ ਰਹਿੰਦੀ ਰਾਸ਼ੀ ਨੂੰ ਤੁਰੰਤ ਪ੍ਰਵਾਨਗੀ ਦੇਣ ਦੇ ਨਾਲ ਨਾਲ ਅਗਲੇ ਪੜਾਅ ਲਈ 25 ਕਰੋੜ ਦੇਣ ਦਾ ਐਲਾਨ ਵੀ ਇਸ ਵਿਚ ਸ਼ਾਮਲ ਹੈ।

ਨਿਸ਼ਚੇ ਹੀ ਇਹ ਸਭ ਕੁਝ ਪੰਜਾਬ ਜੰਗ-ਏ-ਆਜ਼ਾਦੀ ਯਾਦਗਾਰ ਫਾਊਂਡੇਸ਼ਨ ਵਲੋਂ ਸੁਝਾਏ ਨੁਕਤਿਆਂ ਦਾ ਨਤੀਜਾ ਹੈ। ਫਾਊਂਡੇਸ਼ਨ ਨਾਲ ਜੁੜੇ ਉਘੇ ਮੈਂਬਰਾਂ ਨੇ ਸਮਾਰੋਹ ਤੋਂ ਪਹਿਲਾਂ ਹੋ ਰਹੇ ਕੰਮ ਦਾ ਜਾਇਜ਼ਾ ਹੀ ਨਹੀਂ ਸੀ ਲਿਆ, ਉਹ ਨੁਕਤੇ ਵੀ ਨੋਟ ਕੀਤੇ ਸਨ ਜਿਨ੍ਹਾਂ ਉਤੇ ਪਹਿਰਾ ਦੇਣ ਦੀ ਫੌਰੀ ਲੋੜ ਹੈ। ਇਹ ਸੱਚ ਮੁੱਚ ਹੀ ਬਹੁਤ ਵੱਡਾ ਤੇ ਮਾਣ ਵਾਲਾ ਕੰਮ ਹੈ। ਮੇਰੇ ਨਿਜ ਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਦਾ ਮੇਰੇ ਅਜ਼ੀਜ ਗੁਰਕੀਰਤ ਕਿਰਪਾਲ ਸਿੰਘ ਤੇ ਕੈਪਟਨ ਸੰਦੀਪ ਸੰਧੂ ਤਨਦੇਹੀ ਨਾਲ ਸਾਥ ਦੇ ਰਹੇ ਹਨ। ਬਰਜਿੰਦਰ ਸਿੰਘ ਫਾਊਂਡੇਸ਼ਨ ਦੇ ਪ੍ਰਧਾਨ ਹਨ, ਗੁਰਕੀਰਤ ਵਿਸ਼ੇਸ਼ ਪ੍ਰਮੁਖ ਸਕੱਤਰ ਪੰਜਾਬ ਸਰਕਾਰ ਅਤੇ ਸੰਦੀਪ ਸੰਧੂ ਮੁੱਖ ਮੰਤਰੀ ਦਾ ਰਾਜਸੀ ਸਲਾਹਕਾਰ।

**ਧਾਨ ਬਾਦਸ਼ਾਹ ਖੁਸ਼ ਦਾ ਸਨਮਾਨ:** ਕੈਲੀਫੋਰਨੀਆ ਯੂਨੀਵਰਸਿਟੀ ਨੇ ਇਸ ਵਰ੍ਹੇ ਦਾ ਸਭ ਤੋਂ ਵੱਡਾ ਸਨਮਾਨ ਡੇਵਿਸ ਮੈਡਲ ਆਪਣੇ ਪੁਰਾਣੇ ਵਿਦਿਆਰਥੀ ਤੇ ਚੌਲਾਂ ਦੇ ਬਾਦਸ਼ਾਹ ਵੱਲੋਂ ਜਾਣੇ ਜਾਂਦੇ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਨੂੰ ਦੇਣ ਦਾ ਫੈਸਲਾ ਕੀਤਾ ਹੈ। ਜਲੰਧਰ ਜ਼ਿਲ੍ਹੇ ਦੇ ਪਿੰਡ ਰੁੜਕੀ ਦੇ ਜੰਮਪਲ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਪੁਰਾਣੇ ਵਿਦਿਆਰਥੀ ਡਾ. ਖੁਸ਼ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਲਈ ਫਿਲੀਪੀਨਜ਼ ਸਥਿਤ ਕੌਮਾਂਤਰੀ ਚੌਲ ਖੋਜ ਕੇਂਦਰ ਵਿਖੇ ਝੋਨੇ ਦੀਆਂ ਨਵੀਆਂ ਕਿਸਮਾਂ ਵਿਕਸਿਤ ਕਰਨ 'ਤੇ ਖੋਜ ਕੀਤੀ।



*ਡਾ. ਗੁਰਦੇਵ ਸਿੰਘ ਖੁਸ਼*

ਡਾ. ਖੁਸ਼ ਵੱਲੋਂ ਵਿਕਸਿਤ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ ਨਾਲ ਸੰਸਾਰ ਵਿਚ ਚੌਲਾਂ ਦੀ ਪੈਦਾਵਾਰ ਵਿਚ ਵਾਧਾ ਹੋਇਆ ਤੇ ਸੰਸਾਰ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਹੈ। ਪੰਜਾਬ ਦੀ ਖੇਤੀ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਉਣ ਲਈ ਉਨ੍ਹਾਂ ਨੇ ਪੀ. ਏ. ਯੂ. ਵਿਖੇ ਖੁਸ਼ ਫਾਊਂਡੇਸ਼ਨ ਕਾਇਮ ਕੀਤੀ ਹੈ। ਖੁਸ਼ ਫਾਊਂਡੇਸ਼ਨ ਦਾ ਸਾਲਾਨਾ ਸਮਾਗਮ 9 ਮਾਰਚ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਹੋਇਆ।

**ਜਗਜੀਤ ਸਿੰਘ ਅਨੰਦ ਦਾ ਰੂਪ:** ਜਦੋਂ 1977 ਵਿਚ ਮੈਨੂੰ ਖੇਤੀ ਯੂਨੀਵਰਸਟੀ ਲੁਧਿਆਣਾ ਦੇ ਸੰਚਾਰ ਕੇਂਦਰ ਦੀ ਕਮਾਂਡ ਸੌਂਪੀ ਗਈ ਤਾਂ ਜਗਜੀਤ ਸਿੰਘ ਅਨੰਦ ਮੈਨੂੰ ਰੂਪ ਸਿੰਘ ਰੂਪਾ ਦੇ ਹਥ ਫੜ੍ਹਾ ਗਿਆ। ਰੂਪਾ ਯੂਨੀਵਰਸਟੀ ਦੀ ਟਰੇਡ ਯੂਨੀਅਨ ਦਾ ਪ੍ਰਧਾਨ ਸੀ। ਅੱਜ ਉਸ ਦੇ ਤਿੰਨੇ ਬੇਟੇ ਅਮਰੀਕਾ ਵਿਚ ਹਨ। ਇਕ ਦੇ ਗੈਸ ਸਟੇਸ਼ਨ ਨਿਊ ਜਰਸੀ ਵਿਚ ਹਨ ਤੇ ਦੂਜੇ ਦੇ ਡੈਲਵੇਅਰ ਵਿਚ। ਤੀਜੇ ਬੇਟੇ ਦੀ ਕਨਸਟ੍ਰਕਸ਼ਨ ਕੰਪਨੀ ਹੈ। ਇਸ ਖੱਟੀ ਤੋਂ ਰੂਪ ਨੇ ਹੋਰ ਕੰਮਾਂ ਤੋਂ ਬਿਨਾ ਜਗਜੀਤ ਸਿੰਘ ਅਨੰਦ ਦੇ ਨਾਂ ਉਤੇ ਦੋ ਪੁਰਸਕਾਰ ਸਥਾਪਤ ਕੀਤੇ ਹਨ। ਇਸ ਵਰ੍ਹੇ ਦਾ ਕਾਮਰੇਡ ਅਨੰਦ ਵਾਰਤਕ ਪੁਰਸਕਾਰ ਡਾ. ਐਸ. ਤਰਸੇਮ ਨੂੰ ਅਤੇ ਅਨੰਦ ਲਾਇਬਰੇਰੀ ਯਾਦਗਾਰ ਪੁਰਸਕਾਰ ਡਾ. ਜਗਵਿੰਦਰ ਯੋਧਾ ਨੂੰ ਦਿੱਤਾ ਗਿਆ ਹੈ, ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਇਜਲਾਸ ਸਮੇਂ ਲੁਧਿਆਣਾ ਵਿਖੇ, ਰੂਪ ਸਿੰਘ ਰੂਪਾ ਦੀ ਹਾਜ਼ਰੀ ਵਿਚ।

1971 ਵਿਚ ਜਗਜੀਤ ਅਨੰਦ ਆਲ ਇੰਡੀਆ ਯੂਨੀਵਰਸਿਟੀ ਐਂਡ ਕਾਲਜ ਇੰਪਲਾਈਜ਼ ਫੈਡਰੇਸ਼ਨ ਦਾ ਪ੍ਰਧਾਨ ਸੀ ਤੇ ਰੂਪਾ ਉਸ ਦਾ ਤੇਜ ਤਰਾਰ ਜਨਰਲ ਸਕੱਤਰ। ਅਸੀਂ ਆਪਣੇ ਸਵਰਗਵਾਸੀ ਮਿੱਤਰ ਅਨੰਦ ਦੇ ਆਦੇਸ਼ਾਂ ਉਤੇ ਇੱਕ ਦੂਜੇ ਦਾ ਅੱਜ ਵੀ ਸਾਥ ਦਿੰਦੇ ਹਾਂ, ਭਾਵੇਂ ਮੈਂ ਦਿੱਲੀ ਛੱਡ ਕੇ ਚੰਡੀਗੜ੍ਹ ਆ ਵਸਿਆ ਤੇ ਰੂਪ ਸੱਤ ਸਮੁੰਦਰ ਪਾਰ ਅਮਰੀਕਾ।



*ਜਗਜੀਤ ਸਿੰਘ ਅਨੰਦ*

**ਅੰਤਿਕਾ: ਬਲਾਤਕਾਰ ਤੇ ਘੁਟਾਲੇ**

ਸਾਧੂਓਂ ਕਾ ਹੋਗਾ ਸੰਗਮ
ਅਬਕੇ ਜੋ ਭੀ ਘਾਟ ਪਰ
ਹੈ ਖਬਰ ਸਭ ਐਸ਼-ਓ-ਇਸ਼ਰਤ
ਟੈਂਟ ਹੀ ਮੇਂ ਪਾਏਂਗੇ।
ਮੁਫਲਸੀ ਬੇਰੋਜ਼ਗਾਰੀ, ਰੇਪ,
ਰਿਸ਼ਵਤ, ਕਤਲ ਸੱਬ
ਵਕਤ-ਏ-ਆਖਿਰ ਨਾਮ ਤੇਰੇ
ਐ ਵਤਨ ਕਰ ਜਾਏਂਗੇ।

*(ਟੀ. ਐਨ. ਰਾਜ)*

# ਫਰਾਂਸ ਵਿਚ ਹੋਇਆ ਸੀ 16ਵਾਂ ਫੀਫਾ ਟੂਰਨਾਮੈਂਟ

## ਖੇਡ ਜਗਤ

***ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਫੁੱਟਬਾਲ (ਫੀਫਾ) ਸਿਰਮੌਰ ਖੇਡ ਸੰਸਥਾ ਹੈ ਅਤੇ ਇਸ ਵਲੋਂ ਫੁੱਟਬਾਲ ਟੂਰਨਾਮੈਂਟ 1930 ਵਿਚ ਅਰੰਭਿਆ ਗਿਆ ਸੀ। ਹਰ ਚਾਰ ਸਾਲ ਬਾਅਦ ਹੋਣ ਵਾਲਾ ਫੀਫਾ ਫੁੱਟਬਾਲ ਟੂਰਨਾਮੈਂਟ ਅੱਜ ਇਕ ਵੱਕਾਰੀ ਖੇਡ ਮੇਲਾ ਹੈ। 21ਵਾਂ ਫੀਫਾ ਟੂਰਨਾਮੈਂਟ ਇਸ ਸਾਲ ਰੂਸ ਵਿਚ ਹੋਵੇਗਾ। ਇਸ ਲੇਖ ਲੜੀ ਵਿਚ ਸੈਨ ਹੋਜੇ (ਕੈਲੀਫੋਰਨੀਆ) ਵਸਦੇ ਲੇਖਕ ਪਰਦੀਪ ਨੇ ਫੀਫਾ ਮੁਕਾਬਲਿਆਂ ਦਾ ਇਤਿਹਾਸ ਫਰੋਲਿਆ ਹੈ। ਇਸ ਲੇਖ ਵਿਚ ਪਰਦੀਪ ਨੇ 16ਵੇਂ ਤੋਂ 20ਵੇਂ ਫੀਫਾ ਕੱਪ ਦਾ ਵੇਰਵਾ ਦਿੱਤਾ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਪਰਦੀਪ, ਸੈਨ ਹੋਜੇ**
**ਫੋਨ: 408-540-4547**

16ਵਾਂ ਫੀਫਾ ਕੱਪ ਫਰਾਂਸ ਵਿਚ 10 ਜੂਨ ਤੋਂ 12 ਜੁਲਾਈ 1998 ਤਕ ਹੋਇਆ। ਇਹ ਫਰਾਂਸ ਵਿਚ ਹੋਇਆ ਦੂਜਾ ਵਿਸ਼ਵ ਕੱਪ ਟੂਰਨਮੈਂਟ ਸੀ। ਇਸ ਵਿਚ ਪਹਿਲੀ ਵਾਰ 24 ਟੀਮਾਂ ਤੋਂ ਵਧਾ ਕੇ 32 ਟੀਮਾਂ ਸ਼ਾਮਿਲ ਕੀਤੀਆਂ ਗਈਆਂ। ਦੋ ਖਿਡਾਰੀ ਬਦਲਣ ਦਾ ਨਿਯਮ ਵੀ ਬਦਲ ਕੇ ਤਿੰਨ ਕਰ ਦਿੱਤਾ ਗਿਆ। ਯੂਗੋਸਲਾਵੀਆ ਤੋਂ ਅੱਡ ਹੋ ਕੇ ਕਰੋਸ਼ੀਆ ਨੇ ਪਹਿਲੀ ਵਾਰ ਫੀਫਾ ਵਿਸ਼ਵ ਕੱਪ ਵਿਚ ਹਿੱਸਾ ਲਿਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਟੂਰਨਮੈਂਟ ਤੋਂ ਪਹਿਲਾਂ ਫਰਾਂਸ ਅਤੇ ਬੈਲਜ਼ੀਅਮ ਵਿਚੋਂ ਅਲਕਾਇਦਾ ਦੇ ਕਈ ਅਤਿਵਾਦੀ ਗ੍ਰਿਫਤਾਰ ਕੀਤੇ ਗਏ, ਜੋ ਇਸ ਟੂਰਨਾਮੈਂਟ ਨੂੰ ਮਾਤਮ ਵਿਚ ਬਦਲਣਾ ਚਾਹੁੰਦੇ ਸਨ।

ਇੰਗਲੈਂਡ ਅਤੇ ਅਰਜਨਟਾਈਨਾ ਵਿਚਾਲੇ ਹੋਏ ਮੈਚ ਵਿਚ ਇੰਗਲੈਂਡ ਦੇ ਡੇਵਿਡ ਬੈਕਮ ਨੂੰ ਰੈਡ ਕਾਰਡ ਮਿਲਣ ਕਰਕੇ ਉਸ ਨੂੰ ਬਾਹਰ ਜਾਣਾ ਪਿਆ। ਬਾਅਦ ਵਿਚ ਇੰਗਲੈਂਡ ਪੈਨਲਟੀ ਕਿੱਕ ਨਾਲ ਹੋਏ ਫੈਸਲੇ ਵਿਚ ਹਾਰ ਕੇ ਬਾਹਰ ਹੋ ਗਿਆ। ਇੰਗਲੈਂਡ ਦੇ ਕਈ ਲੋਕ ਡੇਵਿਡ ਨੂੰ ਇਸ ਹਾਰ ਲਈ ਕਸੂਰਵਾਰ ਸਮਝਦੇ ਸਨ। ਡੇਵਿਡ ਨੇ ਆਪਣੀ ਆਟੋਬਾਇਓਗਰਾਫੀ 'Both Feet On The Ground' ਵਿਚ ਲਿਖਿਆ ਹੈ ਕਿ ਇਕ ਦਿਨ ਉਸ ਨੂੰ ਇਕ ਲਿਫਾਫਾ ਮਿਲਿਆ, ਜਿਸ ਵਿਚ ਦੋ ਬੁਲਟ ਸਨ। ਇਕ ਚਿੱਠੀ 'ਤੇ ਚਿਤਾਵਨੀ ਸੀ, "ਤੇਰੇ ਅਤੇ ਤੇਰੀ ਹੋਣ ਵਾਲੀ ਪਤਨੀ ਲਈ।" ਉਸ ਨੂੰ ਕਈ ਸਮੇਂ ਤਕ ਪੁਲਿਸ ਦੀ ਸੁਰੱਖਿਆ ਵਿਚ ਰਹਿਣਾ ਪਿਆ ਸੀ। ਫਰਾਂਸ ਨੇ ਫਾਈਨਲ ਵਿਚ ਬ੍ਰਾਜ਼ੀਲ ਨੂੰ 3-0 ਨਾਲ ਹਰਾ ਕੇ ਪਹਿਲੀ ਵਾਰ ਇਹ ਕੱਪ ਜਿਤਿਆ। ਜ਼ਿਦਾਨ ਨੇ ਇਸ ਮੈਚ ਵਿਚ ਹੈਡ ਨਾਲ ਦੋ ਗੋਲ ਕੀਤੇ।

**17ਵਾਂ ਫੀਫਾ ਕੱਪ:** ਇਹ ਵਿਸ਼ਵ ਕੱਪ ਟੂਰਨਾਮੈਂਟ 31 ਮਈ ਤੋਂ 30 ਜੂਨ 2002 ਤਕ ਜਪਾਨ ਤੇ ਦੱਖਣੀ ਕੋਰੀਆ ਵਿਚ ਹੋਇਆ। ਪਹਿਲੀ ਵਾਰ ਇਹ ਕੱਪ ਏਸ਼ੀਆ ਵਿਚ ਹੋਇਆ ਸੀ ਅਤੇ ਪਹਿਲੀ ਵਾਰੀ ਹੀ ਦੋ ਦੇਸ਼ਾਂ ਨੇ ਮਿਲ ਕੇ ਕਰਵਾਇਆ ਸੀ। ਇਸ ਦੇ ਫਾਈਨਲ ਮੈਚ ਵਿਚ ਬ੍ਰਾਜ਼ੀਲ ਨੇ ਜਰਮਨੀ ਨੂੰ 2-0 ਨਾਲ ਹਰਾ ਕੇ ਪੰਜਵੀਂ ਵਾਰ ਜਿੱਤ ਹਾਸਲ ਕੀਤੀ। ਦੱਖਣੀ ਕੋਰੀਆ ਸੈਮੀ ਫਾਈਨਲ ਵਿਚ ਜਾਣ ਵਾਲਾ ਪਹਿਲਾ ਏਸ਼ੀਅਨ ਦੇਸ਼ ਬਣਿਆ। ਬ੍ਰਾਜ਼ੀਲ ਦਾ ਰੋਨਾਲਡੋ ਇਸ ਵਿਚ 8 ਗੋਲ ਕਰਕੇ ਟੂਰਨਾਮੈਂਟ ਦਾ ਬੈਹਤਰੀਨ ਫੁਟਬਾਲਰ ਬਣਿਆ। ਬ੍ਰਾਜ਼ੀਲ ਪਹਿਲੀ ਟੀਮ ਬਣੀ ਜੋ ਦੱਖਣੀ ਅਮਰੀਕਾ, ਉਤਰੀ ਅਮਰੀਕਾ, ਯੂਰਪ ਅਤੇ ਏਸ਼ੀਆ ਵਿਚ ਜਿੱਤੀ। ਇਸ ਟੀਮ ਵਿਚ ਕਈ ਮਹਾਨ ਖਿਡਾਰੀ ਸਨ-ਕਾਫੂ, ਰੋਨਾਲਡੋ, ਰੌਬਰਟੋ ਕਾਰਲੋਜ਼, ਕਾਕਾ, ਰੌਨਾਲਡੀਨੀਓ, ਰੋਵਾਲਡੋ, ਡੀਡਾ ਅਤੇ ਲੂਸੀਓ।



*ਡੇਵਿਡ ਬੈਕਮ*

**18ਵਾਂ ਫੀਫਾ ਕੱਪ:** 9 ਜੂਨ ਤੋਂ 9 ਜੁਲਾਈ 2006 ਤਕ ਹੋਇਆ ਇਹ ਫੀਫਾ ਵਿਸ਼ਵ ਕੱਪ ਟੂਰਨਾਮੈਂਟ ਦੂਜਾ ਮੌਕਾ ਸੀ ਜਦੋਂ ਜਰਮਨੀ ਮੇਜ਼ਬਾਨ ਬਣਿਆ। ਇਸ ਵਾਰ ਸੈਮੀ ਫਾਈਨਲ ਮੈਚ ਵਿਚ ਪਹੁੰਚਣ ਵਾਲੀਆਂ ਚਾਰੇ ਟੀਮਾਂ-ਫਰਾਂਸ, ਜਰਮਨੀ, ਪੁਰਤਗਾਲ ਅਤੇ ਇਟਲੀ ਯੂਰਪ ਦੀਆਂ ਸਨ। ਇਸ ਦਾ ਫਾਈਨਲ ਮੈਚ ਇਟਲੀ ਅਤੇ ਫਰਾਂਸ ਵਿਚਾਲੇ ਸੀ। ਮੈਚ ਦੇ ਵਾਧੂ ਸਮੇਂ ਵਿਚ ਇਟਲੀ ਦੇ ਮਾਰਕੋ ਮੈਟਰਾਜ਼ੀ ਨੇ ਫਰਾਂਸ ਦੇ ਜ਼ਿਦਾਨ ਨੂੰ ਕੋਈ ਗੰਦੀ ਗਾਲ੍ਹ ਕੱਢੀ, ਜਿਸ ਤੋਂ ਗੁੱਸੇ ਵਿਚ ਆ ਕੇ ਜ਼ਿਦਾਨ ਨੇ ਉਸ ਦੀ ਛਾਤੀ ਵਿਚ ਸਿਰ ਮਾਰ ਕੇ ਉਸ ਨੂੰ ਧਰਤੀ ਉਤੇ ਸੁੱਟ ਦਿੱਤਾ। ਰੈਫਰੀ ਨੇ ਜ਼ਿਦਾਨ ਨੂੰ ਰੈਡ ਕਾਰਡ ਦੇ ਕੇ ਬਾਹਰ ਕੱਢ ਦਿੱਤਾ। ਬਾਅਦ ਵਿਚ ਫਰਾਂਸ ਪੈਨਲਟੀ ਕਿੱਕ ਵਿਚ ਇਹ ਟੂਰਨਾਮੈਂਟ ਹਾਰ ਗਿਆ, ਪਰ ਹਾਰ ਕੇ ਵਾਪਸ ਗਈ ਟੀਮ ਅਤੇ ਜ਼ਿਦਾਨ ਦਾ ਫਰਾਂਸ ਦੇ ਰਾਸ਼ਟਰਪਤੀ ਜੈਕ ਸ਼ਿਰਾਕ ਨੇ ਨਿੱਘਾ ਸੁਆਗਤ ਕੀਤਾ।

**19ਵਾਂ ਫੀਫਾ ਕੱਪ:** ਇਹ ਕੱਪ ਦੱਖਣੀ ਅਫਰੀਕਾ ਵਿਚ 11 ਜੂਨ ਤੋਂ 11 ਜੁਲਾਈ 2010 ਤਕ ਹੋਇਆ। ਇਹ ਕੱਪ ਉਸ ਲਈ ਪਹਿਲਾ ਮੌਕਾ ਸੀ। ਇਥੇ ਟੂਰਨਾਮੈਂਟ ਕਰਵਾਉਣ ਲਈ ਫੀਫਾ ਨੂੰ ਰਿਸ਼ਵਤ ਦੇ ਇਲਜ਼ਾਮ ਦਾ ਸਾਹਮਣਾ ਕਰਨਾ ਪਿਆ। ਅੱਗੇ ਚੱਲ ਕੇ ਇਸ ਦੇ ਕਈ ਅਹੁਦੇਦਾਰਾਂ ਨੂੰ ਅਸਤੀਫੇ ਦੇਣੇ ਪਏ ਅਤੇ ਜੇਲ੍ਹ ਵੀ ਜਾਣਾ ਪਿਆ। ਇਸ ਵਿਸ਼ਵ ਕੱਪ ਦੇ ਫਾਈਨਲ ਮੈਚ 'ਚ ਸਪੇਨ ਦੇ ਆਂਡਰੇ ਇਨਆਸਟਾ ਨੇ ਨੀਦਰਲੈਂਡ ਸਿਰ ਖੂਬਸੂਰਤ ਗੋਲ ਕਰਕੇ ਆਪਣੇ ਦੇਸ਼ ਨੂੰ ਪਹਿਲੀ ਵਾਰ ਚੈਂਪੀਅਨ ਬਣਾਇਆ। ਸਪੇਨ ਦੀ ਟੀਮ ਨੇ ਆਪਣੀ ਟਿਕੀ-ਟਿਕਾ ਖੇਡ ਸ਼ੈਲੀ ਨਾਲ ਲੋਕਾਂ ਦੇ ਮਨ ਜਿੱਤ ਲਏ।

20ਵਾਂ ਫੀਫਾ ਵਿਸ਼ਵ ਕੱਪ 12 ਜੂਨ ਤੋਂ 13 ਜੁਲਾਈ 2014 ਤੱਕ ਬ੍ਰਾਜ਼ੀਲ ਵਿਚ ਹੋਇਆ। ਇਹ ਬ੍ਰਾਜ਼ੀਲ ਵਿਚ 1950 ਤੋਂ ਬਾਅਦ ਹੋਣ ਵਾਲਾ ਦੂਜਾ ਟੂਰਨਾਮੈਂਟ ਸੀ। ਬ੍ਰਾਜ਼ੀਲ ਹੀ ਇਕੋ-ਇਕ ਟੀਮ ਹੈ ਜੋ ਹੁਣ ਤਕ ਸਾਰੇ ਵਿਸ਼ਵ ਕੱਪ ਖੇਡੀ ਹੈ। 19ਵੇਂ ਵਿਸ਼ਵ ਕੱਪ ਦੀ ਜੇਤੂ ਸਪੇਨ ਦੀ ਟੀਮ ਬਹੁਤ ਹੀ ਘਟੀਆ ਪ੍ਰਦਰਸ਼ਨ ਕਰਕੇ ਗਰੁਪ 'ਚੋਂ ਹੀ ਅੱਗੇ ਨਾ ਜਾ ਸਕੀ। ਬ੍ਰਾਜ਼ੀਲ ਦੀ ਟੀਮ ਵਧੀਆ ਖਿਡਾਰੀ ਹੋਣ ਦੇ ਬਾਵਜੂਦ ਘਰੇਲੂ ਮੈਦਾਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ।

ਫਾਈਨਲ ਮੈਚ ਜਰਮਨੀ ਅਤੇ ਮੈਸੀ ਦੀ ਅਰਜਨਟਾਈਨਾ ਵਿਚਾਲੇ ਸੀ। ਜਰਮਨੀ ਨੇ ਜਿੱਤ ਪ੍ਰਾਪਤ ਕਰਕੇ ਚੌਥੀ ਵਾਰ ਇਸ ਕੱਪ 'ਤੇ ਕਬਜ਼ਾ ਕੀਤਾ। ਇਸ ਟੂਰਨਾਮੈਂਟ ਵਿਚ ਯੂਰੂਗਵੇ ਦੇ ਲੂਈਸ ਸਵਾਰਿਸ ਨੇ ਇਟਲੀ ਦੇ ਖਿਡਾਰੀ ਜੌਰਜ਼ੀਓ ਚਲੀਨੀ ਦੇ ਦੰਦੀ ਵੱਡੀ ਸੀ, ਜਿਸ ਕਰਕੇ ਸਵਾਰਿਸ ਨੂੰ ਫੀਫਾ ਨੇ ਚਾਰ ਮਹੀਨੇ ਲਈ ਬਰਖਾਸਤ ਕੀਤਾ।

*(ਸਮਾਪਤ)*

# ਪਰਬਤੀ ਪਰਿਕਰਮਾ

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਧੁੱਪ (ਚਾਨਣ) ਦੀਆਂ ਬਰਕਤਾਂ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਧੁੱਪ ਹੀ ਹੁੰਦੀ ਜੋ ਹਨੇਰੇ ਪਲਾਂ ਦੀ ਕੁੱਖ ਵਿਚ ਚਾਨਣ ਬੀਜਦੀ ਅਤੇ ਹਨੇਰੀਆਂ ਰਾਤਾਂ ਨੂੰ ਦਿਨਾਂ ਦਾ ਵਰਦਾਨ ਦਿੰਦੀ।" ਹਥਲੇ ਲੇਖ ਵਿਚ ਉਨ੍ਹਾਂ ਪਰਬਤਾਂ ਦੀਆਂ ਉਚਾਣਾਂ ਅਤੇ ਉਨ੍ਹਾਂ ਦੀ ਪਾਕੀਜ਼ਗੀ ਦੀ ਗੱਲ ਕਰਦਿਆਂ ਕਿਹਾ ਹੈ, "ਪਰਬਤ ਏ ਤਾਂ ਬਾਰਸ਼ ਏ, ਪਹਾੜੀ ਜੀਵ ਸੰਸਾਰ ਏ, ਦਰਿਆਵਾਂ ਦੀ ਰਵਾਨਗੀ ਏ, ਝਰਨਿਆਂ ਦੀ ਕਲਕਲ ਹੈ ਅਤੇ ਵਿੰਗ-ਵਲੇਵੇਂ ਰਾਹਾਂ ਦੀ ਛੂਹ ਦਾ ਜਾਦੂਮਈ ਪ੍ਰਭਾਵ ਏ।...ਪਰਬਤ, ਪਾਕੀਜ਼ਗੀ ਅਤੇ ਪਹਿਲਕਦਮੀ ਦਾ ਸੁੱਚਾ ਨਾਮ। ਪਰ ਪਰਬਤਾਂ 'ਤੇ ਮਨੁੱਖੀ ਹੋਂਦ ਨੇ ਇਸ ਦੇ ਬਿਰਖਾਂ, ਵਾਦੀਆਂ, ਝਾੜੀਆਂ ਅਤੇ ਪਰਬਤ-ਪਿੰਡੇ ਨੂੰ ਪ੍ਰਦੂਸ਼ਤ ਕਰਕੇ ਪਰਬਤੀ-ਨੈਣਾਂ ਵਿਚ ਹਿੰਝ ਭਰੀ।" ਨਾਲ ਹੀ ਅਫਸੋਸ ਜ਼ਾਹਰ ਕੀਤਾ ਹੈ, "ਹੋਛਾ ਮਨੁੱਖ ਤਾਂ ਜਰਾ ਕੁ ਉਡਾਣ ਭਰੇ ਤਾਂ ਆਪਣੇ ਪੈਰ ਧਰਤ ਤੋਂ ਚੁੱਕ ਲੈਂਦਾ। ਬਹੁਤ ਘੱਟ ਲੋਕ ਪਰਬਤੀ ਬੁਲੰਦੀ ਹੁੰਦੇ।" -ਸੰਪਾਦਕ*

ਪਰਬਤ, ਨਵੀਆਂ ਤੇ ਅਣਛੋਹੀਆਂ ਰਾਹਾਂ ਦੇ ਦਿਸਹੱਦੇ, ਸਿਖਰ ਵੰਨੀਂ ਜਾਣ ਦੀ ਚਾਹਨਾ ਅਤੇ ਪਾਕ-ਪਰਿਕਰਮਾ ਦੀ ਸਾਰਥਕਤਾ। ਪਰਬਤ, ਬੱਦਲਾਂ ਨਾਲ ਸਾਂਝ ਦੀਆਂ ਮਜਬੂਤ ਤੰਦਾਂ, ਬਾਰਸ਼ ਦਾ ਸਬੱਬ, ਮੀਂਹ 'ਚ ਭਿੱਜ ਕੇ ਨਿਖਰਿਆ ਰੂਪ ਅਤੇ ਅੰਬਰੀਂ ਪਰਵਾਜ਼ ਦਾ ਨਾਮਕਰਨ।

ਪਰਬਤ, ਉਚੀਆਂ ਟੀਸੀਆਂ, ਮਾਣਮੱਤੀਆਂ ਪਗਡੰਡੀਆਂ, ਦੂਰ ਦੂਰ ਤੀਕ ਜੰਗਲਾਂ ਦੀ ਵਿੱਛੀ ਹੋਈ ਹਰੀ-ਕਚੂਰ ਸਫ ਰੂਪੀ ਹਰਿਆਵਲਾ ਲਿਬਾਸ, ਜੋ ਬਣਦਾ ਜੀਵਨ ਦੀ ਤਰੰਗ।

ਪਰਬਤ, ਕੁਦਰਤ ਦਾ ਸਭ ਤੋਂ ਅਜ਼ੀਮ ਖਜਾਨਾ, ਕੁਦਰਤੀ ਸਰੋਤਾਂ ਦੀ ਸੁੱਚੀ ਧਰਾਤਲ, ਅਛੋਹ ਕੁਦਰਤ ਦੇ ਦੀਦਾਰੇ, ਪਰਿੰਦਿਆਂ ਦੇ ਬੋਲ, ਜਾਨਵਰਾਂ ਦੀ ਪੈੜਚਾਲ ਅਤੇ ਖੁਦ ਦੀ ਤਲਾਸ਼ ਨੂੰ ਸਮਰਪਿਤ ਮਨੁੱਖ।

ਪਰਬਤ, ਬਰਫ ਨਾਲ ਲਿੱਪੀਆਂ ਸਿਖਰਾਂ, ਅੱਖਾਂ ਚੁੰਧਿਆਉਂਦੀਆਂ ਧੁੱਪਾਂ, ਲਿਸ਼ਕੋਰਦੀਆਂ ਕਿਰਨਾਂ ਅਤੇ ਧੁਪੀਲੇ ਪਹਿਰਾਂ ਦਾ ਸਿਰਨਾਵਾਂ ਬਣੇ ਪਰਬਤ ਦੇਵਤੇ।

ਪਰਬਤ, ਕੁਦਰਤ ਦਾ ਪਾਕ ਰੈਣ-ਬਸੇਰਾ। ਦੁਨਿਆਵੀ ਦੌੜ-ਭੱਜ ਤੋਂ ਨਿਰਲੇਪ। ਜੀਵਨ ਦੀ ਸਮੁੱਚਤਾ ਵਿਚ ਸੰਜੋਈ ਹਰ ਵਸਤ ਅਤੇ ਇਸ ਵਿਚੋਂ ਹੀ ਵਿਗਸ ਰਿਹਾ ਕਾਇਨਾਤੀ ਪਸਾਰਾ।

ਪਰਬਤ, ਵਾਦੀਆਂ ਦੀ ਸੁੰਦਰਤਾ ਦਾ ਪਹਿਰੇਦਾਰ। ਹੁਸੀਨ ਚੌਗਿਰਦੇ ਵਿਚ ਹੁਸੀਨ ਚਿਹਰਿਆਂ ਸੰਗ ਬਿਤਾਏ ਹੁਸੀਨ ਪਲਾਂ ਨੂੰ ਹੋਰ ਵੀ ਯਾਦਗਾਰੀ ਬਣਾਉਣ ਲਈ, ਬਾਕਮਾਲ ਪਰਬਤੀ ਓਹਲਾ।

ਪਰਬਤ, ਰਿਸ਼ੀਆਂ-ਮੁੰਨੀਆਂ, ਦੇਵੀ-ਦੇਵਤਿਆਂ ਦਾ ਸਭ ਤੋਂ ਰਮਣੀਕ ਟਿਕਾਣਾ। ਤਾਹੀਉਂ ਤਾਂ ਹਰ ਧਰਮ ਦੇ ਪੈਗੰਬਰਾਂ ਅਤੇ ਧਾਰਮਿਕ ਰਹਿਬਰਾਂ ਦੇ ਜ਼ਿਆਦਾਤਰ ਅਕੀਦਤਯੋਗ ਅਸਥਾਨ ਪਹਾੜਾਂ 'ਚ ਸਥਿਤ। ਇਹ ਯੋਗੀਆਂ ਲਈ ਤੱਪ-ਅਸਥਾਨ, ਜਗਿਆਸੂਆਂ ਲਈ ਖੁਦ ਨਾਲ ਇਕਸੁਰ ਹੋਣ ਲਈ ਇਕਾਂਤ।

ਪਰਬਤ, ਮਨੁੱਖ ਲਈ ਸੁਖਨ ਅਤੇ ਸਕੂਨ ਦਾ ਸਭ ਤੋਂ ਬਿਹਤਰੀਨ ਸਬੱਬ। ਤਾਹੀਉਂ ਤਾਂ ਭੱਜ-ਦੌੜ ਤੋਂ ਅੱਕਿਆ ਤੇ ਥੱਕਿਆ ਮਨੁੱਖ, ਕੁਝ ਦਿਨ ਪਹਾੜਾਂ ਦੀ ਸੰਗਤ ਮਾਣਨ ਅਤੇ ਪਾਕ ਫਿਜ਼ਾਵਾਂ ਵਿਚ ਬਿਤਾਉਣ ਲਈ ਪਰਬਤਾਂ ਵੰਨੀਂ ਮੁਹਾਣ ਮੋੜਦਾ।

ਪਰਬਤ, ਕਾਰਗਰ ਇਲਾਜ ਦਾ ਕੁਦਰਤੀ ਹਸਪਤਾਲ। ਕੁਝ ਦਿਨ ਪਹਾੜਾਂ ਵਿਚ ਬਿਤਾ, ਕੁਦਰਤ ਦੀ ਸੰਗਤ ਮਾਣ, ਨਵਾਂ ਨਰੋਇਆ ਹੋ, ਮਨੁੱਖ ਫਿਰ ਜੀਵਨ-ਜੰਗ ਵਿਚ ਨਵੇਂ ਜੋਸ਼ ਤੇ ਉਦਮ ਨਾਲ ਨਿੱਤਰਦਾ।

ਪਰਬਤ, ਮਨੁੱਖ ਲਈ ਪਰਖ ਦੀ ਘੜੀ, ਹਿੰਮਤ ਤੇ ਸਿਰੜ ਦਾ ਪੈਮਾਨਾ ਅਤੇ ਜ਼ਿੰਦਾਦਿਲੀ ਦਾ ਪ੍ਰਮਾਣ। ਸਿਰਫ ਕੁਝ ਕੁ ਹੀ ਲੋਕ ਹੁੰਦੇ ਜੋ ਪਹਾੜਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰ, ਇਸ ਨੂੰ ਜਿੱਤਦੇ, ਇਸ ਦੀ ਟੀਸੀ 'ਤੇ ਆਪਣਾ ਆਲ੍ਹਣਾ ਬਣਾਉਂਦੇ।

ਪਰਬਤ, ਦਰਿਆਵਾਂ, ਨਦੀਆਂ, ਤਲਾਬਾਂ, ਝੀਲਾਂ ਤੇ ਝਰਨਿਆਂ ਦੇ ਮੂਲ-ਸਰੋਤ। ਸ਼ਫਾਫ ਪਾਣੀ, ਪਿਆਸੀ ਧਰਤ ਵੰਨੀਂ ਤੋਰਦੇ। ਪਰ ਮੈਦਾਨ ਵਿਚ ਪਹੁੰਚਦਿਆਂ ਹੀ ਮਨੁੱਖੀ ਕਮੀਨਗੀ ਨਾਲ ਪਾਲੀਤ ਹੋ ਜਾਂਦੇ। ਮੈਦਾਨੀ ਇਲਾਕਿਆਂ ਵਿਚ ਵੱਗਦੇ ਦਰਿਆਵਾਂ ਨੂੰ ਪਾਕੀਜ਼ਗੀ ਦਾ ਨਾਮ ਦੇਣ ਲੱਗਿਆਂ ਸਿਰ ਨਮੋਸ਼ੀ 'ਚ ਝੁਕਦਾ।

ਪਰਬਤ, ਪਾਕੀਜ਼ਗੀ ਅਤੇ ਪਹਿਲਕਦਮੀ ਦਾ ਸੁੱਚਾ ਨਾਮ। ਪਰ ਪਰਬਤਾਂ 'ਤੇ ਮਨੁੱਖੀ ਹੋਂਦ ਨੇ ਇਸ ਦੇ ਬਿਰਖਾਂ, ਵਾਦੀਆਂ, ਝਾੜੀਆਂ ਅਤੇ ਪਰਬਤ-ਪਿੰਡੇ ਨੂੰ ਪ੍ਰਦੂਸ਼ਤ ਕਰਕੇ ਪਰਬਤੀ-ਨੈਣਾਂ ਵਿਚ ਹਿੰਝ ਭਰੀ।

ਪਰਬਤ ਵਰਗਾ ਬਣਨ ਲਈ ਪਰਬਤ ਵਰਗੀ ਸੋਚ, ਸਾਧਨਾ, ਸਮਰਪਣ ਅਤੇ ਸਾਦਗੀ ਨੂੰ ਜੀਵਨ ਦੇ ਨਾਮ ਕਰਨਾ ਪੈਂਦਾ। ਉਚੇ ਦਿਸਹੱਦਿਆਂ ਨੂੰ ਮੱਥੇ ਵਿਚ ਧਰ, ਟੀਸੀਆਂ ਦੇ ਅਣਛੋਹੇ ਰੂਪ ਨੂੰ ਨਿਹਾਰਨਾ ਪੈਂਦਾ। ਅੰਬਰ ਸੰਗ ਆੜੀ ਪਾ ਕੇ ਵੀ ਧਰਤ ਨਾਲ ਸਦੀਵੀ ਸਾਂਝ ਕਾਇਮ ਰੱਖਣੀ ਪੈਂਦੀ। ਹੋਛਾ ਮਨੁੱਖ ਤਾਂ ਜਰਾ ਕੁ ਉਡਾਣ ਭਰੇ ਤਾਂ ਆਪਣੇ ਪੈਰ ਧਰਤ ਤੋਂ ਚੁੱਕ ਲੈਂਦਾ। ਬਹੁਤ ਘੱਟ ਲੋਕ ਪਰਬਤੀ ਬੁਲੰਦੀ ਹੁੰਦੇ। ਅਡੋਲ, ਨਿਰਭੈ, ਪਾਕ, ਅਹਿਲ ਅਤੇ ਅਤੋਲਵੇਂ। ਬਾਹਰੋਂ ਸਖਤ, ਅੰਦਰੋਂ ਮੁਲਾਇਮ।

ਪਰਬਤ, ਮਨੁੱਖ ਅਤੇ ਜੀਵਾਂ ਲਈ ਰੈਣ-ਬਸੇਰਾ। ਘੁਰਨਿਆਂ, ਕੰਦਕਾਂ ਅਤੇ ਗੁਫਾਵਾਂ ਵਿਚ ਰਹਿੰਦਾ ਜੀਵ-ਸੰਸਾਰ, ਬਰਫੀਲੇ ਮੌਸਮਾਂ ਵਿਚ ਵੀ ਨਿੱਘ ਮਾਣਦਾ, ਪਰਬਤ ਦਾ ਸ਼ੁਕਰਗੁਜ਼ਾਰ।

ਪਰਬਤ ਦਾ ਪਿੰਡਾ ਜਦ ਛੈਣੀਆਂ ਅਤੇ ਤੇਸੀਆਂ ਨਾਲ ਛਿਲਿਆ ਜਾਂਦਾ ਤਾਂ ਪਰਬਤੀ ਅਕਾਰ ਵਿਚੋਂ ਕਦੇ ਬੁੱਧ ਦੀ ਸਿਰਜਣਾ, ਕਦੇ ਅਜੰਤਾ ਤੇ ਅਲੋਰਾ ਦੀਆਂ ਗੁਫਾਵਾਂ, ਮਨੁੱਖੀ ਕਾਰੀਗਰੀ ਤੇ ਕਲਾ ਦਾ ਸੁਮੇਲ ਸਿਰਜ, ਅਜੋਕੇ ਮਨੁੱਖ ਲਈ ਅਜੂਬਾ ਬਣ ਜਾਂਦੇ। ਪਰ ਕੇਹੀ 'ਵਾ ਵੱਗੀ ਕਿ ਬੁੱਧ ਦੇ ਬੁੱਤਾਂ ਨੂੰ ਬੰਬਾਂ ਨਾਲ ਉਡਾਉਣ ਸਮੇਂ ਆਹ ਵੀ ਦਮ ਘੁੱਟਦੀ। ਪੂਰਵਜਾਂ ਦੀਆਂ ਪਰਬਤੀ ਕਲਾ-ਕਿਰਤਾਂ ਨੂੰ ਮਿਟਾ ਕੇ ਕਿਹੜੀ ਸਭਿਅਤਾ ਸਿਰਜਣਾ ਚਾਹੁੰਦੇ ਹਾਂ ਅਸੀਂ? ਕਿਥੇ ਮਨੁੱਖੀ ਤੰਗਦਿਲੀ ਅਤੇ ਕਿਥੇ ਪਰਬਤੀ ਫਰਾਖਦਿਲੀ!

ਪਰਬਤ ਦੇ ਰੁੱਖ-ਰੂਪੀ ਗਹਿਣੇ, ਸੁੰਦਰਤਾ ਵਿਚ ਵਾਧਾ, ਸਰੂਪ ਵਿਚ ਨਰੋਇਆਪਣ। ਪਰਬਤ ਤੇ ਬਿਰਖ ਦੀ ਉਮਰਾਂ ਦੀ ਸਾਂਝ। ਨਿਜੀ ਮੁਫਾਦ ਲਈ ਰੁੱਖਾਂ ਦੀ ਬੇਤਹਾਸ਼ਾ ਅਤੇ ਬੇਲੋੜੀ ਕਟਾਈ,



ਪਰਬਤ ਦਾ ਚੀਰਹਰਨ ਅਤੇ ਪਰਬਤੀ ਨਿਆਮਤਾਂ ਤੋਂ ਵਿਰਵਾਪਣ। ਸਿਰਫ 'ਚਿਪਕੋ' ਲਹਿਰ ਹੀ ਬਿਰਖਾਂ ਦਾ ਦਰਦ ਜਾਣਦੀ ਅਤੇ ਇਨ੍ਹਾਂ ਦੀ ਚਿਰ-ਸਦੀਵੀ ਸਲਾਮਤੀ ਲਈ ਬਿਰਖ ਨੂੰ ਗਲਵਕੜੀ 'ਚ ਲੈਂਦੀ।

ਪਰਬਤੀ ਟੀਸੀ, ਦੂਰ ਤੀਕ ਨਿਹਾਰਨਾ, ਮੈਦਾਨਾਂ ਦੀ ਵਿਸ਼ਾਲਤਾ ਨੂੰ ਅੰਤਰੀਵ ਵਿਚ ਉਤਾਰਨਾ, ਬੱਦਲਾਂ ਸੰਗ ਲੁੱਕਣਮੀਟੀ ਅਤੇ ਜਲਵਾਸ਼ਪਾਂ ਸੰਗ ਸੰਵਾਦ।

ਪਰਬਤੀ ਸੰਗ, ਖੁਦ ਸੰਗ ਖੁਦ ਦੀ ਗੁਫਤਗੂ, ਖੁਦ ਵਿਚੋਂ ਖੁਦ ਨੂੰ ਨਿਹਾਰਨਾ, ਕਮੀਆਂ ਤੇ ਕਮੀਨਗੀਆਂ ਨੂੰ ਚਿਤਾਰਨਾ ਅਤੇ ਖੁਦ ਦਾ ਸੰਵਰਨਾ ਤੇ ਖੁਦ ਨੂੰ ਸੰਵਾਰਨਾ। ਖੁਦ ਵਿਚੋਂ ਖੁਦ ਦੀ ਪਾਕੀਜ਼ਗੀ ਦੇ ਝਲਕਾਰੇ ਅਤੇ ਖੁਦ ਦੇ ਖੁਦ ਸੰਗ ਅਲਹਾਮੀ ਨਜ਼ਾਰੇ।

ਪਰਬਤ ਇਕ ਵੰਗਾਰ, ਮਨੁੱਖੀ ਹੌਂਸਲੇ ਲਈ ਲਲਕਾਰ, ਮਨੁੱਖੀ ਮਨ ਦੀ ਤਰਲਤਾ ਨੂੰ ਸਵਾਲ ਅਤੇ ਮਨੁੱਖੀ ਸੋਚ ਵਿਚਲੀ ਨਿਜਤਾ ਤੀਕ ਸੀਮਤਾ ਲਈ ਉਬਾਲ। ਸਵੈ ਤੋਂ ਸਰਬਮੁਖਤਾ ਤੀਕ ਦੇ ਸਫਰ ਦਾ ਹਮਰੁਬਾ ਬਣਨਾ, ਪਰਬਤੀ ਸੰਦੇਸ਼।

ਪਰਬਤ, ਕੁਦਰਤੀ ਖਣਿਜਾਂ, ਅਨਮੋਲ ਧਾਤਾਂ, ਕੀਮਤੀ ਲੱਕੜ ਬੇਸ਼ਕੀਮਤੀ ਪੱਥਰ ਅਤੇ ਜਲ-ਸਰੋਤਾਂ ਦਾ ਅਸੀਮ ਖਜ਼ਾਨਾ। ਪਰ ਮਨੁੱਖੀ ਲਾਲਚ ਕਾਰਨ ਅੱਜ ਕੱਲ ਧਾਹੀਂ ਰੋਂਦੀਆਂ ਨੇ, ਇਹ ਕੁਦਰਤੀ ਨਿਆਮਤਾਂ।

ਪਰਬਤ, ਧਰਤ ਦਾ ਉਭਰਵਾਂ ਹਿੱਸਾ। ਜੰਗਲਾਂ, ਪਹਾੜਾਂ, ਨਦੀਆਂ ਝਰਨਿਆਂ, ਤਲਾਵਾਂ, ਝੀਲਾਂ, ਮੈਦਾਨਾਂ, ਰੇਗਿਸਤਾਨਾਂ ਅਤੇ ਸਮੁੰਦਰ ਵਿਚੋਂ ਸਭ ਤੋਂ ਸਿਖਰ 'ਤੇ। ਧਰਤ-ਕਲਗੀ। ਪਰ ਸਭ ਦੀ ਸ਼ਮੂਲੀਅਤ ਤੇ ਸਮੁੱਚ ਹੀ ਧਰਤ ਨੂੰ ਸੁਹੱਪਣ ਤੇ ਸਦੀਵੀ ਸੁੰਦਰਤਾ ਬਖਸ਼ਦੀ।

ਪਰਬਤ, ਮੂਕ ਅਰਾਧਨਾ, ਅੱਧ-ਅੰਬਰ ਵਿਚ ਗੂੰਜਦੀ ਅਜ਼ਾਨ, ਸੰਖ ਦੀ ਸੰਮੋਹਿਤ ਆਵਾਜ਼, ਸਰਬੱਤ ਦੇ ਭਲੇ ਦੀ ਅਰਦਾਸ ਅਤੇ ਹਰੇਕ ਤਲੀ 'ਤੇ ਯੁੱਗ ਜਿਉਣ ਦੀ ਆਸ।

ਪਰਬਤ, ਅਟੁੱਟ ਵਿਸ਼ਵਾਸ, ਝੱਖੜਾਂ ਤੇ ਤੁਫਾਨਾਂ ਸਾਹਵੇਂ ਹਿੱਕ ਡਾਹ ਕੇ ਖੜ੍ਹੀ ਕਾਇਨਾਤ ਅਤੇ ਇਸ ਵਿਚੋਂ ਹੀ ਪ੍ਰਫੁਲਿਤ ਹੁੰਦੀ ਮਨੁੱਖੀ ਆਸ ਤੇ ਹੁਲਾਸ।

ਪਰਬਤ, ਨਿੱਗਰਤਾ ਦਾ ਪ੍ਰਮਾਣ, ਸਥੂਲਤਾ ਦਾ ਸਬੂਤ ਅਤੇ ਸਿਰੜ ਤੇ ਸੰਤੋਖ ਵਿਚੋਂ ਸਿਰਜੀ ਨਿਵੇਕਲੀ ਪਛਾਣ।

ਪਰਬਤ, ਦੇਵਤਾ ਸਰੂਪ। ਵੱਖ-ਵੱਖ ਆਕਾਰਾਂ ਅਤੇ ਉਚਾਈਆਂ ਵਿਚ ਬਿਖਰੀਆਂ ਕਲਾ-ਕਿਰਤਾਂ। ਇਨ੍ਹਾਂ ਵਿਚੋਂ ਉਦੈ ਹੁੰਦੀਆਂ ਸੂਖਮ ਸਾਧਨਾਵਾਂ ਅਤੇ ਸਿਰਜਣਾਵਾਂ ਦੀ ਸੰਪਾਦਕੀ। ਬਹੁਤ ਸਾਰੇ ਧਾਰਮਿਕ ਗ੍ਰੰਥ, ਕਲਾ-ਕਿਰਤਾਂ, ਅਜ਼ੀਮ ਸਾਹਿਤਕ ਕਿਰਤਾਂ, ਪਹਾੜਾਂ ਦੀ ਖਾਮੋਸ਼ੀ, ਤਪੱਸਵੀ ਇਕੱਲਪੁਣੇ ਅਤੇ ਸਾਧਵੀ-ਸੰਗਤ ਵਿਚੋਂ ਹੀ ਉਪਜੀਆਂ।

ਪਰਬਤੀ ਭਰਮਣ ਵਿਚੋਂ ਹੀ ਕਈ ਯੋਗੀ ਅਤੇ ਤਪੱਸਵੀ ਅੰਤਰੀਵ ਚਾਨਣ 'ਚ ਰੰਗੇ ਗਏ। ਅਤੇ ਉਨ੍ਹਾਂ ਦੀ ਸਾਧਨਾ ਬਣ ਗਈ ਸੰਜੀਵਨੀ ਸਫਰ ਦੀ ਸ਼ੁਰੂਆਤ।

ਪਰਬਤ, ਆਪਣੀ ਨਿੱਗਰਤਾ ਅਤੇ ਤਾਸੀਰ ਆਪਣੇ ਬਾਸ਼ਿੰਦਿਆਂ 'ਚ ਵਰਤਾਉਂਦਾ। ਤਹੀਉਂ ਤਾਂ ਪਹਾੜਾਂ ਵਿਚ ਰਹਿਣ ਵਾਲੇ ਲੋਕ ਰਿਸ਼ਟ-ਪੁਸ਼ਟ ਅਤੇ ਅਰੋਗ ਹੁੰਦੇ। ਉਹ ਮਿਹਨਤੀ ਸੁਭਾਅ ਵਿਚੋਂ ਖੁਦ ਦਾ ਸਿਰਜਣਾ-ਸਰੂਪ।

ਪਰਬਤ, ਪਗਡੰਡੀਆਂ ਨੂੰ ਰਾਹ ਦਿੰਦਾ। ਪਰਬਤ ਹੀ ਸਮਝਦਾ ਬਾਰੂਦੀ ਦਰਦ ਨੂੰ ਜਦ ਇਸ ਦੀ ਹਿੱਕ ਚੀਰ ਕੇ ਲੰਘਦੀ ਸੁਰੰਗ, ਕੁਦਰਤੀ ਅਸੰਤੁਲਨ ਬਣਦੀ।

ਪਰਬਤ, ਇਕ ਵੰਗਾਰ। ਮਜਨੂੰ ਨੇ ਲੈਲਾ ਖਾਤਰ ਪਰਬਤ ਨਾਲ ਮੱਥਾ ਲਾਇਆ। ਅਜੋਕੇ ਸਮੇਂ ਵਿਚ ਸਿਹਤ ਸਹੂਲਤਾਂ ਲਈ ਤਰਸਦੀ ਪਤਨੀ ਦੀ ਮੌਤ ਦੇ ਵਿਯੋਗ ਵਿਚ ਬਿਹਾਰ ਦਾ ਸਿਰੜੀ ਦਸ਼ਰਥ ਮਾਂਝੀ 300 ਫੁੱਟ ਉਚੇ ਪਰਬਤ ਨੂੰ ਕੱਟ ਕੇ 60 ਪਿੰਡਾਂ ਲਈ ਰਾਹ ਬਣਾਉਣ ਵਿਚ ਕਾਮਯਾਬ ਹੋਇਆ ਤਾਂ ਕਿ ਉਸ ਦੇ ਪਿੰਡ ਦਾ ਕੋਈ ਵੀ ਵਿਅਕਤੀ ਮੁਢਲੀਆਂ ਸਹੂਲਤਾਂ ਨੂੰ ਤਰਸਦਾ, ਬਿਖੜੇ ਤੇ ਲੰਮੇਰੇ ਪੈਂਡਿਆਂ ਕਾਰਨ ਮੌਤ ਦਾ ਵਣਜ ਨਾ ਕਰੇ।

ਪਰਬਤ ਦੇ ਪਿੰਡੇ 'ਤੇ ਨਕਸ਼ ਉਤਾਰਨ ਵਾਲੇ, ਇਸ ਦੀ ਜੂਹ ਵਿਚ ਘਰ ਬਣਾਉਣ ਵਾਲੇ ਅਤੇ ਇਸ ਦੀ ਪਰਿਕਰਮਾ ਵਿਚੋਂ ਅਸੀਸਾਂ ਤੇ ਦੁਆਵਾਂ ਪ੍ਰਾਪਤ ਕਰਨ ਵਾਲੇ, ਪਰਬਤੀ-ਹਾਸਲ।

ਪਰਬਤ ਏ ਤਾਂ ਬਾਰਸ਼ ਏ, ਪਹਾੜੀ ਜੀਵ ਸੰਸਾਰ ਏ, ਦਰਿਆਵਾਂ ਦੀ ਰਵਾਨਗੀ ਏ, ਝਰਨਿਆਂ ਦੀ ਕਲਕਲ ਹੈ ਅਤੇ ਵਿੰਗ-ਵਲੇਵੇਂ ਰਾਹਾਂ ਦੀ ਛੂਹ ਦਾ ਜਾਦੂਮਈ ਪ੍ਰਭਾਵ ਏ।

***ਪਰਬਤ ਦੇ ਰੁੱਖ-ਰੂਪੀ ਗਹਿਣੇ, ਸੁੰਦਰਤਾ ਵਿਚ ਵਾਧਾ, ਸਰੂਪ ਵਿਚ ਨਰੋਇਆਪਣ। ਪਰਬਤ ਤੇ ਬਿਰਖ ਦੀ ਉਮਰਾਂ ਦੀ ਸਾਂਝ। ਨਿਜੀ ਮੁਫਾਦ ਲਈ ਰੁੱਖਾਂ ਦੀ ਬੇਤਹਾਸ਼ਾ ਅਤੇ ਬੇਲੋੜੀ ਕਟਾਈ, ਪਰਬਤ ਦਾ ਚੀਰਹਰਨ ਅਤੇ ਪਰਬਤੀ ਨਿਆਮਤਾਂ ਤੋਂ ਵਿਰਵਾਪਣ। ਸਿਰਫ 'ਚਿਪਕੋ' ਲਹਿਰ ਹੀ ਬਿਰਖਾਂ ਦਾ ਦਰਦ ਜਾਣਦੀ ਅਤੇ ਇਨ੍ਹਾਂ ਦੀ ਚਿਰ-ਸਦੀਵੀ ਸਲਾਮਤੀ ਲਈ ਬਿਰਖ ਨੂੰ ਗਲਵਕੜੀ 'ਚ ਲੈਂਦੀ।***

ਪਰਬਤ ਦੀ ਟੀਸੀ ਨੂੰ ਹੱਥ ਲਾਉਣ ਲਈ ਵਲੇਵੇਂਦਾਰ ਰਾਹ ਸਭ ਤੋਂ ਉਚਿੱਤ। ਸਿੱਧੇ ਰਾਹ, ਜਾਨ ਦਾ ਖੌਹ। ਸਿੱਧੀ ਸਫਲਤਾ ਸਿਰ ਨੂੰ ਚੜ੍ਹਦੀ ਜਦ ਕਿ ਮੁਸ਼ਕਿਲਾਂ ਤੇ ਮਿਹਨਤਾਂ ਵਿਚ ਰਮੀ ਸਫਲਤਾ ਜੀਵਨ-ਗਹਿਣਾ ਤੇ ਧਰਤ 'ਤੇ ਰਹਿਣਾ।

ਪਰਬਤ ਦੇ ਪਿੰਡੇ 'ਤੇ ਪਾੜ ਪੈਂਦਾ ਤਾਂ ਰਾਹ ਬਣਦੇ, ਪਗਡੰਡੀਆਂ ਪੈਰਾਂ ਦੀ ਕਦਮ-ਚਾਪ ਮਾਣਦੀਆਂ ਅਤੇ ਕਦਮ-ਤਾਲ ਦਾ ਸੰਗੀਤ, ਪਰਬਤੀ ਫਿਜ਼ਾ ਵਿਚ ਦੂਰ ਦੂਰ ਤੀਕ ਸੁਣਦਾ।

ਪਰਬਤ, ਰੌਲੇ-ਰੱਪੇ ਤੋਂ ਰਹਿਤ, ਪ੍ਰਦੂਸ਼ਣ ਤੋਂ ਮੁਕਤ। ਸਾਫ ਹਵਾ ਅਤੇ ਸ਼ੁਧ ਪਾਣੀ, ਚੰਗੇਰੇ ਅਤੇ ਸਿਹਤਮੰਦ ਜੀਵਨ ਦੇ ਜਾਮਨ। ਨਿੱਕੀਆਂ ਜਿਹੀਆਂ ਤਰੰਗਾਂ ਦੀ ਰੁਮਕਣੀ ਦੂਰ ਦੂਰ ਤੀਕ ਪਰਬਤੀ ਵਿਸ਼ਾਲਤਾ ਵਿਚ ਰਸ ਘੋਲਦੀ। ਮਨੁੱਖ ਕੁਦਰਤ ਦੇ ਸਭ ਤੋਂ ਕਰੀਬ ਅਤੇ ਸਭ ਤੋਂ ਅਮੀਰ। ਦੁਨਿਆਵੀ ਸੁੱਖ ਕਿਵੇਂ ਕਰ ਸਕਦੇ ਨੇ ਕੁਦਰਤੀ ਨਿਆਮਤਾਂ ਦਾ ਮੁਕਾਬਲਾ।

ਪਰਬਤ, ਸਭ ਦੇ ਸਾਂਝੇ। ਮਨੁੱਖ ਵਲੋਂ ਪਾਈਆਂ ਪਰਬਤੀ ਵੰਡੀਆਂ ਜਾਂ ਇਸ ਦੀ ਹਿੱਕ 'ਤੇ ਉਗੀਆਂ ਦੀਵਾਰਾਂ, ਜੰਗ ਦੀ ਪਰਿਭਾਸ਼ਾ। ਨਫਰਤੀ ਲਲਕਾਰੇ ਅਤੇ ਡੁੱਲਿਆ ਖੂਨ, ਪਰਬਤ ਦੀ ਹਿੱਕ ਵਿਚ ਸੁੰਨ ਬੀਜਦੇ ਅਤੇ ਪਰਬਤ ਗੁੰਮਸੁੰਮ ਹੋ ਜਾਂਦਾ।

ਪਰਬਤ, ਕੁਦਰਤੀ ਸੁੰਦਰਤਾ ਦਾ ਆਦਿ ਵੀ ਅਤੇ ਅੰਤ ਵੀ। ਇਹ ਤਾਂ ਮਨੁੱਖ ਨੇ ਸੋਚਣਾ ਕਿ ਇਸ ਨੂੰ ਸਦੀਵ ਰੱਖਣਾ ਜਾਂ ਇਸ ਦੇ ਸਰਬਨਾਸ਼ ਦਾ ਮੁੱਢ ਬੰਨਣਾ ਏ।

ਪਰਬਤ-ਟੀਸੀ ਇਸ ਲਈ ਸਭ ਤੋਂ ਉਚੀ ਨਹੀਂ ਹੁੰਦੀ ਕਿ ਸਮੁੱਚੀ ਕੁਦਰਤ ਉਸ ਨੂੰ ਦੇਖ ਸਕੇ ਸਗੋਂ ਇਸ ਲਈ ਉਚੀ ਹੁੰਦੀ ਹੈ ਕਿ ਉਹ ਕੁਦਰਤੀ ਸੁੰਦਰਤਾ ਅਤੇ ਅਸੀਮਤਾ ਨੂੰ ਚੰਗੀ ਤਰ੍ਹਾਂ ਨਿਹਾਰ ਸਕੇ।

ਪਰਬਤ, ਮਨੁੱਖੀ ਸਾਂਝ ਅਤੇ ਯਾਦਾਂ ਦੀ ਸਭ ਤੋਂ ਨਰੋਈ ਧਰਾਤਲ। ਹਨੀਮੂਨ ਜਾਂ ਸੈਰ-ਸਪਾਟੇ ਦੌਰਾਨ ਪਹਾੜਾਂ ਦਾ ਮਾਣਿਆ ਸਾਥ, ਸੁੰਦਰਤਾ ਨਾਲ ਪਾਈ ਸਾਂਝ ਅਤੇ ਇਸ ਦੀ ਅਪਣੱਤ ਵਿਚ ਮਾਣੇ ਪਲ, ਸਾਡੀਆਂ ਯਾਦਾਂ ਦਾ ਸਦੀਵੀ ਸਰਮਾਇਆ।

ਪਰਬਤ, ਜ਼ਿੰਦਗੀ ਦੀ ਪੂਰਨ ਪਰਿਭਾਸ਼ਾ। 'ਕੇਰਾਂ ਟੀਸੀ 'ਤੇ ਪਹੁੰਚਣਾ ਕਠਿਨ। ਪਰ ਟੀਸੀ 'ਤੇ ਜਾ ਕੇ ਹੀ ਤੁਸੀਂ ਸਫਲਤਾ ਦੀ ਸਿਖਰ ਹੁੰਦੇ। ਕੁਝ ਪ੍ਰਾਪਤੀ ਲਈ ਮਿਹਨਤ ਰੂਪੀ ਇਵਜ਼ਾਨਾ ਤਾਂ ਦੇਣਾ ਹੀ ਪਵੇਗਾ।

ਪਰਬਤੀ ਟੀਸੀ 'ਤੇ ਆਪਣੀ ਬੁਲੰਦੀ ਦਾ ਝੰਡਾ ਲਹਿਰਾਉਣ ਵਾਲੇ, ਸਿਰਫ ਪਰਬਤਾਂ ਨੂੰ ਹੀ ਸਰ ਨਹੀਂ ਕਰਦੇ, ਦਰਅਸਲ ਇਹ ਖੁਦ ਦੇ ਇਮਤਿਹਾਨ ਵਿਚੋਂ ਬਾਖੂਬੀ ਪਾਸ ਹੁੰਦੇ।

ਪਰਬਤੀ ਅਵਾਰਗੀ ਦੌਰਾਨ ਜਦ ਮਨੁੱਖ ਬਿਰਖਾਂ ਨਾਲ ਸੰਵਾਦ ਰਚਾਉਂਦਾ, ਜੰਗਲੀ ਬੂਟੀਆਂ ਦੀ ਤਾਸੀਰ ਪਰਖਦਾ, ਕੁਦਰਤ ਦਾ ਆਗੋਸ਼ ਮਾਣਦੇ ਜਾਨਵਰਾਂ ਦੀ ਜੀਵਨੀ-ਝਾਤ ਨੂੰ ਅੰਤਰੀਵ ਵਿਚ ਉਤਾਰਦਾ ਅਤੇ ਕੁਦਰਤੀ ਵਿਸ਼ਾਲਤਾ ਦੇ ਸਨਮੁਖ, ਖੁਦ ਦੇ ਬੌਣੇਪਣ ਦੀ ਤੁਲਨਾ ਕਰਦਾ ਤਾਂ ਮਨੁੱਖ, ਜੀਵਨੀ ਸੱਚ ਦੇ ਸਭ ਤੋਂ ਕਰੀਬ ਹੁੰਦਾ।

ਪਰਬਤ ਦੀ ਸਿਖਰ 'ਤੇ ਪਹੁੰਚਣਾ ਕੁਝ ਹੱਦ ਤੀਕ ਸਹਿਲ ਪਰ ਸਿਖਰ 'ਤੇ ਆਪਣੀ ਸਦੀਵ ਸਥਾਪਤੀ ਦਾ ਪਰਚਮ ਲਹਿਰਾਉਣਾ, ਸਭ ਤੋਂ ਕਠਿਨ। ਤੇਜ ਹਵਾਵਾਂ, ਬਰਫੀਲੇ ਮੌਸਮ ਅਤੇ ਨਾਸਾਜ਼ਗਾਰ ਹਾਲਾਤ, ਮਨੁੱਖੀ ਫਿਤਰਤ ਦਾ ਸਭ ਤੋਂ ਕਰੜਾ ਇਮਤਿਹਾਨ।

ਪਰਬਤੀ ਸਿਖਰ ਨੂੰ ਰਸਤਾ ਜਰੂਰ ਜਾਂਦਾ। ਹੋ ਸਕਦਾ ਕਈ ਵਾਰ ਸਾਨੂੰ ਦਿਖਾਈ ਨਾ ਦੇਵੇ ਪਰ ਰਸਤੇ ਦੀ ਸੂਹ ਕੱਢਣ ਵਾਲੇ ਹੀ ਬਿੱਖੜੇ ਪੈਂਡਿਆਂ ਦੇ ਸ਼ਾਹ-ਅਸਵਾਰ।

ਪਰਬਤ ਨੂੰ ਸਰ ਕਰਨ ਲਈ ਸਭ ਤੋਂ ਪਹਿਲਾਂ ਨਿੱਕੇ ਨਿੱਕੇ ਰੋੜਿਆਂ ਨੂੰ ਰਾਹਾਂ 'ਚੋਂ ਹਟਾਓ। ਤੁਹਾਡੇ ਪੈਰਾਂ ਨੂੰ ਸਫਲ ਰਾਹਾਂ ਦਾ ਮਾਰਗ-ਦਰਸ਼ਨ ਪ੍ਰਾਪਤ ਹੋਵੇਗਾ।

ਪਰਬਤ ਨੂੰ ਸਿਜ਼ਦਾ ਕਰੋ ਕਿਉਂ ਪਰਬਤ ਅਚੇਤ ਰੂਪ ਵਿਚ ਬਹੁਤ ਕੁਝ ਸਾਡੀ ਸੋਚ-ਜੂਹੇ ਧਰਦੇ, ਜਿਸ ਦੀ ਤੰਦ ਫੜ੍ਹ ਕੇ ਅਸੀਂ ਜੀਵਨ-ਮਾਰਗ ਦੇ ਨਾਮ, ਨਵੇਂ ਦਿਸਹੱਦੇ ਅਤੇ ਨਵੇਂ ਕੀਰਤੀਮਾਨ ਕਰ ਸਕਦੇ ਹਾਂ।

ਪਰਬਤੀ ਸੰਵਾਦ, ਤੁਹਾਡੀ ਦਿੱਬ ਦ੍ਰਿਸ਼ਟੀ ਅਤੇ ਅੰਬਰੀਂ ਉਡਾਣ ਦਾ ਪਲੇਠਾ ਸਬਕ। ਕਦੇ ਕਦਾਈਂ ਪਰਬਤਾਂ ਸੰਗ ਸੰਵਾਦ ਰਚਾਉਂਦੇ ਰਿਹਾ ਕਰੋ। ਨਵੇਂ ਸੁਪਨੇ, ਨਵੀਆਂ ਸੰਭਾਵਨਾਵਾਂ ਅਤੇ ਨਿਵੇਕਲੀਆਂ ਸਫਲਤਾਵਾਂ ਤੁਹਾਡਾ ਹਾਸਲ ਬਣਨਗੀਆਂ।

# ਆਵਾਜ਼ ਦੇ ਕਹਾਂ ਹੈ...

## ਆਕਾਸ਼ਵਾਣੀ ਦੀ ਪੰਜਾਬੀ ਪ੍ਰਸਾਰਨ ਸੇਵਾ ਦਾ ਕਿਥੇ ਗਿਆ ਪੁਰਾਣਾ ਰਸ?

ਕੋਈ ਵੇਲਾ ਸੀ ਜਦੋਂ ਰੇਡੀਓ ਦੀ ਬੜੀ ਚੜ੍ਹਤ ਸੀ। ਉਸ ਵੇਲੇ ਆਕਾਸ਼ਬਾਣੀ ਜਲੰਧਰ ਦੀਆਂ ਚਾਰੇ ਪਾਸੇ ਧੁੰਮਾਂ ਸਨ। ਬਹੁਤ ਸਾਰੇ ਕਾਰਨਾਂ ਕਰ ਕੇ ਬਹੁਤ ਕੁਝ ਬਦਲ ਗਿਆ ਹੈ। ਹੁਣ ਰੇਡੀਓ ਤਾਂ ਵੱਜਦਾ ਹੈ, ਪਰ ਇਸ ਵਿਚ ਜ਼ਮੀਨ-ਆਸਮਾਨ ਦਾ ਫਰਕ ਆ ਗਿਆ ਹੈ। ਇਸ ਫਰਕ ਬਾਰੇ ਚਰਚਾ ਰਾਮੇਸ਼ਵਰ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ

ਕਲਾ ਪਰਿਕਰਮਾ

ਰਾਮੇਸ਼ਵਰ ਸਿੰਘ
ਫੋਨ: 91-90565-10390

ਆਕਾਸ਼ਵਾਣੀ ਵਲੋਂ ਪੰਜਾਬੀ ਪ੍ਰਸਾਰਨ ਸੇਵਾ ਆਕਾਸ਼ਵਾਣੀ ਜਲੰਧਰ ਕੇਂਦਰ ਤੋਂ ਸ਼ੁਰੂ ਕੀਤੀ ਗਈ। ਸ਼ੁਰੂਆਤੀ ਦੌਰ ਵਿਚ ਖੇਤੀਬਾੜੀ, ਖ਼ਬਰਾਂ ਅਤੇ ਮਨੋਰੰਜਨ ਇਸ ਦਾ ਮੁੱਖ ਮਨੋਰਥ ਸੀ। ਇਹ ਪ੍ਰਸਾਰਨ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਸੀ। ਪਹਿਲੀ ਸਭਾ ਧਾਰਮਿਕ ਸ਼ਬਦ ਅਤੇ ਭਜਨਾਂ ਨਾਲ ਸ਼ੁਰੂ ਹੁੰਦੀ ਸੀ। ਪੰਜ ਮਿੰਟ ਖੇਤੀਬਾੜੀ ਖ਼ਬਰਾਂ ਫਿਰ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦੇ ਸਮਾਚਾਰ ਅਤੇ ਬਾਅਦ ਵਿਚ ਕੁਝ ਸਾਹਿਤਕ ਵੰਨਗੀਆਂ ਤੇ ਅੱਧਾ ਘੰਟਾ ਸ਼ਾਸਤਰੀ ਸੰਗੀਤ ਪੇਸ਼ ਕਰ ਕੇ ਪਹਿਲੀ ਸਭਾ ਖ਼ਤਮ ਹੋ ਜਾਂਦੀ ਸੀ। ਦੂਸਰੀ ਸਭਾ 12 ਵਜੇ ਸ਼ੁਰੂ ਹੁੰਦੀ ਸੀ, ਜਿਸ ਵਿਚ ਤਿੰਨ ਦਿਨ ਭੈਣਾਂ ਲਈ ਵੱਖ ਵੱਖ ਨਾਵਾਂ ਨਾਲ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ। ਹਿੰਦੀ ਅੰਗਰੇਜ਼ੀ ਖ਼ਬਰਾਂ ਤੋਂ ਬਾਅਦ ਹਿੰਦੀ ਗੀਤਾਂ ਦਾ ਪ੍ਰਸਾਰਨ 'ਫ਼ੌਜੀ ਵੀਰਾਂ ਲਈ' ਹਰ ਰੋਜ਼ ਪੇਸ਼ ਹੁੰਦਾ ਸੀ। ਹਰ ਰੋਜ਼ 10 ਮਿੰਟ ਦਾ ਖੇਤੀਬਾੜੀ ਪ੍ਰੋਗਰਾਮ, ਹਰ ਰੋਜ਼ ਪੰਦਰਾਂ ਮਿੰਟ ਲੋਕ ਗੀਤ ਅਤੇ ਲੋਕ ਗਾਥਾਵਾਂ ਤਕ ਹੀ ਪ੍ਰੋਗਰਾਮ ਸੀਮਤ ਸਨ।

ਤੀਸਰੀ ਸਭਾ ਸ਼ਾਮ 4.30 ਵਜੇ ਗੀਤ-ਸੰਗੀਤ ਲੋਕ ਹਿੱਤ ਤੇ ਜਾਣਕਾਰੀ ਵਾਰਤਾਵਾਂ, ਕਵੀ ਦਰਬਾਰ ਤੇ ਗੀਤਾਂ ਨਾਲ ਪ੍ਰੋਗਰਾਮ 'ਮੌਲੀ ਧਰਤੀ' ਪੇਸ਼ ਹੁੰਦਾ ਸੀ। ਉਸ ਤੋਂ ਤੁਰੰਤ ਬਾਅਦ ਅੱਧੇ ਘੰਟੇ ਦਾ 'ਖੇਤੀ ਖਲਵਾੜਾ' ਪ੍ਰੋਗਰਾਮ ਖੇਤੀਬਾੜੀ ਸਬੰਧੀ ਜਾਣਕਾਰੀ ਮੁਹੱਈਆ ਕਰਦਾ ਸੀ। ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖ ਕੇ ਇਹ ਦੋਵੇਂ ਪ੍ਰੋਗਰਾਮ ਮਿਲਾ ਕੇ 'ਦਿਹਾਤੀ ਪ੍ਰੋਗਰਾਮ' ਨਾਮ ਦੇ ਦਿੱਤਾ। ਇਹ ਬਹੁਤ ਮਕਬੂਲ ਪ੍ਰੋਗਰਾਮ ਰਿਹਾ ਜੋ ਹੁਣ ਵੀ ਚਾਲੂ ਹੈ। ਧਾਰਮਿਕ ਪ੍ਰੋਗਰਾਮ 5.30 ਵਜੇ ਸ਼ਾਮ ਨੂੰ 70ਵੇਂ ਦਹਾਕੇ ਵਿਚ ਚਾਲੂ ਹੋਇਆ। ਇਸ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੀ। ਇਹ ਹੁਣ ਵੀ ਗੁਰਬਾਣੀ ਦਾ ਪ੍ਰਚਾਰ ਕਰ ਰਿਹਾ ਹੈ। ਖ਼ਬਰਾਂ ਤੋਂ ਬਾਅਦ ਕਦੇ ਨਾਟਕ ਤੇ ਕੁਝ ਪ੍ਰਸਾਰਨ ਦਿੱਲੀ ਕੇਂਦਰ ਤੋਂ ਪ੍ਰਸਾਰਤ ਹੁੰਦੇ ਸਨ। ਸ਼ਾਸਤਰੀ ਸੰਗੀਤ ਨਾਲ ਰਾਤ ਦਸ ਵਜੇ ਪ੍ਰਸਾਰਨ ਬੰਦ ਹੋ ਜਾਂਦਾ ਸੀ। ਐਤਵਾਰ ਨੂੰ ਮਨੋਰੰਜਨ ਪ੍ਰੋਗਰਾਮ ਅਲੱਗ ਅਲੱਗ ਰੂਪ ਵਿਚ ਪੇਸ਼ ਹੁੰਦੇ ਸਨ।

1970ਵਿਆਂ ਵਿਚ ਵਿਦੇਸ਼ੀ ਪ੍ਰੋਗਰਾਮ, ਜਿਸ ਦਾ ਮੁੱਖ ਮਨੋਰਥ ਪੰਜਾਬੀ ਪ੍ਰਸਾਰਨ ਨੂੰ ਗੁਆਂਢੀ ਮੁਲਕ ਦੇ ਪੰਜਾਬੀਆਂ ਵਿਚ ਮਕਬੂਲ ਕਰਨਾ ਸੀ, 'ਦੇਸ਼ ਪੰਜਾਬ' ਸ਼ੁਰੂ ਕੀਤਾ ਗਿਆ। ਇਸੇ ਤਰ੍ਹਾਂ ਵਿਵਿਧ ਭਾਰਤੀ (ਹਿੰਦੀ ਪ੍ਰਸਾਰਨ) ਸੇਵਾ ਸ਼ੁਰੂ ਹੋਈ, ਜਿਸ ਲਈ ਪ੍ਰੋਗਰਾਮ ਮੁੰਬਈ ਤੋਂ ਬਣ ਕੇ ਆਉਂਦੇ ਸਨ। ਫਿਰ ਸਾਡੇ ਦੇਸ਼ ਵਿਚ ਡੀ.ਟੀ.ਐਚ. ਸੇਵਾ ਸ਼ੁਰੂ ਹੋਈ, ਜਲੰਧਰ ਆਕਾਸ਼ਵਾਣੀ ਕੇਂਦਰ ਵੀ ਇਸ ਸੇਵਾ ਨਾਲ ਜੁੜਿਆ। ਐਫ.ਐਮ. ਤਕਨੀਕ ਨਾਲ ਪ੍ਰੋਗਰਾਮ ਦੂਰ ਤਕ ਅਤੇ ਸਾਫ਼ ਪਹੁੰਚਣੇ ਸ਼ੁਰੂ ਹੋਏ। ਇਹ ਸੇਵਾ 24 ਘੰਟੇ ਚਾਲੂ ਹੋਈ। ਸਮਾਂ ਵਧਣ ਨਾਲ ਗੀਤ-ਸੰਗੀਤ ਦੇ ਪ੍ਰੋਗਰਾਮ ਵਧ ਗਏ। ਪ੍ਰਸਾਰ ਭਾਰਤੀ ਕਾਰਪੋਰੇਸ਼ਨ ਅਦਾਰਾ ਆਉਣ ਕਾਰਨ ਇਹ ਅਦਾਰਾ ਅਰਧ ਸਰਕਾਰੀ ਬਣ ਗਿਆ। ਇਸ ਵਿਚ ਮੁੱਖ ਅਧਿਕਾਰੀ ਹੀ ਪੱਕੇ ਮੁਲਾਜ਼ਮ ਹਨ, ਐਂਕਰ ਦਿਹਾੜੀਨੁਮਾ ਬਣ ਜਾਣ ਕਰ ਕੇ ਪ੍ਰਸਾਰ ਦਾ ਪੱਧਰ ਥੋੜ੍ਹਾ ਥੱਲੇ ਆ ਗਿਆ। ਇਸ ਸਮੇਂ ਦੌਰਾਨ ਪਟਿਆਲਾ, ਬਠਿੰਡਾ ਅਤੇ ਲੁਧਿਆਣਾ ਐਫ.ਐਮ. ਨਵੇਂ ਕੇਂਦਰ ਵੀ ਚਾਲੂ ਹੋਏ, ਜੋ ਕੁਝ ਦਿੱਲੀ ਤੋਂ ਪ੍ਰਸਾਰਨ ਅਤੇ ਕੁਝ ਵਿਵਿਧ ਭਾਰਤੀ ਨੂੰ ਵੱਧ ਸਮਾਂ ਦਿੰਦੇ ਸਨ, ਪਰ ਪੰਜਾਬੀ ਲਈ ਕੁਝ ਘੰਟੇ ਹੀ ਸੀਮਤ ਸਨ। ਡੀ.ਟੀ.ਐਚ. ਸੇਵਾ ਚਾਲੂ ਹੋਣ ਨਾਲ ਇਹ ਚੈਨਲ ਵੀ ਪੂਰਨ ਰੂਪ ਵਿਚ ਪੰਜਾਬੀ ਬਣ ਗਏ।



ਹੁਣ ਪ੍ਰਸਾਰ ਭਾਰਤੀ ਨੇ ਐਫ.ਐਮ. ਨਾਲ ਆਕਾਸ਼ਵਾਣੀ ਜਲੰਧਰ ਦਾ ਦਾਇਰਾ ਵਧਾਉਣ ਲਈ ਦੋ ਟਰਾਂਸਮੀਟਰ ਕਸੌਲੀ ਤੇ ਫਾਜ਼ਿਲਕਾ ਵਿਚ ਚਾਲੂ ਕਰ ਦਿੱਤੇ। ਰੇਡੀਓ ਦੇ ਨਾਲ ਇਹ ਪ੍ਰਸਾਰਨ ਮੋਬਾਈਲ ਫੋਨ 'ਤੇ ਵੀ ਸੁਣਿਆ ਜਾ ਸਕਦਾ ਹੈ। ਤਕਨੀਕੀ ਸ਼ਬਦ ਏ.ਆਈ.ਆਰ., ਪੰਜਾਬੀ ਹੋਣ ਕਰ ਕੇ ਆਕਾਸ਼ਵਾਣੀ ਜਲੰਧਰ ਵਾਲੇ ਆਪਣੇ ਚੈਨਲ ਦਾ ਨਾਂ ਭੁੱਲ ਕੇ ਹੁਣ ਏ.ਆਰ. ਪੰਜਾਬੀ ਬੋਲਣ ਲੱਗ ਪਏ। ਪਤਾ ਨਹੀਂ, ਇਹ ਪ੍ਰਸਾਰ ਭਾਰਤੀ ਦਾ ਹੁਕਮ ਹੈ ਜਾਂ ਐਂਕਰ ਆਪਣੇ ਪੰਜਾਬੀ ਚੈਨਲ ਦਾ ਨਾਂ ਹੀ ਭੁੱਲ ਗਏ।




ਐਫ.ਐਮ. 100.8 ਫਾਜ਼ਿਲਕਾ, 100.9 ਕਸੌਲੀ ਮੀਡੀਅਮ ਵੇਵ 'ਤੇ ਸਵੇਰੇ 4 ਵਜੇ ਤੋਂ ਲਗਾਤਾਰ ਰਾਤ 11.10 ਵਜੇ ਤਕ ਚੱਲਦਾ ਹੈ। ਸਵੇਰੇ 4 ਵਜੇ ਤੋਂ 6 ਵਜੇ ਤਕ ਸਰਕਾਰੀ ਹੁਕਮ ਅਨੁਸਾਰ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਹੁੰਦਾ ਹੈ। ਉਸ ਤੋਂ ਬਾਅਦ ਜਲੰਧਰ ਕੇਂਦਰ ਵਾਲੇ ਆਪਣੇ ਪ੍ਰੋਗਰਾਮ ਪੇਸ਼ ਕਰਦੇ ਹਨ। ਸਵੇਰੇ 9 ਵਜੇ ਤਕ ਪਹਿਲਾਂ ਵਾਲੇ ਪ੍ਰੋਗਰਾਮ, ਜੋ ਸਭ ਚੰਗੇ ਹਨ, ਓਹੀ ਚੱਲ ਰਹੇ ਹਨ। ਉਸ ਤੋਂ ਬਾਅਦ 12 ਵਜੇ ਤਕ ਸਾਰੇ ਗੀਤਾਂ ਦੇ ਪ੍ਰੋਗਰਾਮ ਹਨ। ਇਨ੍ਹਾਂ ਪ੍ਰੋਗਰਾਮਾਂ ਵਿਚ ਹਿੰਦੀ ਫ਼ਿਲਮੀ ਗੀਤ ਤੇ ਪੰਜਾਬੀ ਗੀਤ ਚੱਲਦੇ ਹਨ। ਜ਼ਿਆਦਾ ਫਰਮਾਇਸ਼ੀ ਪ੍ਰੋਗਰਾਮ ਹਨ। ਸਾਰੇ ਪ੍ਰੋਗਰਾਮਾਂ ਵਿਚ ਗੀਤਾਂ ਦਾ ਪੱਧਰ ਸਲਾਹੁਣਯੋਗ ਹੈ। ਪਰ ਐਫ.ਐਮ. 'ਤੇ ਬੋਲਣ ਦਾ ਤਰੀਕਾ ਬਹੁਤ ਬਦਲ ਗਿਆ।

ਸ਼ਾਮ ਨੂੰ ਉਹੀ ਪ੍ਰੋਗਰਾਮ ਚਲਦੇ ਹਨ ਜਿਨ੍ਹਾਂ ਦਾ ਮੈਂ ਵਰਨਣ ਕਰ ਚੁੱਕਿਆਂ, ਸਭ ਵਧੀਆ ਪ੍ਰੋਗਰਾਮ ਹਨ, ਪਰ ਪ੍ਰਾਈਵੇਟ ਚੈਨਲ ਦੀ ਪਾਣ ਜ਼ਰੂਰ ਚੜ੍ਹ ਗਈ। ਗਾਇਕ ਤੇ ਗਾਇਕਾਵਾਂ ਤੋਂ ਚੈਨਲ ਦੀ ਮਸ਼ਹੂਰੀ ਕਰਵਾਉਂਦੇ ਹਨ। ਰਾਤ 9 ਵਜੇ ਪਤਾ ਨਹੀਂ ਮੁੱਖ ਚੈਨਲ ਵਾਲੇ ਥੱਕ ਜਾਂਦੇ ਹਨ। ਉਸ ਸਮੇਂ ਇਕ ਸਥਾਨਕ ਚੈਨਲ ਰੇਨਬੋਅ ਦੇ ਪ੍ਰੋਗਰਾਮ ਸਾਰੇ ਚੈਨਲਾਂ 'ਤੇ ਚਾਲੂ ਹੋ ਜਾਂਦੇ ਹਨ। ਦਿਨ ਵੇਲੇ ਦਾ ਸ਼ਬਦ 'ਮੈਂ ਆਕਾਸ਼ਵਾਣੀ ਜਲੰਧਰ' ਜਾਂ 'ਆਕਾਸ਼ਵਾਣੀ ਸੇਵਾ' ਤੋਂ ਬੋਲ ਰਹੀ/ਬੋਲ ਰਿਹਾ ਹਾਂ, ਨੂੰ ਬਦਲ ਕੇ ਬੋਲਿਆ ਜਾਂਦਾ ਹੈ, ਮੈਂ ਆਰ.ਜੇ. ਫਲਾਣਾ ਜਾਂ ਫਲਾਣੀ ਬੋਲਦੀ ਹਾਂ। ਅਜਿਹੀ ਤਬਦੀਲੀ ਕਿਉਂ?

ਇਨ੍ਹਾਂ ਪ੍ਰੋਗਰਾਮਾਂ ਵਿਚ ਸਰੋਤੇ ਦੇ ਫੋਨ ਕਰਨ 'ਤੇ ਉਹ ਆਪਣਾ ਨਾਮ ਤੇ ਸ਼ਹਿਰ ਤੇ ਪਿੰਡ ਦਾ ਨਾਮ ਵੀ ਦੱਸਦਾ ਹੈ। ਇਸ ਦੌਰਾਨ ਕਈ ਨਿੱਜੀ ਸਵਾਲ, ਜੋ ਬਹੁਤ ਵਾਰ ਸਰੋਤੇ ਦਾ ਮਜ਼ਾਕ ਬਣ ਜਾਂਦੇ ਹਨ, ਪੁੱਛੇ ਜਾਂਦੇ ਹਨ। ਜੇ ਕੋਈ ਸਰੋਤਾ ਧਾਰਮਿਕ ਗੀਤ ਦੀ ਫਰਮਾਇਸ਼ ਕਰ ਦੇਵੇ ਤਾਂ ਜਵਾਬ, 'ਇਹ ਸਮਾਂ ਧਾਰਮਿਕ ਗੀਤ ਦਾ ਨਹੀਂ, ਕੋਈ ਗਰਮਾ-ਗਰਮ ਗੀਤ ਦੱਸੋ।' ਇਹ ਸਭ ਸੁਣਨਾ ਚੰਗਾ ਨਹੀਂ ਲੱਗਦਾ।

ਰਾਤ 9 ਤੋਂ 10 ਵਜੇ 'ਤੂੰ ਪੀਂਘ ਤੇ ਪਰਛਾਵਾਂ' ਪ੍ਰੋਗਰਾਮ ਹੁੰਦਾ ਹੈ। ਪ੍ਰੋਗਰਾਮ ਸਮੇਂ ਨਾਲ ਮੇਲ ਨਹੀਂ ਖਾਂਦਾ। ਦੂਸਰੇ ਪ੍ਰੋਗਰਾਮ ਦਾ ਨਾਮ 'ਇਕ ਮੇਰੀ ਅੱਖ ਕਾਸ਼ਨੀ'। ਕੋਈ ਨਾਮ ਕਿਤੋਂ ਨਹੀਂ ਮਿਲਿਆ ਤਾਂ ਸੁਰਿੰਦਰ ਕੌਰ ਦੇ ਗਾਏ ਗੀਤ ਨੂੰ ਵਰਤ ਲਿਆ। ਕੁਝ ਸਾਲ ਪਹਿਲਾਂ ਤਕ ਉਹ ਗੀਤ ਹੀ ਵੱਜਦੇ ਸਨ। ਜਿਨ੍ਹਾਂ ਦਾ ਗਾਇਕ ਜਾਂ ਗਾਇਕਾ ਆਕਾਸ਼ਣਵਾਣੀ ਦਾ ਇਮਤਿਹਾਨ ਪਾਸ ਕਰੇ। ਇਕ ਕਮੇਟੀ ਗੀਤ ਸੁਣਦੀ ਸੀ। ਫਿਰ ਗੀਤ ਵੱਜਦਾ ਸੀ। ਗੀਤ ਪਾਸ ਹੋਣ ਲਈ ਸੂਈ ਦੇ ਨੱਕੇ ਵਿਚੋਂ ਨਿਕਲਣਾ ਪੈਂਦਾ ਸੀ। ਅੱਜ ਕੱਲ੍ਹ ਆਕਾਸ਼ਵਾਣੀ ਵੀ ਗਾਇਕਾਂ ਵਾਂਗ ਹੀ ਬਦਲ ਗਈ ਹੈ। ਕਿਸੇ ਗਾਇਕ ਨੇ ਆਪਣਾ ਗੀਤ ਵਜਵਾਉਣਾ ਹੈ, ਇਕ ਅਰਜ਼ੀ ਆਪਣੇ ਅਤੇ ਰਿਕਾਰਡ ਕੰਪਨੀ ਵੱਲੋਂ ਲਿਖ ਦਿਓ; ਗੀਤ ਵਜਾਓ, ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਖ਼ੁਦ ਹੀ ਸੋਚੋ, ਕੀ ਵੱਜਦਾ ਹੋਵੇਗਾ?

ਆਕਾਸ਼ਵਾਣੀ ਜਲੰਧਰ ਨੇ ਆਪਣੇ ਖ਼ਜ਼ਾਨੇ ਨੂੰ ਭਰਪੂਰ ਕਰਨ ਲਈ ਆਪਣੇ ਪ੍ਰਵਾਨਿਤ ਗਾਇਕਾਂ ਦੇ ਤਿੰਨ ਕੁ ਦਹਾਕੇ ਤਕ ਬਹੁਤ ਚੰਗੇ ਗੀਤ ਰਿਕਾਰਡ ਕੀਤੇ, ਇਹ ਹੁਣ ਪਤਾ ਨਹੀਂ ਕਿਥੇ ਚਲੇ ਗਏ? ਪ੍ਰੋਗਰਾਮਾਂ ਬਾਰੇ ਸਰੋਤਿਆਂ ਦੀ ਸਲਾਹ ਦਾ ਇਕ ਪ੍ਰੋਗਰਾਮ ਹੈ 'ਤੁਹਾਡੀ ਚਿੱਠੀ ਮਿਲੀ' ਹਫ਼ਤਾਵਾਰੀ ਪ੍ਰੋਗਰਾਮ ਹੈ, ਇਸ ਲਈ ਚਿੱਠੀ ਲਿਖੋ। ਇਨ੍ਹਾਂ ਚਿੱਠੀਆਂ ਦੇ ਜਵਾਬ ਵੀ ਕੰਮ ਚਲਾਊ ਹੁੰਦੇ ਹਨ।

ਮੇਰੀ ਬੇਨਤੀ ਹੈ ਸਰਕਾਰਾਂ, ਬੁੱਧੀਜੀਵੀਆਂ ਤੇ ਸਾਹਿਤਕਾਰਾਂ ਅੱਗੇ ਕਿ ਸਾਡੇ ਆਕਾਸ਼ਵਾਣੀ ਜਲੰਧਰ ਨੂੰ ਆਕਾਸ਼ਵਾਣੀ ਪੰਜਾਬੀ ਸੇਵਾ ਤਾਂ ਬਣਾ ਦਿੱਤਾ, ਪਰ ਜਦੋਂ ਐਂਕਰ ਹੌਸਲਾ ਨੂੰ ਹੌਸਲਾ, ਸੌ ਨੂੰ ਸੋ ਜਾਂ ਕਸੌਲੀ ਨੂੰ ਕਸੋਲੀ ਬੋਲਦੇ ਹਨ ਤਾਂ ਸੁਣ ਕੇ ਅਜੀਬ ਲੱਗਦਾ ਹੈ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਮਾਰਚ 2018 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-317




ਡਾਰਵਿਨ ਦੀ ਗੱਲ ਚੇਤੇ ਕਰਕੇ ਕਰਨ ਜਾ ਰਿਹਾਂ ਸ਼ਾਦੀ।
ਮੈਂ ਹਾਂ ਤੇਰਾ ਵੱਡਾ-ਵਡੇਰਾ, ਇਹ ਲੱਗਣੀ ਤੇਰੀ ਦਾਦੀ।

## ਕੈਪਸ਼ਨ ਮੁਕਾਬਲਾ-315



ਦੇਸੀ ਚੁੱਲ੍ਹਾ, ਮੱਕੀ ਦੀ ਰੋਟੀ
ਬੈਠ ਪੀੜ੍ਹੀ 'ਤੇ ਦਾਦੀ ਪਕਾਈ ਜਾਵੇ।
ਪੋਤਾ ਮੱਲ ਖੂੰਜਾ ਪੀੜ੍ਹੀ ਦਾ
ਪੜ੍ਹਨ ਦਾ ਪੋਜ਼ ਬਣਾਈ ਜਾਵੇ।
ਦਾਦੀ-ਪੋਤਾ ਖੁਸ਼ੀ 'ਚ ਖੀਵੇ
ਦੇਖ ਦੇਖ ਨਸ਼ਿਆਈ ਜਾਵੇ।
**-ਦਵਿੰਦਰ ਕੌਰ**

---

ਮਾਂ ਦੀ ਬੁੱਕਲ ਦੇ ਵਿਚ ਵੜਨਾ।
ਬਾਪੂ ਦੇ ਮੋਢਿਆਂ 'ਤੇ ਚੜ੍ਹਨਾ।
ਬੇਫਿਕਰੀ ਦਾ ਆਲਮ ਸਾਰਾ
ਯਾਦ ਹੈ ਸਭ ਕੁਝ ਪਿਆਰਾ ਪਿਆਰਾ।
ਸਭ ਕੁਝ ਉਲਟਾ ਪੁਲਟਾ ਹੋ ਗਿਆ
ਚੁੱਲਾ ਚੌਂਕਾਂ ਕਿਤੇ ਨਹੀਂ ਦਿਸਦਾ।
ਅੱਜ ਕੱਲ ਮਾਂ ਕੋਲ ਟਾਈਮ ਨਹੀਂ ਹੈ
ਆਈਆਂ ਦੇ ਹੱਥ ਬਚਪਨ ਪਿਸਦਾ।
**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**
**ਫੋਨ: 91-94176-49275**

---

ਥੱਪ ਦਾਦੀ ਨੇ ਮੱਕੀ ਦੀ ਰੋਟੀ
ਤਵੇ ਦੇ ਉਪਰ ਪਾਈ।
ਦੇਖ ਦਾਦੀ ਨੂੰ 'ਕੱਲੀ ਬੈਠੀ
ਨਿਮਰਤ ਭੱਜੀ ਆਈ।
ਦਾਦੀ ਪਿੱਛੇ ਬੈਠ ਪੀੜ੍ਹੀ 'ਤੇ
ਨਾਲ ਪਿੱਠ ਦੇ ਪਿੱਠ ਲਗਾਈ।
ਦੇਖ ਸ਼ਰਾਰਤ ਖੁਸ਼ ਹੋਈ ਦਾਦੀ
ਪੋਤੀ ਵੀ ਮੁਸਕਰਾਈ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

ਹੱਥ 'ਚ ਫੜ੍ਹ ਕੇ ਕੌਲੀ ਬੈਠਾ
ਪਿਆ ਕੜਛੀ ਨਾਲ ਖੜਕਾਵੇ।
ਤਾਅ ਕੇ ਚੁੱਲ੍ਹਾ ਤਵੇ ਪਾਈ ਰੋਟੀ
ਕਿਤੇ ਨਿਗ੍ਹਾ ਤੋਂ ਦੂਰ ਨਾ ਜਾਵੇ।
ਪਰ ਕਾਕਾ ਕਰਦਾ ਚਤੁਰਾਈਆਂ
ਜਾਂ ਪਿੱਠ ਪਿੱਛੇ ਲੁਕ ਜਾਵੇ।
ਅੱਗ ਤੋਂ ਰਹੇ ਦੂਰ ਮੇਰਾ ਪੁੱਤ
ਮਾਂ ਦਿਲ ਤੋਂ ਇਹੀ ਚਾਹਵੇ।
**-ਸੇਵਾ ਸਿੰਘ ਨੂਰਪੁਰੀ, ਬੰਗਾ**
**ਫੋਨ: 91-98786-91079**

---

ਚੁੱਲ੍ਹਾ, ਤਵਾ, ਛਿਟੀਆਂ ਦਾ ਤਾਅ
ਰੋਟੀ ਰੜ੍ਹਦੀ ਤਾਜ਼ੀ ਤਾਜ਼ੀ।
ਮਾਂ ਪਕਾਵੇ, ਬੱਚਾ ਖਿੱਲੀਆਂ ਪਾਵੇ
ਮਾਹੌਲ ਖੁਸ਼ੀਆਂ ਨਾਲ ਭਰ ਜਾਵੇ।
ਪੁਰਾਣਾ ਵਿਰਸਾ ਭੁੱਲ ਨ੍ਹੀਂ ਸਕਦੇ
ਜੋ ਮਾਂ ਦੀ ਗੋਦ 'ਚ ਅਨੰਦ ਮਾਣਿਆ।
ਪਹਿਲਾਂ ਹਰ ਘਰ ਚੁੱਲ੍ਹਾ ਬਲਦਾ
ਹੁਣ ਗੈਸ ਸਿਲੰਡਰਾਂ ਦੇ ਚੁੱਲ੍ਹੇ
ਖੁਰਨ ਲੱਗੀ ਜ਼ਿੰਦਗੀ ਬੀਮਾਰੀਆਂ ਨਾਲ।
**-ਦਰਸ਼ਨਪਾਲ ਦੋਸਾਂਝ**

---

ਮਾਂ ਦੀ ਪਿੱਠ ਪਿਛੇ ਖਿੜਿਆ
ਉਸ ਦੇ ਵਿਹੜੇ ਦਾ ਚੰਨ।
ਇਕ ਦੂਜੇ ਨੂੰ ਦੇਖ ਨਿਹਾਰਦੇ
ਦੋਵੇਂ ਹੋਣ ਅਤੀ ਪ੍ਰਸੰਨ।
ਰਿਸ਼ਤੇ ਦੀ ਪਵਿੱਤਰਤਾ ਕਾਇਮ ਰਹੇ
ਜੀਅ 'ਚੋਂ ਹੁੰਦੇ ਤੇਰੇ ਦੀਦਾਰ।
ਅੱਜ ਦੇ ਕਾਰਪੋਰੇਟੀ ਯੁਗ 'ਚ
ਰਿਸ਼ਤੇ ਹੋ ਰਹੇ ਤਾਰੋ ਤਾਰ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਮਾਂ-ਬੱਚਾ ਪੀੜ੍ਹੀ 'ਤੇ ਜੁੜ ਬੈਠੇ
ਜਿਵੇਂ ਕੁਰਸੀ-ਦੌੜ 'ਚ ਮਗਰੂਰ।
ਮਮਤਾ-ਰਸ 'ਚ ਭਿੱਜੀ ਥੱਪੇ ਰੋਟੀਆਂ
ਬਾਲ ਫਿਕਰਾਂ ਤੋਂ ਕੋਹਾਂ ਦੂਰ।
ਸਿਖਿਆ ਦੀ ਪੌੜੀ ਬੈਠਾ ਬਾਲਕ
ਸੰਕੇਤਾਂ ਰਾਹੀਂ ਸਿੱਖ ਰਿਹਾ ਮਾਂ ਬੋਲੀ।
ਹਰ ਗੱਲ ਜੂਝਣਾ ਸਿਖਾਉਂਦੀ ਜੀਵਨ 'ਚ
ਜੋ ਬੈਠ ਸਿੱਖੀ, ਵਿਚ ਮਾਂ ਦੀ ਝੋਲੀ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

# ਪੰਜਾਬੀ ਸਾਹਿਤ ਸਭਾ ਨੇ ਕੌਮਾਂਤਰੀ ਮਹਿਲਾ ਦਿਵਸ ਮਨਾਇਆ

**ਨਿਊ ਯਾਰਕ (ਬਿਊਰੋ):** ਸਥਾਨਕ ਪੰਜਾਬੀ ਸਾਹਿਤ ਸਭਾ ਨੇ ਆਪਣੀ ਮਾਸਿਕ ਮੀਟਿੰਗ ਵਿਚ ਕੌਮਾਂਤਰੀ ਮਹਿਲਾ ਦਿਵਸ ਮਨਾਇਆ। ਸਭਾ ਦੇ ਮਰਹੂਮ ਮੈਂਬਰ ਦਲਜੀਤ ਮੋਖਾ ਦੀ ਪਤਨੀ ਰਾਜਵੰਤ ਮੋਖਾ ਅਤੇ ਰਾਜਵੰਤ ਦੀ ਭੈਣ ਕਮਲਜੀਤ



ਕੌਰ ਇਸ ਮੀਟਿੰਗ ਦੇ ਮੁੱਖ ਮਹਿਮਾਨ ਸਨ। ਮੀਟਿੰਗ ਦਾ ਆਗਾਜ਼ ਉਨ੍ਹਾਂ ਸਭਾ ਦੀਆਂ ਹੋਰ ਔਰਤ ਮੈਂਬਰਾਂ ਨਾਲ ਰਲ ਕੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ।

ਇਸ ਉਪਰੰਤ ਸਾਹਿਤਕ ਦੌਰ ਵਿਚ ਪ੍ਰੇਮ ਮਾਨ ਨੇ ਕੌਮਾਂਤਰੀ ਮਹਿਲਾ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਦੁਨੀਆਂ ਦੀਆਂ ਕੁਝ ਮਸ਼ਹੂਰ ਔਰਤਾਂ-ਲਕਸ਼ਮੀ ਬਾਈ (ਝਾਂਸੀ ਦੀ ਰਾਣੀ), ਮਹਾਰਾਣੀ ਜਿੰਦਾਂ, ਫਲੋਰੈਂਸ ਨਾਈਟਿੰਗੇਲ, ਸੂਜ਼ਨ ਐਨਥਨੀ ਅਤੇ ਰੋਜ਼ਾ ਪਾਰਕਸ ਬਾਰੇ ਗੱਲਾਂ ਕੀਤੀਆਂ। ਇਸ ਪਿਛੋਂ ਉਨ੍ਹਾਂ ਆਪਣਾ ਲੇਖ 'ਔਰਤ ਦਾ ਸੰਤਾਪ' ਪੜ੍ਹਿਆ ਜਿਸ ਵਿਚ ਸਦੀਆਂ ਤੋਂ ਔਰਤਾਂ ਵਲੋਂ ਝੱਲੀਆਂ ਜਾਂਦੀਆਂ ਮੁਸ਼ਕਿਲਾਂ ਬਾਰੇ ਗੱਲਾਂ ਸਨ।

ਰਾਜਵੰਤ ਮੋਖਾ ਨੇ ਦਲਜੀਤ ਮੋਖਾ ਬਾਰੇ ਗੱਲਾਂ ਕਰਨ ਪਿਛੋਂ ਇਕ ਗੀਤ ਸੁਣਾਇਆ। ਤਰਲੋਕ ਬੀਰ ਨੇ ਆਪਣੀਆਂ ਤਿੰਨ ਕਵਿਤਾਵਾਂ ਪੜ੍ਹੀਆਂ ਜਿਨ੍ਹਾਂ ਵਿਚੋਂ ਇਕ ਕਵਿਤਾ 'ਚੁੱਪ' ਬਹੁਤ ਹੀ ਅਰਥ ਭਰਪੂਰ ਸੀ। ਤਰਸੇਮ ਘੁੰਮਣ ਨੇ ਆਪਣੀਆਂ ਦੋ ਕਵਿਤਾਵਾਂ 'ਕੱਲ੍ਹ ਆਏ ਨਾ ਆਏ' ਅਤੇ 'ਸੱਚ ਦਾ ਦੀਵਾ' ਪੜ੍ਹਨ ਪਿਛੋਂ ਕੌਮਾਂਤਰੀ ਮਹਿਲਾ ਦਿਵਸ ਬਾਰੇ ਕੁਝ ਗੱਲਾਂ ਕੀਤੀਆਂ। ਸੰਦੀਪ ਸਿੰਘ ਨੇ ਆਪਣੀਆਂ ਦੋ ਕਵਿਤਾਵਾਂ 'ਜੇ ਆਉਣਾ' ਤੇ 'ਪਿੰਡ ਦੀ ਮਹਿਕ' ਪੜ੍ਹੀਆਂ ਅਤੇ ਕਿਹਾ ਕਿ ਮਰਦਾਂ ਤੇ ਔਰਤਾਂ ਦੀ ਬਰਾਬਰੀ ਦੇ ਨਾਲ ਸਾਨੂੰ ਔਰਤਾਂ ਦੀ ਪਛਾਣ ਬਰਕਰਾਰ ਰੱਖਣ ਦੀ ਗੱਲ ਵੀ ਕਰਨੀ ਚਾਹੀਦੀ ਹੈ।

ਚੇਤਨ ਸੋਢੀ ਨੇ ਔਰਤਾਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਔਰਤਾਂ ਬਾਰੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ। ਸਤੀਸ਼ ਆਰੀਆ ਨੇ ਇਕ ਹਿੰਦੀ ਗੀਤ ਗਾ ਕੇ ਹਾਜ਼ਰੀ ਲੁਆਈ। ਸਤੀਸ਼ ਕੁਮਾਰ ਬੱਬਰ ਨੇ ਕੁਝ ਚੁਟਕਲੇ ਅਤੇ ਪੰਜਾਬੀ ਗੀਤ ਸੁਣਾਏ। ਤਰਲੋਚਨ ਸੱਚਰ ਨੇ ਔਰਤਾਂ ਬਾਰੇ ਲੇਖ ਪੜ੍ਹਿਆ ਜੋ ਮੈਂਬਰਾਂ ਵਲੋਂ ਬਹੁਤ ਸਲਾਹਿਆ ਗਿਆ। ਸੀਮਾ ਬੱਬਰ ਨੇ ਇਕ ਹਿੰਦੀ ਗੀਤ ਸੁਣਾਇਆ। ਰਣਬੀਰ ਕੁਮਾਰ ਨੇ ਬਹੁਤ ਹੀ ਖੂਬਸੂਰਤ ਸ਼ਬਦਾਂ ਵਿਚ ਔਰਤ ਦਿਵਸ ਅਤੇ ਔਰਤਾਂ ਬਾਰੇ ਗੱਲਾਂ ਕੀਤੀਆਂ।

ਇਸ ਮੌਕੇ ਡਾ. ਦੀਕਸ਼ਾ ਕੌੜਾ ਨੇ ਬਹੁਤ ਸਿਆਣਪ ਭਰਪੂਰ ਢੰਗ ਨਾਲ ਔਰਤਾਂ ਬਾਰੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਗੱਲਾਂ ਕੀਤੀਆਂ। ਕੁਲਦੀਪ ਸੇਠੀ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ ਜਿਨ੍ਹਾਂ ਵਿਚੋਂ ਇਕ 'ਔਰਤ ਸ਼ਕਤੀ' ਸੀ। ਫਿਰ ਉਸ ਨੇ ਯਮਲਾ ਜੱਟ ਦੇ ਕੁਝ ਗੀਤ ਯਮਲਾ ਜੱਟ ਵਰਗੀ ਆਵਾਜ਼ ਵਿਚ ਗਾ ਕੇ ਸੁਣਾਏ। ਅਜਾਇਬ ਸਿੰਘ ਨੇ ਦੋ ਗੀਤ 'ਕਰ ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ' ਅਤੇ 'ਮੈਨੂੰ ਮੇਰੇ ਘਰ ਦਾ ਬਨੇਰਾ ਚੇਤੇ ਆ ਰਿਹਾ' ਸੁਣਾਏ। ਸਰਬਜੀਤ ਮਾਨ ਨੇ ਦੋ ਗੀਤ ਸੁਣਾਏ। ਐਂਜਲਾ ਸਿੰਘ ਨੇ ਔਰਤਾਂ ਬਾਰੇ ਕੁਝ ਗੱਲਾਂ ਕੀਤੀਆਂ। ਅਮਰਜੀਤ ਸ਼ਾਸਤਰੀ ਨੇ ਆਪਣੀ ਕਵਿਤਾ 'ਬੇਟੀ' ਪੜ੍ਹੀ ਜੋ ਮੈਂਬਰਾਂ ਨੇ ਬਹੁਤ ਸਲਾਹੀ। ਰੀਤਾ ਕੋਹਲੀ ਨੇ ਮਹਿਲਾ ਦਿਵਸ ਅਤੇ ਔਰਤਾਂ ਬਾਰੇ ਗੱਲਾਂ ਕੀਤੀਆਂ। ਜਸਕੀਰਤ ਸਿੰਘ ਨੇ ਅੰਗਰੇਜ਼ੀ ਅਤੇ ਪੰਜਾਬੀ ਦੇ ਕੁਝ ਗੀਤ ਗਾਏ। ਮੀਟਿੰਗ ਦਾ ਸੰਚਾਲਨ ਸੰਗੀਤ ਸ਼ਰਮਾ ਨੇ ਬਾਖੂਬੀ ਕੀਤਾ। ਮੀਟਿੰਗ ਵਿਚ ਲਵਲੀਨ ਕੌੜਾ, ਸੁਨੀਤਾ ਕੌੜਾ, ਰਜਿੰਦਰ ਕੌਰ, ਹਨੀ ਸਿੰਘ, ਵਿਮਲਾ ਕੁਮਾਰ, ਨਿਰਮਲ ਬੱਬਰ, ਸਵਿਤਾ ਗੀਰਾ, ਦੀਨਾ ਨਾਥ ਮਹਿਤਾ, ਓਮ ਵਰਮਾ, ਸੰਪਦਾ ਆਰੀਆ, ਹਰਦੀਪ ਗਿੱਲ, ਚੰਦਰ ਭਾਨ ਆਰੀਆ ਅਤੇ ਰੋਹਨ ਸਿੰਘ ਵੀ ਹਾਜ਼ਰ ਸਨ।

# ਦਵਿੰਦਰ ਦਮਨ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ

**ਡੈਲਸ, ਟੈਕਸਸ (ਬਿਊਰੋ):** ਪ੍ਰਸਿੱਧ ਰੰਗਕਰਮੀ ਅਤੇ ਸ਼ਰੋਮਣੀ ਨਾਟਕਕਾਰ ਦਵਿੰਦਰ ਦਮਨ ਇਨ੍ਹੀਂ ਦਿਨੀਂ ਅਮਰੀਕਾ ਅਤੇ ਕੈਨੇਡਾ ਦੇ ਦੌਰੇ 'ਤੇ ਹਨ। ਪਹਿਲਾਂ ਉਹ ਆਪਣੀ ਅਧੂਰੀ ਪਈ ਅੰਗਰੇਜ਼ੀ ਫਿਲਮ 'ਜਨਵਰੀ' ਮੁਕੰਮਲ ਕਰਨ ਲਈ ਹਾਲੀਵੁੱਡ ਜਾਣਗੇ ਅਤੇ ਫਿਰ ਕਈ ਥਾਂਈਂ ਆਪਣੀ ਪ੍ਰਸਿੱਧ ਤਕਨੀਕ 'ਯੋਗਿਕ ਵੇਅ ਆਫ ਐਕਟਿੰਗ' ਦੀਆਂ ਐਕਟਿੰਗ ਵਰਕਸ਼ਾਪਾਂ ਲਾਉਣਗੇ। ਉਹ ਪਹਿਲਾਂ ਵੀ ਇਸ ਤਕਨੀਕ ਰਾਹੀਂ ਅਮਰੀਕਨ, ਸਪੈਨਿਸ਼, ਇਟਾਲੀਅਨ ਤੇ ਨਾਇਜ਼ੀਰੀਅਨ ਰੰਗਕਰਮੀਆਂ ਦੀਆਂ ਡੈਲਸ 'ਚ ਵਰਕਸ਼ਾਪਾਂ ਲਾ ਚੁਕੇ ਹਨ।



ਇਸ ਤੋਂ ਇਲਾਵਾ ਅਪਰੈਲ ਮਹੀਨੇ ਦਵਿੰਦਰ ਦਮਨ ਪ੍ਰੋਗਰੈਸਿਵ ਆਰਟ ਐਸੋਸੀਏਸ਼ਨ, ਅਲਬਰਟਾ ਦੇ ਸੱਦੇ 'ਤੇ ਕੈਨੇਡਾ ਆਪਣਾ ਪ੍ਰਸਿਧ ਨਾਟਕ 'ਸੂਰਜ ਦਾ ਕਤਲ' ਤਿਆਰ ਕਰਵਾਉਣਗੇ ਜੋ ਅਮਰੀਕਾ-ਕੈਨੇਡਾ 'ਚ ਕਈ ਥਾਂਈਂ ਖੇਡੇ ਜਾਣ ਦੀ ਤਜਵੀਜ਼ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਵੀ ਉਹ 2013 ਤੋਂ 2017 ਦੌਰਾਨ ਆਪਣੇ ਤਿੰਨ ਨਾਟਕ 'ਨਿਸ਼ਾਨ-ਏ-ਗਦਰ', 'ਕਾਮਾਗਾਟਾ ਮਾਰੂ' ਅਤੇ 'ਬੰਦਾ ਬਹਾਦਰ' ਦੀਆਂ ਕੈਨੇਡਾ ਤੇ ਅਮਰੀਕਾ ਵਿਚ ਕਈ ਥਾਂਈਂ ਸਫਲ ਪੇਸ਼ ਕਰ ਚੁਕੇ ਹਨ। ਦਵਿੰਦਰ ਦਮਨ ਨਾਲ ਸੰਪਰਕ ਫੋਨ: 940-304-6161 ਜਾਂ ਈ-ਮੇਲ davinderdaman@gmail.com ਰਾਹੀਂ ਕੀਤਾ ਜਾ ਸਕਦਾ ਹੈ।


Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਤ੍ਰਿਪੁਰਾ ਦੇ ਮੁੱਖ ਮੰਤਰੀ ਵਜੋਂ ਬਿਪਲਬ ਦੇਬ ਨੇ ਲਿਆ ਹਲਫ

**ਅਗਰਤਲਾ:** ਤ੍ਰਿਪੁਰਾ ਵਿਚ ਬਿਪਲਬ ਕੁਮਾਰ ਦੇਬ (48) ਨੇ ਭਾਜਪਾ ਦੇ ਪਹਿਲੇ ਮੁੱਖ ਮੰਤਰੀ ਵਜੋਂ ਹਲਫ ਲੈ ਲਿਆ। ਭਾਜਪਾ ਨੇ ਲਾਲ ਗੜ੍ਹ (ਖੱਬੇ ਮੋਰਚੇ) ਦੇ 25 ਵਰ੍ਹਿਆਂ ਦੇ ਸ਼ਾਸਨ ਨੂੰ ਖਤਮ ਕਰਦਿਆਂ ਉਥੇ ਵਿਧਾਨ ਸਭਾ ਚੋਣਾਂ ਦੌਰਾਨ ਬਹੁਮਤ ਹਾਸਲ ਕੀਤਾ ਸੀ। ਹਲਫਦਾਰੀ ਸਮਾਗਮ ਵਿਚ ਮੌਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਰੋਸਾ ਦਿਵਾਇਆ ਕਿ ਉਹ ਸੂਬੇ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨਗੇ। ਜਿਸ਼ਨੂ ਦੇਬ ਬਰਮਨ ਨੂੰ ਉਪ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ ਹੈ।



ਭਾਜਪਾ ਦੀ ਭਾਈਵਾਲ ਇੰਡੀਜਿਨੀਅਸ ਪੀਪਲਜ਼ ਫਰੰਟ ਆਫ ਤ੍ਰਿਪੁਰਾ ਦੇ ਮੁਖੀ ਐਨ ਸੀ ਦੇਬਬਰਮਾ ਸਮੇਤ ਛੇ ਹੋਰਾਂ ਨੂੰ ਵੀ ਸਹੁੰ ਚੁਕਾਈ ਗਈ। ਸਮਾਗਮ ਦੌਰਾਨ ਭਾਜਪਾ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀਆਂ ਵਿਜੈ ਰੂਪਾਨੀ (ਗੁਜਰਾਤ), ਸ਼ਿਵਰਾਜ ਸਿੰਘ ਚੌਹਾਨ (ਮੱਧ ਪ੍ਰਦੇਸ਼), ਸਰਬਨੰਦ ਸੋਨੋਵਾਲ (ਆਸਾਮ), ਰਘੂਬਰ ਦਾਸ (ਝਾਰਖੰਡ) ਅਤੇ ਹੋਰਾਂ ਨੇ ਵੀ ਹਾਜ਼ਰੀ ਲੁਆਈ। ਇਸ ਮੌਕੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਵਾਲੇ ਮਾਨਿਕ ਸਰਕਾਰ ਵੀ ਮੌਜੂਦ ਸਨ।

## ਨੇਫਿਊ ਰੀਓ ਬਣੇ ਨਾਗਾਲੈਂਡ ਦੇ ਮੁੱਖ ਮੰਤਰੀ

**ਕੋਹਿਮਾ:** ਨੈਸ਼ਨਲਿਸਟ ਡੈਮੋਕਰੇਟਿਕ ਪ੍ਰੋਗਰੈਸਿਵ ਪਾਰਟੀ ਦੇ ਆਗੂ ਨੇਫਿਊ ਰੀਓ ਨੇ ਨਾਗਾਲੈਂਡ ਦੇ ਮੁੱਖ ਮੰਤਰੀ ਵਜੋਂ ਚੌਥੀ ਵਾਰ ਹਲਫ ਲੈ ਲਿਆ ਹੈ। ਭਾਜਪਾ ਦੇ ਵਾਈ ਪੈਟਨ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ ਹੈ। ਰਾਜਪਾਲ ਪੀ.ਬੀ. ਆਚਾਰੀਆ ਨੇ 10 ਹੋਰ ਮੰਤਰੀਆਂ ਨੂੰ ਵੀ ਅਹੁਦੇ ਦੀ ਸਹੁੰ ਚੁਕਾਈ ਹੈ।

## ਖੇਤਾਂ ਵਿਚੋਂ ਮਿਲੇ 258 ਪਾਸਪੋਰਟ

**ਸਿਰਸਾ:** ਸਿਰਸਾ ਦੀ ਕਾਲਿਆਂਵਾਲੀ ਮੰਡੀ ਦੇ ਪਿੰਡ ਚੱਕਰੀਆ ਦੇ ਖੇਤਾਂ 'ਚੋਂ 258 ਪਾਸਪੋਰਟ ਮਿਲੇ ਹਨ। ਪੁਲਿਸ ਦੀ ਜਾਂਚ 'ਚ ਲੁਧਿਆਣਾ ਦੇ ਪੰਜ ਵਿਅਕਤੀ ਵੀ ਸ਼ਾਮਲ ਹਨ। ਪੁਲਿਸ ਅਨੁਸਾਰ ਇਹ ਪਾਸਪੋਰਟ ਲੁਧਿਆਣਾ ਦੀ ਕੰਪਨੀ ਨੂੰ ਵੀਜ਼ਾ ਲਵਾਉਣ ਲਈ ਦਿੱਤੇ ਸਨ। ਇਹ ਇਥੇ ਕਿਵੇਂ ਆਏ, ਇਹ ਨਹੀਂ ਪਤਾ।


ਪੁਲਿਸ ਨੇ ਇਨ੍ਹਾਂ ਦੇ ਬਿਆਨ ਦਰਜ ਕੀਤੇ ਹਨ ਤੇ ਨਾਲ ਹੀ ਹੋਰ ਕਾਗਜ਼ ਵੀ ਲਏ ਹਨ। ਪੁਲਿਸ ਦਾ ਕਹਿਣਾ ਹੈ ਕਿ ਅਜੇ ਤੱਕ ਇਹ ਪਤਾ ਨਹੀਂ ਲੱਗਾ ਕਿ ਪਾਸਪੋਰਟ ਇਥੇ ਕੌਣ ਸੁੱਟ ਕੇ ਗਿਆ ਤੇ ਇਸ ਪਿੱਛੇ ਕੌਣ ਕੌਣ ਸ਼ਾਮਲ ਹੈ। ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਪਰਵੇਜ਼ ਮੁਸ਼ੱਰਫ ਦੀ ਗ੍ਰਿਫਤਾਰੀ ਦੇ ਹੁਕਮ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਉਹ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ (74) ਨੂੰ ਗ੍ਰਿਫਤਾਰ ਕਰੇ ਅਤੇ ਉਸ ਦੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ। ਸਾਬਕਾ ਰਾਸ਼ਟਰਪਤੀ ਵੱਲੋਂ ਮੁਲਕ ਵਿਚ ਐਮਰਜੈਂਸੀ ਲਾਉਣ ਕਰ ਕੇ ਮਾਰਚ 2014 ਵਿਚ ਉਸ 'ਤੇ ਦੇਸ਼ ਧ੍ਰੋਹ ਦੇ ਦੋਸ਼ ਲਾਏ ਗਏ ਸਨ।

# ਹਾਦੀਆ ਦੇ ਵਿਆਹ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਰਲਾ ਹਾਈ ਕੋਰਟ ਦੇ ਫੈਸਲੇ ਨੂੰ ਉਲਟਦਿਆਂ ਹਿੰਦੂ ਕੁੜੀ ਦੇ ਮੁਸਲਿਮ ਨੌਜਵਾਨ ਨਾਲ ਵਿਆਹ ਨੂੰ ਸਹੀ ਕਰਾਰ ਦੇ ਦਿੱਤਾ ਹੈ। ਬੈਂਚ ਨੇ ਕਿਹਾ ਕਿ ਹਾਦੀਆ ਉਰਫ ਅਖਿਲਾ ਅਸ਼ੋਕਨ ਨੂੰ ਕਾਨੂੰਨ ਮੁਤਾਬਕ ਭਵਿੱਖ ਵਿਚ ਕੁਝ ਵੀ ਕਰਨ ਦੀ ਆਜ਼ਾਦੀ ਹੈ। ਉਂਜ, ਕੌਮੀ ਜਾਂਚ ਏਜੰਸੀ ਕੇਸ ਦਾ ਜੋ ਕੋਈ ਫੌਜਦਾਰੀ ਪਹਿਲੂ ਹੈ, ਤਾਂ ਉਸ ਦੀ ਜਾਂਚ ਜਾਰੀ ਰੱਖ ਸਕੇਗੀ। ਅਦਾਲਤ ਨੇ ਕਿਹਾ ਕਿ ਹਾਈ ਕੋਰਟ ਨੂੰ ਸੰਵਿਧਾਨ ਦੀ ਧਾਰਾ 226 ਤਹਿਤ ਦਾਇਰ ਕੀਤੀ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਇਹ ਵਿਆਹ ਰੱਦ ਨਹੀਂ ਕਰਨਾ ਚਾਹੀਦਾ ਸੀ।



ਫੈਸਲੇ ਵਿਚ ਹਾਦੀਆ ਦੀ 27 ਨਵੰਬਰ ਦੀ ਸੁਪਰੀਮ ਕੋਰਟ ਵਿਚ ਪੇਸ਼ੀ ਦਾ ਵੀ ਹਵਾਲਾ ਦਿੱਤਾ ਗਿਆ ਹੈ ਜਦੋਂ ਲੜਕੀ ਨੇ ਕਿਹਾ ਸੀ ਕਿ ਉਸ ਨੇ ਆਪਣੀ ਮਰਜ਼ੀ ਨਾਲ ਸ਼ਫੀਨ ਜਹਾਂ ਨਾਲ ਵਿਆਹ ਕਰਵਾਇਆ ਸੀ। ਸੁਪਰੀਮ ਕੋਰਟ ਨੇ 3 ਅਕਤੂਬਰ ਨੂੰ ਕਿਹਾ ਸੀ ਕਿ ਉਹ ਹਾਦੀਆ ਤੇ ਸ਼ਫੀਨ ਦੀ ਸ਼ਾਦੀ ਰੱਦ ਕਰਨ ਦੇ ਹਾਈ ਕੋਰਟ ਦੇ ਫੈਸਲੇ ਦੀ ਸਮੀਖਿਆ ਕਰੇਗੀ। 24 ਸਾਲਾ ਅਖੀਲਾ ਅਸ਼ੋਕਨ ਨੇ ਇਸਲਾਮ ਧਾਰਨ ਕਰ ਕੇ ਆਪਣਾ ਨਾਂ ਹਾਦੀਆ ਰੱਖ ਲਿਆ ਸੀ ਤੇ ਆਪਣੇ ਪ੍ਰੇਮੀ ਸ਼ਫੀਨ ਜਹਾਂ ਨਾਲ ਵਿਆਹ ਕਰ ਲਿਆ ਸੀ। ਹਾਦੀਆ ਦੇ ਪਿਤਾ ਅਸ਼ੋਕਨ ਨੇ ਦੋਸ਼ ਲਾਇਆ ਸੀ ਦਹਿਸ਼ਤਪਸੰਦੀ ਨਾਲ ਜੁੜੇ ਕੁਝ ਗਰੁੱਪਾਂ ਨੇ ਉਸ ਦੀ ਧੀ ਦਾ ਮਨ ਬਦਲ ਕੇ ਉਸ ਨੂੰ ਇਸਲਾਮ ਧਰਮ ਧਾਰਨ ਕਰਵਾਇਆ ਸੀ।

# ਟੀ. ਡੀ. ਪੀ. ਨੇ ਛੱਡਿਆ ਮੋਦੀ ਦਾ ਸਾਥ

**ਵਿਜੈਵਾੜਾ:** ਟੀ.ਡੀ.ਪੀ. ਨੇ ਐਨ.ਡੀ.ਏ. ਦਾ ਸਾਥ ਛੱਡ ਦਿੱਤਾ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਦੋਸ਼ ਲਾਏ ਕਿ ਕੇਂਦਰ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਗੱਠਜੋੜ ਧਰਮ ਨਿਭਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਾਮਿਲਨਾਡੂ ਨੂੰ ਵਿਸ਼ੇਸ਼ ਦਰਜਾ ਦੇਣ ਦਾ ਵਾਅਦਾ ਕੀਤਾ ਸੀ ਪਰ ਵਾਅਦਾ ਨਹੀਂ ਨਿਭਾਇਆ। ਉਨ੍ਹਾਂ ਕਿਹਾ ਕਿ ਬਜਟ ਵਾਲੇ ਦਿਨ ਤੋਂ ਹੀ ਉਹ ਕੋਸ਼ਿਸ਼ ਕਰ ਰਹੇ ਸੀ ਪਰ ਉਨ੍ਹਾਂ ਦੀ ਮੰਗ ਨੂੰ ਬੂਰ ਨਹੀਂ ਪਿਆ। ਇਸ ਐਲਾਨ ਪਿੱਛੋਂ ਟੀ.ਡੀ.ਪੀ. ਦੇ ਦੋਵੇਂ ਮੰਤਰੀ ਅਸ਼ੋਕ ਗਜਪਤੀ ਰਾਜੂ ਅਤੇ ਵਾਈ ਐਸ ਚੌਧਰੀ ਨੇ ਅਸਤੀਫੇ ਦੇ ਦਿੱਤੇ। ਹਾਲਾਂਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕੇਂਦਰ ਨੇ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਦਰਜਾ ਦੇਣ ਸਬੰਧੀ ਕੋਈ ਵਾਅਦਾ ਨਹੀਂ ਕੀਤਾ ਸੀ ਪਰ ਇਸ ਸਬੰਧੀ ਕੁਝ ਵਿਸ਼ੇਸ਼ ਪੈਕੇਜ ਦਿੱਤਾ ਜਾ ਸਕਦਾ ਸੀ।



ਇਸ ਤੋਂ ਪਹਿਲਾਂ ਤੇਲਗੂ ਦੇਸਮ ਪਾਰਟੀ ਦੇ ਸੰਸਦ ਮੈਂਬਰ ਨਰਮੱਲੀ ਸਿਵਾਪ੍ਰਸਾਦ, ਜੋ ਸੰਸਦ ਵਿਚ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਰੁਤਬਾ ਦੇਣ ਦੀ ਮੰਗ ਕਰ ਰਹੇ ਹਨ, ਨੇ ਕਿਹਾ ਕਿ ਭਾਜਪਾ ਅਤੇ ਟੀ.ਡੀ.ਪੀ. ਵਿਚ ਇਹ ਵਿਵਾਦ ਹੁਣ ਸਿਖਰ 'ਤੇ ਪਹੁੰਚ ਗਿਆ ਹੈ ਤੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਇਸ ਸਬੰਧੀ ਕੋਈ ਵੱਡਾ ਫੈਸਲਾ ਲੈ ਸਕਦੇ ਹਨ। ਰਾਜ ਸਭਾ ਵਿਚ ਟੀ.ਡੀ.ਪੀ. ਦੇ ਸੰਸਦ ਮੈਂਬਰ ਸੀਐਮ ਰਮੇਸ਼ ਨੇ ਕਿਹਾ ਕਿ ਸਾਡੇ ਕੋਲ ਹੁਣ ਸੰਸਦ ਦੀ ਕਾਰਵਾਈ ਵਿਚ ਵਿਘਨ ਪਾਉਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ।

# ਦਸਤਾਰ ਕਾਰਨ ਸਿੱਖ ਨੂੰ ਯੂ.ਕੇ. ਦੇ ਨਾਈਟ ਕਲੱਬ ਵਿਚੋਂ ਕੱਢਿਆ

**ਲੰਡਨ:** ਕਾਨੂੰਨ ਦੇ ਵਿਦਿਆਰਥੀ ਅਮਰੀਕ ਸਿੰਘ (22) ਨੂੰ ਬਾਰ ਵਿਚੋਂ ਇਸ ਕਰ ਕੇ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਦਸਤਾਰ ਸਜਾਈ ਹੋਈ ਸੀ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਅਮਰੀਕ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਨੌਟਿੰਘਮ ਸ਼ਾਇਰ ਦੇ ਮੈਨਜ਼ਫੀਲਡ ਵਿਚ ਪੈਂਦੇ ਰਸ਼ ਲੇਟ ਬਾਰ ਵਿਚੋਂ ਨਿਕਲ ਜਾਣ ਦਾ ਹੁਕਮ ਦਿੱਤਾ ਗਿਆ। ਉਸ ਨੂੰ ਦੱਸਿਆ ਗਿਆ ਕਿ ਬਾਰ 'ਚ ਦਸਤਾਰ ਸਜਾ ਕੇ ਆਉਣ ਦੀ ਨੀਤੀ ਨਹੀਂ ਹੈ। ਉਸ ਨੇ ਬਾਊਂਸਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦਸਤਾਰ ਉਸ ਦੇ ਕੇਸਾਂ ਦੀ ਸੰਭਾਲ ਦੇ ਨਾਲ-ਨਾਲ ਸਿੱਖ ਧਰਮ ਦੇ ਅਹਿਮ ਕਕਾਰਾਂ ਵਿਚ ਸ਼ਾਮਲ ਹੈ, ਪਰ ਸਾਰੀਆਂ ਦਲੀਲਾਂ ਨੂੰ ਅਣਗੌਲਿਆ ਕਰਦਿਆਂ ਉਸ ਨੂੰ ਧੂਹ ਕੇ ਕਲੱਬ ਤੋਂ ਬਾਹਰ ਕੱਢ ਦਿੱਤਾ ਗਿਆ।



ਅਮਰੀਕ ਸਿੰਘ ਨੇ ਫੇਸਬੁੱਕ 'ਤੇ ਲਿਖਿਆ ਕਿ ਇਸ ਹਰਕਤ ਨਾਲ ਉਸ ਦਾ ਦਿਲ ਟੁੱਟ ਗਿਆ ਕਿਉਂਕਿ ਉਸ ਨੇ ਆਪਣੀ ਦਸਤਾਰ ਉਤਾਰਨ ਤੋਂ ਮਨ੍ਹਾ ਕਰ ਦਿੱਤਾ ਸੀ। 'ਦਿ ਸਨ' ਦੀ ਰਿਪੋਰਟ ਮੁਤਾਬਕ ਅਮਰੀਕ ਸਿੰਘ ਨੇ ਕਿਹਾ ਕਿ ਉਸ ਦੇ ਪੁਰਖਿਆਂ ਨੇ ਪਹਿਲਾਂ ਬ੍ਰਿਟਿਸ਼ ਫੌਜ ਲਈ ਜੰਗ ਲੜੀ ਸੀ ਪਰ ਹੁਣ ਧਰਮ ਕਰ ਕੇ ਉਸ ਨੂੰ ਬੇਇੱਜ਼ਤ ਕੀਤਾ ਗਿਆ।

ਉਹ ਨੌਟਿੰਘਮ ਟਰੈਂਟ ਯੂਨੀਵਰਸਿਟੀ 'ਚ ਲਾਅ ਦੇ ਅੰਤਮ ਵਰ੍ਹੇ ਦਾ ਵਿਦਿਆਰਥੀ ਹੈ। ਉਂਜ ਜਦੋਂ ਮਾਮਲਾ ਵਿਗੜ ਗਿਆ ਤਾਂ ਮੈਨੇਜਮੈਂਟ ਨੇ ਉਸ ਤੋਂ ਮੁਆਫੀ ਮੰਗੀ ਅਤੇ ਕਿਹਾ ਕਿ ਅਮਲੇ ਖਿਲਾਫ ਕਾਰਵਾਈ ਜਾਰੀ ਹੈ।

# ਪਾਲ ਦਾ ਪ੍ਰਤਾਪ

**ਅਵਤਾਰ ਸਿੰਘ (ਪ੍ਰੋ)**
ਫੋਨ: 91-94175-18384

ਪਿਛਲੇ ਦਿਨੀਂ ਪੰਜਾਬ ਦੇ ਪਾੜ੍ਹੇ ਪੁੱਤਰ, ਸੱਤਪਾਲ ਗੌਤਮ ਦੀ ਸੋਗੀ ਖਬਰ ਵਾਂਗ ਪੰਜਾਬ ਦੇ ਸੁਹਿਰਦ ਅਤੇ ਲੋਕਾਇਤ ਪ੍ਰਕਾਸ਼ਨ ਦੇ ਅਦੀਬ ਪਾਲਕ ਪ੍ਰਤਾਪ ਮਹਿਤਾ ਦੇ ਤੁਰ ਜਾਣ ਦੀ ਖਬਰ ਸੁਣੀ। ਪੁਰਾਣੀਆਂ ਯਾਦਾਂ ਨਾਲ ਦਿਲ ਦਹਿਲ ਗਿਆ ਅਤੇ ਗਾਲਿਬ ਦਾ ਖਿਆਲ ਆਇਆ: ਦਿਲੇ ਨਾਦਾਂ ਤੁਝੇ ਹੂਆ ਕਯਾ ਹੈ, ਆਖਰ ਇਸ ਦਰਦ ਕੀ ਦਵਾ ਕਯਾ ਹੈ।

1984 ਤੋਂ 92 ਦਰਮਿਆਨ ਮੈਂ ਵੀ ਪ੍ਰਤਾਪ ਕੋਲ ਜਾਂਦਾ ਰਿਹਾ ਹਾਂ। ਮੈਨੂੰ ਉਸ ਦੀ ਹਨੇਰੀ ਕੋਠੜੀ ਦੀ ਮੱਠੀ ਮੱਠੀ ਲੋਅ ਦਾ ਪ੍ਰਤਾਪ ਅੱਜ ਵੀ ਯਾਦ ਹੈ; ਉਹ ਮੇਜ, ਕੁਰਸੀਆਂ, ਚਾਹ ਦਾ ਚਾਅ ਤੇ ਗੱਲ ਗੱਲ ਵਿਚ ਫਲਸਫਾ ਭਾਲਦੀਆਂ ਠੰਡੀਆਂ ਠੰਡੀਆਂ ਗੱਲਾਂ; ਸਾਹਮਣੇ ਵਾਲੇ ਨੂੰ ਨੀਝ ਨਾਲ ਨਿਹਾਰਦੀਆਂ ਗੋਲ ਗੋਲ ਅੱਖਾਂ; ਸਾਦਾ ਲਿਬਾਸ, ਸੰਜਮੀ ਚਿਹਰਾ ਤੇ ਅਰਧ ਘੁੱਪ ਹਨੇਰਾ; ਇੰਨੀ ਕੁ ਲੋਅ ਕਿ ਦੁਕਾਨ 'ਚ ਸਿਰਫ ਉਹੀ ਦਿਸਦਾ।

ਉਹ ਦੁਕਾਨਦਾਰ ਸੀ, ਕਿਤਾਬਾਂ ਵੇਚਦਾ ਸੀ; ਪਰ ਉਹ ਵਪਾਰੀ ਨਹੀਂ ਸੀ। ਉਹ ਕਿਤਾਬ ਦੇਣ ਲੱਗਿਆਂ, ਉਸ 'ਤੇ ਲਿਖਿਆ ਮੁੱਲ ਤਾਂ ਹੀ ਦੇਖਦਾ ਸੀ, ਜੇ ਉਸ ਨੂੰ ਯਕੀਨ ਹੁੰਦਾ ਕਿ ਕਿਤਾਬ ਲੈਣ ਵਾਲਾ ਮੁੱਲ ਦੇ ਸਕਦਾ ਹੈ; ਨਹੀਂ ਤਾਂ ਏਨਾ ਹੀ ਆਖਦਾ, "ਲੈ ਜਾਹ।" ਉਹ "ਤੇਰਾਂ ਤੇਰਾਂ" ਜਿਹਾ ਵਪਾਰ ਕਰਦਾ ਸੀ; ਜਿਵੇਂ ਉਸ ਦਾ ਵੀ ਕਾਲੂ ਮਹਿਤੇ ਨਾਲ ਕੋਈ ਨਾਤਾ ਹੋਵੇ।

ਉਹ ਰਜਨੀਸ਼ ਵਰਗੀ ਟੋਪੀ ਸਿਰ 'ਤੇ ਰੱਖਦਾ ਅਤੇ ਗਾਲਿਬ ਜਿਹੀ ਗੰਭੀਰਤਾ ਉਸ ਦੇ ਚਿਹਰੇ ਦਾ ਪ੍ਰਭਾਵ ਸੀ। ਉਸ ਦੀ ਆਵਾਜ਼ ਗੁਪਤ ਜਿਹੀ ਸੀ; ਅੱਜ ਵੀ ਮੇਰੇ ਕੰਨ ਸੁਣ ਸਕਦੇ ਹਨ। ਹਰ ਪੱਖੋਂ ਦਾਨਿਸ਼ਵਰਾਨਾ ਸ਼ੈਲੀ। ਉਹ ਖੁਦ ਤੇ ਉਸ ਦਾ ਆਲਾ ਦੁਆਲਾ ਰੂਸ ਦਾ ਤਰਜਮਾ ਪ੍ਰਤੀਤ ਹੁੰਦਾ।

ਕਹਿੰਦੇ ਹਨ ਪੰਜਾਬੀ, ਹਿੰਦੀ ਅਤੇ ਪੋਲੀਟੀਕਲ ਸਾਇੰਸ ਦੀ ਐਮ. ਏ. ਪਾਸ ਸੀ ਉਹ। ਉਸ ਕੋਲ ਹਰ ਵਿਸ਼ੇ ਦੇ ਵਿਦਵਾਨ ਲੇਖਕ ਅਤੇ ਵਿਦਿਆਰਥੀ ਆਉਂਦੇ। ਲੇਖਕਾਂ ਨਾਲ ਉਹ ਵਿਚਾਰਧਾਰਕ ਯਾਰੀ ਪੁਗਾਉਂਦਾ ਅਤੇ ਵਿਦਿਆਰਥੀਆਂ ਨਾਲ ਧਰਮ ਨਿਭਾਉਂਦਾ; ਉਹ ਵਿਦਿਆਰਥੀਆਂ ਅੰਦਰ ਗਿਆਨ ਅਤੇ ਸਾਹਿਤਕ ਪ੍ਰਤਿਭਾ ਜਗਾਉਂਦਾ ਤੇ ਕਈ ਤਰ੍ਹਾਂ ਦੀ ਮਦਦ ਵੀ ਕਰਦਾ।

ਉਸ ਦੇ ਅਦਬੀ ਸ਼ੌਕੀਨ ਅਤੇ ਫੋਟੋਗ੍ਰਾਫਰ ਮਿੱਤਰ ਜੈਤੇਗ ਸਿੰਘ ਅਨੰਤ ਨੇ ਦੱਸਿਆ ਕਿ ਉਸ ਨੂੰ ਕਿਸੇ ਨੇ ਕੋਈ ਕਿਤਾਬ ਪੁੱਛੀ, ਜੋ ਉਸ ਦੀ ਦੁਕਾਨ ਵਿਚ ਨਹੀਂ ਸੀ। ਪ੍ਰਤਾਪ ਨੇ ਉਸ ਨੂੰ ਪੁਸਤਕ ਲੇਖਕ ਦਾ ਨਾਂ ਪੁੱਛਿਆ। ਉਸ ਗਾਹਕ ਨੇ ਬੜੇ ਠਾਠ ਨਾਲ ਦੱਸਿਆ, "ਜੀ ਉਹ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰਿਤ ਲੇਖਕ ਹੈ।" ਪ੍ਰਤਾਪ ਕਹਿਣ ਲੱਗਾ, "ਮੈਂ ਸਰਕਾਰੀ ਚਾਪਲੂਸਾਂ ਦੀਆਂ ਕਿਤਾਬਾਂ ਨਹੀਂ ਰੱਖਦਾ।"

ਉਹ ਗਾਹਕ, ਨਿਰਾਸ਼ ਅਤੇ ਬੇਇੱਜ਼ਤ ਜਿਹਾ ਹੋ ਕੇ ਵਾਪਸ ਮੁੜਨ ਲੱਗਾ ਤਾਂ ਪ੍ਰਤਾਪ ਨੇ ਉਸ ਦਾ ਨਾਂ ਪੁੱਛ ਲਿਆ। ਉਸ ਨੇ ਬੜੇ ਤਹੰਮਲ, ਹਲੀਮੀ ਅਤੇ ਆਜਿਜ਼ੀ ਨਾਲ ਦੱਸਿਆ, "ਜੀ ਮੈਂ ਵੀ ਅਜਿਹਾ ਹੀ ਅਭਾਗਾ ਲੇਖਕ ਹਾਂ, ਜਿਨ੍ਹਾਂ ਦੀਆਂ ਕਿਤਾਬਾਂ ਤੁਸੀਂ ਦੁਕਾਨ ਵਿਚ ਨਹੀਂ ਰੱਖਦੇ।" ਉਹ ਗਾਹਕ ਸੁਖਪਾਲਬੀਰ ਸਿੰਘ ਹਸਰਤ ਸੀ।

ਪਿੰਡ ਸਨੇਟੇ ਤੋਂ ਪਾਲ ਨਾਂ ਦਾ ਇੱਕ ਵਿਦਿਆਰਥੀ ਸੀ। ਉਨ੍ਹੀਂ ਦਿਨੀਂ ਉਸ ਨੇ ਇਕ ਨਾਵਲ ਲਿਖ ਲਿਆ, ਜਿਸ ਨੂੰ ਛਾਪਣ ਲਈ ਕੋਈ ਤਿਆਰ ਨਹੀਂ ਸੀ। ਪ੍ਰਤਾਪ ਨੇ ਉਹ ਨਾਵਲ ਛਾਪਿਆ, 'ਦਰਦ ਸੁਣੇ ਨਾ ਕੋਈ' ਨਾਂ ਹੇਠ। ਪਾਲ ਸਨੇਟੇ ਨੇ ਉਹ ਨਾਵਲ ਮੈਨੂੰ ਵੀ ਦਿੱਤਾ ਸੀ। ਪਾਲ ਘਰੋਂ ਬੇਹੱਦ ਗਰੀਬ ਸੀ। ਨਾਵਲ ਨੇ ਉਸ ਦੀ ਪੁੱਛ ਪ੍ਰਤੀਤ ਵਿਚ ਰੱਤੀ ਭਰ ਵਾਧਾ ਨਾ ਕੀਤਾ। ਉਹ ਆਪਣੀ ਕਿਸਮ ਦੀ ਕਵਿਤਾ ਵੀ ਲਿਖਦਾ ਸੀ। ਕਵਿਤਾ ਵੀ ਉਸ ਨੂੰ ਰਾਸ ਨਾ ਆਈ। ਨਾ ਖੁਦਾ ਹੀ ਮਿਲਾ, ਨਾ ਵਿਸਾਲ-ਏ-ਸਨਮ! ਫਿਰ ਉਸ ਲਈ ਇੱਕੋ ਰਾਹ ਬਚਿਆ; ਉਹ ਨਸ਼ੇ ਕਰਨ ਲੱਗ ਪਿਆ।

ਐਮ. ਐਚ. ਵੰਨ ਦੇ ਪਲੇਠੇ ਪ੍ਰੋਗਰਾਮ ਵਿਚ 'ਆਵਾਜ਼ ਪੰਜਾਬ ਦੀ' ਖਿਤਾਬ ਜਿੱਤਣ ਵਾਲੇ ਗਾਇਕ ਮੁਹੰਮਦ ਇਰਸ਼ਾਦ ਦੇ ਸਹੁਰੇ ਸਨੇਟੇ ਸਨ। ਉਸ ਨੂੰ ਕਿਤੇ ਪਾਲ ਮਿਲਿਆ ਤਾਂ ਮੇਰੀ ਗੱਲ ਛਿੜ ਪਈ। ਮੁਹੰਮਦ ਇਰਸ਼ਾਦ ਨੇ ਪਾਲ ਨਾਲ ਮੇਰੀ ਫੋਨ 'ਤੇ ਗੱਲ ਕਰਵਾਈ। ਉਹ ਉਦੋਂ ਵੀ ਨਸ਼ੇ ਵਿਚ ਸੀ। ਫਿਰ ਪਤਾ ਲੱਗਾ ਕਿ ਉਹ ਰੁਲ ਖੁਲ ਕੇ ਕਿਤੇ ਚਲਾ ਗਿਆ ਹੈ, ਪਤਾ ਨਹੀਂ ਕਿੱਥੇ!

ਗੁਰਮੀਤ ਮੀਤ ਉਸ ਦਾ ਕਰੀਬੀ ਸੀ। ਦੋਵੇਂ ਕਵਿਤਾ ਸੁਣਾਉਂਦੇ। ਕਵਿਤਾ ਦਰਮਿਆਨ ਪਾਲ ਉਕ ਜਾਂਦਾ ਸੀ। ਮੀਤ ਨੇ ਉਸ ਨੂੰ ਕਿਹਾ "ਲੰਗੂਰ ਦੀ ਪੂਛ ਜਿੱਡੀਆਂ ਲਾਈਨਾਂ ਨਾ ਲਿਖਿਆ ਕਰ; ਤਾਂ ਹੀ ਭੁੱਲਦੀਆਂ।" ਹਾਸਾ ਪੈ ਜਾਂਦਾ। ਪਾਲ ਸਨੇਟੇ ਦੀ ਪਿੱਠ 'ਤੇ ਮੀਤ ਦਾ ਹੱਥ ਸੀ ਤੇ ਸਿਰ 'ਤੇ ਲੋਕਾਇਤ ਪ੍ਰਕਾਸ਼ਨ ਦਾ ਪ੍ਰਤਾਪ ਸੀ। ਪਾਲ ਸਨੇਟਾ ਪੰਜਾਬੀਅਤ ਦਾ ਬੇਟਾ ਸੀ, ਪਰ ਪੰਜਾਬ ਨੂੰ ਉਸ ਦਾ ਪਤਾ ਨਹੀਂ ਸੀ; ਇਹ ਗੱਲ ਸਿਰਫ ਪ੍ਰਤਾਪ ਜਾਣਦਾ ਸੀ।

ਪ੍ਰਤਾਪ ਕਿਸੇ ਦੀ ਵੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ ਲਈ ਪੂਰਾ ਤਾਣ ਲਾ ਦਿੰਦਾ। ਪਾਲ ਸਨੇਟੇ ਦੇ ਉਸ ਨਾਵਲ ਦਾ ਇਹ ਨਾਂ ਪ੍ਰਤਾਪ ਦੀ ਦੇਣ ਜਾਂ ਚੋਣ ਸੀ। ਇਸ ਨਾਂ ਵਿਚ ਪ੍ਰਤਾਪ ਦੀ ਵੀ ਵੇਦਨਾ ਛੁਪੀ ਹੋਈ ਸੀ; ਨਾਵਲ ਵਿਚ ਪਾਲ ਸਨੇਟੇ ਦੀ ਯਾਤਨਾ ਦਾ ਸਾਹਿਤਕ ਬਿਰਤਾਂਤ ਸੀ। ਸੱਚਮੁਚ! ਲੋਕ ਪ੍ਰਤਾਪ ਅਤੇ ਪਾਲ ਸਨੇਟੇ ਦੀਆਂ ਸਿਰਫ ਗੱਲਾਂ ਸੁਣਦੇ ਸਨ; ਉਨ੍ਹਾਂ ਵਿਚਲਾ ਦਰਦ ਕੋਈ ਨਹੀਂ ਸੀ ਸੁਣਦਾ।

ਸਾਡੇ ਸਮਾਜ ਵਿਚ ਸਾਹਿਤਕ ਪ੍ਰਤਿਭਾ ਦੀ ਪ੍ਰਤੀਤ ਨਹੀਂ ਹੈ। ਸਾਹਿਤਕ ਪ੍ਰਤਿਭਾ ਨੂੰ ਸਾਡੇ ਸਮਾਜ ਵੱਲੋਂ ਦੁਰਕਾਰ ਦਿੱਤਾ ਜਾਂਦਾ ਹੈ। ਗਰੀਬ ਸਾਹਿਤਕਾਰ ਨੂੰ ਤਾਂ ਪੰਜਾਬ ਵਿਚ ਇਸ ਤਰ੍ਹਾਂ ਦੇਖਿਆ ਜਾਂਦਾ ਹੈ, ਜਿਵੇਂ ਬੁਰਕੀ ਦੀ ਤਾਕ ਵਿਚ ਕੋਈ ਕੁੱਤਾ ਦਰਾਂ 'ਚ ਖਲੋਤਾ ਹੋਵੇ।

ਅੱਜ ਜਦੋਂ ਪ੍ਰਤਾਪ ਦੇ ਤੁਰ ਜਾਣ ਦੀ ਖਬਰ ਸੁਣੀ ਤਾਂ ਮੈਨੂੰ ਪਾਲ ਸਨੇਟਾ ਚੇਤੇ ਆ ਗਿਆ। ਮੇਰੇ ਮੁਤਾਬਕ ਪ੍ਰਤਾਪ ਪਾਲ ਕੋਲ ਚਲਾ ਗਿਆ ਹੈ। ਦੋਹਾਂ ਲਈ ਪੰਜਾਬੀ ਸਮਾਜ ਕੋਲ ਕੋਈ ਥਾਂ ਨਹੀਂ ਸੀ। ਮਹਿਤਾ ਕਾਲੂ ਦੇ ਪੁੱਤਰ ਨਾਨਕ ਦੇ ਨਾਂ ਤੋਂ ਦੂਰ ਹੋਏ ਪੰਜਾਬ ਲਈ ਪਾਲ ਸਨੇਟਾ ਅਤੇ ਪ੍ਰਤਾਪ ਮਹਿਤਾ ਦੋਵੇਂ ਹੀ ਗੈਰ ਸਨ; ਆਪਣੇ ਨਹੀਂ ਸਨ।

## ਸ਼ਰਧਾਂਜਲੀ

ਦੋਵੇਂ ਕਿਸੇ ਥਾਂ ਮਿਲ ਪਏ ਹੋਣਗੇ। ਇੱਕ ਦੂਜੇ ਨੂੰ ਦੇਖ ਕੇ ਪਹਿਲਾਂ ਖੁਸ਼ ਹੋਏ ਹੋਣਗੇ; ਫਿਰ ਰੋਏ ਹੋਣਗੇ; ਤੇ ਸਾਡੇ ਵੱਲ ਦੇਖ ਦੇਖ, ਪਤਾ ਨਹੀਂ ਮਨ ਵਿਚ ਕੀ ਸੋਚਦੇ ਹੋਣਗੇ।

ਇਹ ਕਿਹੋ ਜਿਹੀ ਹੋਣੀ ਹੈ! ਕਿ ਪੰਜਾਬ ਵਿਚ ਸੱਚੇ, ਸੁੱਚੇ, ਸਾਦਾ, ਨਿਹਾਇਤ ਨੇਕ ਅਤੇ ਸਾਹਿਤਕ ਪ੍ਰਤਿਭਾ ਦੇ ਤੁਰ ਜਾਣ ਦੀ ਖਬਰ, ਵਾਇਆ ਜਪਾਨ ਆਉਂਦੀ ਹੈ; ਕਿੱਡਾ ਦੁਖਾਂਤ ਹੈ ਕਿ ਪਾਲ ਸਨੇਟੇ ਦੇ ਕਿਤੇ ਚਲੇ ਜਾਣ ਦੀ ਤਾਂ ਕਿਸੇ ਨੂੰ ਖਬਰ ਵੀ ਨਹੀਂ ਹੁੰਦੀ।

ਪ੍ਰਤਾਪ ਮਹਿਤਾ ਕਿੱਥੋਂ ਦੇ ਸਨ, ਕਿੱਥੇ ਰਹਿੰਦੇ ਸਨ ਅਤੇ ਕਿਸ ਹਾਲ ਵਿਚ ਸਨ? ਉਨ੍ਹਾਂ ਦੇ ਅੱਗੇ ਪਿੱਛੇ ਕੌਣ ਹੈ, ਕੌਣ ਨਹੀਂ? ਕੁਛ ਪਤਾ ਨਹੀਂ ਹੈ। ਬੱਸ ਏਨਾ ਹੀ ਪਤਾ ਹੈ ਕਿ ਉਹ ਨਹੀਂ ਰਹੇ; ਤੁਰ ਗਏ ਹਨ।

ਪੰਜਾਬ ਦੀਆਂ ਹਨੇਰੀਆਂ ਰਾਤਾਂ ਵਿਚ ਨਿੱਕੀਆਂ ਨਿੱਕੀਆਂ ਰੌਸ਼ਨੀਆਂ ਦੇ ਬਿਰਤਾਂਤ ਸਿਰਜਣ ਵਾਲੇ ਲੋਕਾਇਤ ਪ੍ਰਕਾਸ਼ਨ ਦੇ ਨਿਰਮਾਤਾ, ਨੇਕ ਦਿਲ ਅਤੇ ਨੇਕ ਆਤਮਾ ਇਨਸਾਨ ਪ੍ਰਤਾਪ ਮਹਿਤਾ ਦੇ ਪੰਜਾਬੀ ਪ੍ਰਤਾਪ ਨੂੰ ਲੱਖ ਲੱਖ ਸਲਾਮ!

ਇਸ ਉਤੇ ਪੰਜਾਬ ਦੀਆਂ ਦੁਖਦੀਆਂ ਅਤੇ ਧੁਖਦੀਆਂ ਨਸਾਂ ਦੀ ਖਬਰ ਰੱਖਣ ਵਾਲੇ ਸੋਢੀ ਭਾ ਜੀ ਨੂੰ ਸਦ ਸਦ ਪ੍ਰਣਾਮ!




# ਸਤਿਕਾਰ ਦੀਆਂ ਚਾਰ ਕੰਨੀਆਂ-ਕਵੀਸ਼ਰ ਸਿੱਧਵਾਂ

ਯੁੱਗ ਬਦਲ ਗਏ ਨੇ ਪਰ ਕਾਂ ਦਾ ਨਾ ਰੰਗ ਬਦਲਿਆ, ਨਾ ਸੁਭਾਅ ਬਦਲਿਆ, ਨਾ ਇਸ ਨੇ ਸ਼ੈਤਾਨੀ ਛੱਡੀ ਹੈ ਤੇ ਨਾ ਵਿਚਾਰਾ ਚੰਗਾ ਖਾਣ ਦੀ ਆਦਤ ਪਾ ਸਕਿਆ ਹੈ। ਸ਼ੁੱਧ ਨਾ ਹੋਣ ਕਰਕੇ ਚੁੰਝ ਪਾਉਣ ਨਾਲ ਦੁੱਧ ਤੇ ਪਾਣੀ ਹੁਣ ਭਾਵੇਂ ਅਲੱਗ ਨਾ ਵੀ ਹੁੰਦੇ ਹੋਣ ਪਰ ਹੰਸ ਸਤਿਕਾਰ ਦੀ ਘਨ੍ਹੇੜੀ ਚੜ੍ਹਿਆ ਹੀ ਰਿਹਾ ਹੈ। ਪਰ ਜਦੋਂ ਕਵੀਸ਼ਰੀ ਵਰਗੀ ਮਹਾਨ ਕਲਾ ਦੀ ਗੱਲ ਚੱਲੇ ਤਾਂ ਝੱਟ ਦੇਣੀ ਕਹਿਣਾ ਪਏਗਾ ਕਿ ਰਣਜੀਤ ਸਿੰਘ ਸਿੱਧਵਾਂ ਨੇ ਇਸ ਕਲਾ ਨੂੰ ਅਦਬ ਨਾਲ ਮੋਢਿਆਂ 'ਤੇ ਹੀ ਨਹੀਂ ਬਿਠਾਈ ਰੱਖਿਆ ਬਲਕਿ ਆਉਣ ਵਾਲੀਆਂ ਨਸਲਾਂ ਬਾਤਾਂ ਦੀ ਸ਼ੁਰੂਆਤ ਏਦਾਂ ਹੀ ਕਰਿਆ ਕਰਨਗੀਆਂ, 'ਇਕ ਰਣਜੀਤ ਸਿੰਘ ਹੁੰਦਾ ਸੀ-ਸਿੱਧਵਾਂ ਵਾਲਾ ਕਵੀਸ਼ਰ' ਤੇ ਉਹਦੀ ਸਿਫਤ ਤੇ ਵਡਿਆਈ ਵਿਚ ਸਤਿਕਾਰ ਦੀਆਂ ਚਾਰੇ ਕੰਨੀਆਂ ਆਪਣੇ-ਆਪ ਤਣ ਜਾਣਗੀਆਂ। ਚੜ੍ਹ ਭਾਵੇਂ ਜਹਾਜ 'ਤੇ ਜਾਵੋ ਪਰ ਇਹ ਸਦੀਵੀ ਸੱਚ ਹੀ ਰਹੇਗਾ ਕਿ ਟਿਕਾਣੇ 'ਤੇ ਪੁੱਜਣ ਲਈ ਸਫਰ ਤੈਅ ਕਰਨਾ ਹੀ ਪੈਂਦਾ ਹੈ।

ਕਈ ਆਵਾਜ਼ ਤੇ ਤਸਵੀਰ ਦੇਖ ਕੇ ਕਿਹਾ ਕਰਨਗੇ, 'ਅੱਛਾ! ਇਹ ਸੀ ਰਣਜੀਤ ਸਿਹੁੰ!' ਪਰ ਅਸੀਂ ਉਨ੍ਹਾਂ ਖੁਸ਼ਕਿਸਮਤ ਲੋਕਾਂ 'ਚੋਂ ਹਾਂ ਜੋ ਇਹ ਦਾਅਵਾ ਕਰਦੇ ਰਹਿਣਗੇ ਕਿ 'ਮੈਂ ਰਣਜੀਤ ਸਿੰਘ ਨੂੰ ਦੇਖਿਆ ਹੀ ਨਹੀਂ, ਜਾਣਦਾ ਵੀ ਹਾਂ।' ਉਹਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਨਿਜ ਨਾਲ ਜੁੜੀਆਂ ਦੋ ਘਟਨਾਵਾਂ ਮੇਰੇ ਲਈ ਉਵੇਂ ਹਨ ਜਿਵੇਂ ਕੋਈ ਵੱਡਾ ਅਫਸਰ ਨਹਿਰੂ ਕੋਟ ਨਾਲ ਇੱਕ ਗੁਲਾਬ ਦਾ ਫੁੱਲ ਟੰਗ ਕੇ ਦੂਜਾ ਹੱਥ ਰੱਖੇ। ਜਦੋਂ 1988 ਵਿਚ ਪਹਿਲੀ ਵਾਰ ਮੈਂ ਉਸ ਨੂੰ ਸਿੱਧਵਾਂ ਕਾਲਜ ਵਿਖੇ ਮਿਲਣ ਗਿਆ, ਜ਼ਿੰਦਗੀ ਬਾਰੇ ਉਹਦੀ ਧਰਮ ਪਤਨੀ ਗੁਰਦੇਵ ਕੌਰ ਦੇ ਮੂੰਹੋਂ ਗੱਲਾਂ ਸੁਣੀਆਂ, ਸਤਿੰਦਰਪਾਲ ਵੀ ਘਰੇ ਸੀ, ਮਾਲਵੇ ਦੇ ਰਿਵਾਜ਼ ਮੁਤਾਬਕ ਉਹਨੇ ਕੰਬਲ 'ਤੇ ਪੰਜਾਹ ਰੁਪਏ ਰੱਖ ਕੇ ਦਿੱਤੇ। ਮੇਰੇ ਲਈ ਇਹ ਗੱਲ ਖਾਸ ਨਹੀਂ ਸੀ, ਮਹੱਤਵਪੂਰਨ ਇਹ ਸੀ ਕਿ ਜਦੋਂ ਉਹਨੇ ਕਿਹਾ, "ਢਾਡੀਆਂ ਤੇ ਕਵੀਸ਼ਰਾਂ ਬਾਰੇ ਗੱਲਾਂ ਕਰਨ ਲੱਗਾ ਅਸ਼ੋਕ, ਸਿੱਖ ਜਗਤ ਤੈਨੂੰ ਚੇਤੇ ਕਰਿਆ ਕਰੇਗਾ।" ਤੇ ਇਹ ਉਹ ਦਿਨ ਸਨ ਜਦੋਂ ਗੁਰਦੇਵ ਕੌਰ ਤਾਂ ਅਧਿਆਪਕਾ ਵਜੋਂ ਸੇਵਾ ਮੁਕਤ ਹੋ ਗਈ ਸੀ ਪਰ ਪਰਿਵਾਰ ਹਾਲੇ ਕੈਨੇਡਾ ਜਾਣ ਦੀ ਤਿਆਰੀ ਕਰ ਰਿਹਾ ਸੀ।

ਤੇ ਦੂਜਾ ਫੁੱਲ ਮੇਰੇ ਹੱਥ 'ਚ ਉਹ ਹੈ ਜਦੋਂ 1994 ਵਿਚ ਉਹਨੂੰ ਮੈਂ ਮਾਹਿਲਪੁਰ ਦੇ ਸ਼ੌਂਕੀ ਮੇਲੇ 'ਤੇ ਲੈ ਕੇ ਆਇਆ। ਹੁਣ ਤੱਕ ਮੇਰੇ ਚਾਵਾਂ 'ਚ ਇਹ ਗੱਲ ਵੱਸੀ ਹੋਈ ਹੈ ਕਿ ਮੁਹੱਬਤ ਦੀ ਡੋਰ ਨਾਲ ਦਿਲਬਰ ਵਾਂਗ ਮੈਂ ਵੱਡੇ ਕਵੀਸ਼ਰ ਰਣਜੀਤ ਸਿਹੁੰ ਨੂੰ ਵੀ ਖਿੱਚ ਕੇ ਮਾਹਿਲਪੁਰ ਲੈ ਆਇਆ ਸੀ। ਬੋਲ ਤਾਂ ਉਹਨੇ ਬੜੇ ਸੁਣਾਏ ਪਰ ਦਿਲ ਬਹੁਤਿਆਂ ਦੇ ਬੁਢਾਪੇ ਦੀ ਉਮਰੇ ਵੀ ਜਿੱਤ ਲਏ। ਇੱਕ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਵਾਲਾ ਬਜ਼ੁਰਗ ਭੀੜ 'ਚੋਂ ਨਿਕਲ ਕੇ ਮੇਰੇ ਕੋਲ ਆ ਕੇ ਪੁੱਛਣ ਲੱਗਾ:

"ਜੁਆਨਾ! ਭਲਾ ਇਹ ਉਹੀ ਰਣਜੀਤ ਹੈ ਜੋ ਕਰਨੈਲ ਪਾਰਸ ਨਾਲ ਹੁੰਦਾ ਸੀ?" ਮੈਂ ਹਾਂ ਵਿਚ ਸਿਰ ਹਿਲਾਇਆ ਤਾਂ ਬੋਲਿਆ, "ਹਾਂ ਤਾਹੀਓਂ ਕਹਿੰਦੇ ਆ ਭਲਾ ਰਣਜੀਤ ਰਾਜਾ, ਰਣਜੀਤ ਨਗਾਰਾ ਤੇ ਰਣਜੀਤ ਸਿੰਘ ਸਿੱਧਵਾਂ ਅਲੱਗ ਹੀ ਪਛਾਣੇ ਜਾਂਦੇ ਰਹਿਣਗੇ।"

ਬੜਾ ਕੁਝ ਨਹੀਂ, ਸਭ ਕੁਝ ਦਿੱਤਾ ਹੈ, ਕਰਨੈਲ ਪਾਰਸ ਅਤੇ ਰਣਜੀਤ ਸਿੰਘ ਨੇ ਕਵੀਸ਼ਰੀ ਤੇ ਢਾਡੀ ਕਲਾ ਨੂੰ। ਬਲਵੰਤ ਸਿੰਘ ਰਾਮੂਵਾਲੀਏ ਨੂੰ ਰਾਜਨੀਤੀਵਾਨ ਏਸੇ ਕਲਾ ਨੇ ਚੰਗਾ ਬੁਲਾਰਾ ਹੋਣ ਕਰਕੇ ਬਣਾਇਆ ਹੈ। ਸਤਿੰਦਰਪਾਲ ਸਿੰਘ ਸਿੱਧਵਾਂ ਨੂੰ ਹੁਣ ਵੀ ਸੁਣੋ ਤਾਂ ਛਾਲ ਮਾਰ ਕੇ ਉਹਦੇ ਗਲੇ ਜਾ ਲੱਗੋਗੇ। ਕਰਨੈਲ ਤੇ ਰਣਜੀਤ ਨੇ ਪੜ੍ਹੇ-ਲਿਖੇ ਪੁੱਤਰਾਂ ਨੂੰ ਵੀ ਇੱਧਰ ਲੈ ਕੇ ਆਂਦਾ ਸੀ। ਕਿਉਂਕਿ ਦੋਵੇਂ ਜਾਣਦੇ ਸਨ ਕਿ ਦਿਲ ਦੀਆਂ ਕਰੂੰਬਲਾਂ ਜਦੋਂ ਕਲਾ ਨਾਲ ਫੁੱਟਦੀਆਂ ਹਨ ਫੇਰ ਪਤਾ ਲੱਗਦਾ ਹੈ ਕਿ 'ਲੋਕਾਂ ਦੇ ਮਨਾਂ 'ਤੇ ਰਾਜ ਕਿਵੇਂ ਹੁੰਦੈ?' 'ਤੇਰੇ ਭਾਣੇ ਦਾਤਿਆ ਸੁਖੀ ਵਸੇ ਸਰਬੱਤ' ਜਾਂ 'ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ' ਜ਼ਿੰਦਗੀ ਦੇ ਮਨੋਰਥ ਤੇ ਯਥਾਰਥ ਦੀਆਂ ਗੱਲਾਂ ਦੂਜਿਆਂ ਨਾਲ ਗਲਵੱਕੜੀ ਪਾਉਣ ਲਈ ਕਾਹਲੀਆਂ ਕਾਹਲੀਆਂ ਕਿਵੇਂ ਹੁੰਦੀਆਂ ਹਨ?

ਰਣਜੀਤ ਸਿਹੁੰ ਪਾਰਸ ਨਾਲ ਵਿਆਹ ਸ਼ਾਦੀਆਂ ਦੀਆਂ ਸਟੇਜਾਂ ਵੀ ਕਰਦਾ ਰਿਹਾ ਹੈ। ਕਿਉਂਕਿ ਸਿਹਤਮੰਦ ਮਨੋਰੰਜਨ ਦੀਆਂ ਖਿੜਕੀਆਂ ਖੋਲ੍ਹਣ ਦਾ ਸਹੀ ਮਾਅਨਿਆਂ ਵਿਚ ਉਨ੍ਹਾਂ ਨੂੰ ਹੀ ਗਿਆਨ ਸੀ। ਸਤਿਕਾਰ ਦੀ ਜੋ ਪਹਿਲੀ ਗੁੱਡੀ ਅੰਬਰੀਂ ਚੜ੍ਹਦੀ ਹੈ, ਉਹ ਇਹ ਕਿ ਉਨ੍ਹਾਂ ਨੇ ਗਾਇਆ ਹੈ, 'ਕਿਉਂ ਫੜ੍ਹੀ ਭਰਾਵਾਂ ਨੇ ਨੀ ਭੈਣੋਂ ਇਹ ਹੰਸਾਂ ਦੀ ਜੋੜੀ' ਪਰ ਲੋਕ ਕਿੱਸਿਆਂ ਨੂੰ ਜੀਅ ਭਰ ਕੇ ਅਤੇ ਰੂਹ ਭਰ ਕੇ ਗਾਉਣਾ, ਉਨ੍ਹਾਂ ਦੇ ਹਿੱਸੇ ਸੀ। 'ਭੱਜ ਦਾਨਾਬਾਦ ਚੱਲੀਏ ਵੇ ਮਿਰਜ਼ਿਆ ਚੜ੍ਹੀਆਂ ਆਉਂਦੀਆਂ ਡਾਰਾਂ' ਜਾਂ 'ਤੇਰੇ ਹੇਠ ਜੰਡੋਰਿਆਂ ਵੇ ਮੈਂ ਹੋ ਗਈ ਰੰਡੀ' ਵਰਗੀਆਂ ਸਰਵ-ਪ੍ਰਵਾਨਿਤ ਕਲੀਆਂ ਵੀ ਦੋਹਾਂ ਨੇ ਰੱਜ ਕੇ ਤੇ ਅਦਬ ਨਾਲ ਗਾਈਆਂ ਹਨ। ਕਈ ਵਾਰ ਉਹਨੇ ਸਰੀਰ ਦੇ ਹਫ ਜਾਣ 'ਤੇ ਵੀ ਮਿਰਜ਼ਾ ਉਸੇ ਲਹਿਜ਼ੇ 'ਚ ਗਾ ਕੇ ਵਿਖਾਇਆ ਸੀ।

ਆਮ ਕਹਾਵਤ ਨਹੀਂ ਪੱਕੀ ਧਾਰਨਾ ਹੈ ਕਿ ਜੱਟ ਤਾਂ ਢਾਈ ਡੰਗ 'ਕੱਠੇ ਨਹੀਂ ਰਹਿ ਸਕਦੇ ਪਰ ਮੰਨੋ ਕਿ ਕਰਨੈਲ ਸਿੰਘ ਪਾਰਸ, ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਗਿਆਨੀ ਨੇ ਸਾਰੀ ਉਮਰ ਹੀ 'ਕੱਠਿਆਂ ਗੁਜ਼ਾਰ ਲਈ। ਇਨ੍ਹਾਂ ਸਾਰਿਆਂ ਨੇ ਆਪਣਾ ਦਰਜਾ ਪੂਜਣਯੋਗ ਬਣਾ ਕੇ ਸੁਰੱਖਿਅਤ ਕਰਵਾ ਲਿਆ ਹੈ। ਤਿੰਨਾਂ ਨੇ ਜੀਅ ਜਾਨ ਨਾਲ ਇਸ ਕਲਾ ਦੀ ਢਿੱਡੋਂ ਤੇ ਦਿਲੋਂ ਸੇਵਾ ਕੀਤੀ ਹੈ। ਅੱਜ ਦੇ ਗਵੱਈਆਂ ਤੇ ਸੰਗੀਤ ਨਾਲ ਜੁੜੇ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਵਾਂਗ ਨੋਟਾਂ ਦੇ ਭਾਰ ਹੇਠ ਕਲਾ ਘੁੱਟ ਹੋਣ ਤੇ ਦੱਬ ਹੋਣ ਨਹੀਂ ਦਿੱਤੀ। ਸੰਨ 1940 ਤੋਂ ਸ਼ੁਰੂ ਹੋ ਕੇ ਰੇਲ ਦੇ ਡੱਬੇ ਤੇ ਇੰਜਣ ਵਾਂਗ ਇਨ੍ਹਾਂ ਦਾ ਦਹਾਕਿਆਂ ਬੱਧੀ ਲੰਬਾ ਸਫਰ ਰਿਹੈ।

ਕਰਨੈਲ ਸਿੰਘ ਪਾਰਸ ਨੇ ਬੇਪ੍ਰਵਾਹ ਜ਼ਿੰਦਗੀ ਦਾ ਆਖਰੀ ਪੰਧ ਕੱਟਣ ਲਈ ਸੰਨਿਆਸ ਲੈ ਲਿਆ ਸੀ ਪਰ ਰਣਜੀਤ ਸਿੰਘ ਬਾਅਦ ਵਿਚ ਕਿੰਨੀ ਦੇਰ ਤੱਕ ਆਪਣੇ ਪੁੱਤਰ ਸਤਿੰਦਰਪਾਲ ਨੂੰ ਲੈ ਕੇ ਕਵੀਸ਼ਰੀ ਤੇ ਢਾਡੀ ਕਲਾ ਵੱਲ ਵਗਦੀ ਵਾਅ ਦਾ ਬੁੱਲਾ ਬਣਿਆ ਰਿਹਾ। ਨਿਰਪੱਖ ਹੋ ਕੇ ਇਹ ਗੱਲ ਵੀ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਦੋਹਾਂ ਦੀ ਚੜ੍ਹਾਈ ਵਿਚ ਪਾਰਸ ਦੀ ਮਾਹਿਰ ਡਾਕਟਰਾਂ ਵਾਂਗ ਲਿਖਣ ਦੀ ਆਪਣੀ ਪੈੜ੍ਹ ਵੀ ਇੱਕ ਵੱਡਾ ਹਿੱਸਾ ਸੀ। ਭਲੇ ਵੇਲਿਆਂ ਵਿਚ ਪਾਰਸ ਦਾ 'ਦਹੂਦ ਬਾਦਸ਼ਾਹ' ਵਾਲਾ ਕਿੱਸਾ ਪਬਲਿਸ਼ਰਾਂ ਨੇ ਹਜ਼ਾਰਾਂ ਵਿਚ ਵੇਚਿਆ। ਕਲੀਆਂ ਰਚਣ ਦੀ ਨਵੀਂ ਵਿਆਕਰਣ ਪਾਰਸ ਦੀ ਹੈ। (24-25) + (21-22) ਮਤਲਬ 43 ਤੋਂ 45 ਤੱਕ ਮਾਤਰਾਵਾਂ ਵਾਲੀਆਂ ਕਲੀਆਂ ਨੂੰ ਉਹਨੇ 49 ਤੋਂ 50 ਤੱਕ ਰੱਖ ਕੇ ਨਵਾਂ ਸਿਰਜਣਾਤਮਕ ਦੌਰ ਸਿਰਜਿਆ।

ਕਲਾ ਦਾ ਵਿਕਾਸ ਰੁਕਣ ਦੀ ਦਲੀਲ ਨੂੰ ਕਦੇ ਵੀ ਨਹੀਂ ਮੰਨਿਆ ਜਾ ਸਕਦਾ, ਹਾਂ ਏਨਾ ਜ਼ਰੂਰ ਹੈ ਕਿ ਕਾਟੋ ਉਤਰਦੀ ਵੀ ਰਹਿੰਦੀ ਹੈ ਤੇ ਚੜ੍ਹਦੀ ਵੀ ਰਹਿੰਦੀ ਹੈ। ਲੋਕਾਂ ਦੇ ਆਧੁਨਿਕ ਸੰਗੀਤਕ ਸੁਹਜ-ਸੁਆਦ ਨੇ ਕਈ ਪੁਰਾਤਨ ਤੇ ਵਿਰਾਸਤੀ ਕਲਾਵਾਂ ਨੂੰ ਪ੍ਰਭਾਵਿਤ ਜ਼ਰੂਰ ਕੀਤਾ ਹੈ। ਕੰਨ-ਰਸ ਪੱਖੋਂ ਵੇਖੀਏ ਤਾਂ ਢਾਡੀ ਤੇ ਕਵੀਸ਼ਰੀ ਕਲਾ ਪ੍ਰਤੀ ਮੋਹ ਹੁਣ ਪਹਿਲਾਂ ਨਾਲੋਂ ਵੀ ਇਸ ਕਰਕੇ ਵੱਧ ਗਿਆ ਹੈ ਕਿ ਸਿਰ ਝੂਮਣ ਲਾਉਣ ਵਾਲੀ ਰਾਗ ਪਰੰਪਰਾ ਫਿਰ ਉਛਲੀ ਹੈ। ਇਹੀ ਕਾਰਨ ਹੈ ਕਿ ਆਉਣ ਵਾਲੇ ਸਮੇਂ ਵਿਚ ਕਰਨੈਲ ਸਿੰਘ ਪਾਰਸ ਤੇ ਰਣਜੀਤ ਸਿੰਘ ਸਿੱਧਵਾਂ ਦੀ ਚਰਚਾ ਵਡਿਆਈ ਪੱਖੋਂ ਹੋਰ ਵੀ ਅਗਾਂਹ ਚਲੀ ਜਾਵੇਗੀ।



*ਕਵੀਸ਼ਰ ਰਣਜੀਤ ਸਿੰਘ ਸਿੱਧਵਾਂ*

ਮੰਨੋਗੇ ਕਿ ਰਣਜੀਤ ਸਿੰਘ ਸਿੱਧਵਾਂ ਨੂੰ ਸੁਣਨ ਲਈ ਲੋਕ ਨੰਗੇ ਪੈਰੀਂ ਭੱਜ ਨਿਕਲਦੇ ਹਨ। ਇਨ੍ਹਾਂ ਮਕਬੂਲ ਵੰਨ੍ਹਗੀਆਂ ਵੱਲ ਧਿਆਨ ਜਾਂਦਿਆਂ ਹੀ ਚਿੱਤ ਕਹਿਣ ਲੱਗ ਪੈਂਦਾ ਹੈ, ਇਹ ਗੱਲ ਕਦੇ ਵੀ ਨਹੀਂ ਮੁੱਕੇਗੀ:

-ਹੈ ਆਉਣ ਜਾਣ ਬਣਿਆ
ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ।
-ਹੁਣ ਜਾਂਦੀ ਵਾਰੀ ਦੀ
ਦੇ ਲੈ ਪੂਰਨ ਪੁੱਤ ਨੂੰ ਲੋਰੀ।
-ਅੱਜ ਨਜ਼ਰੀਂ ਆਉਂਦੇ ਨਾ
ਸੁਆਮੀ ਚਾਰ ਜਿਗਰ ਦੇ ਟੋਟੇ।
-ਵਾਹ ਵਾਹ ਗੁਰੂ ਗੋਬਿੰਦ ਸਿੰਘ
ਆਪੇ ਗੁਰ ਚੇਲਾ।
-ਸੀਸ ਤਲੀ ਧਰ ਤੁਰਨਾ ਪੈਂਦਾ
ਪ੍ਰੇਮ ਗਲੀਆਂ।
-ਦੁਨੀਆਂ ਗਾਉਂਦੀ ਰਹੇਗੀ
ਯੋਧਿਆਂ ਦੀਆਂ ਵਾਰਾਂ।
-ਸਰਸਾ ਨਦੀ ਕਿਨਾਰਿਓਂ
ਦੋ ਜੰਗਾਂ ਲੜੀਆਂ।

ਕੌਣ ਮੰਨੇਗਾ ਕਿ ਰਣਜੀਤ ਸਿੰਘ ਸਿੱਧਵਾਂ ਕਦੇ ਸਾਡੀਆਂ ਯਾਦਾਂ 'ਚੋਂ ਮੁਨਫੀ ਹੋਵੇਗਾ।

ਕਿਸੇ ਵਕਤ ਸਿਰੇ ਦੀ ਕੰਪਨੀ ਐਚ. ਐਮ. ਵੀ. ਨੇ ਇਨ੍ਹਾਂ ਨੂੰ ਰੱਜ ਕੇ ਰਿਕਾਰਡ ਕੀਤਾ। ਕੈਸਿਟ ਯੁੱਗ ਆਇਆ ਤਾਂ ਪਿਉ-ਪੁੱਤਰ ਯਾਨਿ ਰਣਜੀਤ ਤੇ ਸਤਿੰਦਰਪਾਲ ਨੇ ਕਮਾਲਾਂ ਦੇ ਰੰਗੀਲੇ ਰੁਮਾਲ ਉਡਾ ਦਿੱਤੇ। 'ਸਾਨੂੰ ਸਿਰ ਨਾਲੋਂ ਸਿਦਕ ਪਿਆਰਾ' ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਉਤੇ ਜਿੱਤ ਅਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਇਸੇ ਲੜੀ ਤੇ ਕੜੀ ਵਿਚ ਮਾਲਾ ਦੇ ਟਹਿਕਦੇ ਮੋਤੀ ਹਨ।

ਜਦੋਂ ਦਾ ਜਲੰਧਰ ਰੇਡੀਓ ਸਟੇਸ਼ਨ ਬਣਿਆ, ਰਣਜੀਤ ਸਿਹੁੰ ਉਦੋਂ ਦਾ ਹੀ ਪ੍ਰੋਗਰਾਮ ਪੇਸ਼ ਕਰਦਾ ਆ ਰਿਹਾ ਸੀ। ਕੈਨੇਡਾ ਆ ਕੇ ਵੱਸਣ ਤੋਂ ਪਹਿਲਾਂ ਉਹਨੇ ਸਿੰਘਾਪੁਰ, ਮਲਾਇਆ, ਥਾਈਲੈਂਡ, ਅਮਰੀਕਾ, ਕੈਨੇਡਾ ਤੇ ਅਫਰੀਕਾ ਵਰਗੇ ਦੇਸ਼ਾਂ ਵਿਚ ਕਲਾ ਦੀਆਂ ਰੰਗੀਨ ਡੋਰੀਆਂ ਖਿੱਚੀ ਰੱਖੀਆਂ।

ਪਹਿਨਣ ਵਾਲੇ ਬਸਤਰ ਤਾਂ ਮਹਿੰਗੇ ਜਾਂ ਕੀਮਤੀ ਹੋ ਸਕਦੇ ਹਨ ਪਰ ਕੱਪੜਿਆਂ ਹੇਠ ਲੁਕਿਆ ਬਦਨ ਸਾਰਿਆਂ ਦਾ ਇਕੋ ਜਿਹਾ ਹੁੰਦਾ ਹੈ। ਇਸੇ ਲਈ ਕਹਿ ਸਕਦੇ ਹਾਂ ਕਿ ਤੰਗੀਆਂ-ਤੁਰਸ਼ੀਆਂ ਨਾਲ ਸਾਰੇ ਹੀ ਹੱਥੋਪਾਈ ਹੁੰਦੇ ਰਹੇ ਹਨ। ਰਣਜੀਤ ਸਿਹੁੰ ਬਾਦਸ਼ਾਹਾਂ ਵਾਂਗ ਵੀ ਵਿਚਰਿਆ, ਸ਼ੋਹਰਤ ਦੀ ਦਸਤਾਰ ਵੀ ਘੁੱਟ ਕੇ ਬੰਨ੍ਹੀ ਰੱਖੀ ਪਰ ਮੰਨੋਗੇ ਕਿ ਕਿਸੇ ਵਕਤ ਆਰਥਕ ਤੌਰ 'ਤੇ ਉਖੜੇ ਪਰਿਵਾਰਕ ਹਾਲਾਤਾਂ ਕਾਰਨ ਉਹਨੂੰ ਪਿੰਡ ਛੱਡ ਨਾਨਕੇ ਸਹੋਲੀ (ਲੁਧਿਆਣਾ) ਆ ਕੇ ਪੜ੍ਹਨ ਪਾਇਆ ਸੀ। ਨਾਨਕੇ ਰਹਿੰਦਿਆਂ ਹੀ ਰਣਜੀਤ ਸਿੰਘ ਨੇ ਕਵੀਸ਼ਰ ਮੋਹਨ ਸਿੰਘ ਨੂੰ ਸੁਣਿਆ। ਕਲਾ ਪਾਰੇ ਵਾਂਗੂੰ ਅੰਦਰ ਲਹਿ ਗਈ ਤੇ ਉਹ ਸਹੋਲੀ ਤੋਂ ਪੈਦਲ ਤੁਰ ਕੇ ਉਹਨੂੰ ਵੇਖਣ ਤੇ ਸੁਣਨ ਲਈ ਕੋਹਾਂ ਵਾਟ ਕੱਢ ਦਿੰਦਾ ਸੀ। ਊਂ ਉਹਨੇ ਆਪਣੇ ਨੇੜਲੇ ਪਿੰਡਾਂ ਵਿਚ ਬਚਪਨ ਤੋਂ ਜਵਾਨੀ ਤੱਕ ਕੋਈ ਗਵੰਤਰੀ ਜਾਂ ਕਵੀਸ਼ਰ ਸੁਣਨਾ ਛੱਡਿਆ ਹੀ ਕਦੇ ਨਹੀਂ ਸੀ।

ਸ਼ਾਇਰਾਂ, ਕਵੀਆਂ ਦੀ ਗਿਣਤੀ ਤਾਂ ਵੱਧ ਗਈ ਹੈ ਪਰ ਲੋਕ ਸ਼ਾਇਰੀ ਇਸ ਕਰਕੇ ਘੱਟ ਗਈ ਹੈ ਕਿ ਕਬਿੱਤ, ਬੈਂਤ, ਛੰਦ, ਕਲੀ ਇਕ ਤਰ੍ਹਾਂ ਨਾਲ ਅਲੋਪ ਹੀ ਹੋ ਗਏ ਹਨ। ਪਿੰਗਲ ਦੀ ਸਾਇੰਸ ਦਾ ਇਲਮ ਤਾਂ ਕੀ ਹੋਣਾ ਕਈ ਝੱਟ ਦੇਣੀ ਪੁੱਛ ਲੈਂਦੇ ਹਨ, ਭਲਾ ਪਿੰਗਲ ਕੀ ਬਲਾ ਸੀ? ਰਣਜੀਤ ਸਿੰਘ ਨੇ ਦੌਧਰ ਦੇ ਧਰਮ ਸਿੰਘ ਤੋਂ ਪਿੰਗਲ ਦਾ ਗਿਆਨ ਲੈ ਕੇ ਕਾਵਿ ਬੋਲ ਰਚੇ। ਦਸਵੀਂ ਪੜ੍ਹ ਕੇ ਮਹਾਂ ਸਿੰਘ ਗੁੜੇ ਨਾਲ ਕਵੀਸ਼ਰੀ ਜਥਾ ਬੰਨ੍ਹਿਆ।

ਉਂਜ ਸਾਰੀ ਉਮਰ ਉਹ ਕਰਨੈਲ ਸਿੰਘ ਪਾਰਸ ਨੂੰ ਆਪਣਾ ਉਸਤਾਦ ਮੰਨਦਾ ਰਿਹਾ ਹੈ। ਦੋਹਾਂ ਦਾ ਪਹਿਲੀ ਵਾਰ ਮੇਲ ਤਖਤੂਪੁਰੇ ਮਾਘੀ ਦੇ ਮੇਲੇ 'ਤੇ ਹੋਇਆ ਸੀ ਤੇ ਫਿਰ 'ਤੂੰ ਮੇਰਾ ਮੈਂ ਤੇਰੀ' ਵਾਲਾ ਤਾਣਾ ਤੇ ਬਾਣਾ ਬੁਣਿਆ ਗਿਆ। ਜਦੋਂ ਕਰਨੈਲ ਸਿੰਘ ਪਾਰਸ ਦੀ ਪੇਸ਼ਕਸ਼ 'ਤੇ ਮਹਾਂ ਸਿੰਘ ਤੇ ਰਣਜੀਤ ਸਿੰਘ ਨੇ ਹਾਮੀ ਭਰੀ ਤਾਂ ਪਾਰਸ ਨੇ ਹੱਸ ਕੇ ਕਿਹਾ, "ਦੁੱਧ ਤੇ ਪੁੱਤ ਭਾਗਾਂ ਨਾਲ ਖਰੇ ਤੇ ਉਮਰ ਭਰ ਲਈ ਮਿਲਦੇ ਹਨ, ਮੇਰੀ ਕਲਮ ਤੇ ਤੇਰਾ ਰਣਜੀਤ ਸਿਹਾਂ ਗਲਾ, ਅੱਜ ਤੋਂ ਟਿੱਚ ਬਟਨਾਂ ਦੀ ਜੋੜੀ।" ਤੇ ਇਉਂ ਗਿੱਲ ਤੇ ਸਿੱਧੂ ਝੱਟ ਗਲਵੱਕੜੀ ਹੋ ਗਏ। ਭਾਨੀਮਾਰਾਂ ਦੀਆਂ ਸਾਰੀਆਂ ਜੁਗਤਾਂ ਫੇਲ੍ਹ ਰਹੀਆਂ ਤੇ ਕਰੀਬ ਸਾਢੇ ਤਿੰਨ ਦਹਾਕੇ ਦੋਵੇਂ 'ਕੱਠੇ ਨਿਭ ਗਏ।

ਘਰ ਨੂੰਹ ਨੇ ਸਾਂਭ ਲਿਆ
ਤੁਰ ਗਈ ਧੀ ਝਾੜ ਕੇ ਪੱਲੇ
ਪੋਤੇ ਨੇ ਜਨਮ ਲਿਆ
ਬਾਪੂ ਵੱਲ ਸਿਵਿਆਂ ਦੇ ਚੱਲੇ
ਕਿਤੇ ਜ਼ੋਰ ਮਕਾਣਾਂ ਦਾ
ਕਿਧਰੇ ਮੰਗਣੀ ਵਿਆਹ ਮੁਕਲਾਵੇ
ਜੱਗ ਜੰਕਸ਼ਨ ਰੇਲਾਂ ਦਾ
ਗੱਡੀ ਇਕ ਆਵੇ ਇੱਕ ਜਾਵੇ ਨਾਲ ਫਿਰ

ਸੰਗੀਤ ਕਲਾ ਦੀ ਨੇਰ੍ਹੀ ਨੇ ਜ਼ਿਮੀਂ-ਆਸਮਾਨ ਇੱਕ ਕਰ ਦਿੱਤੇ। ਇਸ ਖੇਤਰ ਦਾ ਇੱਕ ਇਹ ਵੀ ਇਤਿਹਾਸ ਰਹੇਗਾ ਕਿ ਪਿਉ ਗਾਉਂਦਾ ਰਿਹਾ ਤੇ ਆਪਣੇ ਸੁਰੀਲੇ, ਲੱਛੇਦਾਰ ਤੇ ਇਤਿਹਾਸਕ ਲੈਕਚਰਾਂ ਨਾਲ ਪੁੱਤ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਸੂਤਰਧਾਰ ਬਣ ਕੇ ਕਲਾ ਫਿਰ ਸ਼ਤਾਬਦੀ ਵਾਂਗ ਭਜਾਈ ਰੱਖੀ।

ਛੋਟੀਆਂ ਸਿੱਧਵਾਂ, ਸਿੱਧਵਾਂ ਕਾਲਜ ਮੰਨ ਲਵੋ ਕਿ ਪਹਿਲਾਂ ਮਸ਼ਹੂਰ ਰਣਜੀਤ ਸਿੰਘ ਨੇ ਕੀਤੀਆਂ। ਪਹਿਲਾਂ ਉਹਦੇ ਨਾਂ ਨਾਲ ਫਿਰ ਪੁੱਤਰ ਦੇ ਨਾਂ ਨਾਲ ਤੇ ਫਿਰ ਜਿੱਥੇ ਵੀ ਉਹ ਗਾਉਣ ਗਿਆ, ਪਿੰਡ ਨਾਲ ਹੀ ਤੁਰਿਆ ਰਿਹਾ। ਲੋਕੀਂ ਇਹ ਵੀ ਕਹਿੰਦੇ ਹਨ ਕਿ ਸਿੱਧਵਾਂ-ਕਵੀਸ਼ਰ ਰਣਜੀਤ ਸਿਹੁੰ ਵਾਲੀਆਂ।

4 ਦਸੰਬਰ 1925 ਨੂੰ ਨਾਤਾ ਹਰਨਾਮ ਕੌਰ ਦੀ ਕੁੱਖੋਂ ਜਨਮ ਲੈਣ ਵਾਲੇ ਰਣਜੀਤ ਸਿੰਘ ਦੇ ਬਾਪੂ ਸ. ਬਦਨ ਸਿੰਘ ਸਿੱਧੂ ਨੇ ਜਦੇ ਸੋਚਿਆ ਵੀ ਨਹੀਂ ਹੋਣਾ ਕਿ ਇਹ ਪਿੰਡ ਉਹਦੇ ਪੁੱਤਰ ਦੇ ਨਾਂ ਨਾਲ ਵੀ ਮਸ਼ਹੂਰ ਹੋਵੇਗਾ, ਕਿਉਂਕਿ ਰਣਜੀਤ ਸਿੰਘ ਦੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਉਹ ਅੰਤਿਮ ਯਾਤਰਾ ਪੂਰੀ ਕਰ ਗਿਆ ਸੀ।

ਕਵੀਸ਼ਰ ਰਣਜੀਤ ਸਿੰਘ ਦਾ ਵਿਆਹ 25 ਦਸੰਬਰ 1948 ਨੂੰ ਬਾੜੇਵਾਲ ਦੇ ਕਾਮਰੇਡ ਕਰਤਾਰ ਸਿੰਘ ਗਰੇਵਾਲ ਕਰਤਾਰ ਸਿੰਘ ਗਰੇਵਾਲ ਦੀ ਪੁੱਤਰੀ ਗੁਰਦੇਵ ਕੌਰ ਨਾਲ ਹੋਇਆ। ਉਹਦੇ ਤਿੰਨੋਂ ਪੁੱਤਰ ਸਤਿੰਦਰਪਾਲ, ਗੁਰਿੰਦਰਪਾਲ ਤੇ ਤੇਜਿੰਦਰਪਾਲ ਕੈਨੇਡਾ ਪੱਕੇ ਤੌਰ 'ਤੇ ਵੱਸ ਗਏ ਹਨ ਤੇ ਧੀ ਹਰਸ਼ਿੰਦਰ ਕੌਰ ਹੈ।

ਘੱਟ ਬੋਲਣਾ, ਨਿਮਰਤਾ ਨਾਲ ਬੋਲਣਾ, ਤੋਲ ਕੇ ਬੋਲਣਾ ਪਰ ਸੁਰੀਲਾ ਤੇ ਕਮਾਲ ਦਾ ਗਾਉਣਾ ਰਣਜੀਤ ਸਿੰਘ ਦੇ ਸੁਭਾਅ ਤੇ ਜ਼ਿੰਦਗੀ ਦੇ ਰੰਗ ਸਨ। ਜਦੋਂ ਕਰਨੈਲ ਸਿੰਘ ਪਾਰਸ ਦੇ ਜਥੇ 'ਚ ਸੰਨਿਆਸ ਲਿਆ ਤਾਂ ਉਹਨੂੰ ਲਿਖਣਾ ਵੀ ਪਿਆ ਤੇ ਗਾਉਣਾ ਵੀ ਪਿਆ।

ਮਨ ਵਿਚ ਕਈ ਵਾਰ ਹਰਖ ਵੀ ਆਉਂਦਾ ਹੈ ਕਿ ਸਿੱਖ ਜਗਤ ਵੀ ਕਵੀਸ਼ਰੀ ਤੇ ਢਾਡੀ ਕਲਾ ਪ੍ਰਤੀ ਉਨਾ ਸੁਹਿਰਦ ਨਹੀਂ ਰਿਹਾ ਪਰ ਫਿਰ ਵੀ 18 ਫਰਵਰੀ 2004 ਨੂੰ ਜਿਸਮਾਨੀ ਤੌਰ 'ਤੇ ਵਿਛੜ ਕੇ ਅਮਰ ਰਹਿਣ ਵਾਲੀ ਆਵਾਜ਼ ਰਣਜੀਤ ਸਿੰਘ ਦੇ ਰੰਗ ਵਿਚ ਸਾਡੇ ਕੋਲ ਹੈ। ਇਸ ਨੂੰ ਸਾਂਭ-ਸਾਂਭ ਕੇ ਰੱਖਣਾ, ਪੰਜਾਬੀ ਤੇ ਘੱਟੋ-ਘੱਟ ਇੱਕ ਸਿੱਖ ਦਾ ਸੁਭਾਅ ਵੀ ਹੋਣਾ ਚਾਹੀਦਾ ਹੈ ਤੇ ਫਰਜ਼ ਵੀ।

ਮਹਾਰਾਜਾ ਰਣਜੀਤ ਸਿੰਘ ਨੂੰ ਪਾਰਸ ਕਿਹਾ ਜਾਂਦਾ ਸੀ ਪਰ ਸਿੱਖ ਸੰਗੀਤ ਤੇ ਢਾਡੀ ਕਵੀਸ਼ਰੀ ਵਿਚ ਰਣਜੀਤ ਸਿੰਘ ਤੇ ਕਰਨੈਲ ਸਿੰਘ ਪਾਰਸ ਨੂੰ ਕਦੇ ਅਲੱਗ ਕਰਕੇ ਵੇਖਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਸੰਗੀਤਕਾਰਾਂ ਤੇ ਗਵੱਈਆਂ ਦੇ ਸਾਹ ਬੰਧਿਸ਼ ਵਿਚ ਵੀ ਹੁੰਦੇ ਹੋਏ ਮੁੱਕ ਜਾਂਦੇ ਹਨ।

---

## ਕਾਵਿ ਜਗਤ

### ਸ਼ਬਦ ਬੂੰਦਾਂ

ਸ਼ਬਦ ਆਕਾਸ਼ ਤੋਂ ਅੰਮ੍ਰਿਤ ਬੂੰਦਾਂ,
ਕੁਝ ਵੱਖਰੇ ਹੋ ਆਈਆਂ।
ਕੁਝ ਨਦੀਆਂ ਕੁਝ ਸਾਗਰ ਹੋਈਆਂ,
ਕੁਝ ਬਣੀਆਂ ਪੁਰਵਾਈਆਂ।
ਕੁਝ ਧਰਤੀ ਕੁਝ ਪਰਬਤ ਬਣੀਆਂ,
ਬਨਸਪਤੀ ਲਹਿਰਾਈ,
ਫਿਰ 'ਸੁਰਜੀਤ' ਸ਼ਬਦ ਦੀਆਂ ਬੂੰਦਾਂ,
ਸ਼ਬਦ ਦੇ ਵਿਚ ਸਮਾਈਆਂ।

ਸ਼ਬਦ ਵਿਚੋਂ ਅੰਮ੍ਰਿਤ ਰਸ ਰਿਸਿਆ,
ਬੂੰਦ ਬੂੰਦ ਕਰ ਝਰਿਆ,
ਸ਼ਬਦ ਸਵਾਂਤੀ ਬੂੰਦ ਜਾਂ ਬਣਿਆ,
ਤਨ ਮਨ ਹਰਿਆ ਹਰਿਆ।
ਸ਼ਬਦ ਹੀ ਕਾਦਰ, ਸ਼ਬਦ ਹੀ ਕੁਦਰਤ,
ਸ਼ਬਦ ਬਿਨਾ ਕੁਝ ਨਾਹੀਂ,
ਸ਼ਬਦ ਬੂੰਦ 'ਸੁਰਜੀਤ' ਮਿਲੀ ਜਾਂ,

ਤਪਦਾ ਹਿਰਦਾ ਠਰਿਆ।
ਸ਼ਬਦ ਦਾ ਨਾਦ ਨਿਰੰਤਰ ਗੂੰਜੇ,
ਸ਼ਬਦ ਦਾ ਨਾਦ ਨਿਆਰਾ,
ਸ਼ਬਦ ਵਿਚੋਂ ਅੰਮ੍ਰਿਤ ਰਸ ਬਰਸੇ,
ਪੀਵੇ ਪੀਵਣ ਹਾਰਾ।
ਸ਼ਬਦਾਂ ਦੇ ਸਾਗਰ ਵਿਚ ਡੁਬ ਕੇ
ਮੈਂ 'ਸੁਰਜੀਤ' ਹਾਂ ਹੋਈ,
ਸ਼ਬਦ ਭੰਵਰ ਹੈ ਸ਼ਬਦ ਹੀ ਬੇੜਾ,
ਸ਼ਬਦ ਹੀ ਬਣੇ ਕਿਨਾਰਾ।

ਸ਼ਬਦ ਆਕਾਸ਼ ਸ਼ਬਦ ਹੀ ਸੂਰਜ
ਸ਼ਬਦ ਹੀ ਚੰਨ ਸਿਤਾਰੇ,
ਸ਼ਬਦ ਹੀ ਪਉਣ ਸ਼ਬਦ ਹੈ ਪਾਣੀ,
ਸ਼ਬਦ ਕਰੇ ਉਜਿਆਰੇ।
ਸ਼ਬਦ ਹੀ ਜਲ ਹੈ ਸ਼ਬਦ ਹੀ ਥਲ ਹੈ,
ਸ਼ਬਦ ਬਿਨਾ ਕੁਝ ਨਾਹੀਂ,
ਕਣ ਕਣ ਵਿਚ 'ਸੁਰਜੀਤ' ਸ਼ਬਦ ਹੈ,
ਸ਼ਬਦ ਦੇ ਖੇਡ ਨਿਆਰੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

### ਭੁੱਲ ਗਏ

ਇਨਕਲਾਬੀ ਚੜ੍ਹ ਗਏ ਫਾਂਸੀ
ਹਿੱਕ 'ਚ ਗੋਲੀ ਖਾਧੀ ਸੀ।
ਕੋਰਾ ਝੂਠ ਗਿਆ ਬੋਲਿਆ
ਚਰਖੇ ਲਈ ਆਜ਼ਾਦੀ ਸੀ।
ਚਰਖਾ ਰਿਹਾ ਮੌਨ ਵਰਤ 'ਤੇ
ਦੇਸ਼ ਕੌਮ ਨੂੰ ਦਿੱਤਾ ਵੰਡ,
ਲੱਖਾਂ ਮਰ ਗਏ, ਲੱਖਾਂ ਬੇਘਰ
ਗਾਂਧੀ-ਜਿਨਾਹ ਦੀ ਬਾਂਦਰ ਵੰਡ।
ਜਿਨਾਹ ਨੂੰ ਮਿਲਿਆ ਪਾਕਿਸਤਾਨ
ਨਹਿਰੂ ਲੈ ਗਿਆ ਹਿੰਦੁਸਤਾਨ,
ਸੁਭਾਸ਼ ਬੋਸ ਤੇ ਫੌਜੀਆਂ ਨੂੰ
ਮਿਲਿਆ ਸਨਮਾਨ ਨਾ ਸ਼ਮਸ਼ਾਨ।
ਕੁਰਬਾਨ ਹੋਏ ਉਹ ਦੇਸ਼ ਦੀ ਖਾਤਰ
ਹੱਸ ਫਾਂਸੀਆਂ ਉਤੇ ਝੂਲ ਗਏ,
ਗੌਡਸੇ, ਗਾਂਧੀ, ਪਟੇਲ ਯਾਦ ਨੇ
'ਨੇਤਾ ਜੀ' ਨੂੰ ਪਰ ਭੁੱਲ ਗਏ।

***-ਜੁਗਰਾਜ ਗਿੱਲ, ਯੌਰਕ***
***ਫੋਨ: 704-257-6693***

---

### ਕੀ ਕੀ ਹੋ ਰਿਹਾ

ਨਾ ਗੱਲ ਕਰਨੀ ਮਸਤ ਮਲੰਗਾਂ ਦੀ
ਨਾ ਛਣ ਛਣ ਕਰਦੀਆਂ ਵੰਗਾਂ ਦੀ।
ਮੇਰੇ ਦਿਲ 'ਚੋਂ ਚੀਸ ਜਿਹੀ ਉਠਦੀ ਏ
ਮੋਹ ਦੀਆਂ ਟੁੱਟਦੀਆਂ ਤੰਦਾਂ ਦੀ।
ਨਾ ਗੱਲ ਕਰਨੀ ਮਸਤ ਮਲੰਗਾਂ ਦੀ
ਨਾ ਛਣ ਛਣ ਕਰਦੀਆਂ ਵੰਗਾਂ ਦੀ।

ਕੋਈ ਮਾਲਾ ਰੱਜ ਰੱਜ ਫੇਰ ਰਿਹਾ
ਕੋਈ ਭਗਵੇਂ ਪਾ ਪਾ ਘੇਰ ਰਿਹਾ।
ਭੀੜ ਜੁੜਦੀ ਝੂਠੇ ਡੇਰਿਆਂ 'ਤੇ
ਸਭ ਖੇਡ ਹੈ ਉਹਦੇ ਰੰਗਾਂ ਦੀ।
ਨਾ ਗੱਲ ਕਰਨੀ ਮਸਤ ਮਲੰਗਾਂ ਦੀ
ਨਾ ਛਣ ਛਣ ਕਰਦੀਆਂ ਵੰਗਾਂ ਦੀ।

ਕੋਈ ਪੰਜੇ ਵਾਲਾ ਡਾਢਾ ਬੋਲ ਰਿਹਾ
ਕੋਈ ਆਮ ਦੇ ਦੁੱਖੜੇ ਫੋਲ ਰਿਹਾ
ਤੱਕੜੀ ਵਾਲਾ ਪੋਲ ਵੀ ਖੋਲ੍ਹ ਰਿਹਾ
ਕੀ ਦੱਸਾਂ ਫੇਸਬੁਕ ਦੀਆਂ ਜੰਗਾਂ ਦੀ।
ਨਾ ਗੱਲ ਕਰਨੀ ਮਸਤ ਮਲੰਗਾਂ ਦੀ
ਨਾ ਛਣ ਛਣ ਕਰਦੀਆਂ ਵੰਗਾਂ ਦੀ।

ਮੁੰਡਾ ਯੂ ਕੱਟ ਕਰਵਾ ਰਿਹਾ
ਨਾਈ ਮੂਹਰੇ ਬੈਠਾ ਗਾਣਾ ਗਾ ਰਿਹਾ।
ਕੁੜੀ ਕਿਹੜੀ ਰਹਿ ਗਈ ਪਿੱਛੇ
ਫਟੀ ਜੀਨ ਵਿਚੋਂ ਸਭ ਕੁਝ ਦਿੱਸੇ।
'ਅਮਰ' ਲੱਖ ਲਾਹਣਤ ਲੱਥੀਆਂ ਸੰਗਾਂ ਦੀ।
ਨਾ ਗੱਲ ਕਰਨੀ ਮਸਤ ਮਲੰਗਾਂ ਦੀ
ਨਾ ਛਣ ਛਣ ਕਰਦੀਆਂ ਵੰਗਾਂ ਦੀ।

***-ਅਮਰੀਕ ਸਿੰਘ ਸ਼ਿਕਾਗੋ***
***ਫੋਨ: 773-507-8043***

## ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਜੂਨੀ ਦਾ ਅਰਥ ਹੈ, ਜੂਨ ਮੁਕਤ ਭਾਵ ਜੰਮਣ-ਮਰਨ ਦੇ ਸਿਲਸਿਲੇ ਤੋਂ ਬਾਹਰ। ਅਰਥਾਤ ਪਰਮ-ਸਤਿ ਜੋ ਬ੍ਰਹਿਮੰਡ ਦਾ ਕਰਤਾ ਪੁਰਖੁ ਹੈ, ਜੰਮਣ-ਮਰਨ ਦੇ ਚੱਕਰ ਵਿਚ ਨਹੀਂ ਪੈਂਦਾ। ਜੀਵ ਕਾਲ ਦੇ ਨਿਯਮਾਂ ਵਿਚ ਬੱਧੇ ਹੁੰਦੇ ਹਨ, ਇਸ ਲਈ ਉਹ ਜੀਵ ਰੂਪੀ ਨਹੀਂ ਹੈ। ਇਹ ਗੱਲ ਤਾਂ ਉਦੋਂ ਹੀ ਸਿੱਧ ਹੋ ਗਈ ਸੀ, ਜਦੋਂ ਗੁਰੂ ਸਾਹਿਬ ਨੇ ਉਸ ਨੂੰ 'ਅਕਾਲ' ਕਿਹਾ ਸੀ। ਪਰ ਇੱਥੇ ਅਜੂਨੀ ਨੂੰ ਉਸ ਦੀ ਖਾਸ ਵੱਖਰੀ ਵਿਸ਼ੇਸ਼ਤਾਈ ਦੱਸਣ ਵਿਚ ਮਨੋਰਥ ਹੋਰ ਜਾਪਦਾ ਹੈ। ਗੁਰੂ ਸਾਹਿਬ ਨਹੀਂ ਚਾਹੁੰਦੇ, ਉਸ ਦੇ ਸਿੱਖ ਪਰਮ-ਸਤਿ ਨੂੰ ਮਨੁੱਖ ਜਾਂ ਕਿਸੇ ਹੋਰ ਜੀਵ ਵਰਗੀ ਜਿਉਂਦੀ ਜਾਗਦੀ ਸ਼ਖਸੀਅਤ ਸਮਝਣ। ਉਹ ਜੀਵ ਰੂਪੀ ਹੈ ਹੀ ਨਹੀਂ ਹੈ।

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਗੁਰੂ ਜੀ ਅਨੁਸਾਰ ਪਰਮ-ਸਤਿ ਜੋ ਅਕਾਲ ਮੂਰਤਿ ਹੈ, ਉਹ ਅਜਾਨ ਭਾਵ ਨਿਰਜਿੰਦ ਵੀ ਹੈ। ਮਨੁੱਖ ਤਾਂ ਮਨੁੱਖ, ਉਹ ਕਿਸੇ ਵੀ ਜਿਉਂਦੀ ਜਾਗਦੀ ਕਿਸਮ ਦਾ ਨਹੀਂ ਹੈ। ਨਾ ਉਸ ਨੇ ਕਿਸੇ ਮਾਂ ਦੇ ਪੇਟ 'ਚੋਂ ਜਨਮ ਲਿਆ ਤੇ ਨਾ ਹੀ ਉਹ ਅੰਡੇ ਤੋਂ ਪੈਦਾ ਹੋਇਆ। ਉਸ ਦੀ ਮੁੜ੍ਹਕੇ ਜਾਂ ਬੀਜ ਤੋਂ ਵੀ ਉਤਪਤੀ ਨਹੀਂ ਹੋਈ। ਉਹ ਜੰਮਣ-ਮਰਨ ਦੀ ਪ੍ਰਕ੍ਰਿਆ ਤੋਂ ਬਾਹਰ ਹੈ। ਆਵਾਗਮਨ ਦੇ ਚੱਕਰ ਤੋਂ ਬਾਹਰ ਹੋਣ ਕਰਕੇ ਉਹ ਜੀਵ-ਜਾਤ ਤੇ ਬਨਸਪਤੀ ਵਿਚ ਸ਼ਾਮਲ ਨਹੀਂ। ਇਸ ਦਾ ਸਿੱਧਾ ਭਾਵ ਇਹ ਹੈ ਕਿ ਉਹ ਨਾ ਤਾਂ ਮਨੁੱਖ, ਪਸ਼ੂ, ਪੰਛੀ ਜਾਂ ਕੀੜੇ-ਮਕੌੜੇ ਆਦਿ ਵਾਂਗ ਜਾਨਦਾਰ ਹੈ ਤੇ ਨਾ ਹੀ ਪੇੜ-ਪੌਦੇ ਤੇ ਘਾਹ ਵਾਂਗ ਅਰਧ-ਜਾਨਦਾਰ ਹੈ। ਉਹ ਪੱਥਰ, ਕੰਕਰ, ਪਾਣੀ, ਹਵਾ, ਧਰਤੀ ਤੇ ਪਹਾੜ ਵਾਂਗ ਨਿਰਜੀਵ ਹੈ। ਉਸ ਵਿਚ ਨਿਰਜਿੰਦ ਵਸਤਾਂ ਵਾਲੇ ਸਾਰੇ ਗੁਣ ਹਨ ਤੇ ਜਾਨਦਾਰ ਜੀਵਾਂ ਵਾਲਾ ਇਕ ਗੁਣ ਵੀ ਨਹੀਂ। ਇੰਨਾ ਹੁੰਦੇ ਹੋਏ ਵੀ ਉਹ ਜੀਵ ਵਰਗ ਦੀ ਉਤਪਤੀ ਕਰਦਾ ਹੈ ਜਿਵੇਂ ਧਰਤੀ ਤੇ ਖਾਦ ਨਿਰਜਾਨ ਹੋ ਕੇ ਵੀ ਬਨਸਪਤੀ ਦਾ ਪਾਲਣ ਪੋਸਣ ਕਰਦੇ ਹਨ ਅਤੇ ਭੋਜਨ ਪਾਣੀ ਜੀਵਾਂ ਦਾ ਉਪਹਾਰ ਬਣਦੇ ਹਨ। ਪਰ ਅਜਿਹੀ ਹੀ ਉਤਪਤੀ ਉਹ ਸੰਸਾਰ ਦੇ ਨਿਰਜੀਵ ਵਰਗ ਦੀ ਵੀ ਕਰਦਾ ਹੈ ਕਿਉਂਕਿ ਸਰਬ ਸ੍ਰਿਸ਼ਟੀ ਦਾ ਕਰਤਾ ਪੁਰਖ ਉਹੀ ਹੈ। ਇਸ ਲਈ ਉਹ ਜੀਵਤ ਤੇ ਨਿਰਜੀਵ ਸਭ ਵਸਤਾਂ ਵਿਚ ਸਮਾਇਆ ਹੋਇਆ ਹੈ ਪਰ ਜੀਵਾਂ ਵਾਂਗ ਆਪ ਜੀਵ ਅਵਸਥਾ ਵਿਚ ਨਹੀਂ ਪੈਂਦਾ। ਅਰਥਾਤ ਸੰਸਾਰ ਦੇ ਸਭ ਪਦਾਰਥ ਉਸ ਤੋਂ ਹਨ ਤੇ ਉਹ ਇਨ੍ਹਾਂ ਕਿਸੇ ਤੋਂ ਨਹੀਂ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਹਿੰਦੁਸਤਾਨੀ ਚਿੰਤਕ ਨੇ ਇਸ ਗੱਲ ਨੂੰ ਗਹੁ ਨਾਲ ਨਹੀਂ ਵਿਚਾਰਿਆ। ਕਹਿੰਦੇ ਸਾਰੇ ਇਹੀ ਰਹੇ ਕਿ ਉਹ ਕਣ-ਕਣ ਵਿਚ ਵਸਦਾ ਹੈ ਪਰ ਮੰਨਦੇ ਸਾਰੇ ਹੀ ਉਸ ਨੂੰ ਮਾਨਵ ਰੂਪ ਵਿਚ ਰਹੇ। ਉਨ੍ਹਾਂ ਨੂੰ ਹਮੇਸ਼ਾ ਇਹ ਭਰਮ ਰਿਹਾ ਕਿ ਪਤਾ ਨਹੀਂ ਉਹ ਕਦੋਂ ਬੰਦਾ ਬਣ ਕੇ ਸਾਹਮਣੇ ਆ ਜਾਵੇਗਾ ਤੇ ਦਰਸ਼ਨ ਦੇ ਕੇ ਉਨ੍ਹਾਂ ਦੇ ਵਾਰੇ ਨਿਆਰੇ ਕਰ ਜਾਵੇਗਾ। ਸੋਚਦੇ ਸੋਚਦੇ ਉਨ੍ਹਾਂ ਦਾ ਭਰਮ ਵਿਸ਼ਵਾਸ ਬਣ ਗਿਆ। ਉਹ ਯਕੀਨ ਕਰਨ ਲੱਗੇ ਕਿ ਜਦੋਂ ਵੀ ਇਹ ਅਚੰਭਾ ਹੋਇਆ, ਉਨ੍ਹਾਂ ਦੇ ਇਸ ਜਨਮ ਦੇ ਦੁੱਖ ਤਾਂ ਕੱਟੇ ਹੀ ਜਾਣਗੇ ਅਤੇ ਅੱਗੋਂ ਤੋਂ ਵੀ ਇਸ ਦੋਜਖ ਰੂਪੀ ਸੰਸਾਰ ਵਿਚ ਬਾਰੰਬਾਰ ਆਉਣ-ਜਾਣ ਦੇ ਚੱਕਰ ਤੋਂ ਮੁਕਤੀ ਮਿਲ ਜਾਵੇਗੀ। ਕਿਸੇ ਨੇ ਇਹ ਨਹੀਂ ਸੋਚਿਆ ਕਿ ਸੰਸਾਰ ਦੋਜਖ ਕਿਉਂ ਹੈ, ਤੇ ਜੇ ਹੈ ਤਾਂ ਇਸ ਨੂੰ ਸਵਰਗ ਕਿਵੇਂ ਬਣਾਇਆ ਜਾਵੇ? ਕਿਸੇ ਨੇ ਇਹ ਨਹੀਂ ਵਿਚਾਰਿਆ ਕਿ ਮੁਕਤੀ ਪ੍ਰਾਪਤ ਕਰ ਕੇ ਉਹ ਕਿੱਥੇ ਜਾਣਗੇ? ਇਸ ਜਨਮ ਵਿਚ ਉਨ੍ਹਾਂ ਕੋਲ ਬੁੱਧੀ ਹੈ, ਸੰਗਤ ਹੈ ਤੇ ਸਾਧਨ ਹਨ। ਬਾਕੀ ਤਾਂ ਇਸ ਸੰਸਾਰ ਵਿਚ ਪੱਥਰ, ਕੰਕਰ, ਪਾਣੀ, ਹਵਾ ਤੇ ਪਹਾੜ ਹਨ ਜਿਨ੍ਹਾਂ ਵਿਚ ਜ਼ਿੰਦਗੀ ਨਹੀਂ ਹੈ। ਜੀਵ ਤੇ ਬਨਸਪਤੀ ਵਿਚ ਜ਼ਿੰਦਗੀ ਹੈ ਪਰ ਬੁੱਧੀ ਨਹੀਂ। ਜਿਸ ਜੰਮਣ ਤੇ ਮਰਨ ਨੂੰ ਉਹ ਤਸੀਹੇ ਤੇ ਗੰਦਗੀ ਕਹਿੰਦੇ ਹਨ, ਉਹ ਤਾਂ ਪਰਮ-ਸਤਿ ਦੀ ਟਕਸਾਲ ਹੈ, ਜਿੱਥੇ ਬਹਿ ਕੇ ਉਹ ਜੀਵ-ਜੰਤੂਆਂ ਨੂੰ ਬਣਾਉਂਦਾ ਹੈ। ਬੇਹੀ ਰੋਟੀ, ਖੜ੍ਹਾ ਪਾਣੀ ਤੇ ਗੰਦੇ ਛੱਪੜ ਜਿਥੋਂ ਅਸੀਂ ਮੂੰਹ 'ਤੇ ਕੱਪੜਾ ਰੱਖ ਕੇ ਲੰਘਦੇ ਹਾਂ, ਸਭ ਸੰਸਾਰ ਉਤਪਤੀ ਦੇ ਕਾਰਖਾਨੇ ਹਨ। ਸਾਫ ਥਾਂ 'ਤੇ ਇਨਸਾਨ ਵੀ ਨਹੀਂ ਬਣਦਾ ਕਿਉਂਕਿ ਇਨਸਾਨ ਦੇ ਅੰਦਰ ਜੋ ਸਫਾਈ ਹੈ, ਉਹ ਵੀ ਜੱਗ ਜਾਹਰ ਹੈ।

ਫਿਰ ਮੁਕਤੀ ਤੋਂ ਕੀ ਭਾਵ? ਕਿਸੇ ਨੇ ਸੁਣੀਆਂ ਗੱਲਾਂ ਨੂੰ ਪਰਖਣ/ਸਮਝਣ ਦਾ ਕਸ਼ਟ ਨਹੀਂ ਕੀਤਾ। ਕਹੇ ਕਹਾਏ ਭੇਡ ਚਾਲ ਵਿਚ ਦੁਨੀਆਂ ਤੋਂ ਉਪਰਾਮ ਹੋ ਗਏ। ਇਸ ਜਨਮ ਨੂੰ ਵਿਸਾਰ ਕੇ ਲੱਗੇ ਅਗਲਾ ਜਨਮ ਸੁਧਾਰਨ। ਲੋਕ ਦੀ ਛੱਡ ਕੇ ਪਰਲੋਕ ਦੀ ਪੈ ਗਈ। ਜਿਵੇਂ ਗੋਲਡ-ਰਸ਼ ਸਮੇਂ ਕੈਲੀਫੋਰਨੀਆ ਦਾ ਬੱਚਾ ਬੱਚਾ ਤੱਸਲਾ-ਖੁਰਪੀ ਲੈ ਕੇ ਸੋਨਾ ਕੱਢਣ ਤੁਰ ਪਿਆ ਸੀ, ਉਵੇਂ ਹੀ ਭਾਰਤ ਵਿਚ ਜਣਾ-ਖਣਾ ਤਸਬੀ-ਮਾਲਾ ਚੁੱਕ ਕੇ ਪ੍ਰਭੂ-ਭਗਤੀ ਵਿਚ ਜਾ ਲੱਗਾ ਕਿ ਕੁਝ ਪ੍ਰਾਪਤ ਕਰ ਲਵੇ। ਇਹ ਨਹੀਂ ਜਾਣਿਆ ਕਿ ਦੁੱਖ-ਸੁੱਖ ਤਾਂ ਜੀਵਨ ਦੇ ਦੋ ਅਟੁੱਟ ਪਹਿਲੂ ਹਨ, ਜਿਥੇ ਜਾਓ, ਨਾਲ ਜਾਣਗੇ। ਬੱਸ ਭੱਜਣ ਦੀ ਠਾਣ ਲਈ। ਹੁਣ ਇਹੀ ਵਿਚਾਰ ਮਨ ਵਿਚ ਪੱਕਾ ਘਰ ਕਰ ਗਏ ਤੇ ਲੱਖ ਯਤਨ ਕਰਨ 'ਤੇ ਵੀ ਮਨੋਂ ਨਹੀ ਨਿਕਲਦੇ। ਇਸ ਕਾਰਨ ਉਸ ਦੀ ਸੰਸਾਰ ਯਾਤਰਾ ਇਕ ਬੰਧੂਆ ਜੀਵਨ ਵਾਂਗ ਬਣ ਗਈ ਹੈ।

ਗੁਰੂ ਨਾਨਕ ਦੇਵ ਨੇ ਲੋਕਾਈ ਦਾ ਇਹ ਭਰਮ 15ਵੀਂ ਸਦੀ ਵਿਚ ਹੀ ਤੋੜ ਦਿੱਤਾ ਸੀ। ਉਨ੍ਹਾਂ ਨੇ ਪਰਮ-ਸਤਿ ਨੂੰ ਅਜੂਨੀ ਕਹਿ ਕੇ ਇਹ ਦੱਸ ਦਿੱਤਾ ਕਿ ਉਹ ਮਨੁੱਖੀ ਜਾਮੇ ਵਿਚ ਤਾਂ ਕੀ, ਕਿਸੇ ਹੋਰ ਜੀਵਧਾਰੀ ਅਵਸਥਾ ਵਿਚ ਵੀ ਨਹੀਂ ਪੈਂਦਾ। ਇਸ ਦਾ ਵਿਸ਼ਲੇਸ਼ਣ ਕਰਦਿਆਂ ਪਤਾ ਲਗਦਾ ਹੈ ਕਿ ਜੇ ਉਹ ਜੀਵ ਨਹੀਂ ਹੈ ਤਾਂ ਉਸ ਦੇ ਹੱਥ, ਪੈਰ, ਧੜ, ਸਿਰ, ਦਿਮਾਗ ਆਦਿ ਕੋਈ ਅੰਗ ਨਹੀਂ ਹੈ। ਜੇ ਉਸ ਕੋਲ ਦਿਮਾਗ ਨਹੀਂ ਹੈ ਤਾਂ ਉਸ ਕੋਲ ਬੁੱਧੀ, ਸੋਚ, ਵਿਚਾਰ, ਇੱਛਾ ਤੇ ਯੋਜਨਾ-ਸ਼ਕਤੀ ਨਹੀਂ ਹੈ। ਇਨ੍ਹਾਂ ਸ਼ਕਤੀਆਂ ਦੀ ਅਣਹੋਂਦ ਵਿਚ ਉਹ ਨਾ ਮਰਜੀ ਨਾਲ ਫੈਸਲਾ ਲੈ ਸਕਦਾ ਹੈ ਤੇ ਨਾ ਕਿਸੇ ਫੈਸਲੇ ਨੂੰ ਲਾਗੂ ਕਰ ਸਕਦਾ ਹੈ।

ਇਸ ਤਰ੍ਹਾਂ ਉਹ ਜੀਵ-ਧਾਰੀਆਂ ਵਾਲੇ ਹੋਰ ਕਾਰਜ, ਜਿਵੇਂ ਬੋਲਣਾ, ਸੁਣਨਾ, ਵੇਖਣਾ, ਚੱਲਣਾ, ਪਿਆਰ ਕਰਨਾ, ਤਰਸ ਕਰਨਾ, ਪੱਖ ਕਰਨਾ, ਬਖਸ਼ਿਸ਼ ਕਰਨਾ, ਇਨਾਮ ਦੇਣਾ, ਅੱਖ ਰੱਖਣਾ, ਸਰਪ੍ਰਸਤੀ ਕਰਨਾ, ਸਰਵੇਖਣ ਕਰਨਾ, ਗੁੱਸਾ ਕਰਨਾ, ਘ੍ਰਿਣਾ ਕਰਨਾ, ਬਦਲਾ ਲੈਣਾ, ਦੰਡ ਦੇਣਾ, ਤਬਾਹ ਕਰਨਾ ਆਦਿ ਵੀ ਨਹੀਂ ਕਰ ਸਕਦਾ। ਇਸ ਲਈ ਉਹ ਨਾ ਇਸ ਸੰਸਾਰ ਦਾ ਸਵੈ-ਇੱਛਕ ਰਚੈਤਾ ਹੈ, ਨਾ ਮਨ ਮਰਜੀ ਦਾ ਚਾਲਕ ਤੇ ਨਾ ਹੀ ਇਸ ਨੂੰ ਮਰਜੀ ਨਾਲ ਮਿਟਾਉਣ ਵਾਲਾ ਹੈ। ਇਹ ਕਾਰਜ ਉਸ ਦੀ ਹੋਂਦ ਤੇ ਵਿਕਾਸ ਦੇ ਤਰਕ ਵਿਚ ਗੁੱਧੇ ਨਿਰਪੱਖ ਨਿਯਮਾਂ ਭਾਵ ਹੁਕਮਾਂ ਅਨੁਸਾਰ ਆਪ ਹੀ ਵਾਪਰਦੇ ਰਹਿੰਦੇ ਹਨ। ਜੇ ਇੱਦਾਂ ਨਾ ਹੁੰਦਾ ਤਾਂ ਸੰਸਾਰ ਵੀ ਨਾ ਉਪਜ ਸਕਦਾ। ਸੰਸਾਰ ਉਤਪਤੀ ਦੇ ਕਾਰਜ ਪਰਮ-ਸਤਿ ਕਿਸੇ ਇੱਛਾ ਜਾਂ ਭਾਵਨਾ ਦੇ ਦਬਾਅ ਹੇਠ ਨਹੀਂ ਕਰਦਾ। ਜਿਵੇਂ ਮੀਂਹ, ਹੜ੍ਹ ਤੇ ਹਨੇਰੀ ਭਾਵਨਾ-ਰਹਿਤ ਤੇ ਇੱਛਾ-ਮੁਕਤ ਢੰਗ ਨਾਲ ਸਭ ਲਈ ਇਕੋ ਜਿਹੇ ਵਿਚਰਦੇ ਹਨ, ਤਿਵੇਂ ਹੀ ਉਸ ਦੀ ਕ੍ਰਿਆ ਵੀ ਨਿਰਲੇਪ ਤੇ ਨਿਰਪੱਖ ਸੁਭਾਅ ਦੀ ਹੈ।

ਪਰਮ-ਸਤਿ ਦੀ ਇਹ ਵਿਸ਼ੇਸ਼ਤਾਈ ਇਸ ਦੇ ਦੂਜੇ ਗੁਣਾਂ ਨਾਲ ਮੇਲ ਖਾਂਦੀ ਹੈ। ਇਸ ਦੇ ਅਜੂਨੀ ਹੋਣ ਕਰਕੇ ਹੀ ਇਹ ਨਿਰਭਉ ਤੇ ਨਿਰਵੈਰ ਹੈ। ਭਾਵਨਾਤਮਕ ਪ੍ਰਤਿਕਰਮ ਤਾਂ ਜੀਵ ਜਾਤੀਆਂ ਵਿਚ ਪ੍ਰਗਟ ਹੁੰਦੇ ਹਨ, ਜੋ ਜੰਮਦੇ-ਮਰਦੇ ਹਨ। ਇਹ ਵਿਚਾਰ ਗੁਰੂ ਨਾਨਕ ਦੇਵ ਦੀ ਤੀਖਣ ਵਿਗਿਆਨਕ ਸੂਝ-ਬੂਝ ਦਾ ਸਬੂਤ ਹਨ। ਆਧੁਨਿਕ ਵਿਗਿਆਨ ਵੀ ਸੰਸਾਰ ਉਤਪਤੀ ਦਾ ਮੂਲ ਸ੍ਰੋਤ ਲੱਭਦਿਆਂ ਪਦਾਰਥ ਦੀਆਂ ਉਨ੍ਹਾਂ ਗਹਿਰਾਈਆਂ ਤੀਕ ਜਾ ਪੁੱਜਾ ਹੈ, ਜਿੱਥੇ ਸਭ ਕੁਝ ਨਿਰਜਿੰਦ ਹੈ। ਮਾਦੇ ਦੇ ਇਹ ਰੂਪ ਨਿਰਜਾਨ ਹੋ ਕੇ ਵੀ ਕ੍ਰਿਆਸ਼ੀਲ ਹਨ ਤੇ ਅੱਟਲ ਨਿਯਮਾਂ ਦੀ ਪਾਲਣਾ ਕਰਦੇ ਹਨ। ਪਰ ਗੁਰੂ ਸਾਹਿਬ ਨੇ ਵਿਗਿਆਨਕ ਸੋਚ ਰਾਹੀਂ ਇਹ ਗੱਲ ਉਦੋਂ ਹੀ ਭਾਂਪ ਲਈ ਸੀ, ਜਦੋਂ ਬਾਕੀ ਦੇਸ਼ ਭਗਤੀ ਭਾਵ ਦੇ ਵਹਿਣ ਵਿਚ ਖੁੱਭਦਾ ਜਾ ਰਿਹਾ ਸੀ।

ਪਰ ਬਹੁਤੇ ਸਿੱਖ ਸ਼ਰਧਾਲੂ ਤੇ ਸਿੱਖ ਵਿਦਵਾਨ ਗੁਰੂ ਸਾਹਿਬ ਦੇ ਇਨ੍ਹਾਂ ਵਿਚਾਰਾਂ ਨੂੰ ਹੁਣ ਵੀ ਸਵੀਕਾਰ ਕਰਦੇ ਦਿਖਾਈ ਨਹੀਂ ਦਿੰਦੇ। ਇਨ੍ਹਾਂ ਵਿਚੋਂ ਬਹੁਤੇ ਤਾਂ ਸਿੱਖਿਆ, ਸਮੇਂ ਤੇ ਸਾਧਨਾਂ ਦੀ ਘਾਟ ਕਾਰਨ ਗੁਰੂ ਸਾਹਿਬ ਦੇ ਵਿਚਾਰਾਂ ਦੀ ਤਹਿ ਤੀਕ ਜਾਂਦੇ ਹੀ ਨਹੀਂ। ਉਹ ਸਵਾਰਥੀ ਸੰਤਾਂ, ਪ੍ਰਚਾਰਕਾਂ ਤੇ ਟੀਕਾਕਾਰਾਂ ਦੀਆਂ ਰਵਾਇਤੀ ਤੇ ਸਤਹੀ ਵਿਆਖਿਆਵਾਂ ਵਿਚ ਫਸ ਕੇ ਉਹੀ ਕਰਦੇ ਹਨ ਜੋ ਉਨ੍ਹਾਂ ਨੂੰ ਪ੍ਰਚਾਰਿਆ ਜਾਂਦਾ ਹੈ। ਉਧਰ ਪ੍ਰਚਾਰ ਕਰਨ ਵਾਲਿਆਂ ਨੇ ਗੁਰੂ ਦੀ ਬਾਣੀ ਦੇ ਪ੍ਰਚਾਰ ਨੂੰ ਇਕ ਲਾਹੇਵੰਦ ਧੰਦਾ ਬਣਾ ਲਿਆ ਹੈ। ਇਸ ਲਈ ਸਹੀ/ਗਲਤ ਦਾ ਵਿਚਾਰ ਛੱਡ, ਉਹ ਓਹੀ ਕਰਦੇ ਹਨ ਜਿਸ ਵਿਚ ਉਨ੍ਹਾਂ ਦੇ ਧੰਦੇ ਦਾ ਤੇ ਉਨ੍ਹਾਂ ਦਾ ਆਪਣਾ ਲਾਭ ਹੁੰਦਾ ਹੈ। ਗੁਰੂ ਜੀ ਦੇ ਕਹੇ ਸਪਸ਼ਟ 'ਅਜੂਨੀ' ਸ਼ਬਦ ਦੇ ਬਾਵਜੂਦ ਉਹ ਕਰਤਾ ਪੁਰਖੁ ਨੂੰ ਵਿਰਾਟ ਸ਼ਕਤੀਆਂ ਵਾਲਾ ਇਕ ਸਰਬ-ਵਿਆਪਕ ਅੰਤਰਜਾਮੀ ਦੇਹ-ਧਾਰੀ ਪੁਰਸ਼ ਹੀ ਮੰਨਦੇ ਹਨ, ਜਿਸ ਦੀਆਂ ਬਖਸ਼ਿਸ਼ਾਂ ਉਸ ਦੀ ਸਵੈ-ਇੱਛਾ 'ਤੇ ਨਿਰਭਰ ਕਰਦੀਆਂ ਹਨ।

ਪਰਮ-ਸਤਿ ਦਾ ਅਗਲਾ ਮੁੱਖ ਗੁਣ ਸੈਭੰ ਭਾਵ ਖੁਦ-ਰੌਸ਼ਨ ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨਕੋਸ਼ ਵਿਚ ਇਸ ਦੇ ਅਰਥ 'ਆਪਣੇ ਆਪ ਤੋਂ ਹੋਣ ਵਾਲਾ' ਭਾਵ ਜੋ ਕਿਸੇ ਤੋਂ ਨਹੀਂ ਬਣਿਆ, ਕੀਤੇ ਹਨ। ਸੋ ਗੁਰੂ ਸਾਹਿਬ ਅਨੁਸਾਰ ਇਹ ਉਹ ਹੋਂਦ ਹੈ, ਜੋ ਅਰੰਭ ਤੋਂ ਈ ਚਲੀ ਆ ਰਹੀ ਹੈ, ਕਦੇ ਬਣੀ ਨਹੀਂ! ਇਸ ਦੀ ਹੋਂਦ ਹਮੇਸ਼ਾ ਤੋਂ ਹੋਂਦ ਵਿਚ ਹੈ, ਇਹ ਹੋਂਦ ਵਿਚ ਕਦੇ ਆਈ ਹੀ ਨਹੀਂ। ਇਸ ਲਈ ਹੋਂਦ ਵਿਚ ਆਉਣ ਦੀ ਕ੍ਰਿਆ ਇਸ ਉਤੇ ਲਾਗੂ ਨਹੀਂ ਹੁੰਦੀ। ਇਹ ਤਾਂ ਸਭ ਹੋਂਦਾਂ ਦਾ ਮੂਲ ਹੈ ਤੇ ਕਾਲ ਦੀਆਂ ਸੀਮਾਵਾਂ ਤੋਂ ਬਾਹਰ ਹੈ। ਇਸ ਲਈ ਇਹ ਹਮੇਸ਼ਾ ਤੋਂ ਹੈ ਤੇ ਇਵੇਂ ਈ ਚਲਦੀ ਆ ਰਹੀ ਹੈ, ਭਾਵ ਕਦੇ ਬਣੀ ਨਹੀਂ।

ਇਹ ਸੰਕਲਪ ਜ਼ਰਾ ਟੇਢਾ ਹੈ, ਇਸ ਲਈ ਸਮਝ ਵਿਚ ਆਉਣਾ ਮੁਸ਼ਕਿਲ ਹੈ। ਕੋਈ ਵੀ ਹੋਂਦ ਕਾਲ ਤੋਂ ਬਾਹਰ ਕਿਵੇਂ ਹੋ ਸਕਦੀ ਹੈ ਤੇ ਕਿਸੇ ਦੇ ਬਣਾਏ ਤੋਂ ਬਿਨਾ ਬਣ ਕਿਵੇਂ ਸਕਦੀ ਹੈ? ਇਹ ਸੋਚ ਕੇ ਵੀ ਸੋਚਿਆ ਨਹੀਂ ਜਾ ਸਕਦਾ ਕਿਉਂਕਿ ਕਾਲ ਦੀਆਂ ਸੀਮਾਵਾਂ ਵਿਚ ਰਹਿਣ ਵਾਲਿਆਂ ਲਈ ਅਕਾਲ ਨੂੰ ਸੋਚਣਾ ਵੀ ਕਠਿਨ ਹੈ। ਜਿਸ ਚੌਗਿਰਦੇ ਵਿਚ ਮਨੁੱਖ ਰਹਿੰਦਾ ਹੈ, ਉਸ ਵਿਚ ਸਭ ਵਸਤਾਂ ਕਿਸੇ ਨਾ ਕਿਸੇ ਨੇ ਕਦੇ ਨਾ ਕਦੇ ਬਣਾਈਆਂ ਹਨ। ਕੋਈ ਅਜਿਹੀ ਚੀਜ਼ ਦਿਖਾਈ ਦੇਣੀ ਤਾਂ ਕੀ, ਕਲਪਨਾ ਵਿਚ ਵੀ ਨਹੀਂ ਆਉਂਦੀ ਜਿਸ ਦਾ ਕਿਸੇ ਨੇ ਨਿਰਮਾਣ ਨਾ ਕੀਤਾ ਹੋਵੇ। ਮੇਜ, ਕੁਰਸੀ ਤੇ ਘਰ ਮਨੁੱਖ ਨੇ ਖੁਦ ਬਣਾਏ ਹਨ। ਖੁੱਡ, ਆਲ੍ਹਣਾ ਤੇ ਛੱਤਾ ਦੂਜੇ ਜੀਵਾਂ ਨੇ ਬਣਾਏ ਹਨ। ਚਾਰੇ ਪਾਸੇ ਕੋਈ ਚੀਜ਼ ਨਿਰਮਾਣ ਬਿਨਾ ਬਣੀ ਦਿਖਾਈ ਨਹੀਂ ਦਿੰਦੀ। ਕੋਈ ਚੀਜ਼ ਸਥਾਈ ਨਹੀਂ ਦਿਸਦੀ। ਸਭ ਚੀਜ਼ਾਂ ਸਮਾਂ ਪਾ ਕੇ ਪੁਰਾਣੀਆਂ ਹੋ ਜਾਂਦੀਆਂ ਹਨ ਤੇ ਖਤਮ ਹੋ ਜਾਂਦੀਆਂ ਹਨ। ਨਵੀਆਂ ਚੀਜ਼ਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ ਜਾਂ ਬਣਾਈਆਂ ਜਾਂਦੀਆਂ ਹਨ। ਇਥੋਂ ਤੀਕ ਕਿ ਚੰਦ, ਸੂਰਜ, ਤਾਰੇ, ਗ੍ਰਹਿ ਤੇ ਗਲੈਕਸੀਆਂ ਵੀ ਖਰਬਾਂ ਸਾਲ ਪਹਿਲਾਂ ਸੁਪਰ-ਨੋਵਾ ਨਾਂ ਦੇ ਬੱਦਲ ਦੇ ਵਿਸਫੋਟ ਤੋਂ ਬਣੇ ਸਨ। ਇਹ ਸਭ ਲਗਾਤਾਰ ਗਰਦਿਸ਼ ਵਿਚ ਹਨ, ਠੰਡੇ ਹੋ ਰਹੇ ਹਨ, ਪਲ ਪਲ ਬਦਲ ਰਹੇ ਹਨ ਤੇ ਕਿਸੇ ਦਿਨ ਸਿਮਟ ਜਾਣਗੇ। ਪੂਰੇ ਬ੍ਰਹਿਮੰਡ ਵਿਚ ਇਕ ਵੀ ਚੀਜ਼ ਅਜਿਹੀ ਨਹੀਂ ਜਿਸ ਦੀ ਉਤਪਤੀ ਨਹੀਂ ਹੋਈ ਤੇ ਜੋ ਖਤਮ ਨਹੀਂ ਹੋਈ।

ਕੁਦਰਤੀ ਵਰਤਾਰਿਆਂ ਦੇ ਅਜਿਹੇ ਝੁਰਮਟ ਵਿਚ ਵਾਸ ਕਰਦਿਆਂ ਕਾਲ ਤੇ ਅਕਾਲ ਵਿਚਕਾਰ ਇਕ ਸੰਘਣਾ ਪਰ ਅਦਿੱਖ ਪਰਦਾ ਬਣਿਆ ਹੋਇਆ ਹੈ। ਇਸ ਲਈ ਮਨੁੱਖ ਲਈ ਸਵੈ-ਪ੍ਰਗਟਾਵੇ ਤੇ ਸਦੀਵੀ ਰਹਿਤ ਵਾਲੀ ਹੋਂਦ ਦੀ ਕਲਪਨਾ ਕਰਨਾ ਅਸੰਭਵ ਵਾਂਗ ਹੈ। ਇਸ ਤਰ੍ਹਾਂ ਦੀ ਧਾਰਨਾ ਨੂੰ ਲੰਮੇ ਵਿਗਿਆਨਕ ਅਧਿਐਨ ਤੇ ਡੂੰਘੀ ਦਿਮਾਗੀ ਇਕਾਗਰਤਾ ਨਾਲ ਹੀ ਮਨ ਵਿਚ ਧਾਰਿਆ ਜਾ ਸਕਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਸਭ ਵਿਸ਼ੇਸ਼ਤਾਈਆਂ ਦੇ ਵਰਣਨ ਤੋਂ ਬਾਅਦ ਜਪੁ ਸ਼ਬਦ ਲਿਖ ਕੇ ਮਨੁੱਖ ਨੂੰ ਇਨ੍ਹਾਂ ਦਾ ਦਿਮਾਗ ਵਿਚ ਅਧਿਐਨ ਕਰਨ ਦੀ ਤਾਕੀਦ ਕੀਤੀ ਹੈ।

ਗੁਰੂ ਸਾਹਿਬ ਦੇ ਪਰਮ-ਸਤਿ ਦੇ ਪ੍ਰਤੀਬਿੰਬ ਨੂੰ ਮਨ ਵਿਚ ਧਾਰਨ ਕਰਨ ਵਿਚ ਵਿਗਿਆਨ ਇਕੱਲਾ ਹੀ ਸਮਰੱਥ ਨਹੀਂ ਹੈ। ਇਸ ਕੰਮ ਲਈ ਗਿਆਨ, ਤਰਕ ਤੇ ਅਨੁਭਵ ਦੀ ਵੀ ਓਨੀ ਹੀ ਜਰੂਰਤ ਹੈ, ਜਿੰਨੀ ਵਿਗਿਆਨਕ ਅਧਿਐਨ ਦੀ। ਇਸ ਲਈ ਜੋ ਵਿਦਵਾਨ ਕੇਵਲ ਕੱਚ-ਘਰੜ ਵਿਗਿਆਨ ਦੇ ਰਸਤੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ, ਉਹ ਵੀ ਗਲਤੀ ਕਰ ਬੈਠਦੇ ਹਨ। ਉਹ ਆਪਣੇ ਰੋਜ਼ਾਨਾ ਅਨੁਭਵ ਤੋਂ ਇਹ ਲੱਖਣ ਲਾਉਂਦੇ ਹਨ ਕਿ ਸੰਸਾਰ ਵਿਚ ਯੋਜਨਾ ਤੇ ਨਮੂਨਾਕਾਰੀ ਤੋਂ ਬਿਨਾ ਕਿਸੇ ਵਸਤੂ ਦਾ ਨਿਰਮਾਣ ਸੰਭਵ ਨਹੀਂ। ਯੋਜਨਾ ਤੇ ਨਮੂਨਾਕਾਰੀ ਪ੍ਰੌੜ ਮਨੁੱਖੀ ਬੁੱਧੀ ਦੀ ਉਪਜ ਹਨ। ਇਸ ਤਰਕ ਨੂੰ ਖਿੱਚ ਕੇ ਵਧਾਉਂਦਿਆਂ ਉਹ ਸੋਚਦੇ ਹਨ ਕਿ ਬ੍ਰਹਿਮੰਡ ਵੀ ਕਿਸੇ ਮਹਾਂ-ਬੌਧਿਕ ਪੁਰਸ਼ ਦੀ ਹੀ ਸਿਰਜਣਾ ਹੈ। ਇਹ ਮਹਾਂ-ਬੁੱਧੀ ਉਨ੍ਹਾਂ ਅਨੁਸਾਰ ਅਸਮਾਨ ਜਾਂ ਵਾਯੂਮੰਡਲ ਵਿਚ ਕਿਤੇ ਛੁਪੀ ਹੋਈ ਹੈ। ਇਸ ਲਈ ਉਹ ਇਸ ਅਦ੍ਰਿਸ਼ਟ ਪੁਰਸ਼ ਦੀ ਭਾਲ ਵਿਚ ਜੁਟ ਜਾਂਦੇ ਹਨ। ਮਿਲਣ ਦੀ ਆਸ ਵਿਚ ਉਸ ਦੀ ਪੂਜਾ-ਪ੍ਰਸ਼ੰਸਾ ਸ਼ੁਰੂ ਕਰ ਦਿੰਦੇ ਹਨ ਤਾਂ ਜੋ ਉਹ ਖੁਸ਼ ਹੋ ਕੇ ਉਨ੍ਹਾਂ 'ਤੇ ਦਾਤਾਂ ਦਾ ਮੀਂਹ ਬਰਸਾਉਣ ਲੱਗੇ।

ਦੇਖਣ ਨੂੰ ਤਾਂ ਉਨ੍ਹਾਂ ਦਾ ਇਹ ਤਰਕ ਉਨ੍ਹਾਂ ਨੂੰ ਜਾਇਜ਼ ਲਗਦਾ ਹੈ ਪਰ ਅਸਲ ਵਿਚ ਹੈ ਨਹੀਂ। ਅਸੀਂ ਹਰ ਰੋਜ਼ ਸੂਰਜ ਨੂੰ ਪੂਰਬ ਵਿਚੋਂ ਚੜ੍ਹਦਾ ਤੇ ਪੱਛਮ ਵਿਚ ਢਲਦਾ ਦੇਖਦੇ ਹਾਂ। ਜੇ ਜੁਗਾਂ ਪੁਰਾਣੇ ਇਸ ਵਿਗਿਆਨਕ ਸਰਵੇਖਣ ਤੋਂ ਕੋਈ ਇਹ ਨਤੀਜਾ ਕੱਢ ਲਵੇ ਕਿ ਸੂਰਜ ਹਮੇਸ਼ਾ ਲਈ ਇਵੇਂ ਹੀ ਚੜ੍ਹਦਾ-ਉਤਰਦਾ ਰਹੇਗਾ ਤਾਂ ਇਹ ਸੱਚ ਨਹੀਂ ਹੋਵੇਗਾ। ਕਿਉਂਕਿ ਵਿਗਿਆਨ ਹੀ ਦੱਸਦਾ ਹੈ ਕਿ ਇਹ ਸਿਤਾਰਾ ਜਲ ਜਲ ਕੇ ਹਰ ਸਾਲ ਭਾਰੀ ਮਾਤਰਾ ਵਿਚ ਖੁਰ ਰਿਹਾ ਹੈ ਤੇ ਇਕ ਦਿਨ ਅਜਿਹਾ ਵੀ ਆਵੇਗਾ ਜਦੋਂ ਇਹ ਆਮ ਵਾਂਗ ਦਿਖਾਈ ਨਹੀਂ ਦੇਵੇਗਾ। ਜੋ ਪੁਲਾੜ ਵਿਚ ਦੂਜਿਆਂ ਨਾਲ ਵਾਪਰ ਚੁਕਾ ਹੈ, ਉਹ ਇਸ ਗੱਲ ਦਾ ਪ੍ਰਮਾਣ ਹੈ।

ਇਸ ਲਈ ਵਿਗਿਆਨ ਨੂੰ ਟੋਟਕਿਆਂ ਦੇ ਰੂਪ ਵਿਚ ਵਰਤਣਾ ਵਿਗਿਆਨ ਨਹੀਂ ਹੈ। ਸਮੁੱਚੀ ਵਿਗਿਆਨਕ ਵਿਧੀ ਤੇ ਪਰਖ ਨੂੰ ਨਾਲ ਲੈ ਕੇ ਚਲਣਾ ਹੀ ਅਸਲੀ ਵਿਗਿਆਨ ਹੈ। ਗੁਰੂ ਨਾਨਕ ਦੇ ਦੱਸੇ ਗੁਣ ਸੈਭੰ ਦੀ ਸੱਚਾਈ ਦੀ ਵਿਗਿਆਨ ਵਿਚ ਅਕਥ ਮਹਾਨਤਾ ਹੈ। ਵਿਗਿਆਨ ਦਾ ਸਭ ਤੋਂ ਵੱਡਾ ਤੇ ਪੁਰਾਣਾ ਨਿਯਮ ਕਿ ਪਦਾਰਥ ਦੀ ਆਪਣੀ ਪੱਕੀ ਹੋਂਦ ਹੈ ਭਾਵ ਇਹ ਕਿਸੇ ਬਣਾਇਆ ਨਹੀਂ, ਇਸੇ ਗੁਣ ਨੂੰ ਸਵੀਕਾਰ ਕਰਦਾ ਹੈ। ਇਸੇ ਵਿਗਿਆਨਕ ਨਿਯਮ ਦਾ ਸੋਧਿਆ ਰੂਪ ਕਿ 'ਪਦਾਰਥ ਨਾ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਖਤਮ ਕੀਤਾ ਜਾ ਸਕਦਾ ਹੈ' ਵੀ ਪਰਮ-ਸਤਿ ਦੇ ਇਸੇ ਗੁਣ 'ਤੇ ਹੀ ਆਧਾਰਤ ਹੈ। ਆਧੁਨਿਕ ਵਿਗਿਆਨ ਦੀਆਂ ਖੋਜਾਂ ਨੇ ਇਨ੍ਹਾਂ ਨਿਯਮਾਂ ਦੀ ਵਾਰ ਵਾਰ ਪ੍ਰੋੜਤਾ ਕੀਤੀ ਹੈ। ਭਾਵੇਂ ਕੋਈ ਪਰਮ-ਸਤਿ ਤੇ ਪਦਾਰਥ ਦੀ ਨੇੜਤਾ ਨੂੰ ਇਕ-ਰੂਪ ਸਮਝੇ ਜਾਂ ਨਾ, ਪਰ ਗੁਰੂ ਸਾਹਿਬ ਨੇ ਤਾਂ ਇਸ ਨੂੰ ਆਪਣੇ ਵਲੋਂ ਸਮਝਾਉਣ ਦੀ ਕੋਈ ਕਸਰ ਨਹੀਂ ਛੱਡੀ।

(ਚਲਦਾ)

# ਹੈ ਕੋਈ ਰਾਮ ਪਿਆਰੋ ਗਾਵੈ

## ਗੁਰਬਾਣੀ ਗਿਆਨ

**ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮ: ੫**
**ੴ ਸਤਿਗੁਰੁ ਸਤਿਗੁਰੁ ਪ੍ਰਸਾਦਿ॥**

ਹੈ ਕੋਈ ਰਾਮ ਪਿਆਰੋ ਗਾਵੈ॥
ਸਰਬ ਕਲਿਆਣ ਸੂਖ ਸਚੁ ਪਾਵੈ॥ ਰਹਾਉ॥
ਬਨੁ ਬਨੁ ਖੋਜਤ ਫਿਰਤ ਬੈਰਾਗੀ॥
ਬਿਰਲੇ ਕਾਹੂ ਏਕ ਲਿਵ ਲਾਗੀ॥
ਜਿਨਿ ਹਰਿ ਪਾਇਆ ਸੇ ਵਡਭਾਗੀ॥
ਬ੍ਰਹਮਾਦਿਕ ਸਨਕਾਦਿਕ ਚਾਹੈ॥
ਜੋਗੀ ਜਤੀ ਸਿਧ ਹਰਿ ਆਹੈ॥
ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ॥
ਤਾ ਕੀ ਸਰਣਿ ਜਿਨ ਬਿਸਰਤ ਨਾਹੀ॥
ਵਡਭਾਗੀ ਹਰਿ ਸੰਤ ਮਿਲਾਹੀ॥
ਜਨਮ ਮਰਣ ਤਿਹ ਮੂਲੇ ਨਾਹੀ॥
ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ॥
ਬਿਨਉ ਸੁਨਹੁ ਪ੍ਰਭ ਊਚ ਅਪਾਰੇ॥
ਨਾਨਕੁ ਮਾਂਗਤੁ ਨਾਮੁ ਅਧਾਰੇ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਉਪਦੇਸ਼ ਕਰਦੇ ਹਨ, ਹੇ ਭਾਈ ਕੋਈ ਵਿਰਲਾ ਵੱਡੇ ਭਾਗਾਂ ਵਾਲਾ ਮਨੁੱਖ ਹੀ ਉਸ ਪ੍ਰਭੂ ਪਿਆਰੇ ਦੇ ਗੁਣ ਗਾਉਂਦਾ ਹੈ। ਪ੍ਰਭੂ ਭਗਤੀ ਕਰਕੇ ਉਹ ਸਾਰੇ ਸੁਖ ਪ੍ਰਾਪਤ ਕਰ ਲੈਂਦਾ ਹੈ, ਸਾਰੇ ਅਨੰਦ ਵੀ ਮਾਣਦਾ ਹੈ ਅਤੇ ਉਹ ਭਾਗਾਂ ਵਾਲਾ ਮਨੁੱਖ ਸਦਾ ਥਿਰ ਰਹਿਣ ਵਾਲੇ ਮਿਹਰਬਾਨ ਪਿਆਰੇ ਨੂੰ ਮਿਲ ਵੀ ਪੈਂਦਾ ਹੈ।

ਬਨੁ ਬਨੁ ਖੋਜਤ ਫਿਰਤ ਬੈਰਾਗੀ॥
ਬਿਰਲੇ ਕਾਹੂ ਏਕ ਲਿਵ ਲਾਗੀ॥
ਜਿਨਿ ਹਰਿ ਪਾਇਆ ਸੇ ਵਡਭਾਗੀ॥

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ ਉਸ ਪਿਆਰੇ ਪ੍ਰੀਤਮ ਨੂੰ ਮਿਲਣ ਵਾਸਤੇ ਜੇ ਕੋਈ ਮਨੁੱਖ ਗ੍ਰਹਿਸਥ ਜੀਵਨ ਤੋਂ ਉਪਰਾਮ ਹੋ ਕੇ ਜੰਗਲ ਜੰਗਲ ਢੂੰਡਦਾ ਫਿਰਦਾ ਹੈ ਤਾਂ ਇਸ ਤਰ੍ਹਾਂ ਪਰਮਾਤਮਾ ਨਹੀਂ ਮਿਲਦਾ। ਭਾਈ! ਕਿਸੇ ਵਿਰਲੇ ਮਨੁੱਖ ਦੀ ਉਸ ਇਕ ਪ੍ਰਭੂ ਨਾਲ ਲਿਵ ਲੱਗਦੀ ਹੈ। ਜਿਸ ਜਿਸ ਮਨੁੱਖ ਨੇ ਪ੍ਰਭੂ ਨੂੰ ਲੱਭ ਲਿਆ ਹੈ, ਉਹ ਸਾਰੇ ਵੱਡੇ ਭਾਗਾਂ ਵਾਲੇ ਹਨ।

ਬ੍ਰਹਮਾਦਿਕ ਸਨਕਾਦਿਕ ਚਾਹੈ॥
ਜੋਗੀ ਜਤੀ ਸਿਧ ਹਰਿ ਆਹੈ॥
ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ॥

ਸਤਿਗੁਰੂ ਆਖਦੇ ਹਨ, ਹੇ ਭਾਈ ਬ੍ਰਹਮਾ ਅਤੇ ਹੋਰ ਵੱਡੇ ਵੱਡੇ ਦੇਵਤੇ, ਸਨਕ ਅਤੇ ਉਸ ਦੇ ਸਾਰੇ ਭਰਾ-ਸਨੰਦਨ, ਸਨਾਤਨ, ਸਨਤ ਕੁਮਾਰ ਇਨ੍ਹਾਂ ਵਿਚੋਂ ਹਰ ਇਕ ਪ੍ਰਭੂ ਦਾ ਮਿਲਾਪ ਚਾਹੁੰਦਾ ਹੈ। ਜੋਗੀ, ਜਤੀ, ਸਿਧ ਭਾਵ ਹਰ ਕੋਈ ਉਸ ਮਿਹਰਬਾਨ ਪ੍ਰਭੂ ਨੂੰ ਮਿਲਣ ਦੀ ਤਾਂਘ ਕਰਦਾ ਹੈ ਪਰ ਜਿਸ ਵਡਭਾਗੇ ਨੂੰ ਧੁਰੋਂ ਇਹ ਦਾਤ ਮਿਲੀ ਹੈ, ਉਹ ਹੀ ਉਸ ਮਾਲਕ ਪ੍ਰਭੂ ਦੇ ਗੁਣ ਗਾ ਸਕਦਾ ਹੈ।

ਤਾ ਕੀ ਸਰਣਿ ਜਿਨ ਬਿਸਰਤ ਨਾਹੀ॥
ਵਡਭਾਗੀ ਹਰਿ ਸੰਤ ਮਿਲਾਹੀ॥
ਜਨਮ ਮਰਣ ਤਿਹ ਮੂਲੇ ਨਾਹੀ॥

ਗੁਰਦੇਵ ਇਨ੍ਹਾਂ ਪੰਕਤੀਆਂ ਵਿਚ ਆਖਦੇ ਹਨ, ਹੇ ਭਾਈ ਉਨ੍ਹਾਂ ਦੀ ਸ਼ਰਣ ਵਿਚ ਰਹੀਏ ਜਿਨ੍ਹਾਂ ਨੂੰ ਉਹ ਜਗਤ ਦਾ ਮਾਲਕ ਪਰਮਾਤਮਾ ਕਦੇ ਭੁਲਦਾ ਨਹੀਂ। 'ਵਡਭਾਗੀ ਹਰਿ ਸੰਤ ਮਿਲਾਹੀ॥' ਪਰ ਹੇ ਭਾਈ ਪਰਮਾਤਮਾ ਦੇ ਪਿਆਰੇ ਸੰਤਾਂ ਨੂੰ ਵੀ ਕੋਈ ਵੱਡੇ ਭਾਗਾਂ ਵਾਲੇ ਹੀ ਮਿਲ ਸਕਦੇ ਹਨ। ਉਨ੍ਹਾਂ ਪ੍ਰਭੂ ਦੇ ਪਿਆਰੇ ਸੰਤ ਜਨਾਂ ਨੂੰ ਜਨਮ ਤੇ ਮਰਨ ਦੇ ਗੇੜ ਵਿਚ ਕਦੀ ਵੀ ਨਹੀਂ ਜਾਣਾ ਪੈਂਦਾ।

ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ॥
ਬਿਨਉ ਸੁਨਹੁ ਪ੍ਰਭ ਊਚ ਅਪਾਰੇ॥
ਨਾਨਕੁ ਮਾਂਗਤੁ ਨਾਮੁ ਅਧਾਰੇ॥

ਗੁਰਦੇਵ ਜੀ ਉਸ ਮਾਲਕ ਪਰਮਾਤਮਾ ਕੋਲ ਅਰਦਾਸ ਕਰਦੇ ਹਨ, ਹੇ ਮੇਰੇ ਪਿਆਰੇ ਪ੍ਰੀਤਮ ਪ੍ਰਭੂ ਜੀਓ, ਮੇਰੇ ਉਤੇ ਕਿਰਪਾ ਕਰ ਅਤੇ ਮੈਨੂੰ ਆ ਕੇ ਮਿਲ। ਹੇ ਸਭ ਤੋਂ ਉਚੇ ਤੇ ਬੇਅੰਤ ਪ੍ਰਭ ਜੀਓ, ਮੇਰੀ ਇਹ ਬੇਨਤੀ ਸੁਣ ਅਤੇ ਪ੍ਰਵਾਨ ਕਰ। 'ਨਾਨਕੁ ਮਾਂਗਤੁ ਨਾਮੁ ਅਧਾਰੇ॥' ਹੇ ਮੇਰੇ ਮਿਹਰਬਾਨ ਪ੍ਰਭੂ, ਤੇਰਾ ਇਹ ਦਾਸ ਨਾਨਕ ਤੇਰੇ ਕੋਲੋਂ ਤੇਰਾ ਨਾਮ ਹੀ ਮੰਗਦਾ ਹੈ; ਤੇਰਾ ਨਾਮ ਹੀ ਮੇਰੀ ਜ਼ਿੰਦਗੀ ਦਾ ਆਸਰਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਮਹਿਕਾਂ ਦੀ ਗਾਨੀ ਵਾਲਾ ਚੇਤਰ

ਬਾਰਹਮਾਹ

**ਚੇਤਰ ਦੇਸੀ ਸਾਲ ਦਾ ਪਹਿਲਾ ਮਹੀਨਾ ਹੈ। ਸਾਲ ਦਾ ਪਹਿਲਾ ਮਹੀਨਾ ਹੋਣ ਕਰ ਕੇ ਇਕ ਵਾਰ ਫਿਰ ਉਮੀਦਾਂ ਨਿਸਰਦੀਆਂ ਹਨ। ਉਡੀਕਾਂ ਮਾਰਿਆਂ ਲਈ ਇਹ ਬੀਤ ਚੁੱਕੇ ਦੇ ਨਾਲ ਨਾਲ ਆਉਣ ਵਾਲੇ ਭਵਿੱਖ ਦੀਆਂ ਸੰਭਾਵੀ ਉਡਾਰੀਆਂ ਨੂੰ ਵੀ ਹਵਾ ਦਿੰਦਾ ਹੈ। ਚੇਤਰ ਮਹੀਨੇ ਸਾਰੀ ਕਾਇਨਾਤ ਖੇੜੇ ਵਿਚ ਹੁੰਦੀ ਹੈ। ਲੇਖਕ ਨੇ ਆਪਣੇ ਇਸ ਲੇਖ ਵਿਚ ਚੇਤਰ ਦੀ ਚੌਧਰ ਬਾਰੇ ਚਰਚਾ ਨਿੱਠ ਕੇ ਕੀਤੀ ਹੈ। -ਸੰਪਾਦਕ**

ਦਿਨ-ਰਾਤ ਦਾ, ਚਾਨਣ-ਹਨੇਰੇ ਦਾ ਕੁਦਰਤ ਵੱਲੋਂ ਰਚਾਇਆ ਖੇਲ ਵਾਕਿਆ ਹੀ ਅਦਭੁਤ ਵਰਤਾਰਾ ਹੈ। ਰਹੱਸਮਈ ਵੀ ਅਤੇ ਸਹਿਜ ਭਰਪੂਰ ਵੀ। ਬੜੇ ਅਰਾਮ ਨਾਲ ਸੂਰਜ ਨਿਕਲਦਾ ਹੈ, ਦਿਨ ਦਾ ਆਗਾਜ਼ ਹੁੰਦਾ ਹੈ। ਚਾਨਣ ਫੈਲਦਾ ਹੈ। ਰਵਾਂ-ਰਵੀ ਇਹ ਦਿਨ ਰਾਤ ਦੀ ਬੁੱਕਲ ਵਿਚ ਛੁਪ ਜਾਂਦਾ ਹੈ। ਜਿਉਂ ਹੀ ਪੂਰਬ 'ਚੋਂ ਨਿਕਲਿਆ ਸੂਰਜ ਪੱਛਮ ਦੀ ਗੋਦ ਵਿਚ ਲੋਪ ਹੁੰਦਾ ਹੈ, ਹਨੇਰਾ ਵਧਣ ਅਤੇ ਫੈਲਣ ਲੱਗਦਾ ਹੈ। ਵਿਸ਼ਾਲ ਧਰਤੀ ਉਤੇ ਰਾਤ ਅਤੇ ਹਨੇਰੇ ਦਾ ਇਹ ਖੇਲ ਨਿਰੰਤਰ ਚੱਲਦਾ ਆਇਆ ਹੈ ਅਤੇ ਚੱਲ ਰਿਹਾ ਹੈ। ਇਨ੍ਹਾਂ ਗੇੜਿਆਂ ਦੇ ਸਬੱਬ ਹਫਤੇ, ਮਹੀਨੇ, ਸਾਲ ਗੁਜ਼ਰੀ ਜਾਂਦੇ ਹਨ। ਸਾਲਾਂ ਦੇ ਸਾਲ ਬੀਤੀ ਜਾਂਦੇ ਹਨ। ਰੁੱਤਾਂ-ਥਿਤਾਂ ਦਾ ਕਾਫਲਾ ਆਪੋ-ਆਪਣੇ ਰੰਗ ਬਖੇਰੀ ਜਾਂਦਾ ਹੈ ਅਤੇ ਸਾਡੇ ਜੀਵਨ ਨੂੰ ਕਈ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਅੱਗੇ ਤੁਰੀ ਜਾਂਦਾ ਹੈ।

**ਆਸਾ ਸਿੰਘ ਘੁਮਾਣ**
ਫੋਨ: 91-98152-53245

ਮਨੁੱਖੀ ਮਨ ਦੇ ਹਾਵ-ਭਾਵ ਵੀ ਇਸੇ ਤਰ੍ਹਾਂ ਹੀ ਜੀਵਨ ਰਾਸ ਰਚਾਉਂਦੇ ਹਨ। ਕਦੀ ਮਨਾਂ ਵਿਚ ਖੇੜੇ ਆਉਂਦੇ ਹਨ ਅਤੇ ਕਦੀ ਉਦਾਸੀਆਂ ਦੇ ਬੱਦਲ ਛਾ ਜਾਂਦੇ ਹਨ। ਕਦੀ ਸਰੀਰਾਂ ਵਿਚ ਮੌਲ-ਸਰੀ ਮਹਿਕਦੀ ਹੈ ਅਤੇ ਕਦੀ ਸੁੱਤੇ ਫੁੱਲਾਂ ਤੇ ਕਲੀਆਂ ਵਾਂਗ ਸਰੀਰ ਨਿਤਾਣਾ ਹੋਇਆ ਰਹਿੰਦਾ ਹੈ। ਕੋਈ ਰੁੱਤ ਭਖਦੇ ਅੰਗਿਆਰਾਂ ਦੀ ਆਉਂਦੀ ਹੈ ਅਤੇ ਕੋਈ ਕੋਰੇ ਵਰਗੀ ਠੰਢੀ ਗਤੀ-ਹੀਣ ਤੇ ਨਿਰ-ਉਤਸ਼ਾਹਤ; ਪਰ ਚੇਤਰ ਦੇ ਮਹੀਨੇ ਦੀ ਰੁੱਤ ਉਹ ਰੁੱਤ ਹੈ ਜਦੋਂ ਸਾਰੀ ਚੰਬਾ ਖੁਲਦਾ ਹੈ ਅਤੇ ਮਸਤਕ ਵਿਚੋਂ ਮਹਿਕਾਂ ਫੁੱਟਦੀਆਂ ਹਨ। ਚੇਤਰ ਦੋ ਗੈਰ-ਅਨੁਕੂਲ ਮੌਸਮਾਂ ਦਾ ਬਿਹਤਰੀਨ ਅਤੇ ਖੁਸ਼-ਗਵਾਰ ਸੰਤੁਲਨ ਹੈ। ਚੇਤਰ ਸੁਹਾਵਣੇ ਅਤੇ ਸੁਹਜ ਭਰੇ ਅਹਿਸਾਸ ਦਾ ਨਾਂ ਹੈ। ਚੇਤਰ ਦਾ ਸਬੰਧ 'ਬਨ ਫੂਲੇ' ਨਾਲ ਹੈ, 'ਭਵਰ ਸੁਹਾਵੜੇ' ਨਾਲ ਹੈ, 'ਕੋਕਿਲ ਅੰਬ ਸੁਹਾਵੀ ਬੋਲੇ' ਨਾਲ ਹੈ। ਮੋਟੇ-ਠੁੱਲ੍ਹੇ ਅਹਿਸਾਸ ਵਾਲੇ ਲੋਕਾਂ ਉਤੇ ਭਾਵੇਂ ਇਹਦਾ ਕੋਈ ਅਸਰ ਨਾ ਹੋਵੇ ਪਰ ਸੁਹਜਾਤਮਕ ਬਿਰਤੀਆਂ ਅਤੇ ਸੰਵੇਦਨਸ਼ੀਲ ਚੇਤਨਾ ਵਾਲੇ ਲੋਕਾਂ ਦੀਆਂ ਰੂਹਾਂ ਵਿਚ ਇਹ ਅਨਾਦੀ ਤਰੰਗਾਂ ਛੇੜਦਾ ਹੈ। ਤਨ, ਮਨ ਅਤੇ ਰੂਹ ਝੂਮ ਉਠਦੀ ਹੈ। ਵੇਖਣ, ਸੁਣਨ, ਸੁੰਘਣ ਅਤੇ ਮਹਿਸੂਸ ਕਰਨ ਦੀਆਂ ਸਾਰੀਆਂ ਇੰਦਰੀਆਂ ਮੌਲ ਉਠਦੀਆਂ ਹਨ। ਅੰਬਾਂ ਦੀਆਂ ਟਾਹਣੀਆਂ 'ਤੇ ਬੂਰ ਪੈਂਦਾ ਹੈ। ਕੋਇਲ ਆਪਣੀ ਮਿੱਠੀ ਪਿਆਰੀ ਆਵਾਜ਼ ਵਿਚ ਕੂ-ਕੂ ਕਰਨ ਲੱਗਦੀ ਹੈ। ਕੋਇਲ ਦੀ ਵੇਦਨਾ ਭਰੀ ਆਵਾਜ਼ ਇੰਨੀ ਭਰਵੀਂ ਹਾਜ਼ਰੀ ਲਗਾਉਂਦੀ ਹੈ ਕਿ ਇਸ ਦੀ ਕੂਕ ਤੋਂ ਕੋਈ ਵੀ ਬੇ-ਨਿਆਜ਼ ਨਹੀਂ ਰਹਿ ਸਕਦਾ। ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਤਰਲੋਮੱਛੀ ਹੋ ਰਹੀ ਆਪਣੀ ਵੇਦਨਾ ਨੂੰ ਉਚਾ ਸੁਰ ਦੇ ਰਹੀ ਕੋਇਲ ਪੰਜਾਬੀ ਸਾਹਿਤ ਵਿਚ ਵਿਛੋੜੇ ਦਾ ਮੋਟਿਫ ਬਣ ਜਾਂਦੀ ਹੈ।

ਸਰਦੀ ਤੋਂ ਬਾਅਦ ਫਗਣ ਵਿਚ ਮੱਠਾ ਮੱਠਾ ਨਿੱਘ ਮਿਲਣ ਨਾਲ ਚੇਤਰ ਵਿਚ ਫੁੱਲ-ਬੂਟੇ ਭਰ ਜੋਬਨ ਵਿਚ ਹੁੰਦੇ ਹਨ। ਹਰ ਪਾਸੇ ਫੁੱਲ ਹੀ ਫੁੱਲ ਨਜ਼ਰੀਂ ਪੈਂਦੇ ਹਨ। ਖੇਤਾਂ ਵਿਚ ਅਲਸੀ ਅਤੇ ਸਰੋਂ ਦੇ ਫੁੱਲ ਗਜ਼ਬ ਦਾ ਨਜ਼ਾਰਾ ਪੇਸ਼ ਕਰਦੇ ਹਨ, ਜਦੋਂ ਕਿ ਰੁੱਖਾਂ 'ਤੇ ਹਜ਼ਾਰਾਂ ਹੀ ਨਿੱਕੇ ਨਿੱਕੇ ਫੁੱਲ ਕੁਦਰਤ ਦਾ ਸ਼ਾਹਕਾਰ ਬਣ ਉਠਦੇ ਹਨ। ਖਾਸ ਤੌਰ 'ਤੇ ਧਰੇਕਾਂ ਉਤੇ ਹਜ਼ਾਰਾਂ ਹੀ ਫੁੱਲ ਰੁੱਖਾਂ ਨੂੰ ਭਾਗ ਲਾ ਦਿੰਦੇ ਹਨ। ਪੰਜਾਬਣ ਮੁਟਿਆਰ ਆਪ ਮੁਹਾਰੇ ਧਰੇਕ ਨੂੰ ਮੁਖਾਤਬ ਹੋ ਕੇ ਕਹਿੰਦੀ ਹੈ:

ਹਰੀਏ-ਭਰੀਏ ਧੇਕੇ, ਨੀ ਫੁੱਲ ਦੇ ਦੇ
ਅੱਜ ਮੈਂ ਜਾਣਾ ਪੇਕੇ, ਨੀ ਫੁੱਲ ਦੇ ਦੇ।

ਕੁਦਰਤ ਪ੍ਰੇਮੀ ਧੁਰ ਅੰਦਰ ਤੱਕ ਉਸ ਕਾਦਰ ਦੇ ਰੰਗ ਵਿਚ ਖੀਵੇ ਹੋ ਹੋ ਜਾਂਦੇ ਹਨ। ਮਨ ਇਕ ਅਜੀਬ ਜਿਹੇ ਅਹਿਸਾਸ ਦਾ ਭਾਈਵਾਲ ਬਣਦਾ ਹੈ। ਹਰ ਚੰਗੇ ਮੌਸਮ ਵਿਚ ਕੋਈ ਆਪਣਾ ਹਮਰਾਜ਼, ਹਮਨਵਾ, ਹਮਰਾਹੀ, ਹਮਦਰਦ, ਹਮਜੋਲੀ ਯਾਦ ਆਉਣਾ ਸੁਭਾਵਕ ਹੈ। ਵਿਛੋੜਾ ਹੰਢਾ ਰਹੇ ਵਿਯੋਗੀਆਂ ਨੂੰ ਇਹ ਰੁੱਤ ਜ਼ਿਆਦਾ ਦੁਖਦਾਈ ਮਹਿਸੂਸ ਹੁੰਦੀ ਹੈ। ਮਨ ਵਾਰ ਵਾਰ ਵਿਆਕੁਲ ਹੋ ਉਠਦਾ ਹੈ:

ਤੁਸੀਂ ਕਿਹੜੀ ਰੁੱਤੇ ਆਏ
ਮੇਰੇ ਰਾਮ ਜੀਓ।
ਜਦੋਂ ਬਾਗੀਂ ਫੁੱਲ ਕਮਲਾਏ
ਮੇਰੇ ਰਾਮ ਜੀਓ।
ਕਿਥੇ ਸਉ ਜਦ ਸਾਹ ਵਿਚ ਚੰਬਾ
ਚੇਤਰ ਬੀਜਣ ਆਏ
ਮੇਰੇ ਰਾਮ ਜੀਓ।
ਤੁਸੀਂ ਕਿਹੜੀ ਰੁੱਤੇ ਆਏ
ਮੇਰੇ ਰਾਮ ਜੀਓ।

ਚੇਤਰ ਦਾ ਆਉਣਾ ਯਾਦ ਕਰਾਉਂਦਾ ਹੈ ਕਿ ਇਕ ਸਾਲ ਹੋਰ ਲੰਘ ਚੁੱਕੇ ਦਾ ਹਿੱਸਾ ਹੋ ਗਿਆ ਹੈ। ਸਾਲ ਦਾ ਪਹਿਲਾ ਮਹੀਨਾ ਹੋਣ ਕਰ ਕੇ ਇਕ ਵਾਰ ਫਿਰ ਉਮੀਦਾਂ ਨਿਸਰਦੀਆਂ ਹਨ। ਦੁਖੀਏ ਵਿਅਕਤੀ ਲਈ, ਵਿਯੋਗਣ ਲਈ, ਉਡੀਕਾਂ ਮਾਰਿਆਂ ਲਈ-ਇਹ ਬੀਤ ਚੁਕੇ ਦੇ ਨਾਲ ਨਾਲ ਆਉਣ ਵਾਲੇ ਭਵਿੱਖ ਦੀਆਂ ਸੰਭਾਵੀ ਉਡਾਰੀਆਂ ਨੂੰ ਵੀ ਹਵਾ ਦਿੰਦਾ ਹੈ, ਨਵੀਆਂ ਉਮੀਦਾਂ ਪੁੰਗਰਦੀਆਂ ਹਨ, ਨਵੇਂ ਅਹਿਸਾਸ ਜਾਗਦੇ ਹਨ, ਮਨ ਭਵਿੱਖ ਦੀ ਚਿੰਤਾ ਵੀ ਕਰਨ ਲੱਗਦਾ ਹੈ ਅਤੇ ਚੰਗੇ ਦੀ ਕਾਮਨਾ ਵੀ। ਭਵਿਖ ਅਨਿਸ਼ਚਿਤ ਹੋਣ ਕਰ ਕੇ ਮਨ ਪ੍ਰਭੂ ਅੱਗੇ ਅਰਦਾਸਾਂ ਵੀ ਕਰਦਾ ਹੈ।

ਚੇਤਰ ਦਾ ਮਹੀਨਾ ਬੜੇ ਸਹਿਜ ਦਾ ਮਹੀਨਾ ਹੈ। ਮੌਸਮ ਪੱਖੋਂ ਵੀ ਅਤੇ ਮਾਨਵੀ ਗਤੀਵਿਧੀਆਂ ਪੱਖੋਂ ਵੀ। ਇਸ ਦਾ ਪਹਿਲਾ ਅੱਧ ਖਾਸ ਤੌਰ 'ਤੇ ਬਹੁਤ ਅਨੰਦਮਈ ਹੁੰਦਾ ਹੈ। ਸਵੇਰ ਦਾ ਵਕਤ ਬੜੇ ਪਿਆਰੇ ਅਹਿਸਾਸ ਜਗਾਉਂਦਾ ਹੈ। ਪਹਿਲੇ ਸਮਿਆਂ ਵਿਚ ਇਨ੍ਹਾਂ ਦਿਨਾਂ ਵਿਚ ਲੋਕ ਬਾਹਰ ਸੌਣ ਲੱਗਦੇ ਸਨ, ਭਾਵੇਂ ਤਰੇਲ ਪੈਣ ਕਰ ਕੇ ਸਵੇਰ ਵੇਲੇ ਤੱਕ ਉਤੇ ਲਈ ਚਾਦਰ ਸੇਜਲ ਹੋ ਜਾਂਦੀ ਸੀ, ਪਰ ਸਵੇਰ ਵੇਲੇ ਦੀ ਮਿੱਠੀ ਮਿੱਠੀ ਠੰਢ ਚੰਗੀ ਲੱਗਦੀ ਸੀ। ਨਿੱਕੀ ਨਿੱਕੀ ਠੰਢ ਅਤੇ ਨਿੱਕਾ ਨਿੱਕਾ ਨਿੱਘ, ਇਹੋ ਤਾਂ ਇਸ ਮਹੀਨੇ ਦੀ ਅਨੰਦਤਾ ਹੈ। ਇਸ ਪਿਆਰੀ ਰੁੱਤੇ ਜੇ ਪਿਆਰੇ ਦਾ ਮਿਲਾਪ ਨਸੀਬ ਹੋ ਜਾਵੇ ਤਾਂ ਕਿਆ ਵੱਡ-ਭਾਗ! ਐਸੀ ਰੁੱਤ ਦਾ ਮਿਲਾਪ ਤਾਂ ਅਨਾਦੀ ਅਨੰਦ ਦੇਣ ਵਾਲਾ ਸਾਬਤ ਹੋ ਜਾਵੇਗਾ। ਪਰਮਾਤਮਾ ਦੀਆਂ ਨਿਆਮਤਾਂ ਨਾਲ ਭਰਪੂਰ ਇਸ ਮਹੀਨੇ ਵਿਚ ਜੇ ਵਸਲ ਦੀ ਰਹਿਮਤ ਹੋ ਜਾਵੇ ਤਾਂ ਜੀਵਨ ਦੇ ਸਮਝੋ ਸਾਰੇ ਸੁੱਖ ਨਸੀਬ ਹੋ ਗਏ।

ਚੇਤਰ ਮਹੀਨੇ ਸਾਰੀ ਕਾਇਨਾਤ ਖੇੜੇ ਵਿਚ ਹੁੰਦੀ ਹੈ। ਪੰਛੀ ਵੀ ਅਕਾਸ਼ ਵਿਚ ਚੁੰਘੀਆਂ ਭਰਨ ਲੱਗਦੇ ਹਨ। ਸ਼ਾਮ ਸਮੇਂ ਡਾਰਾਂ ਦੀਆਂ ਡਾਰਾਂ ਅਕਾਸ਼ ਵਿਚ ਰਲ ਕੇ ਮਸਤੀਆਂ ਕਰਦੀਆਂ ਸਾਨੂੰ ਕੁਦਰਤ ਦੇ ਨਜ਼ਦੀਕ ਲੈ ਆਉਂਦੀਆਂ ਹਨ। ਜੀ ਕਰਦੈ, ਇਨ੍ਹਾਂ ਦੇ ਅੰਗ-ਸੰਗ ਅਕਾਸ਼ੀਂ ਉਡਾਣਾਂ ਭਰੀਏ। ਸਵੇਰ ਸਮੇਂ ਪੰਛੀ ਜੋੜਿਆਂ ਵਿਚ ਵਿਚਰਦੇ ਹਨ ਜਦੋਂ ਕਿ ਸ਼ਾਮ ਨੂੰ ਰੁੱਖਾਂ ਉਤੇ ਜਾਂ ਅਕਾਸ਼ ਵਿਚ ਡਾਰਾਂ ਬੰਨੀਂ ਚਹਿਕਦੇ-ਟਹਿਕਦੇ ਅਤੇ ਕੁਦਰਤ ਸੰਗ ਮੌਲਦੇ ਹਨ।



ਜਿਉਂ ਜਿਉਂ ਦਿਨ ਨਿਕਲਦੇ ਹਨ, ਨਿੱਘ ਵਧਣ ਲੱਗਦਾ ਹੈ। ਧਰੇਕਾਂ, ਜੋ ਚਿੱਟੇ-ਜਾਮਨੀ ਫੁੱਲਾਂ ਨਾਲ ਲੱਦੀਆਂ ਪਈਆਂ ਸਨ, ਵਧਦੀ ਗਰਮੀ ਨਾਲ ਮੁਰਝਾਉਂਦੀਆਂ ਨਹੀਂ, ਸਗੋਂ ਜੋਬਨ ਵਿਚ ਆਉਂਦੀਆਂ ਹਨ। ਫੁੱਲ ਹੌਲੀ ਹੌਲੀ ਨਿੱਕੀਆਂ ਨਿੱਕੀਆਂ ਡਕੋਣੀਆਂ ਵਿਚ ਬਦਲਣ ਲੱਗਦੇ ਹਨ। ਇਹੋ ਡਕੋਣੀਆਂ ਹੌਲੀ ਹੌਲੀ ਡਕੋਣੇ ਜਾਂ ਧਕੋਣੇ ਬਣਨ ਲੱਗਦੇ ਹਨ ਅਤੇ ਪੀਲੇ ਰੰਗ ਵਿਚ ਬਦਲ ਕੇ ਪੱਕ ਪੱਕ ਥੱਲੇ ਡਿੱਗੀ ਜਾਂਦੇ ਹਨ ਤੇ ਅੱਗੋਂ ਹੋਰ ਪੈਦਾਵਾਰ ਦਾ ਸਬੱਬ ਬਣਦੇ ਹਨ। ਅੰਬਾਂ ਦੇ ਰੁੱਖਾਂ 'ਤੇ ਪਿਆ ਨਿੱਕਾ ਨਿੱਕਾ ਬੂਰ ਹੌਲੀ ਹੌਲੀ ਰੂਪ ਬਦਲਦਾ ਹੈ। ਕਮਜ਼ੋਰ ਕਣ ਹਵਾਵਾਂ ਨਾਲ ਥੱਲੇ ਕਿਰੀ ਜਾਂਦੇ ਹਨ ਜਾਂ ਧੁੱਪ ਨਾਲ ਸੁੱਕੀ ਜਾਂਦੇ ਹਨ। ਬਲਵਾਨ ਕਣ ਹੌਲੀ ਹੌਲੀ ਸ਼ਕਲ ਬਦਲਣ ਲੱਗਦੇ ਹਨ ਅਤੇ ਅੰਬੀਆਂ ਦਾ ਰੂਪ ਧਾਰਨ ਲੱਗਦੇ ਹਨ। ਹਰੀਆਂ ਕਚੂਰ ਅੰਬੀਆਂ ਰਾਹੇ ਲੰਘਦਿਆਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਹਨ। ਇਹੀ ਅੰਬੀਆਂ ਹੌਲੀ ਹੌਲੀ ਗਰਮੀ ਪ੍ਰਾਪਤ ਕਰ ਕੇ ਸੁਨਹਿਰੀ ਰੰਗ ਧਾਰ ਕੇ ਰਸੀਲੇ ਅੰਬ ਬਣ ਜਾਂਦੀਆਂ ਹਨ। ਨਿੱਕੇ ਨਿੱਕੇ ਬੂਰ-ਕਣਾਂ ਤੋਂ ਰੂਪ-ਰੰਗ ਬਦਲ ਕੇ ਸਹਿਜੇ-ਸਹਿਜੇ ਫਲ ਤੱਕ ਪਹੁੰਚਣ ਦਾ ਇਹ ਸਫਰ ਕੁਦਰਤ ਦਾ ਅਸਚਰਜ ਰਹੱਸ ਹੈ।

ਚੇਤਰ ਮਹੀਨੇ ਜੰਮਣ-ਮਰਨ ਦਾ ਖੇਲ ਨਿਰੰਤਰ ਚੱਲਦਾ ਹੈ। ਬਗੀਚੀਆਂ ਵਿਚ ਸਰਦੀਆਂ ਦੇ ਫੁੱਲਾਂ ਦਾ ਅਖੀਰਲਾ ਪਰਾਗਾ ਹੁਣ ਛੇਤੀ ਹੀ ਮੁਰਝਾਉਣ ਲੱਗਦਾ ਹੈ। ਡੇਲੀਏ ਦੇ ਸੋਹਣੇ ਸੋਹਣੇ ਫੁੱਲ ਭਰਪੂਰ ਨਿੱਘ ਸਦਕਾ ਛੇਤੀ ਛੇਤੀ ਖਿੜ ਪੈਂਦੇ ਹਨ, ਪਰ ਛੇਤੀ ਹੀ ਮੁਰਝਾ ਕੇ ਕਿਆਰੀਆਂ ਵਿਚ ਖਿਲਰ ਜਾਂਦੇ ਹਨ। ਦੂਜੇ ਪਾਸੇ ਗਰਮੀ ਨਾਲ ਰੁੱਖਾਂ 'ਤੇ ਆਇਆ ਕੋਮਲ ਪੱਤੀਆਂ ਦਾ ਪੁੰਗਾਰਾ ਪਕਿਆਈ ਵੱਲ ਤੁਰੀ ਜਾਂਦਾ ਹੈ। ਨਰਮ ਨਰਮ ਨਾਜ਼ੁਕ ਪੱਤੀਆਂ ਜੜ੍ਹਾਂ 'ਚੋਂ ਅੰਦਰੂਨੀ ਤਾਕਤ ਪ੍ਰਾਪਤ ਕਰਦੀਆਂ ਬਾਹਰਲੀ ਦੁਨੀਆਂ ਦਾ ਡਟ ਕੇ ਮੁਕਾਬਲਾ ਕਰਦੀਆਂ ਹਨ। ਜਿਉਂ ਜਿਉਂ ਧੁੱਪ ਵਧਦੀ ਹੈ, ਇਹ ਕਾਇਮ ਤੇ ਪੱਕੀਆਂ ਹੋਈ ਜਾਂਦੀਆਂ ਹਨ, ਤਾਂ ਕਿ ਆਉਣ ਵਾਲੇ ਮਹੀਨਿਆਂ ਵਿਚ ਮਨੁੱਖਾਂ ਅਤੇ ਪਸ਼ੂ-ਪੰਛੀਆਂ ਨੂੰ ਛਾਂ ਬਖਸ਼ ਕੇ ਗਰਮੀ ਤੋਂ ਬਚਾਅ ਕਰ ਸਕਣ। ਬੱਸ, ਕੁਦਰਤ ਦਾ ਇਹ ਅਸੂਲ ਸਮਝਣ ਦੀ ਲੋੜ ਹੈ, ਜੇ ਉਹ ਧੁੱਪਾਂ ਲੈ ਕੇ ਆਉਂਦੀ ਹੈ ਤਾਂ ਉਨ੍ਹਾਂ ਨੂੰ ਸਹਿ ਸਕਣ ਦਾ ਪ੍ਰਬੰਧ ਵੀ ਅਗਾਊਂ ਹੀ ਕਰਨ ਲੱਗਦੀ ਹੈ।

ਚੇਤਰ ਹੋਰ ਮਹੀਨਿਆਂ ਵਾਂਗ ਪਿਛਲੇ ਮਹੀਨੇ ਨਾਲ ਜੋਤ ਕੇ ਵੀ ਜੋਟਾ ਬਣ ਜਾਂਦਾ ਹੈ ਤੇ ਅਗਲੇ ਨਾਲ ਵੀ: ਫੱਗਣ-ਚੇਤਰ ਜਾਂ ਚੇਤ-ਵਿਸਾਖ। ਗੁਰੂ ਅਰਜਨ ਦੇਵ ਇਸ ਨੂੰ ਵਿਸਾਖ ਨਾਲ ਜੋੜ ਕੇ ਛੇ-ਰੁੱਤੀ ਦਾ ਬਸੰਤ ਹਿੱਸਾ ਕਹਿੰਦੇ ਹਨ:

ਰੁੱਤ ਸਰਸ ਬਸੰਤ ਮਾਹ
ਚੇਤ ਵੈਸਾਖ ਸੁਖ ਮਾਸ ਜੀਓ॥

ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ ਚੇਤ ਦਾ ਮਹੀਨਾ 13-14 ਮਾਰਚ ਤੋਂ ਸ਼ੁਰੂ ਹੋ ਕੇ 12-13 ਅਪਰੈਲ ਤੱਕ ਚੱਲਦਾ ਹੈ। ਚੇਤਰ ਦੀ ਸੰਗਰਾਂਦ ਨੂੰ ਦਿਨ-ਰਾਤ ਤਕਰੀਬਨ ਬਰਾਬਰ ਹੁੰਦੇ ਹਨ। ਸੂਰਜ 6:42 ਦੇ ਕਰੀਬ ਚੜ੍ਹਦਾ ਹੈ ਅਤੇ 6:30 ਦੇ ਕਰੀਬ ਡੁੱਬ ਜਾਂਦਾ ਹੈ। ਚੇਤਰ ਭਾਵੇਂ ਪੰਜਾਬ ਦੇ ਦੇਸੀ ਕੈਲੰਡਰ ਦਾ ਪਹਿਲਾ ਮਹੀਨਾ ਹੈ, ਪਰ ਇਸ ਨਾਲ ਕੋਈ ਤਿਉਹਾਰ ਜਾਂ ਵਿਹਾਰ ਜੁੜਿਆ ਨਜ਼ਰ ਨਹੀਂ ਆਉਂਦਾ। ਇਸ ਤੋਂ ਅਗਲੇ ਮਹੀਨੇ ਨਾਲ ਵਿਸਾਖੀ ਦਾ ਤਿਉਹਾਰ ਜੁੜਿਆ ਹੋਣ ਕਰ ਕੇ ਅਤੇ ਕਈ ਅਹਿਮ ਇਤਿਹਾਸਕ ਘਟਨਾਵਾਂ ਦੇ ਜੁੜਨ ਕਰ ਕੇ ਬਹੁਤੀ ਵਾਰ ਭੁਲੇਖਾ ਇਹੀ ਪੈਂਦਾ ਹੈ ਕਿ ਸਾਲ ਦਾ ਪਹਿਲਾ ਮਹੀਨਾ ਜਿਵੇਂ ਵਿਸਾਖ ਹੋਵੇ, ਚੇਤਰ ਨਹੀਂ; ਉਂਜ, ਸਾਡੇ ਦੇਸੀ ਸਾਲ ਦਾ ਪਹਿਲਾ ਮਹੀਨਾ ਚੇਤ ਹੋਵੇ, ਜਾਂ ਵਿਸਾਖ; ਇਸ ਦੇ ਆਗਮਨ 'ਤੇ ਕੋਈ ਖਾਸ ਅਡੰਬਰ ਨਹੀਂ ਰਚਿਆ ਜਾਂਦਾ। ਕਾਰਡਾਂ ਰਾਹੀ ਜਾਂ ਅਜੋਕੇ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਸ਼ੁਭ ਇੱਛਾਵਾਂ ਦੇਣ-ਲੈਣ ਦਾ ਕੋਈ ਰਿਵਾਜ਼ ਨਹੀਂ। ਚੇਤ ਮਹੀਨੇ ਦੀ ਪਹਿਲੀ ਤਾਰੀਖ ਸਹਿਜ-ਭਾ ਆਉਂਦੀ ਹੈ ਅਤੇ ਹੋਰ ਦਿਨਾਂ ਵਾਂਗ ਨਿਕਲ ਜਾਂਦੀ ਹੈ। ਗੁਰਦੁਆਰਿਆਂ ਵਿਚ ਆਮ ਵਾਂਗ ਸੰਗਰਾਂਦ ਮਨਾਈ ਜਾਂਦੀ ਹੈ, ਜਿਸ ਮੌਕੇ ਬਾਰਹ ਮਾਹ ਮਾਂਝ ਵਿਚੋਂ ਗੁਰੂ ਅਰਜਨ ਦੇਵ ਰਚਿਤ ਮਹੀਨੇ ਦਾ ਪਾਠ ਕੰਨੀਂ ਪੈਣਾ ਜ਼ਰੂਰੀ ਸਮਝਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਦਾ ਰਚਿਤ ਬਾਰਹਮਾਹ ਤੁਖਾਰੀ ਵੀ ਸ਼ਾਮਲ ਹੈ, ਪਰ ਪਰੰਪਰਾ ਗੁਰੂ ਅਰਜਨ ਦੇਵ ਦਾ ਰਚਿਤ ਮਹੀਨਾ ਸੁਣਨ ਦੀ ਹੈ, ਹਾਲਾਂਕਿ ਕੁਦਰਤ ਚਿਤਰਨ ਪੱਖੋਂ ਬਾਰਹ ਮਾਹ ਤੁਖਾਰੀ ਜ਼ਿਆਦਾ ਉਤਮ ਰਚਨਾ ਹੈ। ਚੇਤ ਮਹੀਨਾ (ਗੁਰੂ ਨਾਨਕ ਦੇਵ) ਇਸ ਪੱਖੋਂ ਹੋਰ ਵੀ ਵਿਸ਼ੇਸ਼ ਹੈ:

ਚੇਤੁ ਬਸੰਤੁ ਭਲਾ
ਭਵਰ ਸੁਹਾਵੜੇ॥
ਬਨ ਫੂਲੇ ਮੰਝਿ ਬਾਰਿ
ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ
ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ
ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ
ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰਿ ਧਨੁ ਪਾਏ॥

ਚੇਤ ਮਹੀਨੇ ਦੇ ਇਸ ਚਿਤਰਨ ਵਿਚ 'ਬਨ ਫੂਲੇ ਮੰਝਿ ਬਾਰਿ' ਦੇ ਇਹ ਅਰਥ ਕੀਤੇ ਜਾਂਦੇ ਹਨ ਕਿ ਪਿਛਲੀ ਉਮਰ ਵਿਚ ਰਚੇ ਇਸ ਬਾਰਹ ਮਾਹ ਵਿਚ ਗੁਰੂ ਜੀ ਆਪਣੀ ਜਨਮ ਭੂਮੀ ਬਾਰ ਨੂੰ ਯਾਦ ਕਰਦੇ ਹਨ (ਬਾਰ ਜਿਹਲਮ ਤੇ ਝਨਾਂ ਵਿਚਲਾ ਇਲਾਕਾ ਸੀ)। ਪਹਿਲਾਂ ਬਾਰ ਉਸ ਭੋਇੰ ਨੂੰ ਕਹਿੰਦੇ ਸਨ ਜਿਥੇ ਜ਼ਮੀਨ ਅਣਵਾਹੀ ਸੀ ਅਤੇ ਜਿਥੇ ਨਿਰੇ ਜੰਗਲ ਸਨ। ਚੇਤ ਮਹੀਨੇ ਵਿਚ ਜੰਗਲ ਵਿਚਲੇ ਸਭ ਰੁੱਖ-ਬੂਟੇ-ਝਾੜੀਆਂ ਵੀ ਖਿੜ ਉਠਦੇ ਹਨ ਅਤੇ ਉਨ੍ਹਾਂ ਉਤੇ ਵੀ ਰੰਗ-ਬਰੰਗੇ ਫੁੱਲ ਰੌਣਕਾਂ ਲਾ ਦਿੰਦੇ ਹਨ। ਬਹੁਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਥੇ 'ਬਾਰਿ' ਦਾ ਮਤਲਬ ਦਰਵਾਜਾ, ਬਰੂਹਾਂ, ਸਰਦਲ ਹੈ। ਸੋ ਭਾਵ ਇਹ ਹੋਇਆ ਕਿ ਘਰੋਂ ਬਾਹਰ ਸਭ ਪਾਸੇ ਫੁੱਲ ਹੀ ਫੁੱਲ ਹਨ, ਰੁੱਖਾਂ-ਬੂਟਿਆਂ 'ਤੇ ਪੂਰੀਆਂ ਰੌਣਕਾਂ ਹਨ।

ਗੁਰੂ ਜੀ ਨੇ ਇਸ ਛੰਦ ਵਿਚ ਕਮਾਲ ਦਾ ਕੁਦਰਤ ਚਿਤਰਣ ਕੀਤਾ ਹੈ। ਬਹੁਤਾ ਖਲਾਰਾ ਪਾਏ ਬਿਨਾ ਥੋੜ੍ਹੇ ਹੀ ਸ਼ਬਦਾਂ ਵਿਚ ਆਪਣੇ ਹਾਵਾਂ-ਭਾਵਾਂ ਦਾ ਨਿਭਾ ਕੀਤਾ ਹੈ। ਭੰਵਰ ਦਾ ਜ਼ਿਕਰ ਦੋ ਵਾਰ ਆਇਆ ਹੈ:

ਚੇਤ ਬਸੰਤ ਭਲਾ ਭਵਰ ਸੁਹਾਵੜੇ...॥
ਭਵਰ ਭਵੰਤਾ ਫੂਲੀ ਡਾਲੀ...॥

ਫੁੱਲ ਜਦੋਂ ਸੁਗੰਧੀਆਂ ਛੱਡਦੇ ਹਨ ਤਾਂ ਉਨ੍ਹਾਂ ਉਤੇ ਤਿਤਲੀਆਂ, ਭੰਵਰੇ, ਮਧੂ-ਮੱਖੀਆਂ ਅਤੇ ਹੋਰ ਕਈ ਕੀੜੇ-ਮਕੌੜੇ ਆ ਬੈਠਦੇ ਹਨ, ਪਰ ਇਥੇ ਗੁਰੂ ਜੀ ਕੇਵਲ ਭੰਵਰੇ ਦੀ ਗੱਲ ਕਰਦੇ ਹਨ, ਕਿਉਂਕਿ ਭੰਵਰਾ ਸੱਚੀ-ਸੁੱਚੀ ਮੁਹੱਬਤ ਦਾ ਪ੍ਰਤੀਕ ਹੈ। ਉਹ ਵਾਸ਼ਨਾ ਦਾ ਸ਼ੈਦਾਈ ਹੈ। ਜਿਥੇ ਭੰਵਰਾ ਫੁੱਲਾਂ ਦੀ ਖੁਸ਼ਬੂ ਦਾ ਦੀਵਾਨਾ ਹੈ, ਉਥੇ ਕੋਇਲ ਅੰਬਾਂ ਦੇ ਬੂਟਿਆਂ ਉਤੇ ਬੂਰ ਪੈਣ 'ਤੇ ਨੌਸ਼ਾਦ ਹੈ।

ਪੰਜਾਬੀ ਵਿਚ ਅਨੇਕਾਂ ਬਾਰਹ ਮਾਹ ਰਚੇ ਗਏ ਹਨ। ਇਨ੍ਹਾਂ ਸਭਨਾਂ 'ਚ ਵਿਯੋਗਣ ਦਾ ਵਿਛੋੜਾ ਚੜ੍ਹਦੇ ਮਹੀਨੇ ਚੇਤ ਤੋਂ ਸ਼ੁਰੂ ਹੋ ਕੇ ਗਿਆਰਵੇਂ ਮਹੀਨੇ, ਭਾਵ ਮਾਘ ਤੱਕ ਚੱਲਦਾ ਹੈ, ਅਖੀਰ ਬਾਹਰਵੇਂ ਮਹੀਨੇ ਫੱਗਣ ਵਿਚ ਜਾ ਕੇ ਮਾਹੀ ਮਿਲ ਜਾਂਦਾ ਹੈ, ਮਿਲਾਪ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਨੇ ਬਾਰਹ ਮਾਹ ਦੇ ਇਸ ਦੁਨਿਆਵੀ ਪਿਆਰ ਦੇ ਵਿਸ਼ੇ ਨੂੰ ਰੱਬੀ ਮਿਲਾਪ ਅਤੇ ਮਹਾਂ-ਮਿਲਣ ਨਾਲ ਜੋੜ ਕੇ ਬਾਰਹ ਮਾਹ ਸਾਹਿਤ ਵਿਚ ਵਿਲੱਖਣ ਮੋੜ ਲੈ ਆਂਦਾ, ਜਿਸ ਨੂੰ ਗੁਰੂ ਅਰਜਨ ਦੇਵ ਨੇ ਅੱਗੇ ਤੋਰਿਆ। ਉਨ੍ਹਾਂ ਦੀਆਂ ਲਿਖਤਾਂ ਵਿਚ ਭਾਵੇਂ ਅਧਿਆਤਮਕ ਪੱਖ ਭਾਰੂ ਹੈ, ਪਰ ਕਈ ਮਹੀਨਿਆਂ ਵਿਚ ਉਨ੍ਹਾਂ ਨੇ ਕਮਾਲ ਦਾ ਕੁਦਰਤ ਚਿਤਰਣ ਕੀਤਾ ਹੈ; ਥੋੜ੍ਹੇ ਅੱਖਰਾਂ ਵਿਚ ਬੇਅੰਤ ਰੰਗ ਭਰੇ ਹਨ।

ਅਜੋਕੇ ਸਮੇਂ ਦੇ ਕਵੀਆਂ ਵਿਚ ਭਾਵੇਂ ਬਾਰਹ ਮਾਹ ਤਾਂ ਕੀ, ਉਨ੍ਹਾਂ ਦੀ ਕਵਿਤਾ ਵਿਚ ਦੇਸੀ ਮਹੀਨਿਆਂ ਦਾ ਜ਼ਿਕਰ ਵੀ ਘੱਟ ਹੀ ਆਉਂਦਾ ਹੈ, ਪਰ ਵੀਹਵੀਂ ਸਦੀ ਵਿਚ ਪੰਜਾਬ ਦੇ ਦੇਸੀ ਮਹੀਨੇ, ਉਨ੍ਹਾਂ ਨਾਲ ਸਬੰਧਤ ਸੰਸਕਾਰ, ਕੁਦਰਤ ਚਿਤਰਣ, ਉਨ੍ਹਾਂ ਦਾ ਸੁਭਾਅ ਤੇ ਹਾਵ-ਭਾਵ ਪੰਜਾਬੀ ਕਵੀਆਂ ਦਾ ਹਮੇਸ਼ਾ ਧਿਆਨ ਖਿੱਚਦੇ ਰਹੇ ਹਨ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਚੇਤਰ' ਪੜ੍ਹਨ ਤੋਂ ਬਾਅਦ ਸਾਫ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮੁਕਾਬਲੇ ਅਜੋਕੇ ਕਵੀ ਪੰਜਾਬ ਦੇ ਕੁਦਰਤ ਚਿਤਰਣ ਤੋਂ ਕਾਫੀ ਦੂਰ ਖਿਸਕ ਗਏ ਹਨ:

ਅੱਜ ਬੇਲੇ ਵਗਦੀ ਪੌਣ ਵੇ
ਖੂਹ ਦੀਆਂ ਟਿੰਡਾਂ ਵਾਕਰਾਂ
ਪਏ ਸਾਲ ਮਹੀਨੇ ਭੌਣ ਵੇ
ਅੱਜ ਚੇਤਰ ਚੜ੍ਹਿਆ।

ਅੱਜ ਪੌਣਾਂ ਵਿਚ ਸੁਗੰਧ ਵੇ!
ਫੱਗਣ ਮੁੱਕਾ, ਫੱਗਣ ਦਾ
ਪਰ ਅਜੇ ਨਾ ਮੁੱਕਾ ਪੰਧ ਵੇ
ਅੱਜ ਚੇਤਰ ਚੜ੍ਹਿਆ।

ਅੱਜ ਬੂਰੀ ਹੋ ਗਈ ਦਾਖ ਵੇ
ਜੋ ਫੱਗਣ ਅੱਜ ਚੇਤਰ ਬਣਿਆ
ਕੱਲ੍ਹ ਨੂੰ ਬਣੇ ਵਸਾਖ ਵੇ
ਅੱਜ ਚੇਤਰ ਚੜ੍ਹਿਆ।

ਅੱਜ ਰੁੱਖੀਂ ਪੈ ਗਿਆ ਬੂਰ ਵੇ
ਕੱਲ੍ਹ ਦਾ ਵੀ ਫੱਗਣ, ਚੇਤਰ ਕੋਲੋਂ
ਬਾਰਾਂ ਕੋਹ ਅੱਜ ਦੂਰ ਵੇ
ਅੱਜ ਚੇਤਰ ਚੜ੍ਹਿਆ।

ਅੱਜ ਮੌਲੇ ਪੱਤਰ ਟਾਹਣ ਵੇ
ਉਮਰਾਂ ਦੀ ਇਸ ਚਰਖੀ ਉਤੇ
ਗੇੜੇ ਗਿੜਦੇ ਜਾਣ ਵੇ
ਅੱਜ ਚੇਤਰ ਚੜ੍ਹਿਆ।

ਸਾਰੀ ਦੁਨੀਆਂ ਵਿਚ ਪ੍ਰਚਲਿਤ ਜਾਰਜੀਅਨ ਕੈਲੰਡਰ ਦਾ ਪਹਿਲਾ ਮਹੀਨਾ ਜਨਵਰੀ ਹੈ। ਕਿਹਾ ਜਾਂਦਾ ਹੈ ਕਿ ਕਿਸੇ ਜ਼ਮਾਨੇ ਵਿਚ ਸਾਲ ਦਾ ਪਹਿਲਾ ਮਹੀਨਾ ਮਾਰਚ ਹੁੰਦਾ ਸੀ, ਬਾਅਦ ਵਿਚ ਇਕ ਯੂਨਾਨੀ ਰਾਜੇ ਨੇ ਮਾਰਚ ਦੀ ਥਾਂ ਜਨਵਰੀ ਤੋਂ ਸਾਲ ਸ਼ੁਰੂ ਕਰਨ ਦਾ ਹੁਕਮ ਫੁਰਮਾ ਦਿੱਤਾ। ਉਸ ਦਾ ਵੀ ਇਕ ਕਾਰਨ ਸੀ; ਜਨਵਰੀ ਮਹੀਨੇ ਦਾ ਨਾਂ ਜੈਨੂਸ ਨਾਂ ਦੇ ਦੇਵਤੇ 'ਤੇ ਆਧਾਰਿਤ ਹੈ ਜਿਸ ਦੇ ਦੋ ਸਿਰ ਹੁੰਦੇ ਹਨ, ਇਕ ਅੱਗੇ ਨੂੰ ਅਤੇ ਇਕ ਪਿੱਛੇ ਨੂੰ। ਇਸ ਤਰ੍ਹਾਂ ਸਾਲ ਦਾ ਪਹਿਲਾ ਮਹੀਨਾ ਅਜਿਹਾ ਹੁੰਦਾ ਹੈ ਜਿਸ ਦਾ ਪਿਛਲੇ ਅਤੇ ਅਗਲੇ ਸਾਲ ਨਾਲ ਅਗੇਤਰ-ਪਿਛੇਤਰ ਦਾ ਸਬੰਧ ਹੁੰਦਾ ਹੈ। ਜਿਉਂ ਜਿਉਂ ਦਿਨ ਅੱਗੇ ਚਲਦੇ ਹਨ, ਅਗਲੇ ਸਾਲ ਨਾਲ ਸਬੰਧ ਵਡੇਰਾ ਹੋਈ ਜਾਂਦਾ ਹੈ ਅਤੇ ਪਿਛਲੇ ਸਾਲ ਨਾਲੋਂ ਘਟਦਾ ਜਾਂਦਾ ਹੈ। ਚੇਤਰ ਮਹੀਨੇ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ। ਚੇਤਰ ਬਸੰਤ ਦਾ ਮਹੀਨਾ ਹੈ ਜਦੋਂ ਕਿ ਵਿਸਾਖ ਗਰਮੀ ਦੀ ਸ਼ੁਰੂਆਤ ਦਾ। ਹੌਲੀ ਹੌਲੀ ਬਸੰਤ ਪਿੱਛੇ ਰਹੀ ਜਾਂਦੀ ਹੈ ਅਤੇ ਨਿੱਘ ਗਰਮੀ ਦਾ ਰੂਪ ਧਾਰਨ ਲੱਗਦਾ ਹੈ।

# ਨਾਲੀ ਵਗਦੀ ਭਲੀ, ਮਨ ਠਹਿਰਿਆ ਭਲਾ

ਰੰਗ ਤਮਾਸ਼ੇ

ਇਹ ਕਥਾ ਸੁਣੀ ਹੈ ਕਿ ਧਰਤੀ ਨੂੰ ਬੌਲਦ ਨੇ ਚੁੱਕਿਆ ਹੋਇਆ ਹੈ। ਇਹ ਸੁਣ ਕੇ ਦ੍ਰਿਸ਼ ਤਾਂ ਇਹੀ ਬੱਝਦਾ ਹੈ ਕਿ ਬੌਲਦ ਨੇ ਦੋ ਸਿੰਗਾਂ 'ਤੇ ਧਰਤੀ ਨੂੰ ਚੁੱਕਿਆ ਹੋਇਆ ਹੈ, ਇਕ ਸਿੰਗ 'ਤੇ ਚੁੱਕਿਆਂ ਤਾਂ ਏਨਾ ਭਾਰ ਚੁੱਕਣ ਦੀ ਜੁਗਤ ਨਹੀਂ ਸੀ ਬਣਨੀ। ਉਂਜ ਤਾਂ ਦੋ ਸਿੰਗਾਂ 'ਤੇ ਵੀ ਏਨਾ ਭਾਰ ਕਿਵੇਂ ਚੁੱਕਿਆ ਹੋਵੇਗਾ, ਪਰ ਦੋ ਸੁਣ ਕੇ ਲਗਦਾ ਏ, ਇਕ ਤੋਂ ਤਾਂ ਦੋ ਭਲੇ ਹੁੰਦੇ ਨੇ। ਇਸੇ ਤਰਜ਼ 'ਤੇ ਜਾਣੀਏ, ਤਾਂ ਨਕੋਦਰ ਨੂੰ ਕੇਵਲ ਉਹਦੀਆਂ ਇਤਿਹਾਸਕ ਇਮਾਰਤਾਂ ਜਾਂ ਪੱਕੀਆਂ ਸੜਕਾਂ ਨੇ ਹੀ ਨਹੀਂ ਸਾਂਭਿਆ ਹੋਇਆ, ਸਗੋਂ ਨਾਲੀਆਂ ਦੇ ਤੰਤੂ ਜਾਲ ਨੇ ਵੀ ਇਹਨੂੰ ਆਪਣੇ ਮੋਢਿਆਂ 'ਤੇ ਚੁੱਕਿਆ ਹੋਇਆ ਹੈ।

ਮੈਨੂੰ ਨਾਲੀਆਂ ਦੇਖਣ ਦਾ ਸ਼ੌਕ ਬਚਪਨ ਵਿਚ ਪਿਆ, ਜਿਸ ਦੀ ਸ਼ੁਰੂਆਤ ਇੰਜ ਹੋਈ ਕਿ ਮੈਂ

ਮੋਨਿਕਾ ਕੁਮਾਰ
ਫੋਨ: 91-94175-32822

ਅਪਣੀਆਂ ਸਹੇਲੀਆਂ ਨਾਲ ਕਈ ਵਾਰ ਸ਼ਾਮ ਨੂੰ ਮਨਿਆਰੀ ਦੀ ਦੁਕਾਨ ਬੰਦ ਹੋਣ ਮਗਰੋਂ ਉਹਦੇ ਬਾਹਰੋਂ ਜਾਂ ਉਹਦੇ ਬਾਹਰ ਦੀ ਨਾਲੀ ਵਿਚੋਂ ਆਪਣੇ ਖੇਡਣ ਜੋਗੇ ਕੱਚ ਦੀਆਂ ਵੰਗਾਂ ਦੇ ਟੋਟੇ ਲੱਭਣ ਜਾਂਦੀ ਸਾਂ। ਵੰਗਾਂ ਚੜ੍ਹਾਉਂਦਿਆਂ ਜੋ ਵੰਗਾਂ ਟੁੱਟ ਜਾਂਦੀਆਂ, ਉਹਦੀਆਂ ਕਿਰਚਾਂ ਦੁਕਾਨਦਾਰ ਬਾਹਰ ਸੁੱਟ ਦਿੰਦੇ, ਜੋ ਸਾਡੇ ਖੇਡਣ ਦੇ ਕੰਮ ਆ ਜਾਂਦੀਆਂ। ਅਰੰਭ ਤਾਂ ਅਸੀਂ ਸਾਫ ਥਾਂ ਤੋਂ ਚੁੱਕਣ ਤੋਂ ਕਰਦੇ, ਪਰ ਲਾਲਚ ਬੰਦੇ ਤੋਂ ਕੀ ਨਾ ਕਰਾਵੇ! ਜੇ ਕੋਈ ਬੜਾ ਸੁਹਣਾ ਟੋਟਾ ਨਾਲੀ ਵਿਚ ਦਿਸ ਜਾਂਦਾ ਤਾਂ ਮਲਕ ਦੇਣੀ ਨਾਲੀ ਵਿਚੋਂ ਵੀ ਕੱਢ ਲੈਂਦੇ, ਘਰ ਆ ਕੇ ਇਕ ਵਾਰੀ ਵੰਗਾਂ ਵੀ ਧੋ ਲਓ ਤੇ ਹੱਥ ਵੀ, ਫਿਰ ਕੋਈ ਪ੍ਰੇਤ ਨਹੀਂ ਪਿੱਛਾ ਕਰਦਾ। ਸਾਡੇ ਸਭਿਆਚਾਰ ਵਿਚ ਹੱਥ ਧੋਣ ਦੀ ਅਦਭੁਤ ਮਹਿਮਾ ਏ, ਕਈ ਭ੍ਰਿਸ਼ਟੇ ਕੰਮ ਅਤੇ ਪਾਪ ਤਾਂ ਹੱਥ ਧੋਤਿਆਂ ਹੀ ਲਹਿ ਜਾਂਦੇ ਹਨ; ਲਹਿਣ ਨਾ ਸਹੀ, ਪਰ ਹੱਥ ਧੋਣ ਨਾਲ ਫੌਰੀ ਰਾਹਤ ਜ਼ਰੂਰ ਮਹਿਸੂਸ ਹੁੰਦੀ ਏ।

ਖੈਰ! ਸਹੇਲੀਆਂ ਦੇ ਸੰਗ ਚੂੜੀਆਂ ਲੱਭਣ ਦੌਰਾਨ ਮੈਨੂੰ ਨਾਲੀਆਂ ਨੂੰ ਨੇੜਿਓਂ ਦੇਖਣ ਦਾ ਸ਼ੌਕ ਪੈ ਗਿਆ। ਹੌਲੀ ਹੌਲੀ ਮੈਂ ਦੇਖਿਆ ਕਿ ਸਾਡੇ ਮੁਹੱਲੇ ਦੀ ਹਰ ਗਲੀ ਦੀ ਨਾਲੀ ਵੱਖਰੀ ਹੈ, ਗਲੀਆਂ ਨਾਲ ਸਾਂਝ ਮੁਤਾਬਕ ਵੱਖ ਵੱਖ ਨਾਲੀਆਂ ਵੀ ਆਪਣੀਆਂ ਬਿਗਾਨੀਆਂ ਲਗਦੀਆਂ ਸਨ।


ਵਗਦੀ ਨਾਲੀ ਵਿਚ ਕੁਝ ਵੀ ਵਗਾ ਦਿਉ, ਇਹ ਆਪਣੇ ਨਾਲ ਵਗਾ ਕੇ ਲੈ ਜਾਂਦੀ ਹੈ। ਜੇ ਕੋਈ ਅੰਨ੍ਹੇਵਾਹ ਕੂੜਾ ਨਾਲੀ ਵਿਚ ਸੁੱਟ ਦੇਵੇ ਤਾਂ ਨਾਲੀ ਇਹ ਕੂੜਾ ਨਹੀਂ ਝੱਲਦੀ ਤੇ ਇਹਦੇ 'ਚ ਡੱਕਾ ਲੱਗ ਜਾਂਦਾ ਏ। ਰੁਕੀ ਹੋਈ ਨਾਲੀ ਬੋ ਮਾਰਨ ਲਗਦੀ ਹੈ। ਸਵੇਰ ਵੇਲੇ ਜਦੋਂ ਕਮੇਟੀ ਦੇ ਜਮਾਦਾਰ ਨਾਲੀਆਂ ਵਿਚੋਂ ਕੂੜਾ ਕੱਢ ਕੇ ਸਾਫ ਕਰ ਜਾਂਦੇ ਤਾਂ ਕੁਝ ਦੇਰ ਨਾਲੀਆਂ ਵੀ ਨਦੀਆਂ ਵਾਂਗ ਕਲ ਕਲ ਵਗਦੀਆਂ, ਦੁਪਹਿਰ ਤੀਕਰ ਤਰ੍ਹਾਂ ਤਰ੍ਹਾਂ ਦੇ ਕੂੜੇ ਨਾਲ ਨਾਲੀਆਂ ਦੀ ਪਾਰਦਰਸ਼ਤਾ ਖਤਮ ਹੋਣ ਲੱਗਦੀ। ਸ਼ਾਮ ਵੇਲੇ ਕੁਝ ਲੋਕ ਚੁੰਬਕ ਵਾਲੀ ਭੰਬੀਰੀ ਲੈ ਕੇ ਲੋਹੇ ਦੀਆਂ ਕਾਤਰਾਂ ਵੀ ਨਾਲੀਆਂ ਵਿਚੋਂ ਕੱਢ ਕੇ ਕਬਾੜੀ ਨੂੰ ਵੇਚ ਦਿੰਦੇ। ਲੋਹੇ ਦੀਆਂ ਕਿੱਲਾਂ ਕਾਤਰਾਂ ਲੱਭਦਾ ਕਾਤਰ ਮਨੁੱਖ ਨਾਲੀ ਵਿਚ ਇੰਜ ਖੁੱਭਿਆ ਦਿਸਦਾ, ਜਿਵੇਂ ਕੋਈ ਧਰਤੀ ਦੀ ਕੁੱਖ ਵਿਚੋਂ ਹੀਰੇ ਪੰਨੇ ਭਾਲਦਾ ਹੈ। ਕੂੜੇ ਵਿਚੋਂ ਮੁੱਲਵਾਨ ਵਸਤ ਵੀ ਖੋਜ ਕੇ ਕੱਢ ਲਈ ਜਾਂਦੀ, ਉਸ ਮਗਰੋਂ ਕੂੜਾ ਖਾਲਿਸ ਕੂੜਾ ਰਹਿ ਜਾਂਦਾ ਤੇ ਅਖੀਰ ਪਤਾ ਨਹੀਂ ਕਿਹੜੇ ਨਾਲੇ ਵਿਚ ਜਾ ਡਿਗਦਾ।

ਤੇਜ਼ ਵਰ੍ਹਦੇ ਮੀਂਹ ਵਿਚ ਇਨ੍ਹਾਂ ਨਾਲੀਆਂ ਵਿਚ ਹੜ੍ਹ ਵਾਲੀ ਹਾਲਤ ਬਣ ਜਾਂਦੀ, ਪਾਣੀ ਦੀਆਂ ਛੱਲਾਂ ਆਪਣੇ ਜ਼ੋਰ ਨਾਲ ਵਾਧੂ ਸਮਾਨ ਵਗਾਹ ਵਗਾਹ ਕੇ ਗਲੀ ਦੇ ਵਿਚਕਾਰ ਸੁੱਟ ਦਿੰਦੀਆਂ। ਪਾਣੀ ਨਿਕਲ ਜਾਣ 'ਤੇ ਨਾਲੀਆਂ ਵਿਚੋਂ ਮੁੜ ਕੇ ਨਿਕਲੇ ਸਮਾਨ ਨੂੰ ਦੇਖ ਲੋਕਾਂ ਨੂੰ ਘ੍ਰਿਣਾ ਹੁੰਦੀ। ਮਨੁੱਖ ਸੁਹਜ ਦਾ ਭੋਗੀ ਬਣਨਾ ਚਾਹੁੰਦਾ ਏ, ਪਰ ਬਾਰੰਬਾਰ ਕੁਹਜ ਉਹਦੇ ਮੱਥੇ ਲਗਦਾ ਏ। ਉਹ ਸਾਰੀਆਂ ਨਾਲੀਆਂ, ਕੂੜੇਦਾਨ, ਅਲਮਾਰੀਆਂ ਤੇ ਆਪਣਾ ਆਪ ਕੱਜ ਦੇਣਾ ਚਾਹੁੰਦਾ ਹੈ, ਕੋਈ ਅਜਿਹਾ ਕੱਜਣ ਹੋਵੇ, ਜਿਸ ਨਾਲ ਸਭ ਕੁਝ ਇੱਕੋ ਵਾਰ ਕੱਜਿਆ ਜਾ ਸਕੇ। ਉਹ ਕਿਉਂਕਿ ਕੂੜੇ ਦੀ ਸੀਰਤ ਸਮਝੇ ਬਿਨਾ ਕੂੜੇ 'ਤੇ ਕੱਜਣ ਪਾ ਦਿੰਦਾ ਹੈ, ਇਸ ਲਈ ਢਕਿਆ ਕੂੜਾ ਨੰਗੇ ਕੂੜੇ ਤੋਂ ਵੱਧ ਜ਼ਹਿਰੀਲਾ ਤੇ ਬਦਬੂਦਾਰ ਬਣ ਜਾਂਦਾ ਹੈ।

ਬਰਸਾਤੀ ਬਦਬੂਮਾਸੇ ਵਿਚ ਦੱਖਣੀ ਅੱਡੇ ਦਾ ਸੀਵਰੇਜ ਸਿਸਟਮ ਜਿੱਦਾਂ ਜਵਾਬ ਦਿੰਦਾ ਏ, ਉਹਦੇ ਅੱਗੇ ਕਿਸੇ ਦੀ ਪੇਸ਼ ਨਹੀਂ ਚਲਦੀ। ਇਕ ਇਕ ਕਣੀ ਸਵਾਈ ਹੋ ਕੇ ਸੜਕ 'ਤੇ ਜਲ ਥਲ ਕਰ ਦਿੰਦੀ; ਕਿਉਂਕਿ ਬਾਰੀਕ ਜਿਹੀਆਂ ਨਾਲੀਆਂ ਬਰਸਾਤੀ ਪਾਣੀ ਨੂੰ ਨਹੀਂ ਸਮੇਟ ਸਕਦੀਆਂ। ਮੈਨੂੰ ਤਾਂ ਹੁਣ ਏਦਾਂ ਵੀ ਲਗਦਾ ਏ ਕਿ ਕੋਈ ਨਹੀਂ ਚਾਹੁੰਦਾ ਦੱਖਣੀ ਅੱਡੇ 'ਚ ਪਾਣੀ ਨਾ ਖੜ੍ਹਾ ਹੋਵੇ, ਏਨੇ ਸਾਲਾਂ ਤੋਂ ਕੋਈ ਸੁਧਾਰ ਨਹੀਂ ਆਇਆ। ਕਸਬੇ ਦਾ ਜੀਵਨ ਕਈ ਮਾਅਨਿਆਂ ਵਿਚ ਏਨਾ ਨੀਰਸ ਹੁੰਦਾ ਕਿ ਇੰਜ ਦੀਆਂ ਸਾਲਾਨਾ ਘਟਨਾਵਾਂ ਸਦਕਾ ਉਥੋਂ ਦੇ ਜੀਵਨ ਦੀ ਇਕਸੁਰਤਾ ਵਿਚ ਭੰਗ ਪੈ ਕੇ ਸੰਵਾਦ ਵਿਚ ਤਾਜ਼ਗੀ ਤੇ ਉਤੇਜਨਾ ਆਉਂਦੀ ਹੈ। ਛੋਟੀਆਂ ਮੋਟੀਆਂ ਖੁਆਰੀਆਂ ਵੀ ਕਸਬੇ ਦੇ ਲੋਕਾਂ ਦਾ ਮਨੋਰੰਜਨ ਕਰਦੀਆਂ ਨੇ।

ਇਕ ਹੋਰ ਨਾਲੀ ਜੋ ਮੈਨੂੰ ਯਾਦ ਆਉਂਦੀ ਹੈ, ਉਹ ਹੈ ਕਚਹਿਰੀ ਵਾਲੇ ਸ਼ਿਵਾਲੇ ਦੇ ਅੰਦਰ ਸ਼ਿਵਲਿੰਗ ਵਿਚੋਂ ਨਿਕਲਦੀ ਬਾਹਰਵਾਰ ਵਗਦੀ ਨਾਲੀ। ਭਗਤ ਲੋਕ ਜਿਸ ਕੱਚੀ ਲੱਸੀ ਜਾਂ ਦੁੱਧ ਨਾਲ ਸ਼ਿਵਲਿੰਗ ਦਾ ਜਲ ਅਭਿਸ਼ੇਕ ਕਰਦੇ, ਮੁੜ ਕੇ ਉਹ ਇਸ ਨਾਲੀ ਰਾਹੀਂ ਬਾਹਰ ਕੱਢਿਆ ਜਾਂਦਾ। ਚਾਹੇ ਇਸ ਨਾਲੀ ਨਾਲ ਲੋਕਾਂ ਦੀ ਸ਼ਰਧਾ ਬੱਝੀ, ਪਰ ਪਰਿਕਰਮਾ ਕਰਦਿਆਂ ਇਹਦੇ ਵਿਚੋਂ ਵੀ ਜੰਮ ਗਏ ਖੱਟੇ ਹੋਏ ਦੁੱਧ ਦੀ ਮਹਿਕ ਆਉਂਦੀ, ਕਿਉਂਕਿ ਕੰਧਿਆਂ 'ਤੇ ਜੰਮ ਗਈ ਥਿੰਦਿਆਈ ਹੌਲੀ ਹੌਲੀ ਕਸਰ ਜਾਂਦੀ ਸੀ। ਪਰਿਕਰਮਾ ਪੂਰੀ ਕਰ ਕੇ ਮੈਂ ਵੀ ਦੁਚਿਤੀ ਵਿਚ ਪੈ ਜਾਂਦੀ ਕਿ ਇਸ ਜਲ ਨੂੰ ਮੱਥੇ ਲਾਵਾਂ ਜਾਂ ਚੁੱਪ ਕਰ ਕੇ ਅੱਗੋਂ ਹੋ ਜਾਵਾਂ। ਨਾਲੇ ਭਗਤਾਂ ਦਾ ਕੰਮ ਸੀ ਜਲ ਅਭਿਸ਼ੇਕ ਕਰਨਾ, ਬਾਕੀ ਸਭ ਸ਼ਿਵ ਜੀ ਜਾਣਨ, ਮੰਦਿਰ ਦੇ ਪ੍ਰਬੰਧਕ ਜਾਣਨ। ਅੰਤ ਨੂੰ ਇਹ ਦੁਧੀਆ ਪਾਣੀ ਵੇਲ ਬੂਟਿਆਂ ਦੀ ਕਿਆਰੀ ਵਿਚ ਮੋੜ ਦਿੱਤਾ ਜਾਂਦਾ ਹੋਵੇਗਾ, ਅਜਿਹਾ ਮੇਰਾ ਅਨੁਮਾਨ ਹੈ।

ਪਿੰਡਾਂ, ਕਸਬਿਆਂ ਤੇ ਸ਼ਹਿਰ ਦੀਆਂ ਨਾਲੀਆਂ ਦਾ ਨਾਪ ਵੱਖਰਾ ਵੱਖਰਾ ਹੁੰਦਾ ਹੈ। ਲੋਕ ਗੀਤ ਦੀ ਸਤਰ ਹੈ: "ਅਸਾਂ ਨਹੀਓਂ ਤੱਕਣਾ ਵੇ ਤੈਨੂੰ ਅੱਧਾ ਬੂਹਾ ਢੋ ਕੇ।" ਅੱਧੇ ਬੂਹੇ 'ਚੋਂ ਤੱਕਣਾ ਰੁਮਾਂਟਿਕ ਖਿਆਲ ਹੈ, ਕਸਬੇ ਦਾ ਰਹਿਣ ਵੀ ਅੱਧੇ ਬੂਹੇ ਥਾਣੀਂ ਦੁਨੀਆਂ ਵੇਖਣ ਦੇ ਤੁਲ ਹੈ। ਕਸਬੇ ਆਪਣੀ ਕਰਨੀ ਵਿਚ ਨਾ ਹੁਣ ਪਿੰਡਾਂ ਵੱਲ ਮੁੜ ਸਕਦੇ ਨੇ, ਤੇ ਨਾ ਸ਼ਹਿਰ ਬਣ ਸਕਦੇ ਹਨ। ਪਿੰਡਾਂ ਦੀਆਂ ਪਤਲੀਆਂ ਨਾਲੀਆਂ ਦੀ ਤੁਲਨਾ ਵਿਚ ਕਸਬੇ ਦੀਆਂ ਨਾਲੀਆਂ ਦਰਮਿਆਨੇ ਆਕਾਰ ਦੀਆਂ ਨੇ। ਨਕੋਦਰ ਦੀਆਂ ਨਾਲੀਆਂ ਵਿਚ ਵਗਦੇ ਕੂੜੇ ਦੇ ਢੇਰ ਦਾ ਫਿਰ ਵੀ ਕੋਈ ਰੰਗ-ਰੂਪ ਨਜ਼ਰ ਆਉਂਦਾ ਸੀ, ਪਰ ਆਪਣੇ ਨਾਨਕੇ ਸ਼ਹਿਰ ਲੁਧਿਆਣੇ ਦੇ ਖੁੱਡ ਮੁਹੱਲੇ ਵਰਗੇ ਇਲਾਕੇ, ਜਿਥੇ ਰਿਹਾਇਸ਼ੀ ਇਲਾਕੇ ਦੇ ਬਾਵਜੂਦ ਹਰ ਘਰ 'ਚ ਹੌਜ਼ਰੀ ਦਾ ਜਾਂ ਕੋਈ ਹੋਰ ਬਿਜਨਸ ਵੀ ਚਲਦਾ ਹੈ, ਉਥੇ ਦੀਆਂ ਨਾਲੀਆਂ ਸੁਰਮਈ ਰੰਗ ਦੇ ਗਾੜ੍ਹੇ ਕੂੜੇ ਨਾਲ ਭਰੀਆਂ ਤੇ ਅਕਸਰ ਫਸੀਆਂ ਰਹਿੰਦੀਆਂ। ਇਨ੍ਹਾਂ ਨਾਲੀਆਂ ਦਾ ਆਕਾਰ ਕੇਵਲ ਬੰਦਿਆਂ ਦੇ ਕੂੜੇ ਨੂੰ ਸੰਭਾਲਣ ਜੋਗਾ ਸੀ, ਮਸ਼ੀਨਾਂ ਦੇ ਲੇਸਲੇ ਕੂੜੇ ਨੂੰ ਇਹ ਨਾਲੀਆਂ ਸਮਾ ਨਾ ਸਕਦੀਆਂ। ਇਸ ਲਈ ਹਰ ਵੇਲੇ ਨੱਕੋ-ਨੱਕ ਭਰੀਆਂ ਰਹਿੰਦੀਆਂ। ਬਹੁਤੀ ਮੁਸੀਬਤ ਪਿਆਂ ਮੇਰੀ ਨਾਨੀ ਤੇ ਉਹਦੀਆਂ ਗੁਆਂਢਣਾਂ ਬਾਹਰਲੇ ਬੂਹੇ ਮਗਰ ਛੇਕ ਕੇ ਰੱਖੀ ਸੋਟੀ ਨਾਲ ਕੂੜਾ ਅਗਾਂਹ ਟੋਰ ਦਿੰਦੀਆਂ।



ਨਕੋਦਰ ਵਿਚ ਉਸਤਾਦ ਮੁਹੰਮਦ ਮੋਮਿਨ ਦਾ ਮਕਬਰਾ। ਉਹ ਸ਼ਹਿਨਸ਼ਾਹ ਅਕਬਰ ਦੇ ਨੌਂ ਰਤਨਾਂ ਵਿਚੋਂ ਇਕ, ਖਾਨ-ਏ-ਖਾਨਾ ਦੇ ਨਾਲ ਤੰਬੂਰਾ ਵਜਾਉਂਦਾ ਹੁੰਦਾ ਸੀ।

ਵੱਡੇ ਸ਼ਹਿਰ ਦੀਆਂ, ਖਾਸ ਤੌਰ 'ਤੇ ਕਿਸੇ ਸਨਅਤੀ ਸ਼ਹਿਰ ਦੀਆਂ ਨਾਲੀਆਂ ਦੇਖ ਕੇ ਮੈਂ ਦੰਗ ਰਹਿ ਗਈ। ਕਈ ਸਾਲ ਮੈਨੂੰ ਸਮਝ ਨਹੀਂ ਆਇਆ ਕਿ ਇਹ ਨਾਲੀਆਂ ਨਕੋਦਰ ਦੀਆਂ ਨਾਲੀਆਂ ਨਾਲੋਂ ਕਿਵੇਂ ਵੱਖਰੀਆਂ ਨੇ! ਪਿੰਡੋਂ ਕਸਬੇ ਨੂੰ ਤੇ ਕਸਬੇ ਵਿਚੋਂ ਸ਼ਹਿਰ ਜਾਣ ਦੀ ਯਾਤਰਾ ਦੇ ਕਈ ਸਮਾਜਿਕ ਤੇ ਸਭਿਆਚਾਰਕ ਅਰਥ ਨੇ, ਪਰ ਇਕ ਅਰਥ ਜੋ ਮੈਨੂੰ ਸਮਝ ਆਇਆ, ਉਹ ਇਹ ਹੈ ਕਿ ਇਹ ਯਾਤਰਾ ਨਿਰੰਤਰ ਪਾਰਦਰਸ਼ੀ ਕੂੜੇ ਤੋਂ ਧੁੰਦਲਕੇ ਵਾਲੇ ਕੂੜੇ ਵੱਲ ਵਧਣ ਦੀ ਵੀ ਹੈ। ਇਕ ਆਧੁਨਿਕ ਤੇ ਯੋਜਨਾਬਧ ਸ਼ਹਿਰ ਆਖਿਰਕਾਰ ਐਸਾ ਕੂੜਾ ਪੈਦਾ ਕਰਦਾ ਹੈ, ਜਿਹਨੂੰ ਵਿਗਿਆਨ ਤੇ ਵਾਤਾਵਰਣ ਵਿਗਿਆਨ ਦੀਆਂ ਗੁੜ੍ਹੀਆਂ ਸਮਝਾਂ ਬਗੈਰ ਨਹੀਂ ਸਮਝਿਆ ਜਾ ਸਕਦਾ।

ਇਹ ਸਹੀ ਮੌਕਾ ਹੈ, ਜਦੋਂ ਨਕੋਦਰ ਦੇ ਬਾਬਾ ਮਲਿਕ ਬਾਜ਼ਾਰ ਦੀ ਇਕ ਕੰਧ ਦੀ ਹਾਜ਼ਰੀ ਲਾਈ ਜਾਏ। ਰੌੜਾ ਮੁਹੱਲੇ ਵੱਲੋਂ ਮਲਿਕ ਬਾਜ਼ਾਰ ਜਾਂਦਿਆਂ ਗਲੀ ਦੇ ਅਖੀਰ 'ਤੇ ਕੰਧ ਹੈ, ਜਿਸ ਨੂੰ ਪਿਸ਼ਾਬ ਕਰਨ ਦੀ ਇਤਿਹਾਸਕ ਕੰਧ ਦਾ ਦਰਜਾ ਮਿਲਣਾ ਚਾਹੀਦਾ ਹੈ। ਬਾਜ਼ਾਰ ਵਿਚ ਜਨ ਸੇਵਾ ਦੀ ਸਕੀਮ ਹੇਠਾਂ ਅਜੇ ਕੋਈ ਹਾਜਤਖਾਨਾ ਨਹੀਂ ਸੀ। ਇਸ ਲਈ ਬਾਜ਼ਾਰ ਦੇ ਸਾਰੇ ਪੁਰਸ਼ ਇਸੇ ਨੁੱਕਰ ਨੂੰ ਪਿਸ਼ਾਬ ਕਰਨ ਲਈ ਇਸਤੇਮਾਲ ਕਰਦੇ। ਵਰ੍ਹਿਆਂਬੱਧੀ ਇਹਨੂੰ ਇਸੇ ਕੰਮ ਲਈ ਇਸਤੇਮਾਲ ਕਰਦੇ ਰਹਿਣ ਦਾ ਨਤੀਜਾ ਇਹ ਹੋਇਆ ਕਿ ਆਉਂਦੇ-ਜਾਂਦੇ ਨੂੰ ਇਹਦੀ ਨਾਲੀ ਕੋਲੋਂ ਲੰਘਦਿਆਂ ਤੇਜ਼ ਤੇਜ਼ਾਬੀ ਗੰਧ ਆਉਂਦੀ। ਇਸ ਗਲੀ ਵਿਚੋਂ ਬਾਜ਼ਾਰ 'ਚ ਵੜਨ ਦੇ ਦੋ ਤਰੀਕੇ ਰਹੇ, ਜਾਂ ਤਾਂ ਨੱਕ ਘੁੱਟ ਕੇ ਜਾਂ ਫਿਰ ਨੱਕ 'ਤੇ ਬਾਕਾਇਦਾ ਹੱਥ ਜਾਂ ਰੁਮਾਲ ਰੱਖ ਕੇ। ਔਰਤਾਂ ਤਾਂ ਕੋਲੋਂ ਅਕਸਰ ਇੰਜ ਲੰਘਦੀਆਂ, ਜਿਵੇਂ ਉਹ ਕੰਧ ਦੀ ਤੇ ਲੋਕਾਂ ਦੀ ਕਰਨੀ ਤੋਂ ਬਿਲਕੁਲ ਅਣਜਾਣ ਨੇ। ਇਸ ਕੰਧ 'ਤੇ ਲਿਖਿਆ ਹੁੰਦਾ, "ਕੁੱਤੇ ਦੇ ਪੁਤ, ਇਥੇ ਨਾ ਮੂਤ।" ਕੋਈ ਇਲਤੀ ਆਤਮਾ ਕਾਲੇ ਰੋਗਨ ਦੇ ਲਿਖੇ ਇਸ ਲਲਕਾਰੇ ਵਿਚੋਂ 'ਨਾ' ਸ਼ਬਦ ਮੇਟ ਦਿੰਦੀ।

ਸਾਫ ਤੇ ਪੱਕੇ ਬਾਥਰੂਮ ਸਭ ਕੁਝ ਨੂੰ ਕੱਜ ਲੈਂਦੇ ਨੇ; ਫਿਰ ਕੂੜਾ ਕਿਧਰ ਜਾਂਦਾ, ਕਿਧਰ ਨਹੀਂ, ਇਹ ਗੱਲ ਭੇਤ ਰਹਿੰਦੀ ਹੈ। ਆਧੁਨਿਕਤਾ ਦਾ ਇਕ ਅਰਥ ਅਤਿਅੰਤ ਲੁਕੋ ਕਰਨਾ ਵੀ ਹੈ; ਆਪਣੇ ਪੈਦਾ ਕੀਤੇ ਕੂੜ-ਕਪਟ ਨੂੰ ਸੁਹਣੇ ਕੂੜੇਦਾਨ ਵਿਚ ਲੁਕੋ ਦੇਣਾ। ਕੋਈ ਕੂੜਾ ਅੱਖਾਂ ਮੂਹਰੇ ਨਹੀਂ ਦਿਸਣਾ ਚਾਹੀਦਾ। ਆਪਣੀ ਨੁਹਾਰ ਦੀ ਸੀਮਾ ਅੰਦਰ ਸ਼ਹਿਰ ਗੰਧਹੀਣ ਹੋ ਜਾਣਾ ਚਾਹੁੰਦਾ ਹੈ ਤੇ ਹਰ ਗੰਧ ਤੋਂ ਮੁਕਤ ਹੋ ਕੇ ਮਨੁੱਖ ਇਤਰ ਫੁਲੇਲਾਂ ਨਾਲ ਆਪਣੇ ਡ੍ਰੈਸਿੰਗ ਟੇਬਲ ਨੂੰ ਸਜਾਉਣਾ ਚਾਹੁੰਦਾ ਹੈ।

ਮੈਂ ਬਦਬੂ ਦੀ ਪੈਰੋਕਾਰ ਨਹੀਂ, ਪਰ ਮੈਂ ਐਸੀ ਖੁਸ਼ਬੂ ਦੀ ਸ਼ੌਕੀਨ ਵੀ ਨਹੀਂ, ਜਿਹਦਾ ਮੁੱਲ ਏਨਾ ਮਹਿੰਗਾ ਹੋਵੇ ਕਿ ਜਿਸ ਨੂੰ ਤਾਰਦੇ ਅਸੀਂ ਹੋਰ ਕੁਹਜ ਪੈਦਾ ਕਰ ਦੇਈਏ। ਮਨੁੱਖ ਦੀ ਬਿਰਤੀ ਬੇਸ਼ਕ, ਅਨੰਦ ਤੇ ਸੁਹਜ ਵਿਚ ਰਹਿਣ ਵਾਲੀ ਹੈ, ਪਰ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਸੁਹਜ ਤੋਹਫਾ ਨਹੀਂ, ਸਗੋਂ ਸਾਧਨਾ ਏ। ਸੁਹਜ ਦੀ ਸਾਧਨਾ ਦਾ ਕਿਫਾਇਤੀ ਢੰਗ ਨਿਰਾ ਸੁਹਜ ਵਧਾਉਣਾ ਨਹੀਂ, ਸਗੋਂ ਇਹਦਾ ਸਸਤਾ ਤਰੀਕਾ ਹੈ ਕੁਹਜ ਘਟਾਉਣਾ; ਕਿਉਂਕਿ ਹਰ ਕੁਹਜ ਘਟਾਉਣ ਨਾਲ ਸੁਹਜ ਆਪੇ ਵਧ ਜਾਂਦਾ ਹੈ।

# ਵਿਰਸੇ ਨਾਲ ਜੁੜੀਆਂ ਚੀਜ਼ਾਂ ਸਾਂਭਣ ਦਾ ਸ਼ੌਕੀਨ-ਤਸਵਿੰਦਰ ਵੜੈਚ


ਜਿਸ ਵੀ ਇਨਸਾਨ ਵਿਚ ਕੋਈ ਗੁਣ ਜਾਂ ਸ਼ੌਕ ਹੁੰਦਾ ਹੈ, ਉਹ ਇੱਕ ਨਾ ਇੱਕ ਦਿਨ ਉਜਾਗਰ ਹੋ ਕੇ ਹੀ ਰਹਿੰਦਾ ਹੈ। ਅਜਿਹਾ ਹੀ ਇਕ ਸ਼ਖਸ ਹੈ, ਤਸਵਿੰਦਰ ਸਿੰਘ ਵੜੈਚ ਜਿਸ ਨੂੰ ਵਿਰਸੇ ਨਾਲ ਜੁੜੀਆਂ ਚੀਜ਼ਾਂ ਸਾਂਭਣ ਦਾ ਸ਼ੌਕ ਹੈ। ਤਸਵਿੰਦਰ ਦਾ ਜਨਮ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਪਿਤਾ ਮੇਵਾ ਸਿੰਘ ਵੜੈਚ ਦੇ ਘਰ ਪਿੰਡ ਦੀਵਾਲਾ, ਤਹਿਸੀਲ ਸਮਰਾਲਾ (ਲੁਧਿਆਣਾ)

ਬੂਟਾ ਗੁਲਾਮੀ ਵਾਲਾ, ਮੋਗਾ
ਫੋਨ: 91-94171-97395

ਵਿਖੇ ਹੋਇਆ। ਸੁਰਤ ਸੰਭਾਲਦਿਆਂ ਹੀ ਉਸ ਨੂੰ ਪੰਜਾਬੀ ਸਭਿਆਚਾਰ/ਵਿਰਸੇ ਨਾਲ ਸਬੰਧਤ ਘਰਾਂ ਵਿਚੋਂ ਅਲੋਪ ਹੋ ਰਹੀਆਂ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਪੈ ਗਿਆ। ਖੇਤੀਬਾੜੀ ਦੇ ਧੰਦੇ ਨਾਲ ਜੁੜਿਆ ਉਸ ਨੇ ਆਪਣੇ ਘਰ ਇੱਕ ਮਿੰਨੀ ਮਿਊਜ਼ੀਅਮ ਬਣਾਇਆ ਹੋਇਆ ਹੈ ਜਿਸ ਨੂੰ ਲੋਕੀਂ ਦੂਰੋਂ-ਨੇੜਿਓਂ ਦੇਖਣ ਆਉਂਦੇ ਹਨ।

ਇਸ ਮਿਊਜ਼ੀਅਮ ਵਿਚ ਉਸ ਨੇ ਪੁਰਾਣਾ ਸੰਦੂਕ, ਚਰਖਾ, ਮਧਾਣੀ, ਲਾਲਟੈਣ, ਰੋਟੀ ਵਾਲਾ ਟਿਫਨ, ਕੰਗਣੀ ਵਾਲੇ ਗਿਲਾਸ, ਗਾਗਰ, ਕੇਤਲੀ, ਕਾਂਸੀ ਦੇ ਥਾਲ, ਛੰਨੇ, ਰੋਟੀ ਵਾਲੇ ਡੱਬੇ, ਪੁਰਾਣੀਆਂ ਦਵਾਤਾਂ, ਫੱਟੀਆਂ, ਪੁਰਾਣੇ ਰੋਪੜੀ ਨਿਊਲੇ ਜਿੰਦਰੇ, ਹੁੱਕੇ, ਊਠ ਦੇ ਪੈਰ ਵਾਲੀ ਨਿਉਲ, ਸੇਰ ਵਾਲੇ ਪੁਰਾਣੇ ਵੱਟੇ, ਖੂਹ ਦੇ ਡੋਲ, ਟਿਊਬਾਂ ਵਾਲੇ ਰੇਡੀਓ, ਗ੍ਰਾਮੋਫੋਨ ਮਸ਼ੀਨਾਂ, ਤਵੇ, ਪੁਰਾਣੀਆਂ ਡਾਕ ਟਿਕਟਾਂ, ਆਟਾ ਚੱਕੀ, ਰੂੰ-ਵੇਲਣੇ, ਖੇਸ, ਨਾਲੇ ਬੁਣਨ ਵਾਲਾ ਅੱਡਾ, ਫੁਲਕਾਰੀ, ਝੂਟਾ, ਘੱਗਰਾ, ਸਾਗ ਚੀਰਨ ਵਾਲੀ ਦਾਤੀ, ਹਮਾਮ, ਉਖਲੀ-ਮੋਹਲਾ, ਖਰਲ, ਹਲ, ਛੱਜ, ਇੰਨੂਏ, ਕਰੋਸ਼ੀਏ, ਸੁਹਾਗੀ, ਭੜੋਲੀਆਂ, ਪਟਾਰੀਆਂ, ਮੂੜੇ, ਘੋਟਣੇ, ਝਾਂਜਰਾਂ, ਮਕਸੂਦ, ਬਲਦਾਂ ਦੀਆਂ ਟੱਲੀਆਂ, ਹੱਥ ਕਢਾਈ ਵਾਲੀਆਂ ਮੂਰਤਾਂ, ਅਟੇਰਨੇ, ਬੋਹੀਏ, ਕੱਦੂਕਸ਼, ਪਰਾਤਾਂ, ਬਾਲਟੀਆਂ, ਗੜਵੀਆਂ, ਪਤੀਲੇ, ਪੰਜੇ, ਕੁੰਡੀਆਂ, ਲੈਂਪ, ਖਰਖਰੇ, ਗੁੜ ਚੰਡਣੀ, ਗੜੀਰੇ, ਪਿੱਤਲ ਦੀ ਤਰਪਾਈ, ਵੇਣਾਂ ਵਟਣੀਆਂ, ਛਾਣਨੇ, ਰੇਡੀਓ ਲਾਈਸੈਂਸ, ਸਾਈਕਲ ਲਾਈਸੈਂਸ, ਮਟ, ਕੁੰਡੀ ਸੋਟਾ, ਟੋਕਰੀ, ਗੜਵਾ, ਤੱਕੜੀ, ਊਠ ਤੇ ਘੋੜੇ ਦੀ ਕਾਠੀ, ਕਨੇਰੀ, ਟਿੰਡਾਂ, ਗਾਂਧੀ ਚਰਖਾ, ਪਰਤਾਪਾ, ਧੌਕਣੀ, ਪਟਾਰੀ, ਰਕਾਬਾਂ, ਪਿੜ੍ਹੂ, ਹੱਥ ਪੱਖੇ, ਪੁਰਾਤਨ ਸਿੱਕੇ, ਡਬਲੀ ਪੈਸੇ, ਗਲੀ ਵਾਲੇ ਪੈਸੇ, ਆਨੇ, ਅੱਧੇ ਆਨੇ, ਚਾਂਦੀ ਦੇ ਸਿੱਕੇ, ਦਮੜੀਆਂ, ਟੋਕਨ, ਪੁਰਾਣੇ ਨੋਟ, ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਦੇ ਸਿੱਕੇ, ਅਹਿਮਦ ਸ਼ਾਹ ਅਬਦਾਲੀ, ਸ਼ੇਰ ਸ਼ਾਹ ਸੂਰੀ, ਈਸਟ ਇੰਡੀਆ ਕੰਪਨੀ ਤੇ ਅਕਬਰ ਦੇ ਸਿੱਕੇ, ਨਾਨਕਸ਼ਾਹੀ ਸਿੱਕੇ ਅਤੇ ਹੋਰ ਅਨੇਕਾਂ ਸਿੱਕੇ ਤੇ ਵਸਤਾਂ ਨੂੰ ਜੀਅ-ਜਾਨ ਨਾਲ ਸੰਭਾਲ ਕੇ ਰੱਖਿਆ ਹੋਇਆ ਹੈ।

ਤਸਵਿੰਦਰ ਨੇ ਇਹ ਅਨਮੋਲ ਦੁਰਲੱਭ ਵਿਰਾਸਤੀ ਚੀਜ਼ਾਂ ਇਕੱਤਰ ਕਰਨ ਦਾ ਸ਼ੌਕ ਇਸ ਕਰਕੇ ਪਾਲਿਆ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਸ਼ਾਨਾਂਮੱਤੇ ਵਿਰਸੇ ਤੋਂ ਜਾਣੂ ਹੋ ਸਕਣ। ਉਹ ਸਭਿਆਚਾਰਕ ਮੇਲਿਆਂ, ਸਕੂਲਾਂ, ਕਾਲਜਾਂ ਵਿਚ ਇਨ੍ਹਾਂ ਵਸਤਾਂ ਦੀ ਪ੍ਰਦਰਸ਼ਨੀ ਲਾ ਕੇ ਆਪਣੇ ਵਿਰਸੇ ਨਾਲੋਂ ਟੁੱਟਦੀ ਜਾ ਰਹੀ ਜਵਾਨੀ ਨੂੰ ਆਪਣੇ ਸਭਿਆਚਾਰ ਤੋਂ ਜਾਣੂ ਕਰਵਾ ਰਿਹਾ ਹੈ।



ਤਸਵਿੰਦਰ ਵੜੈਚ ਇਕੱਤਰ ਕੀਤੀਆਂ ਵਿਰਾਸਤੀ ਵਸਤਾਂ ਨਾਲ

ਇਸ ਵਿਲੱਖਣ ਕਾਰਜ ਲਈ ਤਸਵਿੰਦਰ ਨੂੰ ਪੰਜਾਬੀ ਸੱਥ ਬਰਬਾਲੀ, ਲਾਲ ਚੰਦ ਯਮਲਾ ਜੱਟ ਸਭਿਆਚਾਰਕ ਕਮੇਟੀ ਪਿੰਡ ਲੁਹਾਰਾ (ਮੋਗਾ), ਕੋਹਿਨੂਰ ਵੈਲਫੇਅਰ ਐਂਡ ਸਪੋਰਟਸ ਕਲੱਬ ਖੋਟਰਾਂ, ਪੰਜਾਬ ਯੂਥ ਫੋਰਸ ਮਾਛੀਵਾੜਾ ਸਾਹਿਬ, ਪੰਜਾਬ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਤੋਂ ਇਲਾਵਾ ਐਸ. ਡੀ. ਐਮ. ਸਮਰਾਲਾ, ਪ੍ਰਾਚੀਨ ਸ੍ਰੀ ਮੁਕਤੇਸ਼ਵਰ ਮਹਾਂਦੇਵ ਸ਼ਿਵ ਮੰਦਿਰ ਸੁਸਾਇਟੀ ਚਹਿਲਾਂ ਤੇ ਹੋਰ ਅਨੇਕਾਂ ਸੰਸਥਾਵਾਂ ਸਨਮਾਨਿਤ ਕਰ ਚੁਕੀਆਂ ਹਨ।

ਇਨ੍ਹਾਂ ਚੀਜ਼ਾਂ ਦੀ ਸਾਂਭ ਸੰਭਾਲ 'ਚ ਤਸਵਿੰਦਰ ਦੀ ਜੀਵਨ ਸਾਥਣ ਹਰਜਿੰਦਰ ਕੌਰ ਦਾ ਪੂਰਾ ਸਹਿਯੋਗ ਹੈ। ਤਸਵਿੰਦਰ ਦਾ ਕਹਿਣਾ ਹੈ ਕਿ ਇਸ ਸ਼ੌਕ ਤੋਂ ਪ੍ਰਭਾਵਤ ਹੋ ਕੇ ਉਸ ਦੇ ਪਿਤਾ ਨੇ ਵੀ ਚੀਜ਼ਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਉਹ ਮਾਣ ਨਾਲ ਕਹਿੰਦਾ ਹੈ, ਇਨ੍ਹਾਂ ਦੀ ਸਾਂਭ ਸੰਭਾਲ ਵਿਚ ਉਸ ਦਾ ਸਾਰਾ ਪਰਿਵਾਰ ਸਹਿਯੋਗ ਦਿੰਦਾ ਹੈ।

ਤਸਵਿੰਦਰ ਜਿਥੋਂ ਕਿਤੋਂ ਵੀ ਪੁਰਾਣੀਆਂ ਵਿਰਾਸਤੀ ਚੀਜ਼ਾਂ ਮਿਲਣ, ਝਟ ਖਰੀਦ ਲੈਂਦਾ ਹੈ। ਉਸ ਨੇ ਕਈ ਚੀਜ਼ਾਂ ਕਾਫੀ ਪੈਸੇ ਖਰਚ ਕੇ ਇਕੱਠੀਆਂ ਕੀਤੀਆਂ ਹਨ। ਸਮੇਂ ਦੀ ਕਰਵਟ ਨਾਲ ਹੁਣ ਅਜਿਹੀਆਂ ਵਿਰਾਸਤੀ ਵਸਤਾਂ ਘਰਾਂ ਵਿਚੋਂ ਅਲੋਪ ਹੋ ਰਹੀਆਂ ਹਨ ਪਰ ਤਸਵਿੰਦਰ ਵਰਗੇ ਕਈ ਉਦਮੀ ਨੌਜਵਾਨ ਇਨ੍ਹਾਂ ਨੂੰ ਸੰਭਾਲਣ ਦੇ ਯਤਨ ਵਿਚ ਲੱਗੇ ਹੋਏ ਹਨ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਜਾਣੂ ਹੋ ਸਕਣ।

# ਲੱਗ ਗਿਆ ਤਾਂ ਤੀਰ, ਨਹੀਂ ਤਾਂ ਤੁੱਕਾ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ ਵੀਨਿਸ' ਦਾ ਇਕ ਪਾਤਰ ਬਸੈਨੀਓ ਕਿਸੇ ਪ੍ਰਸੰਗ ਵਿਚ ਐਨਟੋਨਿਓ ਨਾਲ ਆਪਣਾ ਇਕ ਅਨੁਭਵ ਸਾਂਝਾ ਕਰਦਾ ਹੈ, "ਸਕੂਲ ਦੇ ਦਿਨਾਂ ਵਿਚ ਜੇ ਕਦੇ ਮੇਰਾ ਤੀਰ ਗੁਆਚ ਜਾਣਾ ਤਾਂ ਮੈਂ ਉਸੇ ਦਿਸ਼ਾ ਵਿਚ ਇਕ ਹੋਰ ਤੀਰ ਮਾਰ ਕੇ ਉਸ ਨੂੰ ਹਥਿਆਉਣ ਦੀ ਕੋਸ਼ਿਸ਼ ਕਰਦਾ ਸਾਂ। ਦੂਜੇ ਤੀਰ ਨੂੰ ਮੈਂ ਵਧੇਰੇ ਚੌਕਸੀ ਨਾਲ ਮਾਰਦਾ ਸਾਂ। ਇਸ ਤਰ੍ਹਾਂ ਦੋਨੋਂ ਤੀਰਾਂ ਦੀ ਬਾਜ਼ੀ ਲਾ ਕੇ ਮੈਂ ਅਕਸਰ ਦੋਨੋਂ ਹੀ ਪਾ ਲੈਂਦਾ।"

ਨਾਟਕ ਦੀਆਂ ਇਹ ਸਤਰਾਂ ਪੜ੍ਹਨ ਪਿਛੋਂ ਮੈਂ ਸੋਚਿਆ ਕਿ 'ਲੱਗ ਗਿਆ ਤਾਂ ਤੀਰ ਨਹੀਂ ਤਾਂ ਤੁੱਕਾ' ਕਹਾਵਤ ਦੀ ਕੁੰਜੀ ਮੇਰੇ ਹੱਥ ਆ ਗਈ ਹੈ। ਮੇਰਾ ਵਿਚਾਰ ਬਣਿਆ ਕਿ ਗੱਲ ਇਸ ਤਰ੍ਹਾਂ ਹੋਈ ਹੋਵੇਗੀ ਕਿ ਬਸੈਨੀਓ ਦਾ ਪਹਿਲਾ ਗਵਾਚਾ ਤੀਰ ਅਵੱਸ਼ ਹੀ ਕਿਸੇ ਸੰਘਣੇ ਦਰਖਤ ਦੀਆਂ ਟਹਿਣੀਆਂ ਵਿਚ ਫਸ ਕੇ ਅਦਿੱਖ ਹੋ ਗਿਆ ਹੋਵੇਗਾ। ਸੋ ਐਨ ਉਸੇ ਦਿਸ਼ਾ ਵਿਚ ਇਕ ਹੋਰ ਤੀਰ ਦਾਗਣ ਨਾਲ ਇਹ ਤੀਰ ਪਹਿਲੇ ਤੀਰ ਨੂੰ ਫੁੰਡਦਾ ਹੋਇਆ ਉਸ ਨੂੰ ਵੀ ਸੁੱਟ ਦਿੰਦਾ ਹੋਵੇਗਾ ਤੇ ਆਪ ਵੀ ਆਣ ਡਿਗਦਾ ਹੋਵੇਗਾ।



ਇਸ ਨਿਸ਼ਕਰਸ਼ ਨੂੰ ਉਪਰੋਕਤ ਕਹਾਵਤ ਸਮਝਣ ਦੇ ਵਿਚਾਰ ਨਾਲ ਮੈਂ ਲੱਖਣ ਲਾਇਆ ਕਿ ਜੇ ਕਿਸੇ ਦਾ ਤੀਰ ਕਿੱਕਰ 'ਤੇ ਟੰਗਿਆ ਜਾਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਇਸ ਨੂੰ ਉਤਾਰਨ ਲਈ ਪਹਿਲੀ ਦਿਸ਼ਾ ਵੱਲ ਇਕ ਹੋਰ ਤੀਰ ਮਾਰੇ। ਇਸ ਨਾਲ ਜੇ ਗੁਆਚਾ ਤੀਰ ਨਾ ਵੀ ਡਿਗੇ ਤਾਂ ਘੱਟੋ ਘੱਟ ਕਿੱਕਰ ਤੋਂ ਟੁੱਟ ਕੇ ਇਕ ਤੁੱਕਾ ਤਾਂ ਹੱਥ ਲੱਗ ਹੀ ਸਕਦਾ ਹੈ! ਹੈ ਨਾ ਕਹਾਵਤ ਦੀ ਕੁਝ ਅਟਪਟੀ ਜਿਹੀ ਵਿਆਖਿਆ! ਦਰਅਸਲ ਸ਼ਬਦਾਂ ਅਤੇ ਮੁਹਾਵਰਿਆਂ ਆਦਿ ਦੀ ਮਨਘੜਤ ਵਿਉਤਪਤੀ ਦਾ ਅਰੰਭ ਇਸੇ ਤਰ੍ਹਾਂ ਹੁੰਦਾ ਹੈ।

ਪਿਛਲੇ ਸਾਲ ਆਪਣੇ ਇਕ ਦੋਸਤ ਨਾਲ ਮੈਂ ਰਾਜਸਥਾਨ ਦੀ ਸੈਰ ਕਰਨ ਗਿਆ ਤਾਂ ਬੀਕਾਨੇਰ ਦੇ ਇਕ ਮਹਿਲ ਦੇ ਦਰਸ਼ਨ ਕੀਤੇ। ਇਸ ਵਿਚ ਰਾਜਿਆਂ ਵਲੋਂ ਵਰਤੇ ਜਾਂਦੇ ਕਈ ਤਰ੍ਹਾਂ ਦੇ ਹਥਿਆਰਾਂ ਦੀ ਗੈਲਰੀ ਵਿਚ ਇਕ ਪਾਸੇ ਸ਼ੀਸ਼ੇ ਵਿਚ ਜੜੇ ਕਈ ਤਰ੍ਹਾਂ ਦੇ ਤੀਰ ਦੇਖਣ ਨੂੰ ਮਿਲੇ। ਇਹ ਤੀਰ ਮੋਰ ਦੇ ਖੰਭਾਂ ਵਾਂਗ ਉਪਰ ਨੂੰ ਫੈਲਾਏ ਹੋਏ ਸਨ। ਗਾਈਡ ਨੇ ਇਕ ਛੋਟੇ ਤੀਰ ਵੱਲ ਉਂਗਲੀ ਕਰਦਿਆਂ ਦੱਸਿਆ, 'ਯੇ ਹੈ ਤੁੱਕਾ, ਲੱਗ ਗਯਾ ਤੋ ਤੀਰ ਨਹੀਂ ਤੋ ਤੁੱਕਾ ਵਾਲਾ।' ਮੈਂ ਦੇਖਿਆ ਇਸ ਤੁੱਕੇ ਦੀ ਨੋਕ ਤੀਰ ਵਾਂਗ ਤਿੱਖੀ ਨਹੀਂ ਬਲਕਿ ਉਪਰੋਂ ਖੁੰਡੀ ਜਿਹੀ ਤੇ ਹੇਠਾਂ ਵੱਲ ਨੂੰ ਮੁੜਦੀ ਘੁੰਡੀ ਵਾਲੀ ਸੀ। ਮੈਂ ਫੋਟੋ ਖਿੱਚਣੀ ਚਾਹੁੰਦਾ ਸਾਂ ਪਰ ਮੇਰੇ ਦੋਸਤ ਨੇ ਮੈਨੂੰ ਹੀ ਖਿੱਚ ਲਿਆ, "ਏਦਾਂ ਤੀਰਾਂ ਤੁੱਕਿਆਂ ਦੀਆਂ ਵੀ ਫੋਟੋਆਂ ਖਿੱਚਣ ਲੱਗਿਆ ਤਾਂ ਸਾਰਾ ਦਿਨ ਏਥੇ ਹੀ ਲੱਗ ਜਾਣਾ ਹੈ, ਅੱਜ ਆਪਾਂ ਵਾਪਸ ਪੰਜਾਬ ਵੀ ਮੁੜਨਾ ਹੈ।"

ਖੈਰ, ਮੇਰਾ ਧਿਆਨ ਇਕ ਦਮ ਤੁੱਕਾ ਸ਼ਬਦ ਵੱਲ ਗਿਆ ਜਿਸ ਦੇ ਇਸ ਤੀਸਰੇ ਅਰਥ ਦਾ ਮੈਨੂੰ ਪਹਿਲੀ ਵਾਰ ਇਲਮ ਹੋਇਆ। ਮੈਂ ਤਾਂ ਤੁੱਕੇ ਨੂੰ ਦੋ ਚੀਜ਼ਾਂ ਦੇ ਨਾਂ ਵਜੋਂ ਹੀ ਜਾਣਦਾ ਸਾਂ ਜਿਨ੍ਹਾਂ ਵਿਚੋਂ ਪਹਿਲੇ ਯਾਨਿ ਕਿੱਕਰ ਦੀ ਫਲੀ ਦਾ ਵਾਹ ਨਿਆਣਪੁਣੇ ਤੋਂ ਹੀ ਹੋ ਗਿਆ ਸੀ। ਦੂਜੇ ਬਾਰੇ ਗਿਆਨ ਜ਼ਰਾ ਵੱਡੀ ਉਮਰ ਵਿਚ ਉਦੋਂ ਹੋਇਆ ਜਦ ਹੁਸ਼ਿਆਰਪੁਰ ਜ਼ਿਲੇ ਦੇ ਇਕ ਪਿੰਡ ਵਿਚ ਰਹਿੰਦਾ ਮੇਰਾ ਹਾਣੀ ਮਾਸੀ ਦਾ ਮੁੰਡਾ ਸਾਡੇ ਪਿੰਡ ਆਇਆ। ਚੁੱਲ੍ਹੇ ਅੱਗੇ ਮੇਰੇ ਨਾਲ ਬੈਠ ਕੇ ਰੋਟੀ ਖਾਂਦਾ ਉਹ ਚੁੱਲ੍ਹੇ ਵਿਚ ਡਾਹੇ ਜਾ ਰਹੇ ਛੱਲੀਆਂ ਦੇ ਗੁੱਲਾਂ ਨੂੰ ਤੁੱਕੇ ਕਹੀ ਜਾਂਦਾ ਸੀ। ਬਾਅਦ ਵਿਚ ਪਤਾ ਲੱਗਾ ਕਿ ਕਈ ਹੋਰ ਇਲਾਕਿਆਂ ਦੇ ਲੋਕਾਂ ਲਈ ਵੀ ਛੱਲੀਆਂ ਦੇ ਗੁੱਲ ਤੁੱਕੇ ਹਨ।

'ਲੱਗ ਗਿਆ ਤਾਂ ਤੀਰ, ਨਹੀਂ ਤਾਂ ਤੁੱਕਾ' ਕਹਾਵਤ ਦਾ ਆਮ ਤੌਰ 'ਤੇ ਲਿਆ ਜਾਂਦਾ ਅਰਥ ਹੈ ਕਿ ਕਿਸੇ ਆਸ਼ੇ ਲਈ ਕੀਤੀ ਜਾਂਦੀ ਕੋਸ਼ਿਸ਼ ਫਲੀਭੂਤ ਹੋ ਗਈ ਤਾਂ ਹਰੀ ਵਾਹਵਾ ਨਹੀਂ ਤਾਂ ਕੋਈ ਗੱਲ ਨਹੀਂ। ਇੱਕ ਸ੍ਰੋਤ ਅਨੁਸਾਰ ਕਾਰਜਸਿਧੀ 'ਤੇ ਹੀ ਸਾਧਨ ਦੀ ਉਪਯੋਗਤਾ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਤੁੱਕਾ ਇਕ ਖੁੰਡੀ ਜਿਹੀ ਅਣੀ ਵਾਲਾ ਮੁਕਾਬਲਤਨ ਛੋਟਾ ਤੀਰ ਹੁੰਦਾ ਹੈ ਜੋ ਆਮ ਤੌਰ 'ਤੇ ਤੀਰਅੰਦਾਜ਼ੀ ਵਿਚ ਅਭਿਆਸ ਵਜੋਂ ਵਰਤਿਆ ਜਾਂਦਾ ਹੈ। ਕਿਸੇ ਦੇ ਨਾਜ਼ੁਕ ਅੰਗ 'ਤੇ ਲੱਗ ਵੀ ਜਾਵੇ ਤਾਂ ਇਹ ਬਹੁਤਾ ਘਾਤਕ ਨਹੀਂ ਹੁੰਦਾ। ਇਹ ਤੀਰ ਦਾ ਮੁਕਾਬਲਾ ਨਹੀਂ ਕਰ ਸਕਦਾ, ਜੋ ਗਾਲਿਬ ਦੇ ਲਹੂ ਵਰਗਾ ਹੁੰਦਾ ਹੈ, 'ਜੋ ਆਂਖ ਹੀ ਸੇ ਨਾ ਟਪਕਾ ਤੋ ਫਿਰ ਲਹੂ ਕਿਆ ਹੈ।' ਅਭਿਆਸੀ ਦੇ ਤੁੱਕੇ ਪਹਿਲਾਂ ਪਹਿਲਾਂ ਨਿਸ਼ਾਨੇ 'ਤੇ ਨਹੀਂ ਲਗਦੇ। ਜਿਉਂ ਹੀ ਲੱਗਣੇ ਸ਼ੁਰੂ ਹੋ ਗਏ, ਸਮਝੋ ਅਭਿਆਸੀ ਤੀਰ ਚਲਾਉਣ ਦੇ ਕਾਬਲ ਹੋ ਗਿਆ। ਇਸ ਸੂਰਤ ਵਿਚ ਤਾਂ ਉਸ ਦੇ ਤੁੱਕੇ ਵੀ ਤੀਰ ਹੋ ਜਾਂਦੇ ਹਨ।

'ਤੀਰ ਤੁੱਕੇ ਲਾਉਣਾ' ਦੇ ਰੂਪ ਵਿਚ ਕਹਾਵਤ ਸੁੰਗੜ ਕੇ ਮੁਹਾਵਰੇ ਦਾ ਰੂਪ ਧਾਰ ਗਈ ਲਗਦੀ ਹੈ ਪਰ ਇਥੇ ਅਰਥ ਕੁਝ ਵੱਖਰੇ ਹੋ ਗਏ ਹਨ ਅਰਥਾਤ ਅਟਸਟਾ ਲਾਉਣਾ, ਕਿਆਸ ਲਾਉਣਾ। ਇਕ ਕੋਸ਼ ਅਨੁਸਾਰ ਇਸ ਦਾ ਅਰਥ 'ਮਾੜਾ ਮੋਟਾ ਕੰਮ ਕਰਨਾ' ਵੀ ਹੈ। ਭਾਸ਼ਾ ਵਿਭਾਗ ਦੇ ਪੰਜਾਬੀ ਕੋਸ਼ ਨੇ 'ਤੀਰ ਤੁੱਕੇ ਹੋ ਕੇ ਰਹਿ ਜਾਣਾ' ਮੁਹਾਵਰੇ ਦਾ ਅਰਥਾਪਣ ਕੀਤਾ ਹੈ, 'ਤੀਰ ਦਾ ਇਤਨਾ ਅਸਰ ਵੀ ਨਾ ਹੋ ਸਕਣਾ ਜਿੰਨਾ ਛੱਲੀ ਦਾ ਤੁੱਕਾ ਮਾਰਿਆਂ ਹੋ ਸਕਦਾ ਹੈ।' ਕਿਹਾ ਜਾ ਸਕਦਾ ਹੈ ਕਿ ਇਥੇ ਤੁੱਕਾ ਤੋਂ ਮੁਰਾਦ ਛੱਲੀ ਦਾ ਤੁੱਕਾ (ਗੁੱਲ) ਨਹੀਂ ਬਲਕਿ ਇਸ ਦਾ ਸਿਰਨਾਵੀਆਂ ਤੀਰ ਦਾ ਛੋਟਾ ਤੇ ਅਪਾਹਜ ਭਰਾ ਤੁੱਕਾ ਹੈ। ਉਂਜ ਤੁੱਕਾ ਰਾਮ ਵਿਅਕਤੀ ਨਾਂ ਵੀ ਹੁੰਦੇ ਹਨ। ਮਹਾਰਾਸ਼ਟਰ ਦੇ ਸੰਤ ਤੁੱਕਾ ਰਾਮ ਬਾਰੇ ਤਾਂ ਬਥੇਰੇ ਜਾਣਦੇ ਹੋਣਗੇ।

'ਤੀਰ-ਤੁੱਕਾ' ਦਰੁਕਤੀ ਦੇ ਰੂਪ ਵਿਚ ਵਿਚਾਰਾ ਤੀਰ ਤੁੱਕੇ ਦੇ ਨਾਲ ਲੱਗ ਕੇ ਉਸੇ ਦਾ ਹਾਣੀ ਹੋ ਗਿਆ ਹੈ। ਹੋਰ ਤਾਂ ਹੋਰ, ਇਸ ਮੁਹਾਵਰੇ ਤੋਂ ਤੀਰ ਵੀ ਝੜ ਗਿਆ ਤੇ ਰਹਿ ਗਿਆ ਨਿਰਾ 'ਤੁੱਕੇ ਲਾਉਣਾ' ਮਤਲਬ ਮੋਟੇ ਅਨੁਮਾਨ ਲਾਉਣਾ, ਟਰਪੱਲੀਆਂ ਮਾਰਨਾ, ਉਘ ਦੀਆਂ ਪਤਾਲ ਲਾਉਣਾ। ਇਸ ਮੁਹਾਵਰੇ ਦੇ ਸਹੀ ਅਤੇ ਵਿਹਾਰਕ ਅਰਥ ਤਾਂ ਨਾਲਾਇਕ ਪਰ ਜੁਗਤੀ ਤੇ ਤਿਕੜਮਬਾਜ਼ ਵਿਦਿਆਰਥੀ ਹੀ ਸਮਝਦੇ ਹਨ ਜੋ ਇਮਤਿਹਾਨੀ ਪਰਚਿਆਂ ਵਿਚ ਤੁੱਕੇ ਮਾਰ ਕੇ ਹੀ ਮਾਅਰਕਾ ਮਾਰਨ ਦਾ ਯਤਨ ਕਰਦੇ ਹਨ। ਇਸ ਕਰਮ ਨੂੰ ਉਹ ਗੱਪਾਂ ਮਾਰਨੀਆਂ ਵੀ ਕਹਿੰਦੇ ਹਨ। ਸਿਤਮ ਦੀ ਗੱਲ ਹੈ ਕਿ 'ਤੁੱਕਾ ਲਾਉਣਾ' ਤਾਂ ਹਵਾਈ ਕਿਲੇ ਉਸਾਰਨਾ ਹੀ ਹੈ ਜਦਕਿ ਤੁੱਕਾ ਲੱਗ ਜਾਣਾ ਦੇ ਰੂਪ ਵਿਚ ਸੱਚ ਮੁੱਚ ਕਿਲਾ ਉਸਰ ਜਾਂਦਾ ਹੈ। ਦਿਲਚਸਪ ਹੈ ਕਿ ਇਕੱਲੇ ਤੁੱਕੇ ਦਾ ਅਰਥ ਵੀ ਅਨੁਮਾਨ ਆਦਿ ਬਣ ਗਿਆ ਹੈ ਜਿਵੇਂ ਤੇਰਾ ਤੁੱਕਾ ਠੀਕ ਨਿਕਲਿਆ। ਆਦਤਨ ਤੁੱਕੇ ਮਾਰਨ ਵਾਲੇ ਨੂੰ ਤੁੱਕੇਬਾਜ਼ ਕਿਹਾ ਜਾਂਦਾ ਹੈ।

ਤੁੱਕਾ ਸ਼ਬਦ ਦੀ ਇਹ ਜਹੀ ਦੀ ਤਹੀ ਸਮਝਣ ਲਈ ਅਸੀਂ ਆਪਣੇ ਸ਼ੇਕਸਪੀਅਰ ਯਾਨਿ ਵਾਰਿਸ ਸ਼ਾਹ ਦੀ ਇਕ ਕਲੀ ਦਾ ਸਹਾਰਾ ਲੈਂਦੇ ਹਾਂ। ਇਹ ਸਹਿਤੀ ਦੇ ਬੋਲ ਹਨ:

ਕਿਉਂ ਵਿਗੜ ਕੇ ਤਿਗੜ ਕੇ ਪਾਟ ਲੱਥੋਂ,
ਅੰਨ ਆਬੇ ਹਿਆਤ ਹੈ ਭੁਖਿਆਂ ਨੂੰ।
ਬੁੱਢਾ ਹੋਵਸੇਂ ਲਿੰਗ ਜਾ ਰਹਿਨ ਟੁਰਨੋਂ,
ਫਿਰੇਂ ਖੂੰਡਦਾ ਟੁੱਕਰਾਂ ਰੁੱਖਿਆਂ ਨੂੰ।
ਕਿਤੇ ਰੰਨ ਘਰ ਬਾਰ ਅੱਡਿਆ ਈ,
ਅਜੇ ਫਿਰੇਂ ਚਲਾਉਂਦਾ ਤੁੱਕਿਆਂ ਨੂੰ।
ਵਾਰਸ ਸ਼ਾਹ ਅੱਜ ਵੇਖ ਜੋ ਚੜ੍ਹੀ ਮਸਤੀ,
ਓਹਨਾਂ ਲੁੰਡਿਆਂ ਭੁਖਿਆਂ ਸੁੱਕਿਆਂ ਨੂੰ।

ਉਪਰੋਕਤ ਰੰਨ ਅਤੇ ਤੁੱਕੇ ਦੇ ਪ੍ਰਸੰਗ ਨੂੰ ਕਿਸੇ ਟੀਕਾਕਾਰ ਨੇ ਕੁਝ ਇਸ ਤਰ੍ਹਾਂ ਜੋੜਿਆ ਹੈ:

ਕਿਸੇ ਪਿੰਡ ਵਿਚ ਇੱਕ ਭੋਲਾ ਪੁਰਸ਼ ਰਹਿੰਦਾ ਸੀ। ਉਹਦੇ ਘਰ ਵਾਲੀ ਨੇ ਉਹਨੂੰ ਕਮਾਈ ਕਰਨ ਲਈ ਪਰਦੇਸ ਭੇਜ ਦਿੱਤਾ ਅਤੇ ਪਿੱਛੋਂ ਆਪ ਇਕ ਬਦਚਲਨ ਨਾਲ ਫਸ ਗਈ। ਉਹ ਪੁਰਸ਼ ਕੁੱਝ ਸਮੇ ਪਿੱਛੋਂ ਘਰ ਆਇਆ। ਉਹ ਬਹੁਤਾ ਸਮਾਂ ਘਰ ਹੀ ਰਹਿੰਦਾ ਜਿਸ ਕਰਕੇ ਘਰ ਵਾਲੀ ਬਹੁਤ ਤੰਗ ਸੀ। ਅਖੀਰ ਘਰਵਾਲੀ ਦੇ ਯਾਰ ਨੇ ਉਹਦੇ ਪਤੀ ਨਾਲ ਦੋਸਤੀ ਪਾ ਲਈ। ਪਤੀ ਨੂੰ ਤੀਰਅੰਦਾਜ਼ੀ ਦੀ ਕਲਾ ਸਿੱਖਣ ਲਈ ਮਨਾਇਆ ਅਤੇ ਆਪਣਾ ਸ਼ਾਗਿਰਦ ਥਾਪ ਲਿਆ। ਜਦੋਂ ਘਰਵਾਲੀ ਦਾ ਮਾਲਕ ਤੁੱਕੇ ਚਲਾਉਂਦਾ ਤਾਂ ਆਸ਼ਕ ਚੱਕ ਕੇ ਲਿਆਉਂਦਾ ਅਤੇ ਫਿਰ ਆਸ਼ਕ ਦੀ ਵਾਰੀ ਆ ਜਾਂਦੀ। ਆਸ਼ਕ ਦੇ ਤੁੱਕੇ ਦਿਨੋ ਦਿਨ ਦੂਰ ਜਾਣ ਲੱਗੇ। ਕਈ ਵਾਰੀ ਤੁੱਕੇ ਚੁਕ ਕੇ ਲਿਆਉਣ ਵਿਚ ਅੱਧਾ ਪੌਣਾ ਘੰਟਾ ਲੱਗ ਜਾਂਦਾ। ਓਨੀ ਦੇਰ ਵਿਚ ਆਸ਼ਕ ਉਹਦੀ ਘਰ ਵਾਲੀ ਨਾਲ ਮੌਜਾਂ ਕਰਦਾ। ਇੱਕ ਵਾਰ ਘਰ ਵਾਲਾ ਸ਼ੱਕ ਕਾਰਨ ਤੁੱਕੇ ਚੁੱਕਣ ਗਿਆ ਰਸਤੇ ਵਿਚੋਂ ਦੋ ਚਾਰ ਮਿੰਟ ਵਿਚ ਹੀ ਮੁੜ ਆਇਆ ਅਤੇ ਆਪਣੀ ਪਤਨੀ ਅਤੇ ਆਸ਼ਕ ਨੂੰ ਮੌਕੇ 'ਤੇ ਨੱਪ ਲਿਆ। ਉਸ ਨੇ ਉਹਨੂੰ ਕੁੱਟ ਕੁੱਟ ਕੇ ਪਿੰਡੋਂ ਕੱਢ ਦਿੱਤਾ। ਉਹ ਦੂਰ ਦੇ ਇੱਕ ਪਿੰਡ ਜਾ ਵਸਿਆ। ਇੱਕ ਵਾਰੀ ਇਸਤਰੀ ਦਾ ਮਾਲਕ ਉਸ ਪਿੰਡ ਇੱਕ ਜਨੇਤੇ ਗਿਆ ਉਸ ਬਦਮਾਸ਼ ਨੂੰ ਮਿਲ ਪਿਆ ਅਤੇ ਪੁੱਛਿਆ ਕਿ ਉਹਨੇ ਕਿਤੇ ਘਰ ਬਾਰ ਵਸਾ ਲਿਆ ਹੈ ਜਾਂ ਹਾਲੀਂ ਤੀਰ ਤੁੱਕੇ ਹੀ ਚਲਾਉਂਦਾ ਹੈ?

ਨਾ ਜਾਣੇ ਤੀਰ ਤੁੱਕੇ ਦਾ ਸਬੰਧ ਦਰਸਾਉਣ ਲਈ ਹੋਰ ਕਿੰਨੀਆਂ ਕਹਾਣੀਆਂ ਘੜੀਆਂ ਗਈਆਂ ਹੋਣਗੀਆਂ। ਆਪਾਂ ਤੁੱਕੇ 'ਤੇ ਆਈਏ। ਇਹ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਦਾ ਹੈ ਤੇ ਇਸ ਜ਼ਬਾਨ ਵਿਚ ਇਸ ਦਾ ਰੂਪ ਹੈ, ਤੁਕਹ। ਫਾਰਸੀ ਵਿਚ ਇਸ ਲਈ ਤੁਗਮਰ ਜਾਂ ਤੁਕਮਰ ਸ਼ਬਦ ਵੀ ਹਨ। ਖੁੰਡੇ ਤੀਰ ਲਈ ਹੋਰ ਵੀ ਬਹੁਤ ਸ਼ਬਦ ਹਨ ਪਰ ਅਜੇ ਆਪਾਂ ਉਨ੍ਹਾਂ ਤੋਂ ਕੀ ਲੈਣਾ। ਤੁੱਕਾ ਸ਼ਬਦ ਦੇ ਸਾਰੇ ਅਰਥਾਂ ਦਾ ਕੀ ਆਪੋ ਵਿਚ ਕੋਈ ਸਾਕਾਦਾਰੀ ਸਬੰਧ ਹੈ? ਇਹ ਗੱਲ ਫਿਰ ਕਦੀ ਵਿਚਾਰਾਂਗੇ।

---

# ਗੁਆਚੀ ਕਵਿਤਾ

ਦੇਰ ਦੀ ਗੱਲ ਹੈ। ਮੇਰੀ ਕਲਾਸ ਵਿਚ ਇੱਕ ਲੜਕੀ ਆਈ, ਜਿਸ ਦੇ ਹਾਵ ਭਾਵ, ਸ਼ਕਲ-ਸੂਰਤ ਅਤੇ ਬਹਿਣ-ਖਲੋਣ ਦਾ ਅੰਦਾਜ਼ ਇੰਨਾ ਮਾਸੂਮ ਤੇ ਮਲੂਕ ਜਿਹਾ ਸੀ ਕਿ ਮੱਲੋ ਮੱਲੀ ਧਿਆਨ ਖਿੱਚ ਰਿਹਾ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੇ ਮਾਂ ਬਾਪ, ਨਹੀਂ ਸੱਚ, 'ਮੰਮੀ ਪਾਪਾ' ਸਕੂਲ 'ਚ ਪੜ੍ਹਾਉਂਦੇ ਹਨ, ਜਿਸ ਕਰਕੇ ਉਨ੍ਹਾਂ ਨੇ ਆਪਣੀ ਇਸ 'ਲਾਡਲੀ' ਬੇਟੀ ਨੂੰ ਉਸ ਦੀ ਨਾਨੀ ਕੋਲ ਛੱਡਿਆ ਹੋਇਆ ਹੈ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਉਸ ਲੜਕੀ ਦੇ ਮੱਥੇ ਤੋਂ ਉਸ ਦੇ ਮਾਂ ਬਾਪ ਦਾ ਅਨੋਖਾ 'ਤਿਆਗ' ਪੜ੍ਹਿਆ ਜਾ ਸਕਦਾ ਸੀ ਤੇ ਅੱਖਾਂ ਵਿਚ ਉਸ ਦੀ ਨਾਨੀ ਦਾ ਪਿਆਰ ਦੇਖਿਆ ਜਾ ਸਕਦਾ ਸੀ। ਹੁਣ ਉਹ ਆਪਣੀ ਨਾਨੀ ਨੂੰ ਹੀ ਮਾਂ ਕਹਿੰਦੀ ਅਤੇ ਸਮਝਦੀ ਸੀ।

ਉਹ ਖੁਦ ਕਵਿਤਾ ਜਿਹੀ ਸੀ ਤੇ ਕਵਿਤਾ ਲਿਖਦੀ ਸੀ। ਉਸ ਨੇ ਆਪਣੀ ਕਵਿਤਾ ਸੁਣਾਈ, ਜਿਸ ਵਿਚ ਉਸ ਦੀ ਨਾਨੀ ਮਾਂ, ਕਿ ਮਾਂ ਨਾਨੀ ਦਾ ਜ਼ਿਕਰ ਸੀ। ਮੈਨੂੰ ਥੋੜ੍ਹਾ ਥੋੜ੍ਹਾ ਯਾਦ ਹੈ, ਕਵਿਤਾ ਕੁਝ ਇਸ ਤਰ੍ਹਾਂ ਸੀ:

ਮਾਂ ਉਠਦੀ ਹੈ ਤਾਂ ਦਿਨ ਚੜ੍ਹਦਾ ਹੈ
ਤੇ ਕੰਮ ਛਣਕ ਪੈਂਦੇ ਹਨ।
ਮੈਂ ਉਠਦੀ ਹਾਂ
ਤਾਂ ਕਵਿਤਾ ਜਾਗ ਪੈਂਦੀ ਹੈ।
ਕਵਿਤਾ ਉਠਦੀ ਹੈ
ਤਾਂ ਜਾਗ ਪੈਂਦੀ ਹੈ, ਕੁੱਲ ਕਾਇਨਾਤ।

ਉਸ ਦਾ ਗੋਲ ਚਿਹਰਾ, ਨਿਰਛਲ ਅੱਖਾਂ ਤੇ ਭੋਲੇ ਭਾਲੇ ਨਕਸ਼ ਉਸ ਦੀ ਕਵਿਤਾ ਦਾ ਅਨੁਵਾਦ ਕਰਦੇ। ਸਾਫ ਪਤਾ ਲੱਗਦਾ ਕਿ ਉਦਰੇਵੇਂ ਤੇ ਉਦਾਸੀ ਨੂੰ ਉਸ ਨੇ ਆਪਣੀ ਕਵਿਤਾ ਵਿਚ ਲੁਕੋਣ ਦੀ ਕਲਾ ਸਿੱਖ ਲਈ ਸੀ। ਉਸ ਦੀ ਕਵਿਤਾ ਸੰਵੇਦਨਾ ਤੇ ਯਾਤਨਾ ਦੀ ਲੁਕਣ-ਮੀਟੀ ਖੇਡਦੀ ਸੀ।

ਮੈਂ ਉਸ ਦੀ ਕਵਿਤਾ ਨੂੰ ਅਸੀਸ ਦਿੱਤੀ ਤੇ ਉਸ ਨੂੰ ਪਿਆਰ ਦਿੱਤਾ। ਉਸ ਦੀਆਂ ਅੱਖਾਂ 'ਚ ਉਦਾਸੀ ਉਤਰ ਆਈ ਤੇ ਨੀਰ ਭਰ ਆਇਆ; ਕੰਵਲ ਦੇ ਖਿੜੇ ਫੁੱਲ 'ਤੇ ਤ੍ਰੇਲ ਦੇ ਤੁਪਕੇ ਨਜ਼ਰ ਆਏ। ਮੇਰੇ ਸਾਹਮਣੇ ਗਮਗੀਨ ਕਵਿਤਾ ਦੀ ਰਚਨਾ ਸਾਕਾਰ ਹੋਈ।

ਉਸ ਨੇ ਦੱਸਿਆ ਕਿ ਉਸ ਨੇ ਆਪਣੇ 'ਅਸਲੀ' ਮਾਪਿਆਂ ਨਾਲ ਅਮਰੀਕਾ ਚਲੀ ਜਾਣਾ ਹੈ; ਨਾਨੀ ਤੋਂ ਦੂਰ, ਬਹੁਤ ਦੂਰ। ਮੈਂ ਵੀ ਉਦਾਸ ਹੋ ਗਿਆ।

ਅਧਿਆਪਕ ਨੂੰ ਇਹੋ ਜਿਹਾ ਵਿਦਿਆਰਥੀ ਮਸਾਂ ਲੱਭਦਾ ਹੈ; ਤੇ ਵਿਦਿਆਰਥੀ ਨੂੰ ਅਧਿਆਪਕ; ਮੇਰੇ ਜਿਹਾ, ਸ਼ਾਇਦ!

ਮੈਂ ਉਸ ਨੂੰ ਆਖਿਆ ਕਿ ਉਹ ਅਮਰੀਕਾ ਜਾ ਕੇ ਬਦਲ ਜਾਵੇਗੀ; ਉਸ ਦੀ ਮਾਸੂਮੀਅਤ ਮਰ ਜਾਵੇਗੀ ਤੇ ਕਵਿਤਾ ਦਮ ਤੋੜ ਦੇਵੇਗੀ। ਉਸ ਨੇ ਮੇਰੇ ਚਿਹਰੇ 'ਤੇ ਉਦਾਸੀ ਦੇ ਭਾਵ ਤਾੜ ਲਏ। ਕਹਿਣ ਲੱਗੀ, "ਨਹੀਂ ਸਰ! ਮੈਂ ਜਿਸ ਤਰ੍ਹਾਂ ਦੀ ਹਾਂ, ਉਸੇ ਤਰ੍ਹਾਂ ਦੀ ਰਹਾਂਗੀ; ਤੁਹਾਨੂੰ ਯਾਦ ਰੱਖਾਂਗੀ ਤੇ ਮਿਲਣ ਆਇਆ ਕਰਾਂਗੀ।"

ਮੈਂ ਖੁਸ਼ ਹੋਇਆ; ਮੇਰਾ ਸਵੈਮਾਣ ਜਾਗਿਆ ਤੇ ਮੈਂ ਤਸੱਲੀ ਦੇ ਭਾਵ ਨਾਲ ਭਰ ਗਿਆ।

ਉਹ ਹਰ ਰੋਜ ਕਲਾਸ ਵਿਚ ਸਭ ਤੋਂ ਪਹਿਲਾਂ ਆਉਂਦੀ ਤੇ ਸਭ ਤੋਂ ਅੱਗੇ ਬੈਠਦੀ। ਹਰ ਰੋਜ ਉਹ ਆਪਣੀ ਨਵੀਂ ਲਿਖੀ ਕਵਿਤਾ ਸੁਣਾਉਂਦੀ; ਵਿਦਿਆਰਥੀ ਸੁਣਦੇ, ਉਸ ਨੂੰ ਦੇਖਦੇ ਤੇ ਖਿੜ ਜਾਂਦੇ। ਉਸ ਕਰਕੇ ਕੋਈ ਛੁੱਟੀ ਨਾ ਕਰਦਾ; ਨਾ ਕਲਾਸ ਛੱਡਦਾ।



ਉਸ ਦੀ ਕਵਿਤਾ 'ਚ ਫੁੱਲ ਖਿੜਦੇ, ਤਿਤਲੀਆਂ ਫਰ ਫਰ ਕਰਦੀਆਂ, ਭੌਰੇ ਗੂੰਜਦੇ, ਮਹਿਕਾਂ ਖਿੰਡ ਖਿੰਡ ਜਾਂਦੀਆਂ, ਪ੍ਰੀਤਾਂ ਫੇਰੇ ਪਾਉਂਦੀਆਂ, ਕਦੀ ਉਦਾਸੀ ਗੁਣਗੁਣਾਉਂਦੀ, ਕਿਤੇ ਆਸ਼ਾ ਟਿਮਟਿਮਾਉਂਦੀ, ਕਿਤੇ ਨਿਰਾਸ਼ਾ ਦਾ ਧੂੰਆਂ; ਵੰਨ-ਸਵੰਨੇ ਅਹਿਸਾਸ ਕਵਿਤਾ ਦੀ ਧੂਣੀ ਸੇਕਦੇ; ਮਾਂ ਦੀਆਂ ਖਿੱਚਾਂ, ਪਿਓ ਦਾ ਵੈਰਾਗ, ਤੇ ਨਾਨੀ ਦੀਆਂ ਨਸੀਹਤਾਂ ਸੁਣਦੀਆਂ। ਕਲਾਸ ਕਾਹਦੀ! ਕਵਿਤਾ ਦਾ ਦੀਵਾਨ ਸਜਦਾ।

ਮੈਂ ਅੱਜ ਤੱਕ ਗੀਤ ਸੁਣੇ ਸਨ, ਗਜ਼ਲ ਪੜ੍ਹੀ ਸੀ, ਪਰ ਕਵਿਤਾ ਪਹਿਲੀ ਵਾਰ ਦੇਖੀ ਸੀ, ਸਾਖਸ਼ਾਤ। ਮੈਨੂੰ ਅਹਿਸਾਸ ਹੋਇਆ ਕਿ ਕਵਿਤਾ ਇਤਨੀ ਕੋਮਲ ਤੇ ਮਾਸੂਮ ਵੀ ਹੋ ਸਕਦੀ ਹੈ। ਉਸ ਦੀ ਕਵਿਤਾ ਨੇ ਮੇਰੇ ਅੰਦਰ ਜਿੰਮੇਵਾਰੀ ਦਾ ਅਹਿਸਾਸ ਜਗਾ ਦਿੱਤਾ। ਮੈਂ ਉਸ ਦਾ ਖਿਆਲ ਰੱਖਣ ਲੱਗ ਪਿਆ।

ਉਹ ਕਾਲਜ ਅੱਗੇ ਬੱਸੋਂ ਉਤਰਦੀ ਤੇ ਕਾਲਜ ਅੱਗਿਓਂ ਹੀ ਚੜ੍ਹਦੀ। ਕਈ ਮਨਚਲੇ ਉਸ ਦਾ ਪਿੱਛਾ ਕਰਦੇ ਅਤੇ ਤਾੜ ਰੱਖਦੇ। ਮੈਂ ਉਨ੍ਹਾਂ ਸ਼ਰਾਰਤੀਆਂ ਦੀ ਤਾੜ ਰੱਖਦਾ ਅਤੇ ਤਾੜ ਦਿੰਦਾ। ਮੈਂ ਦੇਖਿਆ ਕਿ ਉਸ ਦੀ ਨਾਨੀ ਦਾ ਪਾਲਣ ਪੋਸ਼ਣ ਤੇ ਸਿੱਖਿਆ ਦਾ ਕਵਚ ਉਸ ਨੂੰ ਤਿਰਛੀਆਂ ਅਤੇ ਬੁਰੀਆਂ ਨਜ਼ਰਾਂ ਤੋਂ ਬਚਾਈ ਰੱਖਦਾ। ਉਹ ਆਪਣੇ ਨੇਕ ਆਤਮ ਵਿਸ਼ਵਾਸ ਵਿਚ ਮਹਿਫੂਜ਼ ਸੀ। ਬੇਸ਼ੱਕ ਉਸ ਨੂੰ ਮੇਰੇ ਖਿਆਲ ਦੀ ਜਰੂਰਤ ਨਹੀਂ ਸੀ; ਪਰ ਮੈਂ ਆਪਣਾ ਫਰਜ਼ ਨਿਭਾਉਂਦਾ।

ਫਿਰ ਉਸ ਦਾ ਅਚਾਨਕ ਵੀਜ਼ਾ ਲੱਗ ਗਿਆ। ਅਮਰੀਕਾ ਜਾਣ ਲੱਗਿਆਂ ਉਹ ਮੇਰੇ ਕੋਲ ਸਲੈਮ ਬੁੱਕ ਲੈ ਕੇ ਆਈ ਤੇ ਕਹਿਣ ਲੱਗੀ, "ਸਰ! ਇਸ 'ਤੇ ਕੁਝ ਲਿਖ ਦਿਉ।" ਮੈਂ ਉਸ ਨੂੰ ਨੀਝ ਨਾਲ ਤੱਕਿਆ। ਉਸ ਦੀਆਂ ਨਮ ਅੱਖਾਂ ਦੇਖ, ਮੈਂ ਸੋਚੀਂ ਪੈ ਗਿਆ ਤੇ ਕੁਝ ਨਾ ਲਿਖ ਸਕਿਆ।

ਉਸ ਲਈ ਲਿਖਣਾ ਇਤਨਾ ਸੁਖੈਨ ਨਹੀਂ ਸੀ। ਨਿਰੀ ਕਵਿਤਾ 'ਤੇ ਕੋਈ ਕੀ ਲਿਖੇ! ਮੈਂ ਉਸ ਤੋਂ ਸਲੈਮ ਬੁੱਕ ਲੈ ਲਈ ਕਿ ਘਰੋਂ ਲਿਖ ਲਿਆਵਾਂਗਾ। ਮੈਂ ਉਸ ਦੇ ਹਾਣ ਦੇ ਸ਼ਬਦ ਨਾ ਲੱਭ ਸਕਿਆ; ਤੇ ਕੁਝ ਨਾ ਲਿਖ ਸਕਿਆ; ਉਹ ਵੀ, ਆ ਨਾ ਸਕੀ।

ਮਹੀਨੇ ਕੁ ਬਾਅਦ ਉਸ ਦਾ ਖਤ ਆਇਆ ਕਿ ਅਮਰੀਕਾ ਵਿਚ ਉਸ ਦਾ ਜੀ ਨਹੀਂ ਲਗਦਾ; ਉਹ ਹਾਲੇ ਕਿਸੇ ਦੇ ਘਰ ਰਹਿ ਰਹੀ ਹੈ; ਉਸ ਨੇ ਪੜ੍ਹਨਾ ਸ਼ੁਰੂ ਕਰ ਲਿਆ ਹੈ; ਉਸ ਨੂੰ ਹਾਲੇ ਕੋਈ ਕੰਮ ਨਹੀਂ ਮਿਲਿਆ; ਡਾਲਰਾਂ ਨੇ ਲੋਕਾਂ ਦੀ ਮੱਤ ਮਾਰੀ ਹੋਈ ਹੈ; ਉਸ ਨੂੰ ਇੱਥੋਂ ਦੀ ਮਿੱਟੀ ਦੀ ਮਹਿਕ ਯਾਦ ਆਉਂਦੀ ਹੈ; ਉਥੇ 'ਇੱਥੇ' ਜਿਹੇ ਰਿਸ਼ਤੇ ਨਹੀਂ ਲੱਭਦੇ; ਰਿਸ਼ਤੇ ਹਨ, ਪਰ ਨਿੱਘ ਨਹੀਂ; ਉਹ ਮੈਨੂੰ ਮਿੱਸ ਕਰਦੀ ਹੈ; ਉਸ ਦੀ ਕਵਿਤਾ ਛੁੱਟ ਗਈ ਹੈ। ਫਿਰ ਉਸ ਦਾ ਕਦੀ ਖਤ ਨਾ ਆਇਆ।

ਕਈ ਸਾਲਾਂ ਬਾਅਦ ਉਹ ਫੇਸਬੁੱਕ 'ਤੇ ਦਿਖੀ; ਸੰਪਰਕ ਹੋਇਆ। ਉਸ ਨੇ ਦੱਸਿਆ ਕਿ ਉਹ ਜਲਦੀ ਆ ਰਹੀ ਹੈ; ਉਸ ਦੀ ਸ਼ਾਦੀ ਹੈ, ਉਹ ਕਾਰਡ ਦੇਣ ਆਵੇਗੀ।

ਕੁਝ ਦਿਨਾਂ ਬਾਅਦ ਕਿਸੇ ਕੋਲੋਂ ਉਸ ਦਾ ਜ਼ੁਬਾਨੀ ਸੁਨੇਹਾ ਮਿਲਿਆ, "ਸਰ, ਮੈਂ ਖੁਦ ਨਹੀਂ ਆ ਸਕੀ, ਤੁਸੀਂ ਜ਼ਰੂਰ ਆਉਣਾ।" ਮੈਂ ਉਸ ਦੀ ਸ਼ਾਦੀ 'ਤੇ ਜਾਣ ਬੁੱਝ ਕੇ ਜਾ ਨਾ ਸਕਿਆ। ਉਸ ਨੇ ਵੀ ਕੋਈ ਗਿਲਾ ਸ਼ਿਕਵਾ ਨਾ ਕੀਤਾ। ਉਹ ਬਦਲੀ ਸੀ ਕਿ ਨਹੀਂ; ਪਤਾ ਨਹੀਂ! ਪਰ ਕਵਿਤਾ ਕਿਤੇ ਗੁਆਚ ਚੁਕੀ ਸੀ।

---

## ਠੋਕਤੰਤਰ


ਇਸ ਦੇਸ਼ ਵਿਚ ਮੁਨਸਿਫ ਦੇ ਹੱਥ ਬੰਨ੍ਹੇ,
ਹਰ ਕੰਮ ਹੁੰਦਾ ਤ੍ਰਿਸ਼ੂਲ ਦੀ ਨੋਕ ਉਤੇ।
ਚੱਲ ਰਿਹਾ ਹੈ ਰਾਜ ਚੌਗੱਤਿਆਂ ਦਾ,
ਗੋਲੀ ਸਿਰਾਂ ਦੇ ਦਿੰਦੇ ਨੇ ਠੋਕ ਉਤੇ।
ਆਇਆ ਹੱਥ 'ਲਲਾਰੀਆ' ਲੋਕਤੰਤਰ,
ਤਾਹੀਂ ਲੱਗੀ ਇਨਸਾਫ ਦੇ ਰੋਕ ਉਤੇ।
ਭਾਨ ਵਿਚ ਖਿਲਾਰ ਕੇ ਡਾਲਰਾਂ ਨੂੰ,
ਸਾਡੇ ਸਿਰਾਂ ਦੇ ਬੈਠ ਗਈ ਜੋਕ ਉਤੇ।
ਧਰਤੀ ਦੀਆਂ ਨਿਆਮਤਾਂ ਖੋਹ ਲਈਆਂ,
ਬਹਿਣੇ ਚਾਹੀਦੇ ਜਿੱਥੇ ਸੀ ਲੋਕ ਉਤੇ।
ਅੱਜ ਕੱਲ੍ਹ ਚੱਲਦਾ ਦੇਸ਼ ਵਿਚ ਠੋਕਤੰਤਰ,
ਜਿੱਥੇ ਸੁਣੀਂਦੇ ਹੁੰਦੇ ਨੇ ਲੋਕ ਉਤੇ।

*-ਹਰਜਿੰਦਰ ਗੁੱਲਪੁਰ*
*ਫੋਨ: 91-98722-38981*

ਕਹਾਣੀ

# ਯਾਦਾਂ ਦਾ ਵੱਗ

*ਲਾਹੌਰ ਦਾ ਜੰਮਪਲ ਕਹਾਣੀਕਾਰ ਅਤੇ ਕਵੀ ਜ਼ੁਬੈਰ ਅਹਿਮਦ (ਜਨਮ 1958) ਇਸਲਾਮੀਆ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੈ। ਉਹ ਕਈ ਸਾਲ 'ਕਿਤਾਬ ਤ੍ਰਿੰਞਣ' ਚਲਾਉਣ ਦੀ ਸੇਵਾ ਵੀ ਕਰਦਾ ਰਿਹਾ। ਇਹਦੇ ਵਡੇਰੇ ਬਟਾਲੇ ਦੇ ਸਨ। ਗੁਰਮੁਖੀ ਲਿਪੀ ਵਿਚ ਵੀ ਕਹਾਣੀਆਂ ਦੀ ਕਿਤਾਬ 'ਕਬੂਤਰ, ਬਨੇਰੇ ਤੇ ਗਲੀਆਂ' (2012) ਛਪ ਚੁਕੀ ਹੈ। 'ਯਾਦਾਂ ਦਾ ਵੱਗ' ਵਿਚ ਪਿੰਡ ਅਤੇ ਕੁਦਰਤ ਦਾ ਜਲੌਅ ਦੇਖਣ ਹੀ ਵਾਲਾ ਹੈ; ਮਾਨੋ ਪਿੰਡ ਦੀ ਗੇੜੀ ਲੱਗ ਗਈ ਹੋਵੇ। -ਸੰਪਾਦਕ*



**ਜ਼ੁਬੈਰ ਅਹਿਮਦ**

ਸ਼ਾਮੀਂ ਦਫਤਰੋਂ ਘਰ ਅੱਪੜਿਆ ਤਾਂ ਵਹੁਟੀ ਨੇ ਦੱਸਿਆ, ਸੁਸਾਇਟੀ ਵਾਲੇ ਸੱਦਾ ਦੇਣ ਆਏ ਸਨ; ਅਖੇ, ਸੱਤ ਵਜੇ ਮਹੱਲੇ ਦਾ ਇਕੱਠ ਏ। ਅਚੰਭਾ ਤਾਂ ਹੋਇਆ, ਪਰ ਚੰਗਾ ਵੀ ਲੱਗਾ, ਚਲੋ ਹੁਣ ਮਹੱਲੇ ਆਲੇ ਜੁੜ ਬੈਠਣ ਲੱਗੇ ਨੇ। ਸਾਰੇ ਬਲਾਕਾਂ ਦੀਆਂ ਸੁਸਾਇਟੀਆਂ ਸਨ ਤੇ ਉਨ੍ਹਾਂ ਦੇ ਸਾਰੇ ਮਸਲੇ ਉਹ ਹੱਲ ਕਰਾਂਦੀਆਂ ਪਈਆਂ ਸਨ। ਗਲੀਆਂ ਪੱਕੀਆਂ ਹੋਵਣ ਪਈਆਂ, ਰਾਤੀਂ ਪਹਿਰੇ ਲਈ ਪੈਸੇ ਪਾ ਕੇ ਚੌਕੀਦਾਰ ਵੀ ਰੱਖੇ ਜਾਣ ਲੱਗੇ, ਸੀਵਰੇਜ ਠੀਕ ਹੋ ਗਏ ਸਨ ਤੇ ਸਟਰੀਟ ਲਾਈਟਾਂ ਲੱਗਣ ਦੀ ਉਡੀਕ ਸੀ। ਪਰ ਸਾਡੇ ਬਲਾਕ ਦੇ ਮੰਦੇ ਭਾਗ, ਐਥੇ ਅਜਿਹਾ ਕੁਝ ਵੀ ਨਹੀਂ ਸੀ। ਇਲਾਕੇ ਦਾ ਪੁਰਾਣਾ ਪਿੰਡ ਸਾਡੇ ਬਲਾਕ ਵਿਚ ਈ ਸੀ। ਆਖਣ ਨੂੰ ਤਾਂ ਥਾਂ ਸ਼ਹਿਰੀ ਸਕੀਮ ਦਾ ਹਿੱਸਾ ਸੀ, ਪਰ ਖਾਲੀ ਪਲਾਟਾਂ ਦੇ ਛੱਪੜ ਬਣੇ ਹੋਏ ਸਨ ਤੇ ਪਿੰਡ ਦੀਆਂ ਸੌੜੀਆਂ ਗਲੀਆਂ ਵਿਚ ਆਟੇ ਦੀਆਂ ਚੱਕੀਆਂ ਤੇ ਰੂੰ ਪਿੰਜਣ ਦੀਆਂ ਮਸ਼ੀਨਾਂ ਲੱਗੀਆਂ ਹੋਈਆਂ ਸਨ।

ਮੈਨੂੰ ਚੇਤੇ ਏ, ਸੱਤ-ਅੱਠ ਵਰ੍ਹੇ ਪਹਿਲਾਂ ਜਦ ਅਸਾਂ ਐਥੇ ਪਲਾਟ ਲਿਆ ਤਾਂ ਮਸਾਂ ਇਕ-ਦੋ ਘਰ ਸਨ ਤੇ ਰਾਤ ਨੂੰ ਉਕਾ ਹਨੇਰਾ ਹੁੰਦਾ ਸੀ। ਸ਼ਹਿਰ ਦੇ ਨਾਲ ਹੁੰਦਿਆਂ ਵੀ ਇਹ ਥਾਂ ਲਾਹੌਰੋਂ ਬਾਹਰ ਜਾਪਦੀ ਸੀ। ਹੁਣ ਤਾਂ ਲਾਹੌਰ ਸ਼ਹਿਰ ਨੂੰ ਅੱਗ ਲੱਗ ਗਈ ਏ, ਤੇ ਆਪਣੀਆਂ ਈ ਗਲੀਆਂ ਤੇ ਸੜਕਾਂ ਸਿਆਣੀਆਂ ਨਹੀਂ ਜਾਂਦੀਆਂ। ਤੇ ਲਾਹੌਰ ਸ਼ਹਿਰ ਸ਼ੈਤਾਨ ਦੀ ਆਂਦਰ ਵਾਂਗ ਵਧੀ ਜਾਂਦਾ ਏ। ਮੇਰੀ ਵਹੁਟੀ, ਜੋ ਸਕੂਲੇ ਉਸਤਾਨੀ ਏ, ਓਸ ਸ਼ਾਮੀਂ ਬਾਲਾਂ ਨੂੰ ਟਿਊਸ਼ਨਾਂ ਪੜ੍ਹਾ ਪੜ੍ਹਾ ਤੇ ਕਮੇਟੀਆਂ ਪਾ ਪਾ ਕੁਝ ਪੈਸੇ ਜੋੜੇ ਤੇ ਅਸਾਂ ਐਸ ਨਵੀਂ ਉਸਰਦੀ ਸਰਕਾਰੀ ਸਕੀਮ ਵਿਚ ਔਖੇ-ਸੌਖੇ ਹੋ ਕੇ ਪਲਾਟ ਖਰੀਦ ਲਿਆ। ਰਿਸ਼ਤੇਦਾਰਾਂ ਤੇ ਬੇਲੀਆਂ ਆਖਿਆ: ਤੁਹਾਡਾ ਦਿਮਾਗ ਤਾਂ ਠੀਕ ਏ? ਐਨੀ ਦੂਰ?

ਫਿਰ ਜਦੋਂ ਬੈਂਕ ਦਾ ਇਕ ਬੰਦਾ ਵਜ਼ੀਰ-ਏ-ਆਜ਼ਮ ਬਣਿਆ ਤਾਂ ਓਸ ਕਾਰਾਂ ਤੇ ਮਕਾਨਾਂ ਲਈ ਸੌਖੀਆਂ ਕਿਸ਼ਤਾਂ ਉਤੇ ਕਰਜ਼ੇ ਦੇਣੇ ਛੋਹੇ ਤਾਂ ਅਸੀਂ ਅੰਗਾਂ-ਸਾਕਾਂ ਤੋਂ ਕੁਝ ਪੈਸੇ ਉਧਾਰ ਲੈ ਤੇ ਬੈਂਕ ਤੋਂ ਕਰਜ਼ਾ ਲੈ, ਪੰਜ ਮਰਲੇ ਦੇ ਪਲਾਟ ਉਤੇ ਰਹਿਣ ਜੋਗੀ ਥਾਂ ਛੱਤ ਲਈ। ਦੋ ਚਾਰ ਵਰ੍ਹਿਆਂ ਵਿਚ ਈ ਐਸੀ ਅੱਗ ਲੱਗੀ, ਪਲਾਟਾਂ ਦੇ ਇੰਜ ਮੁੱਲ ਵਧੇ ਕਿ ਮੇਰੀ ਵਹੁਟੀ ਰਿਸ਼ਤੇਦਾਰਾਂ ਨੂੰ ਮਾਣ ਨਾਲ ਮਿਲਣ-ਜੁਲਣ ਲੱਗੀ। ਉਂਜ, ਸਾਰੀਆਂ ਸਹੂਲਤਾਂ ਅਜੇ ਨਹੀਂ ਆਈਆਂ ਸਨ। ਬੜੀਆਂ ਔਕੜਾਂ ਨਾਲ ਅਰਜ਼ੀਆਂ ਪਾ ਪਾ, ਸਿਫਾਰਸ਼ਾਂ ਲੱਭ ਲੱਭ, ਵੱਢੀਆਂ ਦੇ ਦੇ ਮਸਾਂ ਸੀਵਰੇਜ ਠੀਕ ਹੋਇਆ। ਨਹੀਂ ਤਾਂ ਖਾਲੀ ਪਲਾਟਾਂ ਵਿਚ ਸੀਵਰੇਜ ਦਾ ਪਾਣੀ ਖੜ੍ਹਾ ਹੋਣ ਨਾਲ ਮਕਾਨਾਂ ਦੀਆਂ ਨੀਂਹਾਂ ਵਿਚ ਪਾਣੀ ਜਾਣ ਲੱਗ ਪੈਣਾ, ਜਿਸ ਨਾਲ ਫਰਸ਼ ਬੈਠ ਜਾਂਦੇ। ਹੁਣ ਟੁੱਟੀਆਂ ਗਲੀਆਂ ਨੂੰ ਪੱਕੀਆਂ ਕਰਨ ਉਤੇ ਜ਼ੋਰ ਸੀ।

ਜਦ ਕੁਝ ਘਰ ਛੱਤੇ ਗਏ ਤਾਂ ਮੁਹੱਲੇ ਦੀ ਸ਼ਕਲ ਬਣਨ ਲੱਗੀ। ਇਕ-ਦੋ ਸਟਰੀਟ ਲਾਈਟਾਂ ਤੇ ਬਲਬ ਵੀ ਪਤਾ ਨਹੀਂ ਕਿੰਜ ਲੱਗ ਗਏ, ਅਚਨਚੇਤ ਪਲਾਟਾਂ ਦੇ ਭਾਅ ਹੋਰ ਵਧੇ ਤੇ ਇਕ-ਦੋ ਘਰਾਂ ਦੇ ਵਸਨੀਕ ਪਲਾਟ ਵੇਚ ਕੇ ਹੋਰ ਅਗਾਂਹ ਤੁਰ ਗਏ। ਮੁੜ ਇਕ-ਦੋ ਵਰ੍ਹਿਆਂ ਪਿੱਛੋਂ ਵਿੰਹਦੇ ਵਿੰਹਦੇ ਕਈ ਮਕਾਨ ਉਸਰ ਪਏ। ਜਦ ਵੀਹ-ਪੰਝੀ ਮਕਾਨ ਬਣ ਗਏ ਤਾਂ ਡਰ ਵੀ ਵਧ ਗਿਆ। ਜਦ ਦੋ-ਚਾਰ ਘਰ ਸਨ, ਤਾਂ ਬਹੁਤੇ ਲੋਟਾ-ਚੋਰ ਸਨ। ਸੀਵਰੇਜ ਦੇ ਢੱਕਣ ਚੋਰੀ ਹੋ ਜਾਂਦੇ। ਗੇਟ ਥੱਲਿਓਂ ਹੱਥ ਪਾ ਕੇ ਪਾਣੀ ਦੇ ਪਾਈਪ ਕੱਟ ਲੈ ਜਾਂਦੇ। ਜਦ ਅਸੀਂ ਮਕਾਨ ਪਾਇਆ ਸੀ, ਓਦੋਂ ਵੀ ਚੋਰੀਆਂ ਹੁੰਦੀਆਂ ਸਨ। ਇੱਟਾਂ, ਸੀਮਿੰਟ ਤੇ ਦੂਜੇ ਸਮਾਨ ਦੀ ਸਾਂਭ ਕਰਨੀ ਪੈਂਦੀ ਸੀ। ਇਸੇ ਲਈ ਟੈਂਟ ਲਗਵਾ ਕੇ ਇਕ ਬੰਦੇ ਨੂੰ ਚੌਕੀਦਾਰ ਰੱਖਣਾ ਪਿਆ, ਜਿਸ ਦਾ ਕੰਮ ਬੱਸ ਇਹ ਸੀ, ਪਈ ਮਜ਼ਦੂਰਾਂ ਤੇ ਮਿਸਤਰੀ 'ਤੇ ਅੱਖ ਰੱਖੇ ਤੇ ਰਾਤ ਨੂੰ ਚੌਕੀਦਾਰੀ ਕਰੇ। ਪਿੱਛੇ ਜਿਹੇ ਜਦ ਮੁਹੱਲੇ ਦੀ ਇਕ ਜਨਾਨੀ ਕੋਲੋਂ ਮੋਟਰਸਾਈਕਲ ਆਲੇ ਮੁੰਡੇ ਪਰਸ ਖੋਹਿਆ, ਤਾਂ ਸਾਰਿਆਂ ਨੂੰ ਜਾਗ ਆ ਗਈ।

ਇਕੱਠ ਵਿਚ ਜਾਂਦਿਆਂ ਮੇਰੇ ਦਿਲ ਵਿਚ ਇਹੀ ਗੱਲਾਂ ਸਨ। ਵੀਹ-ਪੰਝੀ ਘਰਾਂ 'ਚੋਂ ਮਸਾਂ ਅੱਧੇ ਘਰਾਂ ਦੇ ਜੀਅ ਆਏ ਸਨ ਜਿਨ੍ਹਾਂ ਵਿਚ ਇਕ-ਦੋ ਵਕੀਲ ਸਨ ਤੇ ਵਧ ਵਧ ਗੱਲਾਂ ਕਰਦੇ ਤੇ ਸਲਾਹਾਂ ਦਿੰਦੇ ਪਏ ਸਨ। ਦੋ-ਚਾਰ ਹਟਵਾਣੀਏ ਸਨ, ਇਕ-ਦੋ ਵਪਾਰੀ ਤੇ ਕੁਝ ਮੇਰੇ ਵਰਗੇ ਸਰਕਾਰੀ ਮੁਲਾਜ਼ਮ। ਸਭ ਤੋਂ ਪਹਿਲਾਂ ਸੁਸਾਇਟੀ ਬਣਾਵਣ ਦਾ ਹੋਕਾ ਦਿੱਤਾ ਗਿਆ; ਸਦਰ (ਪ੍ਰਧਾਨ), ਸੈਕਟਰੀ, ਖਜ਼ਾਨਚੀ ਮਿਥੇ ਗਏ। ਇਕ ਮਸਲਾ ਪਾਣੀ ਦਾ ਸੀ। ਜਦ ਘਰ ਥੋੜ੍ਹੇ ਸਨ, ਪਾਣੀ ਦਾ ਮਸਲਾ ਨਹੀਂ ਸੀ; ਪਰ ਹੁਣ ਗਰਮੀਆਂ ਵਿਚ ਮਰ ਕੇ ਪਾਣੀ ਆਂਦਾ ਸੀ। ਲੋਕਾਂ ਪਾਣੀ ਖਿੱਚਣ ਦੀਆਂ ਮੋਟਰਾਂ ਵੀ ਲਾਈਆਂ ਹੋਈਆਂ ਸਨ, ਫਿਰ ਵੀ ਮਸਲਾ ਓਥੇ ਈ ਸੀ।

ਚੋਰੀਆਂ ਦਾ ਸਾਰਾ ਦੋਸ਼ ਖਾਲੀ ਪਲਾਟਾਂ ਵਿਚ ਰਹਿੰਦੇ ਝੁੱਗੀਆਂ ਵਾਲਿਆਂ ਉਤੇ ਮੜ੍ਹ ਦਿੱਤਾ ਗਿਆ। ਪੂਰੇ ਮੁਹੱਲੇ ਵਿਚ ਭਾਵੇਂ ਇਹ ਗੱਲ ਧੁੰਮੀ ਪਈ ਸੀ ਕਿ ਜਿਸ ਮੁੰਡੇ ਨੇ ਮੁਹੱਲੇ ਦੀ ਜਨਾਨੀ ਕੋਲੋਂ ਪਰਸ ਖੋਹਿਆ, ਉਹ ਪ੍ਰਾਪਰਟੀ ਡੀਲਰ ਦਾ ਮੁੰਡਾ ਸੀ ਤੇ ਜਿਸ ਨੂੰ ਲੁੱਟੀ ਜਨਾਨੀ ਸਿਹਾਣ ਵੀ ਲਿਆ ਸੀ; ਪਰ ਮੁੰਡੇ ਦੇ ਪਿਓ ਨੇ ਜਨਾਨੀ ਤੇ ਓਸ ਦੇ ਖਸਮ ਦੀਆਂ ਮਿੰਨਤਾਂ ਤਰਲੇ ਕਰ ਕੇ ਇਹ ਗੱਲ ਠੱਪ ਦਿੱਤੀ ਤੇ ਹੁਣ ਉਹ ਵਧ-ਚੜ੍ਹ ਕੇ ਝੁੱਗੀਆਂ ਵਾਲਿਆਂ ਦੇ ਬਰਖਿਲਾਫ ਬੋਲ ਰਿਹਾ ਸੀ, "ਬੜਾ ਗੰਦ ਪਾਇਆ ਹੋਇਆ ਏ ਐਨ੍ਹਾਂ ਝੁੱਗੀਆਂ ਆਲਿਆਂ। ਸਭ ਤੋਂ ਉਨ੍ਹਾਂ ਦੇ ਸ਼ਨਾਖਤੀ ਕਾਰਡ ਲਵੋ, ਤਾਂ ਜੋ ਜਦ ਚੋਰੀ ਹੋਵੇ, ਉਨ੍ਹਾਂ ਨੂੰ ਚੈੱਕ ਕੀਤਾ ਜਾ ਸਕੇ।"

ਮੈਂ ਹੌਲੀ ਜਿਹੀ ਗੱਲ ਕੀਤੀ, ਸ਼ਨਾਖਤੀ ਕਾਰਡ ਮਾਤੜਾਂ ਕੋਲ ਕਿਥੇ ਹੋਣੇ ਨੇ। ਫਿਰ ਉਨ੍ਹਾਂ ਦੀਆਂ ਜਨਾਨੀਆਂ ਬਾਰੇ ਗੱਲਾਂ ਹੋਵਣ ਲੱਗ ਪਈਆਂ ਕਿ ਰਾਤ ਨੂੰ ਗੱਡੀਆਂ ਆਉਂਦੀਆਂ ਨੇ ਤੇ ਇਨ੍ਹਾਂ ਝੁੱਗੀਆਂ ਤੋਂ ਜਨਾਨੀਆਂ ਜਾਂਦੀਆਂ ਨੇ। ਕਈ ਚਸਕੇ ਲੈ ਲੈ ਗੱਲਾਂ ਸੁਣਨ ਲੱਗ ਪਏ ਤੇ ਇਕੱਠ ਵਿਚ ਇਕਦਮ ਜਾਨ ਜਿਹੀ ਪੈ ਗਈ। ਕਈ ਬੜੇ ਹੈਰਾਨ ਹੋਏ, ਪਈ ਇਹ ਗੱਲ ਸੱਚੀ ਵੀ ਏ?

ਫਿਰ ਸਾਰੇ ਪ੍ਰਾਪਰਟੀ ਡੀਲਰ ਦੀ ਹਾਂ ਵਿਚ ਹਾਂ ਰਲਾਵਣ ਲੱਗੇ ਤੇ ਮਿਥਿਆ ਗਿਆ, ਪਈ ਉਨ੍ਹਾਂ ਕੋਲੋਂ ਸ਼ਨਾਖਤੀ ਕਾਰਡ ਲਏ ਜਾਵਣ ਤੇ ਦੁਜਿਆਂ ਦੀ ਡਿਊਟੀ ਵੀ ਲਾ ਦਿੱਤੀ ਗਈ। ਅਖੀਰ ਗੱਲ ਮੱਝਾਂ ਦੀ ਹੋਵਣ ਲੱਗ ਪਈ। ਕਈ ਥਾਂਵਾਂ 'ਤੇ ਗਟਰ ਬੰਦ ਸਨ, ਕਿਉਂ ਜੋ ਲਾਗੇ ਮੱਝਾਂ ਬੰਨ੍ਹੀਆਂ ਹੋਈਆਂ ਸਨ। ਫਿਰ ਗੰਦ ਪਾਰੋਂ ਮੱਛਰ ਤੇ ਮੱਖੀਆਂ ਦੀ ਮੌਜ ਸੀ। ਉਂਜ ਭਾਵੇਂ ਅੱਧਾ ਮੁਹੱਲਾ ਇਨ੍ਹਾਂ ਤੋਂ ਦੁੱਧ ਲੈਂਦਾ ਸੀ, ਪਰ ਹੁਣ ਸਾਰੇ ਇਨ੍ਹਾਂ ਮੱਝਾਂ ਨੂੰ ਕੱਢਣ ਉਤੇ ਇਕਮੁੱਠ ਸਨ। ਮਿਥਿਆ ਗਿਆ, ਪਈ ਟਾਊਨ ਕਮੇਟੀ ਦੇ ਅਫਸਰ ਨੂੰ ਅਰਜ਼ੀ ਪਾਈ ਜਾਵੇ ਤੇ ਮੁਹੱਲੇ ਵਿਚ ਰਹਿੰਦੇ ਕੁਝ ਵਕੀਲਾਂ ਨੇ ਐਸ ਮਸਲੇ ਨੂੰ ਅਦਾਲਤ ਲਿਜਾਵਣ ਦਾ ਡਰਾਵਾ ਵੀ ਦੇ ਦਿੱਤਾ। ਇਕ-ਦੋ ਬੰਦੇ ਗੁੱਜਰਾਂ ਦੇ ਜਾਣਨ ਵਾਲੇ ਬੈਠੇ ਸਨ ਤੇ ਗੱਲ ਉਨ੍ਹਾਂ ਨੂੰ ਸੁਣਾਵਣ ਲਈ ਕੀਤੀ ਜਾਂਦੀ ਪਈ ਸੀ। ਇਹ ਵੀ ਪਈ, ਦਸ-ਬਾਰ੍ਹਾਂ ਵਰ੍ਹੇ ਪਹਿਲਾਂ ਜਦ ਇਹ ਸਕੀਮ ਬਣੀ, ਪਲਾਟ ਤੇ ਸੜਕਾਂ ਬਣੀਆਂ, ਮੱਝਾਂ ਨੂੰ ਕੱਢਿਆ ਗਿਆ ਤੇ ਗੁੱਜਰਾਂ ਮੱਝਾਂ ਛੁਡਾਣ ਲਈ ਧਾਵਾ ਕੀਤਾ, ਸਰਕਾਰੀ ਬੰਦਿਆਂ ਗੋਲੀ ਚਲਾ ਦਿੱਤੀ ਤੇ ਗੁੱਜਰਾਂ ਦਾ ਇਕ ਬੰਦਾ ਮਾਰਿਆ ਗਿਆ ਤੇ ਇਹ ਕੰਮ ਤੋੜ ਨਾ ਚੜ੍ਹਿਆ। ਤੇ ਗੱਲ ਅਦਾਲਤ ਵਿਚ ਲਟਕ ਗਈ, ਹੁਣ ਵਸੋਂ ਵਧੇ ਪਈ, ਮੱਝਾਂ ਰੱਖਣਾ ਗੈਰਕਾਨੂੰਨੀ ਸੀ ਤੇ ਮੱਝਾਂ ਨੂੰ ਕੱਢਣ ਦਾ ਪੱਕਾ ਮਤਾ ਪਾਇਆ ਗਿਆ।

ਮੈਂ ਇਸ ਗੱਲ ਦੀ ਬਹੁਤੀ ਹਾਮੀ ਨਾ ਭਰੀ ਪਰ ਉਨ੍ਹਾਂ ਨੂੰ ਨਾਂਹ ਵੀ ਨਾ ਕਰ ਸਕਿਆ। ਸ਼ਹਿਰਾਂ ਵਿਚ ਮੱਝਾਂ ਤਾਂ ਨਹੀਂ ਹੋਂਦੀਆਂ? ਐਨੇ ਵਰ੍ਹਿਆਂ ਵਿਚ ਮੈਨੂੰ ਇਨ੍ਹਾਂ ਦਾ ਖਿਆਲ ਵੀ ਨਾ ਆਇਆ। ਮੈਨੂੰ ਚੇਤੇ ਆਇਆ, ਜਦ ਅਸੀਂ ਨਵਾਂ ਨਵਾਂ ਘਰ ਪਾਇਆ ਸੀ ਤੇ ਮਾਂ ਸ਼ਾਮ ਨੂੰ ਦੂਜੀ ਮੰਜ਼ਲ ਦੇ ਟੈਰੇਸ ਤੋਂ ਗਲੀ ਵਿਚੋਂ ਮੱਝਾਂ ਲੈ ਲੰਘਦੇ ਗੁੱਜਰ ਨਾਲ ਗੱਲਾਂ ਕਰਦੀ ਹੁੰਦੀ ਸੀ। ਉਹ ਬੁਢੇਰਾ ਜਿਹਾ ਸੀ ਤੇ ਹੱਥ ਵਿਚ ਡਾਂਗ ਫੜੀ ਰੋਜ਼ ਗਲੀ ਵਿਚੋਂ ਖੌਰੇ ਮੱਝਾਂ ਨੂੰ ਕਿਥੇ ਚਰਾਣ ਲੈ ਜਾਂਦਾ ਸੀ। ਨੱਸਦਾ ਜਾਂਦਾ ਉਹ ਮੱਝਾਂ ਦੁਆਲੇ ਇੰਜ ਨਜ਼ਰੀਂ ਆਉਂਦਾ, ਜਿਵੇਂ ਨੱਸਦਾ ਨਹੀਂ ਤੈਰਦਾ ਪਿਆ ਹੋਵੇ ਤੇ ਮੱਝਾਂ ਨੂੰ ਵਲਾਉਂਦਾ ਉਹ ਮੁੜਦਾ ਘੁੰਮਦਾ ਉਡਦਾ ਜਾਂਦਾ। ਪੈਰੀਂ ਮੈਕਸਨ ਪੁਰਾਣੇ ਜਿਹੇ ਤੇ ਤੇੜ ਲੱਕਦੀ (ਧੋਤੀ)। ਉਹਨੂੰ ਵੇਖ ਹਮੇਸ਼ਾ ਮੇਰਾ ਹੱਥ ਆਪ ਮੁਹਾਰੇ ਮੱਥੇ ਨੂੰ ਸਲਾਮ ਕਰਨ ਲਈ ਉਠ ਜਾਂਦਾ ਤੇ ਉਹ ਬਹੁੰ ਖੁਸ਼ੀ ਨਾਲ ਹਵਾ ਵਿਚ ਉਡਦੇ ਜਾਂਦੇ ਜੁਆਬ ਦਿੰਦਾ। ਮੱਝਾਂ ਨਾਲ ਵਗਦੇ ਕੋਲ ਕਦੀ ਐਨਾ ਵੇਲਾ ਨਹੀਂ ਹੁੰਦਾ ਸੀ, ਪਈ ਉਹ ਖਲੋ ਮੇਰੇ ਨਾਲ ਗੱਲ ਕਰੇ। ਮਾਂ ਕੋਲ ਪਿੰਡ ਵਿਚ ਪੀਰਾਂ ਬਾਗ ਗੁਰਦਾਸਪੁਰ ਘਰੀਂ ਮੱਝ ਵੀ ਸੀ। ਤੇ ਮਾਂ ਮੱਝ ਦੀਆਂ ਗੱਲਾਂ ਵੀ ਕਰਦੀ ਹੁੰਦੀ ਸੀ ਪਰ ਸ਼ਹਿਰਾਂ ਵਿਚ ਮੱਝਾਂ ਤਾਂ ਨਹੀਂ ਹੁੰਦੀਆਂ ਨਾ!

ਰਾਤੀਂ ਮੈਂ ਚਿਰਕੇ ਤੀਕ ਮੱਝਾਂ ਬਾਰੇ ਸੋਚਦਾ ਰਿਹਾ। ਇੰਨੇ ਵਰ੍ਹੇ ਲੰਘ ਗਏ, ਇਨ੍ਹਾਂ ਮੱਝਾਂ ਦਾ ਖਿਆਲ ਕਿਉਂ ਨਹੀਂ ਆਇਆ। ਮੈਨੂੰ ਆਪਣੀ ਗਲੀ ਵਿਚ ਗੋਹਾ ਭੈੜਾ ਕਿਉਂ ਨਹੀਂ ਲੱਗਦਾ? ਬੁੱਢੇ ਗੁੱਜਰ ਨਾਲ ਮੈਂ ਹਮੇਸ਼ਾ ਸਲਾਮ ਕਿਉਂ ਕਰਦਾ ਆਂ? ਮੈਂ ਕਿਉਂ ਚਾਹਨਾਂ, ਪਈ ਉਹ ਕੁਝ ਚਿਰ ਖਲੋਵੇ ਤੇ ਮੈਂ ਉਸ ਦੀ ਸੁੱਖਸਾਂਦ ਲਵਾਂ।

ਰੋਜ਼ ਵਾਂਗ ਰਾਤ ਦੀ ਰੋਟੀ ਖਾਵਣ ਪਿਛੋਂ ਉਤਲੀ ਮੰਜਲ ਦੇ ਟੈਰੇਸ ਉਤੇ ਆ ਬੈਠਾ। ਅੱਧ ਜੇਠ ਤੇ ਸਾਰੇ ਦਿਨ ਦੀ ਅੰਤਾਂ ਦੀ ਗਰਮੀ ਪਿਛੋਂ ਹੁਣ ਮੱਠੀ ਮੱਠੀ ਵਗਦੀ ਹਵਾ ਚੰਗੀ ਲੱਗੀ। ਐਵੇਂ ਪਤਾ ਨਹੀਂ ਕਿਥੋਂ ਬੱਦਲਾਂ ਦੇ ਟੋਟੇ ਆਏ ਤੇ ਹਵਾ ਵਿਚ ਮਾੜੀ ਜਿਹੀ ਠੰਢ ਦੀ ਕਣੀ ਸਹੀ ਹੋਈ। ਮੇਰੀ ਵਹੁਟੀ ਝੱਟ ਆਖਿਆ, "ਕਿਤੇ ਮੀਂਹ ਪਿਆ ਏ।" ਪਰ ਮੈਨੂੰ ਹਵਾ ਕਣੀ ਵਿਚ ਕੋਈ ਪੁਰਾਣੀ ਖੁਸ਼ਬੋਈ ਆਈ। ਮੈਂ ਵਹੁਟੀ ਨੂੰ ਆਖਿਆ, "ਮੈਨੂੰ ਚਾਹ ਐਥੇ ਈ ਲਿਆ ਦੇਹ। ਕੁਝ ਚਿਰ ਐਥੇ ਈ ਬੈਠਾਂਗਾ।"



ਹਵਾ ਸਹਿਜੇ ਸਹਿਜੇ ਤ੍ਰਿਖੀ ਹੋਈ ਤੇ ਹੋਰ ਠੰਢੀ ਜਿਹੀ ਲੱਗੀ। ਜੇਠ ਵਿਚ ਇਹ ਹਵਾ ਰੱਬੀ ਦਾਤ ਏ। ਵਗਦੀ ਹਵਾ ਨੇ ਪੁਰਾਣੀ ਯਾਦ ਨੂੰ ਮੋਹਰੇ ਲਾ ਧਰਿਆ। ਸਰਘੀ ਤੋਂ ਅਗਦੋਂ ਝੁਲਦੀ ਹਵਾ ਦੀ ਯਾਦ, ਜਿਹੜੀ ਨਿੱਤ ਠੰਢ ਨਿੰਘੀ, ਸੱਜ-ਜੰਮੀ, ਨਵੀਂ ਨਿਰੋਲ ਤੇ ਨਿੱਥਰੀ ਹੁੰਦੀ ਏ। ਮੁੱਕਦੀ ਰਾਤ ਦੀ ਇਹ 'ਵਾ ਰਾਤ ਦੀ ਅਤਿ ਸੁਹਣੀ ਘੜੀ ਹੁੰਦੀ ਏ ਤੇ ਬੰਦੇ ਦੀ ਰੂਹ ਆਉਂਦੇ ਦਿਨ ਦੀ ਆਸ ਨਾਲ ਭਰ ਦੇਂਦੀ ਏ। ਜਿਉਂ ਜਿਉਂ ਰਾਤ ਲੰਘੀ, ਤਿਉਂ ਤਿਉਂ ਅਚੇਤ ਵਿਚ ਕੱਸ ਕੇ ਬੰਨ੍ਹਿਆਂ ਵਰ੍ਹਿਆਂ ਬੱਧੀ ਯਾਦਾਂ ਦਾ ਅਟੈਚੀਕੇਸ ਅਚਨਚੇਤ ਖੁੱਲ੍ਹ ਗਿਆ।

ਮੈਂ ਮਸਾਂ ਛੇਵੀਂ ਸੱਤਵੀਂ ਵਿਚ ਪੜ੍ਹਦਾ ਸਾਂ। ਦੋ-ਚਾਰ ਵਰ੍ਹੇ ਪਹਿਲਾਂ ਅਸੀਂ ਐਥੇ ਕ੍ਰਿਸ਼ਨ ਨਗਰ, ਲਾਹੌਰ ਚਾਚੇ ਕੋਲ ਆ ਗਏ। ਪਿਓ ਐਵੇਂ ਕੁਝ ਚਿਰ ਲਈ ਬਿਮਾਰ ਹੋਇਆ ਤੇ ਮੁੜ ਸਦਾ ਲਈ ਅੱਖਾਂ ਮੀਟ ਲਈਆਂ, ਮਾਂ ਨੇ ਡਰੀ ਬਿੱਲੀ ਵਾਂਗ ਬਾਲਾਂ ਨੂੰ ਪਿੰਡੇ ਹੇਠ ਲਕੋ ਲਿਆ।

ਟਾਬਰੀ ਨੇ ਇਕ ਕਮਰਾ ਦੂਜੀ ਮੰਜ਼ਲੇ ਪਾ ਦਿੱਤਾ ਤੇ ਕੁਝ ਖਰਚਾ ਲਾ ਦਿੱਤਾ। ਭਰਾਵਾਂ ਵਿਚ ਮੈਂ ਵੱਡਾ ਸਾਂ, ਇਸ ਲਈ ਚਾਚੀ ਘਰ ਤੋਂ ਬਾਹਰ ਦੇ ਸਾਰੇ ਕੰਮਾਂ ਲਈ ਮੈਨੂੰ ਡਾਹ ਲਿਆ ਤੇ ਘਰ ਦੇ ਕੰਮਾਂ ਲਈ ਮੇਰੀ ਵੱਡੀ ਭੈਣ ਮੁਫਤ ਦੀ ਕਾਮੀ ਲੱਭ ਗਈ। ਚੰਗੀ ਗੱਲ ਇਹ ਸੀ, ਅਸੀਂ ਸਾਰੇ ਸਕੂਲਾਂ ਵਿਚ ਪੈ ਗਏ ਤੇ ਸਾਰੇ ਕਹਿੰਦੇ ਸਨ, ਪੜ੍ਹ ਜਾਣਗੇ ਤੇ ਕੁਝ ਬਣ ਜਾਣਗੇ; ਵੇਲਾ ਔਖਾ ਏ, ਪਰ ਲੰਘ ਜਾਏਗਾ। ਇਕ ਦਿਨ ਪਤਾ ਨਹੀਂ ਚਾਚੀ ਨੂੰ ਕੀ ਚਾਅ ਚੜ੍ਹਿਆ, ਓਸ ਪਿੰਡੋਂ ਮੱਝ ਮੰਗਾ ਲਈ। ਪੀਰ ਮੱਕੀ ਸ਼ੇਖੂਪੁਰੇ ਤੋਂ ਅਗਾਂਹ ਵੱਡੀ ਨਹਿਰ ਉਤੇ ਸਾਡੀ ਟਾਬਰੀ ਦੀ ਚੋਖੀ ਜਮੀਨ ਸੀ, ਜਿਹੜੀ ਮੁੜ ਸਾਂਭੀ ਨਾ ਗਈ, ਕਿਉਂ ਜੋ ਸਾਰੇ ਸ਼ਹਿਰਾਂ ਵਿਚ ਰਹਿੰਦੇ ਸਨ ਤੇ ਮੁੜ ਨਵੀਂ ਪੀੜ੍ਹੀ ਵੇਚ ਖਾ ਛੱਡੀ।

ਪਰ ਓਦੋਂ ਜਮੀਨ ਹੈ ਸੀ ਅਤੇ ਸ਼ੇਰਾ ਕਣਕ, ਚੌਲ, ਗੰਨੇ ਤੇ ਹੋਰ ਸ਼ੈਆਂ ਲਿਆਈ ਰੱਖਦਾ ਸੀ। ਚਾਚੀ ਨੂੰ ਖਾਲਸ ਦੁੱਧ ਦਾ ਬੜਾ ਰੌਲਾ ਸੀ। ਪਹਿਲਾਂ ਮੈਂ ਸਵੇਰ-ਸ਼ਾਮ ਡੋਲੂ ਲੈ ਕੇ ਗੁੱਜਰਾਂ ਕੋਲੋਂ ਦੁੱਧ ਲੈਣ ਜਾਣਾ, ਪਰ ਚਾਚੀ ਕਹਿਣਾ, ਤੈਨੂੰ ਪਤਾ ਨਹੀਂ ਲੱਗਦਾ, ਉਹ ਪਾਣੀ ਪਾ ਦਿੰਦੇ ਨੇ। ਮੈਂ ਹਮੇਸ਼ਾ ਉਨ੍ਹਾਂ ਦੇ ਚੋਣ ਤੋਂ ਅਗਦੋਂ ਈ ਜਾਂਦਾ ਸਾਂ, ਪਰ ਓਥੇ ਐਨੀਆਂ ਵਲਟੋਹੀਆਂ ਹੁੰਦੀਆਂ ਸਨ, ਪਤਾ ਨਾ ਲਗਦਾ, ਉਨ੍ਹਾਂ ਵਿਚ ਪਹਿਲੇ ਤੋਂ ਪਾਣੀ ਹੈ ਜਾਂ ਨਹੀਂ। ਉਹ ਇਨ੍ਹਾਂ ਵਲਟੋਹੀਆਂ ਵਿਚ ਦੁੱਧ ਚੋਂਦੇ ਸਨ। ਇਹ ਗੁੱਜਰ ਸਾਡੇ ਘਰ ਦੇ ਨਾਲ ਦੀ ਗਲੀ ਤੋਂ ਪਾਰ ਰਹਿੰਦੇ ਸਨ। ਵੱਡੇ ਪੱਕੇ ਵਿਹੜੇ ਵਿਚ ਮੱਝਾਂ ਬੰਨ੍ਹੀਆਂ ਹੋਣੀਆਂ ਤੇ ਪਿੱਛੇ ਇਨ੍ਹਾਂ ਦੇ ਘਰ ਸਨ।

ਓਦੋਂ ਕ੍ਰਿਸ਼ਨ ਨਗਰ ਵਿਚ ਮੱਝਾਂ ਰੱਖਣ ਦੀ ਮਨਾਹੀ ਨਹੀਂ ਸੀ। ਇਹ ਸੱਠ ਦੇ ਦਹਾਕੇ ਦਾ ਅਖੀਰ ਸੀ। ਫਿਰ ਸਾਡੇ ਵਿੰਹਦੇ ਵਿੰਹਦੇ ਸੜਕਾਂ ਪੱਕੀਆਂ ਹੋਈਆਂ, ਸੀਵਰੇਜ ਆਇਆ ਤੇ ਅਖੀਰ ਸੱਤਰ ਦੀ ਪੌਂਦ ਵਿਚ ਗੈਸ ਵੀ ਆ ਗਈ। ਇਕ ਦਿਨ ਸਕੂਲੋਂ ਘਰ ਆਇਆ ਤੇ ਸ਼ੇਰਾ ਆਇਆ ਹੋਵੇ ਤੇ ਘਰ ਅੱਗੇ ਮੱਝ ਬੰਨ੍ਹੀ ਹੋਵੇ। ਮੁਹੱਲੇ ਦੇ ਬਾਲਾਂ ਉਸ ਦੁਆਲੇ ਘੇਰਾ ਕੀਤਾ ਹੋਇਆ ਸੀ ਤੇ ਬੜੀਆਂ ਸ਼ੌਕ ਭਰੀਆਂ ਅੱਖਾਂ ਨਾਲ ਮੱਝ ਨੂੰ ਵੇਖੀ ਜਾ ਰਹੇ ਸਨ। ਨਵੀਂ ਥਾਂ ਪਾਰੋਂ ਮੱਝ ਕੁਝ ਹਰਿਆਨੀ ਨਾਲ ਤੱਕੇ ਪਈ, ਤੇ ਉਖੜੀ ਉਖੜੀ ਚਿੰਤਾਵੰਦ ਤੇ ਡਰੀ ਡਰੀ ਜਾਪੀ। ਇਕ ਵਾਰੀ ਤਾਂ ਮੈਨੂੰ ਵੀ ਮੱਝ ਦਾ ਚਾਅ ਚੜ੍ਹ ਗਿਆ ਤੇ ਸ਼ੇਰੇ ਮੈਨੂੰ ਹੱਲਾਸ਼ੇਰੀ ਦਿੱਤੀ, ਪਈ ਉਸ ਦੀ ਪਿੱਠ 'ਤੇ ਹੱਥ ਫੇਰਾਂ। ਮੈਨੂੰ ਰਤਾ ਸਾਰ ਨਾ ਹੋਈ, ਪਈ ਇਸ ਚਾਅ ਦਾ ਮੁੱਲ ਵੀ ਮੈਨੂੰ ਤਾਰਨਾ ਪੈਣਾ ਏਂ ਤੇ ਮੱਝ ਦੀ ਭਾਲ-ਸੰਭਾਲ ਮੇਰੇ ਪੇਟੇ ਪੈ ਜਾਣੀ ਏ।

ਚਾਚੀ ਮੈਨੂੰ ਝੱਟ ਪੈਸੇ ਦੇ ਸਾਈਕਲ ਉਤੇ ਤੋਰਿਆ, ਮੱਝ ਲਈ ਪੱਠੇ ਲਿਆਵਣ। ਦੁਪਹਿਰ ਦੀ ਰੋਟੀ ਪਿੱਛੋਂ ਸ਼ੇਰੇ ਪਿੰਡ ਤੁਰ ਜਾਣਾ ਸੀ। ਸ਼ੇਰਾ ਜਦ ਆਉਂਦਾ, ਓਸ ਨੂੰ ਬਾਹਰ ਮੰਜੀ ਡਾਹ ਦਿੱਤੀ ਜਾਂਦੀ। ਓਥੇ ਈ ਓਸ ਰੋਟੀ ਖਾਣੀ। ਲੌਢੇ ਵੇਲੇ ਚਾਚੇ ਦਫਤਰੋਂ ਆਉਣਾ, ਸ਼ੇਰੇ ਨਾਲ ਕਿੰਨਾ ਚਿਰ ਜਮੀਨਾਂ ਦਾ ਲੇਖਾ-ਜੋਖਾ ਕਰਨਾ ਤੇ ਮੁੜ ਓਸ ਨੂੰ ਰਾਹ ਦਾ ਖਰਚ ਦੇ ਤੋਰਨਾ। ਸ਼ੇਰੇ ਦੀ ਟਹਿਲ ਸੇਵਾ ਮੈਂ ਈ ਕਰਦਾ ਸਾਂ। ਓਸ ਨੂੰ ਰੋਟੀ ਖੁਆਣੀ, ਸਿਗਟ-ਚਾਹ ਦਾ ਧਿਆਨ ਰੱਖਣਾ ਮੇਰੇ ਜ਼ਿੰਮੇ ਸੀ। ਸ਼ੇਰੇ ਮੈਨੂੰ ਕੋਲ ਬਿਠਾ ਕੇ ਮੱਝ ਨੂੰ ਨਹਾਣਾ ਜ਼ਰੂਰੀ ਸੀ। ਪੱਠੇ ਸਾਬਤ ਵੀ ਦੇਣੇ ਨੇ ਤੇ ਕੁਤਰੇ ਹੋਏ ਵੀ। ਚੋਕਰ ਚੋਣ ਤੋਂ ਪਹਿਲਾਂ ਪਾਣਾ ਏ, ਸ਼ਟਾਲਾ, ਵੰਡ, ਪੱਠੇ, ਖਲ- ਇਹ ਇਨ੍ਹਾਂ ਦੀ ਖੁਰਾਕ ਏ। ਮੱਝ ਨਾਲ ਪਿਆਰ ਕਰੇਂਗਾ ਤਾਂ ਇਹ ਪਿਆਰ ਕਰੇਗੀ, ਰੱਜ ਦੁੱਧ ਵੀ ਦੇਏਗੀ, ਅੜੀ ਨਹੀਂ ਕਰੇਗੀ ਤੇ ਚਾਚੀ ਵੀ ਖੁਸ਼ ਰਹੇਗੀ। ਅਖੀਰੀ ਗੱਲ ਇਹਨੂੰ ਕਦੀ ਭੁੱਖੀ ਨਹੀਂ ਰੱਖਣਾ; ਨਹੀਂ ਤਾਂ ਤੈਨੂੰ ਨੇੜੇ ਨਹੀਂ ਲੱਗਣ ਦੇਏਗੀ।

ਸ਼ਾਮਾਂ ਤੀਕ ਮੈਂ ਐਧਰ-ਉਧਰ ਦੇ ਕੰਮਾਂ ਵਿਚ ਰੁਝਿਆ ਰਿਹਾ ਪਰ ਮੈਨੂੰ ਮੱਝ ਦਾ ਹਰ ਦਮ ਖਿਆਲ ਸੀ। ਮੈਂ ਅਗਦੋਂ ਈ ਓਸ ਲਈ ਪੱਠੇ ਤੇ ਹੋਰ ਸ਼ੈਆਂ ਲੈ ਆਇਆ ਤੇ ਗੁਆਂਢੀ ਗੁੱਜਰਾਂ ਵੀ ਕੁਝ ਪੱਠੇ ਮੁਫਤ ਦੇ ਦਿੱਤੇ। ਸ਼ਾਮੀਂ ਮੈਂ ਰਹਿਮਤ ਗੁੱਜਰ ਨੂੰ ਬੁਲਾ ਕੇ ਲਿਆਇਆ ਤੇ ਓਸ ਮੱਝ ਚੋਈ। ਪਹਿਲਾਂ ਚੋਕਰ ਤੇ ਖਲ ਵੱਡੀ ਪਰਾਤ ਵਿਚ ਓਸ ਨੂੰ ਪਾਈ। ਫਿਰ ਰਹਿਮਤ ਨੇ ਓਸ ਦੀਆਂ ਪਿਛਲੀਆਂ ਦੋਵੇਂ ਲੱਤਾਂ ਰੱਸੇ ਨਾਲ ਇੰਜ ਜੂੜ ਕੇ ਬੰਨ੍ਹ ਦਿੱਤੀਆਂ, ਤਾਂ ਜੋ ਦੁੱਧ ਚੋਣ ਲੱਗਿਆਂ ਓਹ ਦੁਲੱਤੀ ਨਾ ਮਾਰੇ ਤੇ ਫਿਰ ਓਸ ਨੇ ਮੱਝ ਨੂੰ ਪਸਮਾਣ ਦਾ ਵਲ ਦੱਸਿਆ; ਤੇ ਆਖਿਆ, ਜਦ ਮੱਝ ਪਸਮ ਜਾਏ, ਫਿਰ ਮੈਨੂੰ ਦੁੱਧ ਚੋਣ ਲਈ ਸੱਦ ਲਈਂ। ਮੱਝ ਚੋਣ ਲੱਗਿਆਂ ਰਹਿਮੇ ਮੈਨੂੰ ਕੋਲ ਬਿਠਾ ਲੈਣਾ ਤੇ ਪਹਿਲਾਂ ਇਕ-ਦੋ ਧਾਰਾਂ ਮੇਰੇ ਮੂੰਹ ਵਿਚ ਮਾਰਨੀਆਂ। ਪੰਜਾਹ ਵਰ੍ਹਿਆਂ ਪਿੱਛੋਂ ਵੀ ਮੈਨੂੰ ਕੱਚੇ ਦੁੱਧ ਦਾ ਸਵਾਦ ਚੇਤੇ ਏ।

ਪਰ ਅਸਲ ਔਖੀ ਘੜੀ ਤਾਂ ਰਾਤ ਨੂੰ ਆਉਣੀ ਸੀ। ਮੈਨੂੰ ਚਾਚੀ ਬੁਲਾ ਆਖਿਆ, "ਤੂੰ ਰਾਤ ਮੱਝ ਦੀ ਰਾਖੀ ਲਈ ਬਾਹਰ ਸੌਣਾ ਏਂ।" ਓਸ ਮੈਨੂੰ ਮੰਜੀ ਦੇ ਦਿੱਤੀ ਤੇ ਆਖਿਆ, ਬਿਸਤਰਾ ਮਾਂ ਕੋਲੋਂ ਲੈ ਲਵਾਂ। ਸਵੇਰੇ ਮੈਂ ਮੱਝ ਨੂੰ ਪੱਠੇ ਪਾਣੇ, ਪਸਮਾਣਾ ਤੇ ਰਹਿਮੇ ਕੋਲੋਂ ਚੁਆਣ ਪਿੱਛੋਂ ਸਕੂਲ ਜਾਣਾ। ਮੈਨੂੰ ਐਸ ਕੰਮ ਦਾ ਐਨਾ ਭਾਰ ਨਹੀਂ ਸੀ। ਮੈਂ ਤਾਂ ਰਾਤ ਇਕੱਲੇ ਬਾਹਰ ਸੌਣ ਤੋਂ ਡਰਦਾ ਸਾਂ। ਨੌਂ-ਦਸ ਵਜੇ ਈ ਮੈਂ ਮੰਜੀ ਡਾਹ ਕੇ ਬਾਹਰ ਸੌਣ ਲਈ ਆ ਗਿਆ। ਸਾਹਮਣੇ ਗੁਆਂਢੀਆਂ ਦੇ ਘਰੋਂ ਰੇਡੀਓ ਉਤੇ ਹਿੰਦੁਸਤਾਨੀ ਗਾਣਿਆਂ ਦੀਆਂ 'ਵਾਜਾਂ ਆਂਦੀਆਂ ਰਹੀਆਂ। ਹੌਲੀ ਹੌਲੀ ਘਰਾਂ ਦੀਆਂ ਬੱਤੀਆਂ ਬੁਝੀਆਂ, ਅੰਤ ਸਾਰੇ ਘਰਾਂ ਦੀਆਂ ਬੱਤੀਆਂ ਬੁਝ ਗਈਆਂ ਤੇ ਮੈਨੂੰ ਨੀਂਦ ਵੀ ਆ ਗਈ।

ਫਿਰ ਪਤਾ ਨਹੀਂ ਰਾਤ ਦੇ ਕਿਸ ਵੇਲੇ ਮੇਰੀ ਅੱਖ ਖੁੱਲ੍ਹ ਗਈ। ਤੇ ਮੈਂ ਮੂੰਹ ਉਤੋਂ ਚਾਦਰ ਹਟਾ ਕੇ ਹਨੇਰੇ ਵਿਚ ਵੇਖਣ ਦਾ ਆਹਰ ਕੀਤਾ। ਗਲੀ ਉਕਾ ਸੁੰਞ ਮਸਾਣ। ਮੈਨੂੰ ਪਤਾ ਸੀ, ਮੁਹੱਲੇ ਦੇ ਕੁਝ ਮੁੰਡੇ ਬੜੇ ਬਦਨਾਮ ਸਨ ਤੇ ਦੂਜੇ ਮੁੰਡਿਆਂ ਨਾਲ 'ਫਿਅਲ' ਕਰਦੇ ਸਨ। ਓਦੋਂ ਬੰਧ ਤੋਂ ਪਾਰ ਉਜਾੜ ਸੀ, ਖੂਹ ਤੇ ਪੈਲੀਆਂ ਹੁੰਦੀਆਂ ਸਨ। ਕਈ ਵੱਡੇ ਮੁੰਡਿਆਂ ਨਿੱਕਿਆਂ ਨੂੰ ਵਲਾ ਕੇ ਲੈ ਜਾਣਾ ਤੇ ਫਿਅਲ ਕਰਨੇ। ਕਈਆਂ ਲਿੱਸਿਆਂ ਰੋਜ਼ ਕਾਬੂ ਆ ਜਾਵਣਾ। ਐਵੇਂ ਲੱਗਾ, ਕੋਈ ਦੂਰੋਂ ਮੈਨੂੰ ਵੇਖਦਾ ਪਿਆ ਏ। ਮੈਂ ਝੱਟ ਮੂੰਹ ਉਤੇ ਚਾਦਰ ਲੈ ਡਰ ਨੂੰ ਵਲਾਣ ਦਾ ਕੀਤਾ। ਕਦੀ ਪੈਰਾਂ ਦੀ ਹੌਲੀ ਹੌਲੀ 'ਵਾਜ ਆਵੇ। ਮੈਂ ਦੜ ਵੱਟ ਕੇ ਪਿਆ ਰਿਹਾ। ਜੇ ਨਾਜੀ ਆ ਕੇ ਮੈਨੂੰ ਫੜ ਲਿਆ ਤਾਂ ਮੇਰੀ 'ਵਾਜ ਨਹੀਂ ਨਿਕਲਣੀ। ਨਾਜੀ ਸਾਡੀ ਗਲੀ ਦਾ ਸਭ ਤੋਂ ਬਦਨਾਮ ਮੁੰਡਾ ਸੀ। ਨਸ਼ੇ ਵੀ ਕਰਦਾ ਸੀ। ਸੂਟਾ ਆਮ ਲੱਭ ਜਾਂਦਾ ਸੀ। ਬੰਧੋਂ ਪਾਰ ਖੂਹਾਂ ਉਤੇ ਭੰਗ ਵੀ ਘੋਟੀ ਜਾਂਦੀ ਸੀ।

ਮੇਰੀ ਨੀਂਦ ਉਕਾ ਉੱਡ ਗਈ ਤੇ ਪਤਾ ਨਹੀਂ ਕਿੰਨੀ ਦੇਰ ਡਰਿਆ ਜਾਗਦਾ ਰਿਹਾ। ਫਿਰ ਹੌਲੀ ਹੌਲੀ ਹਵਾ ਵਗਦੀ ਛੋਹੀ ਤੇ ਮੈਨੂੰ ਲੱਗਾ, ਰਾਹ ਹੁਣ ਮੁੱਕਣ ਵਾਲੀ ਏ। ਸਰਘੀ ਤੋਂ ਅਗਦੋਂ ਦੀ ਹਵਾ, ਜੋ ਮੈਨੂੰ ਕਈ ਮਹੀਨੇ ਹੰਢਾਈ, ਸਿਆਲ ਵੀ ਹੁਨਾਲ ਵੀ।

ਅਚਨਚੇਤ ਮੈਨੂੰ ਮੱਝ ਦਾ ਖਿਆਲ ਆਇਆ ਤੇ ਮੇਰਾ ਡਰ ਲਹਿ ਗਿਆ। ਮੱਝ ਮੇਰੇ ਨਾਲ ਈ ਤਾਂ ਬੱਧੀ ਹੋਈ ਸੀ। ਉਹ ਜਾਗਦੀ ਪਈ ਸੀ ਤੇ ਫਿਰ ਓਸ ਉਠ ਕੇ ਮੇਰੇ ਵੱਲ ਸਾਹ ਸੁੱਟਿਆ ਤੇ ਗਲ ਦਾ ਸੰਗਲ ਹਿਲਾਇਆ। ਹੈਂ! ਮੇਰੇ ਨਾਲ ਤਾਂ ਜਿਉਂਦਾ ਜਾਗਦਾ ਜੀਅ ਏ, ਮੈਨੂੰ ਡਰਨ ਦੀ ਕੀ ਲੋੜ ਏ। ਦੂਰੋਂ ਕਿਸੇ ਘਰੋਂ ਖੰਘਣ ਤੇ ਬੱਤੀ ਜਲਾਣ ਦੀ 'ਵਾਜ ਆਈ। ਨਲਕਿਆਂ 'ਚੋਂ ਪਾਣੀ ਡਿਗਣ ਦੀ। ਕੁਝ ਘਰਾਂ ਦੇ ਬੁੱਢੇ ਬਾਬੇ ਨਮਾਜ਼ ਲਈ ਤਿਆਰੀ ਫੜਦੇ ਹੋਣੇ ਨੇ। ਫਜ਼ਲੇ ਤੇ ਹਾਜੀ ਕਮਾਲ ਦਾ ਤਾਂ ਸਾਰਿਆਂ ਨੂੰ ਪਤਾ ਸੀ। ਹਵਾ ਦੇ ਬੁੱਲੇ ਆਵਣੇ ਤੇ ਗਲੀ ਵਿਚ ਵਾਵਰੋਲੇ ਬਣਨੇ। ਹੌਲੀ ਹੌਲੀ ਘਰਾਂ ਵਿਚੋਂ ਆਉਂਦੀਆਂ 'ਵਾਜਾਂ ਵਧਦੀਆਂ ਗਈਆਂ- ਪੈਰਾਂ ਦੀਆਂ, ਬੂਹੇ ਬਾਰੀਆਂ ਖੁੱਲ੍ਹਣ ਦੀਆਂ ਤੇ ਫਿਰ ਮਸੀਤ ਤੋਂ ਬਾਂਗ ਦੀ 'ਵਾਜ ਨੇ ਰਾਤ ਮੁਕਾ ਦਿੱਤੀ।

ਮੈਂ ਮੂੰਹ ਤੋਂ ਚਾਦਰ ਲਾਹੀ ਤੇ ਉਠ ਕੇ ਬਹਿ ਗਿਆ। ਮੱਝ ਸਾਹਮਣੇ ਖਲੋਤੀ ਮੈਨੂੰ ਵੇਖਦੀ ਪਈ ਸੀ। ਪਹਿਲੀ ਵਾਰ ਮੈਂ ਉਹਨੂੰ ਨੀਝ ਨਾਲ ਤੱਕਿਆ। ਚੁੱਪ ਤੇ ਉਦਾਸ ਮੋਟੀਆਂ ਅੱਖਾਂ, ਸਿੰਙ ਉਤਾਂਹ ਨੂੰ ਵਲੇ ਹੋਏ। ਓਸ ਦੇ ਮੂੰਹ ਉਤੇ ਵੀ ਅੱਖਾਂ ਤੋਂ ਹੇਠ ਰੱਸਾ ਵਫ ਕੇ ਇਕ ਤਰ੍ਹਾਂ ਮੂੰਹ ਬੰਨ੍ਹਿਆ ਹੋਇਆ ਸੀ ਤੇ ਉਹ ਰੱਸਾ ਵੀ ਗਲ ਵਿਚ ਸੀ। ਮੈਂ ਅਗਾਂਹ ਹੋ ਕੇ ਓਸ ਦਾ ਉਹ ਰੱਸਾ ਖੋਲ੍ਹ ਦਿੱਤਾ, ਜਿਸ ਨਾਲ ਉਹ ਸੌਖੀ ਜਿਹੀ ਹੋ ਗਈ ਤੇ ਓਸ ਆਪਣਾ ਮੂੰਹ ਮੇਰੇ ਜੁੱਸੇ ਨਾਲ ਰਗੜਿਆ, ਜਿਵੇਂ ਲਾਡ

(ਬਾਕੀ ਅਗਲੇ ਸਫੇ 'ਤੇ)

# ਪੈਪਸੂ ਜਿਸ ਦੀ ਰਾਜ ਭਾਸ਼ਾ ਸੀ ਪੰਜਾਬੀ

***23 ਜਨਵਰੀ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਸਮੇਂ ਸ਼ਾਮਿਲ ਕਰ ਦਿੱਤਾ ਗਿਆ ਅਤੇ ਇਉਂ ਸਿੱਖ ਵਸੋਂ ਵਾਲਾ ਅਤੇ ਪੰਜਾਬੀ ਭਾਸ਼ਾ ਵਾਲਾ ਰਾਜ 7 ਸਾਲ ਦੀ ਉਮਰ ਹੰਢਾ ਕੇ ਹੀ ਭਾਰਤ ਦੇ ਨਕਸ਼ੇ ਤੋਂ ਲੋਪ ਹੋ ਗਿਆ। ਅਕਾਲੀ ਦਲ ਦੀ ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨੀ ਗਈ। ਪਹਿਲੀ ਨਵੰਬਰ ਨੂੰ ਪੰਜਾਬ ਵਿਚ ਸ਼ਾਮਿਲ ਹੋਇਆ ਪੈਪਸੂ ਦਾ ਖੇਤਰ ਵੀ ਤਿੰਨਾਂ ਰਾਜਾਂ ਵਿਚ ਚਲਾ ਗਿਆ। ਸਿਆਸੀ ਸੋਚ ਵਾਲੇ ਲੋਕ ਸਮਝਦੇ ਹਨ ਕਿ ਪੈਪਸੂ ਨੂੰ ਲੋਪ ਕਰਨਾ ਉਸ ਸਮੇਂ ਦੀ ਕੇਂਦਰ ਸਰਕਾਰ ਦਾ ਲੁਕਵਾਂ ਵਾਰ ਸੀ।***

ਭਾਰਤ ਅੰਗਰੇਜ਼ ਦੇ ਅਧੀਨ ਸੀ। ਮੁਲਕ ਵਿਚ ਰਾਜਿਆਂ ਦਾ ਰਾਜ ਸੀ। ਰਾਜੇ ਲੋਕਾਂ 'ਤੇ ਸੁਤੰਤਰ ਤੌਰ ਉਤੇ ਰਾਜ ਕਰਦੇ ਸਨ, ਪਰ ਅੰਗਰੇਜ਼ ਰਾਜ ਦੀਆਂ ਸ਼ਰਤਾਂ ਅਧੀਨ ਚਲਦੇ ਸਨ। 1947 ਨੂੰ ਮਿਲੀ ਆਜ਼ਾਦੀ ਤੋਂ ਬਾਅਦ ਅੰਗਰੇਜ਼ ਸਰਕਾਰ ਅਧੀਨ ਖੇਤਰ ਨਵੀਂ ਸਰਕਾਰ ਦੇ ਘੇਰੇ ਵਿਚ ਆ ਗਏ, ਪਰ ਰਾਜਿਆਂ ਦੇ ਸ਼ਾਸਨ ਅਧੀਨ ਖੇਤਰਾਂ ਨੂੰ ਕੇਂਦਰੀ ਸਰਕਾਰ ਅਧੀਨ ਕਰਨ ਲਈ ਕਿਤੇ ਸਖਤੀ ਤੇ ਕਿਤੇ ਸੰਧੀ ਕਰਨੀ ਪਈ।

ਮੁਲਕ ਦੀ ਵੰਡ ਸਮੇਂ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪੱਛਮੀ ਹਿੱਸਾ ਪਾਕਿਸਤਾਨ ਵਿਚ ਗਿਆ ਤੇ ਪੂਰਬੀ ਹਿੱਸਾ ਭਾਰਤ ਦਾ ਪੂਰਬੀ ਪੰਜਾਬ ਰਾਜ ਬਣਿਆ। ਇਹ ਵੰਡ ਧਰਮ ਆਧਾਰਿਤ ਸੀ ਜਿਸ ਕਰ ਕੇ ਦੋਵਾਂ ਪਾਸਿਆਂ ਤੋਂ ਹਿਜ਼ਰਤ ਹੋਈ ਤੇ ਜਾਨੀ-ਮਾਲੀ ਬਹੁਤ ਨੁਕਸਾਨ ਹੋਇਆ। ਇਹ ਕਦੀ ਵੀ ਪੂਰਾ ਨਾ ਹੋਣ ਵਾਲਾ ਨੁਕਸਾਨ ਸੀ। ਪੂਰਬੀ ਪੰਜਾਬ ਵਿਚ ਜਿਹੜੀਆਂ ਰਿਆਸਤਾਂ

**ਜਸਵੰਤ ਸਿੰਘ ਬਰਾੜ**
ਫੋਨ: +91-98884-00725

ਸਨ, ਉਨ੍ਹਾਂ ਨੂੰ ਮੁਲਕ ਦੇ ਰਾਜ ਪ੍ਰਬੰਧ ਅਧੀਨ ਕਰਨ ਲਈ 6 ਅਗਸਤ 1948 ਨੂੰ ਸੰਧੀ ਕੀਤੀ ਗਈ। ਇਸ ਸੰਧੀ ਅਨੁਸਾਰ ਪਟਿਆਲਾ, ਨਾਭਾ, ਜੀਂਦ, ਨਾਲਾਗੜ੍ਹ, ਮਲੇਰਕੋਟਲਾ, ਫਰੀਦਕੋਟ, ਕਪੂਰਥਲਾ ਤੇ ਕਲਸੀਆ-8 ਰਿਆਸਤਾਂ ਨੂੰ ਮਿਲਾ ਕੇ ਨਵਾਂ ਰਾਜ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ) ਦੀ ਰਚਨਾ ਹੋਣੀ ਤੈਅ ਹੋਈ। ਇਹ ਸੰਧੀ ਕਰਨ ਵਿਚ ਪਟਿਆਲਾ ਦੀ ਵੱਡੀ ਰਿਆਸਤ ਦੇ ਹੁਕਮਰਾਨਾਂ ਵੱਲੋਂ ਦਿੱਲੀ ਵਿਚ ਪ੍ਰਭਾਵ ਰੱਖਣ ਕਰ ਕੇ ਮੁਖ ਭੂਮਿਕਾ ਨਿਭਾਈ ਗਈ। ਇਨ੍ਹਾਂ ਰਿਆਸਤਾਂ ਦਾ ਖੇਤਰ ਟੁੱਟਵਾਂ ਸੀ। ਨਾਲਾਗੜ੍ਹ ਤੇ ਮਲੇਰਕੋਟਲੇ ਤੋਂ ਬਗੈਰ ਸਿੱਖ ਰਾਜੇ ਸਨ। ਪਟਿਆਲਾ, ਨਾਭਾ ਅਤੇ ਜੀਂਦ ਦੇ ਮੁਖੀ ਮਹਾਰਾਜਾ, ਫਰੀਦਕੋਟ, ਕਲਸੀਆ ਤੇ ਨਾਲਾਗੜ੍ਹ ਦੇ ਮੁਖੀ ਰਾਜਾ ਤੇ ਮਲੇਰਕੋਟਲੇ ਦੇ ਮੁਖੀ ਨਵਾਬ ਸਨ। ਨਾਲਾਗੜ੍ਹ ਤੇ ਕਲਸੀਆ ਤੋਂ ਬਗੈਰ ਸਭ ਮਹਾਰਾਜਿਆਂ ਅਤੇ ਰਾਜਿਆਂ ਨੂੰ ਅੰਗਰੇਜ਼ਾਂ ਵੱਲੋਂ ਤੋਪਾਂ ਦੀ ਸਲਾਮੀ ਵੀ ਮਿਲਦੀ ਸੀ। ਇਨ੍ਹਾਂ ਰਿਆਸਤਾਂ ਵਿਚ ਹੱਕਾਂ ਦੀ ਪ੍ਰਾਪਤੀ ਲਈ ਕਾਫੀ ਅੰਦੋਲਨ ਚੱਲੇ, ਜੀਂਦ ਰਿਆਸਤ ਵਿਚ ਵਿਦਰੋਹ ਹੋਇਆ ਜਿਸ ਨੂੰ ਪਟਿਆਲਾ ਦੀ ਫੌਜ ਨੇ ਦਬਾਇਆ। ਪਰਜਾ ਮੰਡਲ ਦੀ ਲਹਿਰ ਕਿਸਾਨਾਂ ਨੂੰ ਭੂਮੀ ਦੇ ਮਾਲਕੀ ਹੱਕ ਦਿਵਾਉਣ ਲਈ ਨਾਭੇ ਵਿਚ ਸ਼ੁਰੂ ਹੋ ਕੇ ਸਾਰੀਆਂ ਰਿਆਸਤਾਂ ਤੱਕ ਫੈਲ ਗਈ। ਇਸ ਅੰਦੋਲਨ ਵਿਚ ਜਵਾਹਰ ਲਾਲ ਨਹਿਰੂ ਵੀ ਸ਼ਾਮਿਲ ਹੋਏ। ਪਰਜਾ ਮੰਡਲ ਵੱਲੋਂ ਸਮਾਨ ਅੰਤਰ ਸਰਕਾਰਾਂ ਵੀ ਬਣਾਈਆਂ ਗਈਆਂ ਸਨ। ਨਾਭਾ ਰਿਆਸਤ ਵਿਚ ਧਾਰਮਿਕ ਆਜ਼ਾਦੀ ਲਈ ਲੱਗਿਆ ਜੈਤੋ ਦਾ ਮੋਰਚਾ ਸ਼ਾਨਾਂਮੱਤਾ ਇਤਿਹਾਸ ਹੈ। ਇਸ ਮੋਰਚੇ ਨੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਦਾ ਮੁੱਢ ਬੰਨ੍ਹਿਆ ਸੀ। ਪਰਜਾ ਮੰਡਲ ਲਹਿਰ ਨਾਲ ਜੁੜ ਕੇ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚੇ, ਬਾਬੂ ਬ੍ਰਿਸ਼ਭਾਨ ਪੈਪਸੂ ਦੇ ਮੁੱਖ ਮੰਤਰੀ ਅਤੇ ਸਰਦਾਰ ਹੀਰਾ ਸਿੰਘ ਭੱਠਲ ਦੀ ਬੇਟੀ ਰਾਜਿੰਦਰ ਕੌਰ ਭੱਠਲ ਪੰਜਾਬ ਦੀ ਮੁੱਖ ਮੰਤਰੀ ਬਣੀ।

ਸੰਧੀ ਅਨੁਸਾਰ 13 ਜਨਵਰੀ 1949 ਨੂੰ ਪੈਪਸੂ ਰਾਜ ਬਣਾਇਆ ਗਿਆ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ, ਰਾਜ ਪ੍ਰਮੁਖ ਅਤੇ ਮਹਾਰਾਜਾ ਜਗਤਜੀਤ ਸਿੰਘ ਕਪੂਰਥਲਾ ਉਪ ਰਾਜ ਪ੍ਰਮੁਖ ਨਿਯੁਕਤ ਕੀਤੇ ਗਏ। ਲੋਕਤੰਤਰੀ ਢੰਗ ਨਾਲ ਸਰਕਾਰ ਚਲਾਉਣ ਲਈ ਕੇਂਦਰੀ ਸਰਕਾਰ ਵੱਲੋਂ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਮੁੱਖ ਮੰਤਰੀ ਅਤੇ ਹੋਰ ਮੰਤਰੀ ਨਾਮਜ਼ਦ ਕੀਤੇ ਗਏ। ਸਰਦਾਰ ਰਾੜੇਵਾਲਾ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸਨ ਅਤੇ ਪਟਿਆਲਾ ਰਿਆਸਤ ਦੇ ਪ੍ਰਧਾਨ ਮੰਤਰੀ ਵੀ ਸਨ; ਜਿਵੇਂ ਰਿਆਸਤਾਂ ਵਿਚ ਮੰਤਰੀ ਮੰਡਲ ਦੀ ਪ੍ਰਥਾ ਸੀ। ਨਿਆਂ ਲਈ ਹਾਈ ਕੋਰਟ ਤੱਕ ਦਾ ਪ੍ਰਬੰਧ ਸੀ। ਕੇਂਦਰ ਸਰਕਾਰ ਵੱਲੋਂ ਮੁੱਖ ਮੰਤਰੀ ਦੀ ਨਾਮਜ਼ਦਗੀ ਦਾ ਵਿਰੋਧ ਹੋਇਆ। ਫਿਰ ਪਰਜਾ ਮੰਡਲ ਲਹਿਰ ਕਾਂਗਰਸ ਵਿਚ ਸ਼ਾਮਿਲ ਹੋ ਗਈ। ਇਸੇ ਤਰ੍ਹਾਂ ਕਰਨਲ ਰਘਬੀਰ ਸਿੰਘ ਦੀ ਦੇਸ਼ ਸੇਵਕ ਸਭਾ ਵੀ ਕਾਂਗਰਸ ਵਿਚ ਮਿਲ ਗਈ। ਕੇਂਦਰ ਸਰਕਾਰ ਨੇ ਮੁਖਾਲਫਤ ਰੋਕਣ ਲਈ 23 ਮਈ 1951 ਨੂੰ ਕਰਨਲ ਰਘਬੀਰ ਸਿੰਘ ਨੂੰ ਮੁੱਖ ਮੰਤਰੀ ਬਣਾ ਦਿੱਤਾ, ਪਰ ਉਨ੍ਹਾਂ ਦਾ ਵੀ ਵਿਰੋਧ ਹੋਇਆ।

ਮੁਲਕ ਦੀਆਂ ਚੋਣਾਂ ਵਾਂਗ ਪੈਪਸੂ ਵਿਚ 60 ਮੈਂਬਰੀ ਵਿਧਾਨ ਸਭਾ ਲਈ 50 ਹਲਕਿਆਂ ਤੋਂ ਚੋਣ ਹੋਈ ਜਿਨ੍ਹਾਂ ਵਿਚੋਂ 10 ਡਬਲ ਹਲਕੇ ਸਨ। ਕਾਂਗਰਸ ਅਤੇ ਅਕਾਲੀ ਦਲ ਮੁਖ ਪਾਰਟੀਆਂ ਸਨ। ਕਾਂਗਰਸ ਨੇ 26 ਸੀਟਾਂ ਜਿੱਤੀਆਂ ਅਤੇ ਵੱਡੀ ਪਾਰਟੀ ਬਣੀ, ਪਰ ਸਰਕਾਰ ਨਾ ਬਣਾ ਸਕੀ। ਅਕਾਲੀ ਦਲ ਦੇ ਗਿਆਨ ਸਿੰਘ ਰਾੜੇਵਾਲਾ ਨੇ 22 ਅਪਰੈਲ 1952 ਨੂੰ ਮੁਲਕ ਵਿਚ ਪਹਿਲੀ ਗੈਰ-ਕਾਂਗਰਸ ਸਰਕਾਰ ਬਣਾਈ। ਇਸ ਸਰਕਾਰ ਖਿਲਾਫ ਅਮਨ ਕਾਨੂੰਨ ਦੇ ਨਾਂ 'ਤੇ ਸਿਆਸੀ ਮਨੋਰਥ ਨੂੰ ਲੈ ਕੇ ਅੰਦੋਲਨ ਚੱਲ ਪਿਆ। ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਕੋਈ ਹੋਰ ਮੁੱਦਾ ਲੈ ਕੇ ਪੰਜਾਬ ਵਿਚ ਗ੍ਰਿਫਤਾਰ ਕਰ ਕੇ 5 ਮਾਰਚ 1953 ਨੂੰ ਸਰਕਾਰ ਭੰਗ ਕਰ ਦਿੱਤੀ ਗਈ। ਸੰਭਾਵੀ ਅੰਦੋਲਨ ਰੋਕਣ ਲਈ ਸ੍ਰੀ ਰਾਓ ਨੂੰ ਪ੍ਰਬੰਧਕ ਲਾਇਆ ਗਿਆ। ਕਾਂਗਰਸ ਪਾਰਟੀ ਨੇ ਨਵੀਂ ਚੋਣ ਲੜਨ ਲਈ ਕਈ ਵਿਉਂਤਬੰਦੀਆਂ ਅਤੇ ਸਮਝੌਤੇ ਕੀਤੇ। ਹਲਕਿਆਂ ਦੀ ਹੱਦਬੰਦੀ ਨਵੇਂ ਸਿਰਿਓਂ ਕਰ ਕੇ 34 ਜਨਰਲ, 2 ਰਿਜ਼ਰਵ ਅਤੇ 12 ਡਬਲ ਹਲਕੇ ਬਣਾ ਕੇ ਮਾਰਚ 1954 ਵਿਚ ਪੈਪਸੂ ਅਸੈਂਬਲੀ ਦੀ ਮੱਧਕਾਲੀ ਚੋਣ ਕਰਾਈ ਗਈ। ਇਸ ਵਿਚ ਕਾਂਗਰਸ ਦੇ ਕਰਨਲ ਰਘਬੀਰ ਸਿੰਘ ਬਹੁਮਤ ਲੈ ਕੇ 8 ਮਾਰਚ 1954 ਨੂੰ ਮੁੱਖ ਮੰਤਰੀ ਤੇ ਬਾਬੂ ਬ੍ਰਿਸ਼ਭਾਨ ਉਪ ਮੁੱਖ ਮੰਤਰੀ ਬਣੇ। ਫਿਰ 23 ਜਨਵਰੀ 1956 ਨੂੰ ਕਰਨਲ ਰਘਬੀਰ ਸਿੰਘ ਦੀ ਮੌਤ ਤੋਂ ਬਾਅਦ ਬਾਬੂ ਬ੍ਰਿਸ਼ਭਾਨ ਮੁੱਖ ਮੰਤਰੀ ਬਣੇ।


ਗਿਆਨ ਸਿੰਘ ਰਾੜੇਵਾਲਾ

***13 ਜਨਵਰੀ 1949 ਨੂੰ ਪੈਪਸੂ ਰਾਜ ਬਣਾਇਆ ਗਿਆ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ, ਰਾਜ ਪ੍ਰਮੁਖ ਅਤੇ ਮਹਾਰਾਜਾ ਜਗਤਜੀਤ ਸਿੰਘ ਕਪੂਰਥਲਾ ਉਪ ਰਾਜ ਪ੍ਰਮੁਖ ਨਿਯੁਕਤ ਕੀਤੇ ਗਏ। ਲੋਕਤੰਤਰੀ ਢੰਗ ਨਾਲ ਸਰਕਾਰ ਚਲਾਉਣ ਲਈ ਕੇਂਦਰੀ ਸਰਕਾਰ ਵੱਲੋਂ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਮੁੱਖ ਮੰਤਰੀ ਅਤੇ ਹੋਰ ਮੰਤਰੀ ਨਾਮਜ਼ਦ ਕੀਤੇ ਗਏ। ਸਰਦਾਰ ਰਾੜੇਵਾਲਾ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸਨ ਅਤੇ ਪਟਿਆਲਾ ਰਿਆਸਤ ਦੇ ਪ੍ਰਧਾਨ ਮੰਤਰੀ ਵੀ ਸਨ; ਜਿਵੇਂ ਰਿਆਸਤਾਂ ਵਿਚ ਮੰਤਰੀ ਮੰਡਲ ਦੀ ਪ੍ਰਥਾ ਸੀ।***

23 ਜਨਵਰੀ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਭਾਸ਼ਾ ਦੇ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਸਮੇਂ ਸ਼ਾਮਿਲ ਕਰ ਦਿੱਤਾ ਗਿਆ ਅਤੇ ਇਉਂ ਸਿੱਖ ਵਸੋਂ ਵਾਲਾ ਅਤੇ ਪੰਜਾਬੀ ਭਾਸ਼ਾ ਵਾਲਾ ਰਾਜ 7 ਸਾਲ ਦੀ ਉਮਰ ਹੰਢਾ ਕੇ ਹੀ ਭਾਰਤ ਦੇ ਨਕਸ਼ੇ ਤੋਂ ਲੋਪ ਹੋ ਗਿਆ। ਅਕਾਲੀ ਦਲ ਦੀ ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨੀ ਗਈ। ਪਹਿਲੀ ਨਵੰਬਰ ਨੂੰ ਪੰਜਾਬ ਵਿਚ ਸ਼ਾਮਿਲ ਹੋਇਆ ਪੈਪਸੂ ਦਾ ਖੇਤਰ ਵੀ ਤਿੰਨਾਂ ਰਾਜਾਂ ਵਿਚ ਚਲਾ ਗਿਆ। ਸਿਆਸੀ ਸੋਚ ਵਾਲੇ ਲੋਕ ਸਮਝਦੇ ਹਨ ਕਿ ਪੈਪਸੂ ਨੂੰ ਲੋਪ ਕਰਨਾ ਉਸ ਸਮੇਂ ਦੀ ਕੇਂਦਰ ਸਰਕਾਰ ਦਾ ਲੁਕਵਾਂ ਵਾਰ ਸੀ। ਪੈਪਸੂ ਵਿਚ ਗੈਰ-ਕਾਂਗਰਸ ਸਰਕਾਰ ਬਣਨਾ ਉਦੋਂ ਵੀ ਕੇਂਦਰ ਵਿਚ ਕਾਂਗਰਸ ਸਰਕਾਰ ਨੂੰ ਰੜਕਦਾ ਸੀ। ਪੈਪਸੂ ਰਾਜ ਵਿਚ ਨੌਕਰੀ ਕਰਨ ਦੀ ਹੱਦ 60 ਸਾਲ ਸੀ। ਰਿਆਸਤਾਂ ਦੇ ਕਰਮਚਾਰੀ ਸਰਕਾਰੀ ਹੋ ਗਏ ਸਨ। ਪੈਪਸੂ ਰਾਜ ਦਾ ਸੇਵਾ ਨਿਯਮ ਅੱਜ ਵੀ ਪੰਜਾਬ ਦੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਗਵਾਈ ਦਿੰਦਾ ਹੈ। ਪੈਪਸੂ ਵਿਚ ਸਭ ਤੋਂ ਪਹਿਲਾਂ ਭੂਮੀ ਸੁਧਾਰ ਲਾਗੂ ਹੋਏ। ਕਿਲ੍ਹਾਬੰਦੀ ਅਤੇ ਮੁਰੱਬਾਬੰਦੀ ਕੀਤੀ ਗਈ। ਖੇਤੀ ਵਾਲੀ ਜ਼ਮੀਨ 'ਤੇ ਸੀਲਿੰਗ ਐਕਟ ਲਾਗੂ ਹੋਇਆ। ਖੇਡਾਂ ਵਿਚ ਇਹ ਰਾਜ ਮੋਹਰੀ ਸੀ। ਇਸ ਦੀ ਰਾਜਧਾਨੀ ਪਟਿਆਲਾ ਸੀ ਅਤੇ ਪਟਿਆਲਾ ਰਿਆਸਤ ਦੇ ਦਫਤਰਾਂ ਵਿਚ ਹੀ ਇਸ ਦੀ ਸਰਕਾਰ ਚਲਦੀ ਰਹੀ। ਅੱਜ ਵੀ ਪੰਜਾਬ ਦੇ ਰਾਜ ਪੱਧਰੀ ਕਾਫੀ ਦਫਤਰ ਪਟਿਆਲਾ ਵਿਚ ਚਲ ਰਹੇ ਹਨ।

ਪੈਪਸੂ ਰਾਜ ਤੋਂ 1952 ਦੀਆਂ ਲੋਕ ਸਭਾ ਚੋਣਾਂ ਲਈ 5 ਮੈਂਬਰ ਚਾਰ ਹਲਕਿਆਂ ਪਟਿਆਲਾ, ਮਹਿੰਦਰਗੜ੍ਹ, ਸੰਗਰੂਰ ਅਤੇ ਬਠਿੰਡਾ, ਕਪੂਰਥਲਾ, ਡਬਲ ਤੋਂ ਚੁਣੇ ਗਏ ਸਨ। ਅਕਾਲੀ ਦਲ ਦੇ ਸ. ਹੁਕਮ ਸਿੰਘ ਜੋ ਮਿੰਟਗੁਮਰੀ (ਪਾਕਿਸਤਾਨ) ਤੋਂ ਆ ਕੇ ਕਪੂਰਥਲਾ ਵਸੇ ਸਨ, ਬਠਿੰਡਾ ਕਪੂਰਥਲਾ ਹਲਕੇ ਤੋਂ ਜਿੱਤ ਕੇ ਲੋਕ ਸਭਾ ਵਿਚ ਸ੍ਰੀ ਸ਼ਿਆਮਾ ਮੁਕਰਜੀ ਦੀ ਅਗਵਾਈ ਵਿਚ ਬਣੇ ਫਰੰਟ ਦੇ ਆਗੂ ਬਣ ਕੇ ਵਿਰੋਧੀ ਧਿਰ ਵੱਲੋਂ 1956 ਵਿਚ ਡਿਪਟੀ ਸਪੀਕਰ ਬਣੇ ਅਤੇ ਫਿਰ ਸਪੀਕਰ ਵੀ ਰਹੇ।

ਰਿਆਸਤਾਂ ਦੇ ਰਾਜ ਘਰਾਣੇ ਸੱਤਾ ਲਈ 1952 ਤੋਂ ਹੀ ਵੱਖ-ਵੱਖ ਪਾਰਟੀਆਂ ਤੋਂ ਚੋਣ ਲੜਦੇ ਰਹੇ ਹਨ। ਪਟਿਆਲਾ ਰਿਆਸਤ ਦੀ ਦੂਜੀ ਪੀੜ੍ਹੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ 2002 ਤੋਂ 2007 ਤੱਕ ਕਾਂਗਰਸ ਪਾਰਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਹੋਣ ਦਾ ਮਾਣ ਮਿਲਿਆ। ਪੈਪਸੂ ਰਾਜ ਭਾਵੇਂ ਨਹੀਂ ਰਿਹਾ, ਪਰ ਪੈਪਸੂ ਰੋਡਵੇਜ਼ ਅਤੇ ਪੈਪਸੂ ਹਾਕੀ ਨੇ ਯਾਦ ਤਾਜ਼ਾ ਰੱਖੀ ਹੋਈ ਹੈ।

---

## ਯਾਦਾਂ ਦਾ ਵੱਗ

**(ਪਿਛਲੇ ਸਫੇ ਦੀ ਬਾਕੀ)**

ਕਰਦੀ ਪਈ ਹੋਵੇ। ਮੈਂ ਮੂੰਹ ਉਤੇ ਚਾਦਰ ਲਈ ਤੇ ਬੇਫਿਕਰ ਹੋ ਕੇ ਸੌਂ ਗਿਆ। ਮੁੜ ਮੈਨੂੰ ਸਵੇਰੇ ਮਾਂ ਨੇ ਈ ਜਗਾਇਆ, ਤੇ ਮੈਂ ਮੱਝ ਨੂੰ ਪੱਠੇ ਪਾਉਣ ਤੇ ਪਸਮਾਣ ਦੇ ਆਹਰੇ ਜਾ ਲੱਗਾ।

ਅੱਠ-ਦਸ ਮਹੀਨੇ ਮੈਂ ਇੰਜ ਈ ਰੋਜ਼ ਬਾਹਰ ਸੌਂਦਾ ਰਿਹਾ। ਮੈਂ ਇਕ ਨਵਾਂ ਕੰਮ ਪਾਇਆ। ਅਗਲੀ ਰਾਤੀਂ ਮੱਝ ਦਾ ਸੰਗਲ ਲੰਮਾ ਕੀਤਾ ਤੇ ਆਪਣੀ ਮੰਜੀ ਘਰ ਦੀ ਨਾਲੀ ਉਤੇ ਡਾਹ ਲਈ। ਮੰਜੀ ਦੇ ਦੋ ਪਾਵੇ ਘਰ ਦੀ ਬਾਹਰਲੀ ਕੰਧ ਨਾਲ ਵਗਦੀ ਨਾਲੀ ਦੀ ਪੱਟੀ ਉਤੇ ਵਸਾ ਦਿੱਤੇ ਤੇ ਮੱਝ ਨੂੰ ਆਪਣੇ ਸਾਹਮਣੇ ਕਰ ਲਿਆ। ਹੁਣ ਮੇਰੀ ਮੰਜੀ ਕੰਧ ਨਾਲ ਲੱਗੀ ਸੀ ਤੇ ਮੱਝ ਸਾਹਮਣੇ ਸੀ, ਸੱਜੇ ਹੱਥ ਵੱਲ। ਜਿਵੇਂ ਮੱਝ ਦਾ ਓਹਲਾ ਕੀਤਾ ਹੋਵੇ, ਪਰ ਇਸ ਨਾਲ ਮੱਝ ਮੇਰੇ ਬਹੁਤ ਨੇੜੇ ਹੋ ਗਈ ਤੇ ਓਸ ਮੇਰੇ ਜੁੱਸੇ ਉਤੇ ਮੂੰਹ ਲਿਆ ਕੇ ਜੁਗਾਲੀ ਕਰਨੀ ਤੇ ਮੈਨੂੰ ਸਾਰੀ ਰਾਤ ਓਸ ਦੇ ਸਾਹਵਾਂ ਦੀ 'ਵਾਜ ਆਉਂਦੀ ਰਹਿਣੀ। ਉਹਦੇ ਸਾਹਵਾਂ ਵਿਚ ਮੈਨੂੰ ਪਾਣੀ ਦੀ 'ਵਾਜ ਆਉਣੀ। ਸਰਘੀ ਅਗਦੋਂ ਹਵਾ ਝੁੱਲਣੀ, ਤਾਂ ਮੈਨੂੰ ਸਮੁੰਦਰਾਂ ਉਤੇ ਵਗਦੀ ਹਵਾ ਦੇ ਸੁਫਨੇ ਆਉਣੇ, ਨਹਿਰਾਂ ਵਿਚ ਮੱਝਾਂ ਨਾਲ ਨਹਾਉਂਦਿਆਂ ਦੇ। ਜ਼ਰੀ ਅੱਖ ਖੁੱਲ੍ਹਣੀ, ਉਹਦਾ ਸਾਹ ਮੇਰੇ ਉਤੇ ਹੋਣਾ।

ਮੇਰੇ ਸਾਰੇ ਡਰ ਲਹਿ ਗਏ ਤੇ ਮੇਰਾ ਉਹਦਾ ਅਜਬ ਜਿਹਾ ਸਾਂਗਾ ਬਣ ਗਿਆ। ਮੈਂ ਸਕੂਲੋਂ ਆਉਣਾ ਤੇ ਓਸ ਮੈਨੂੰ ਉਡੀਕਦੀ ਹੋਵਣਾ। ਮੈਂ ਓਸ ਦੀਆਂ ਨਜ਼ਰਾਂ ਸਾਹਮਣੇ ਹੋਵਣਾ, ਤਾਂ ਹੀ ਓਸ ਖਾਵਣਾ। ਮੈਂ ਨਾਲ ਬੈਠਾ ਹੋਵਾਂ ਤਾਂ ਓਸ ਦੁੱਧ ਚੋਣ ਦੇਵਣਾ। ਰਾਤ ਓਸ ਮੇਰੀ ਮੰਜੀ ਨੂੰ ਸਾਹਮਣਿਓਂ ਇੰਜ ਵਲ ਲੈਣਾ, ਪਈ ਕੋਈ ਮੇਰੇ ਨੇੜੇ ਲੱਗਣ ਜੋਗਾ ਨਾ ਹੋਣਾ।

ਫਿਰ ਇਕਦਮ ਰੌਲਾ ਪੈ ਗਿਆ ਮੱਝਾਂ ਕੱਢਣ ਦਾ। ਗੁੱਜਰਾਂ ਚਾਰ ਦੀਵਾਰੀ ਕਰਾਈ। ਫਿਰ ਵੀ ਸਰਕਾਰ ਨਾ ਮੰਨੀ। ਚਾਚੀ ਨੂੰ ਦੁੱਧ ਦਾ ਬੜਾ ਆਰਾਮ ਸੀ, ਪਰ ਚਾਚਾ ਬੜਾ ਦਬਦੂ ਸੀ; ਓਸ ਝੱਟ ਨਾ ਲਾਇਆ, ਸ਼ੇਰੇ ਨੂੰ ਸੱਦਿਆ ਤੇ ਮੱਝ ਖੋਲ੍ਹ ਓਸ ਨੂੰ ਫੜਾ ਦਿੱਤੀ। ਓਸ ਰਾਤ ਘਰੋਂ ਬਾਹਰ ਸ਼ੇਰਾ ਈ ਸੁੱਤਾ ਤੇ ਓਸ ਸਾਝਰੇ ਮੱਝ ਨੂੰ ਪੈਦਲ ਪਿੰਡ ਲੈ ਕੇ ਜਾਣਾ ਸੀ। ਮੂੰਹ ਹਨੇਰੇ ਮੈਂ ਦੁੱਧ ਚੁਆਇਆ ਤਾਂ ਮੇਰਾ ਰੋਣ ਨਿਕਲ ਗਿਆ। ਸ਼ੇਰਾ ਹੈਰਾਨ ਰਹਿ ਗਿਆ। ਓਸ ਰੋਟੀ ਟੁੱਕਰ ਖਾਧਾ, ਕੁਝ ਨਾਲ ਬੱਧਾ ਤੇ ਰਮਕੇ ਰਮਕੇ ਮੱਝ ਨੂੰ ਤੋਰਦਾ ਲੈ ਤੁਰਿਆ। ਮੈਂ ਸਕੂਲੋਂ ਛੁੱਟੀ ਕੀਤੀ ਤੇ ਸ਼ੇਰੇ ਨੂੰ ਲਾਟ ਸਾਹਿਬ ਦੇ ਦਫਤਰ ਤੀਕ ਛੱਡਿਆ। ਮੱਝ ਕਿੰਨਾ ਚਿਰ ਮੇਰਾ ਹੱਥ ਚੱਟਦੀ ਰਹੀ ਤੇ ਮੈਂ ਵੀ ਓਸ ਨੂੰ ਕਈ ਵਾਰ ਚੁੰਮਿਆ। ਬੱਸ ਸਰਘੀ ਤੋਂ ਅਗਦੋਂ ਝੁੱਲਦੀ ਹਵਾ ਦੀ ਯਾਦ ਰਹਿ ਗਈ; ਜੋ ਨਿੱਤ ਠੰਢ ਨਿੰਘੀ, ਸੱਜ-ਜੰਮੀ ਨਵੀਂ ਨਿਰੋਲ, ਨਿੱਥਰੀ ਹੋਂਦੀ ਏ।

ਮੁਹੱਲੇ ਦੇ ਓਸ ਇਕੱਠ ਦੇ ਕੁਝ ਦਿਨਾਂ ਪਿੱਛੋਂ ਇਕ ਦਿਨ ਘਰੋਂ ਬਾਹਰ ਸ਼ਾਮੀਂ ਰੌਲੇ ਦੀਆਂ 'ਵਾਜਾਂ ਆਈਆਂ। ਅਜੇ ਦਫਤਰੋਂ ਆਇਆ ਈ ਸਾਂ। ਮੈਂ ਝੱਟ ਬੂਹਾ ਖੋਲ੍ਹਿਆ ਤਾਂ ਸਾਹਮਣੇ ਗਲੀ 'ਚੋਂ ਪੁਲਿਸ ਦੀਆਂ ਦੋ-ਤਿੰਨ ਗੱਡੀਆਂ ਲੰਘੀਆਂ। ਫਿਰ ਐਂਬੂਲੈਂਸ, ਫਿਰ ਕੁਝ ਪੈਦਲ ਪੁਲਸੀਏ ਤੇ ਸਾਦੇ ਕੱਪੜਿਆਂ ਵਿਚ ਕੁਝ ਅਮਲਾ-ਫੈਲਾ, ਜਿਨ੍ਹਾਂ ਹੱਥਾਂ ਵਿਚ ਫਾਈਲਾਂ ਫੜੀਆਂ ਹੋਈਆਂ, ਤੇ ਫਿਰ ਮੱਝਾਂ ਦੀ ਹੇੜ੍ਹ। ਐਨੀਆਂ ਮੱਝਾਂ ਕਿਥੋਂ ਨਿਕਲ ਆਈਆਂ, ਨਾਲੋ-ਨਾਲ ਗੁੱਜਰਾਂ ਦੇ ਮੁੰਡੇ ਭੱਜਦੇ ਪਏ ਸਨ, ਤੇ ਅਖੀਰ ਉਹ ਗੁੱਜਰ ਨਜ਼ਰੀਂ ਪਿਆ, ਜਿਸ ਨਾਲ ਮੈਂ ਸਲਾਮ ਲੈਂਦਾ ਹੁੰਦਾ ਸਾਂ। ਉਹ ਡੌਰ-ਭੌਰਾ ਪਾਗਲਾਂਹਾਰ ਮੱਝਾਂ ਪਿੱਛੇ ਨੱਸੀ ਜਾਵੇ ਪਿਆ, ਤੇ ਓਸ ਮੈਨੂੰ ਤੱਕਿਆ ਵੀ ਨਾ। ਅਖੀਰ ਉਤੇ ਫਿਰ ਪੁਲਿਸ, ਐਲ. ਡੀ. ਏ. ਤੇ ਕਾਰਪੋਰੇਸ਼ਨ ਦੀਆਂ ਗੱਡੀਆਂ। ਤੇ ਢੇਰ ਸਾਰੇ ਬੰਦੇ ਉਨ੍ਹਾਂ ਦੇ ਪਿੱਛੇ ਰੌਲਾ ਪਾਉਂਦੇ ਆਉਂਦੇ ਪਏ ਸਨ। ਪੁਲਸੀਏ ਹੱਥਾਂ ਵਿਚ ਫੜੇ ਪਿਸਤੌਲ ਤੇ ਬੰਦੂਕਾਂ ਹਵਾ ਵਿਚ ਲਹਿਰਾਂਦੇ ਪਏ ਸਨ।

ਮੈਂ ਉਨ੍ਹਾਂ ਨੂੰ ਗਲੀ ਵਿਚ ਜਾਂਦੇ ਤੱਕਦਾ ਰਿਹਾ। ਜਦ ਸਾਰੇ ਲੰਘ ਗਏ ਤਾਂ ਇਕਦਮ ਪਤਾ ਨਹੀਂ ਕਿਥੋਂ, ਇਕ ਮੱਝ ਜੋ ਰਾਹ ਭੁੱਲ ਗਈ ਹੋਣੀ ਏਂ, ਗਲੀ ਦੇ ਸੱਜਿਓਂ ਨਿਕਲੀ, ਉਹ ਭੌਂਚਲੀ ਹੋਈ ਐਧਰ ਓਧਰ ਤੱਕੇ ਪਈ। ਪਿੱਛੇ ਪਿੱਛੇ ਬੰਦੇ ਨੱਸਦੇ ਨਿਕਲੇ ਤੇ ਉਹ ਹਫੀ ਸਿੱਧੀ ਮੇਰੇ ਵੱਲ ਆਈ, ਸਾਹਵਾਂ ਦੀ ਹਵਾੜ੍ਹ ਮੈਨੂੰ ਵੱਜੀ। ਮੈਂ ਅੱਜ ਤੀਕ ਮੱਝਾਂ ਤੋਂ ਨਹੀਂ ਡਰਿਆ, ਤੇ ਉਹ ਐਵੇਂ ਇਕ ਪਲ ਮੇਰੇ ਵੱਲ ਵੇਖ ਅਬਕ ਗਈ, ਉਹੋ ਸਦੀਆਂ ਬੱਧੀਆਂ ਚੁੱਪ, ਨਿਮਾਣ ਉਦਾਸ ਅੱਖਾਂ।

## ਗਜ਼ਲ

ਹਿੰਦ ਵਿਚ ਕਿਸੇ ਸਿਆਸੀ ਦਾ, ਜੇ ਪੱਲਾ ਫੜ੍ਹ ਲਿਆ ਹੁੰਦਾ।
ਪੁਸ਼ਤਾਂ ਦੇ ਚੰਗੇ ਭਵਿੱਖ ਲਈ, ਪ੍ਰਬੰਧ ਕਰ ਲਿਆ ਹੁੰਦਾ।

ਦੋਸ਼ ਕਤਲਾਂ, ਰੇਪਾਂ ਦੇ ਜਾਂ ਲੱਗਦੇ ਫਿਰ ਕੁਰੱਪਸ਼ਨ ਦੇ,
ਕਿਤੇ ਧਮਕੀ ਦੇ ਦਿੰਦੇ, ਕਿਤੇ ਬੇਸ਼ਰਮ ਹੋ ਜਰ ਲਿਆ ਹੁੰਦਾ।

ਨਾ ਪੰਜਾਬ ਹੀ ਉਜੜਦਾ, ਨਾ ਕੋਈ ਜੱਟ ਫਾਹੇ ਲੱਗਦਾ
ਜੇ ਪੰਜਾਬੀਆਂ ਸੱਚੇ ਪੰਜਾਬੀ ਬਣ, ਏਕਾ ਕਰ ਲਿਆ ਹੁੰਦਾ।

ਨਾ ਕੋਈ ਜਨਮ ਭੋਇੰ ਛੱਡਦਾ, ਨਾ ਵਿਛੜਦਾ ਮਾਪਿਆਂ ਤੋਂ
ਜੇ ਨਿਪੁੰਸਕ ਸਿਸਟਮ ਨਾਲ ਸਮਝੌਤਾ ਕਰ ਲਿਆ ਹੁੰਦਾ।

ਬੇਦੋਸ਼ੇ ਜੇਲ੍ਹੀਂ ਡੱਕਦੇ ਨਾ, ਕਾਤਲ ਆਜ਼ਾਦ ਫਿਰਦਿਆਂ ਨੂੰ
ਜੇ 'ਸਾਹੀ' ਦਾ ਵੱਸ ਚੱਲਦਾ, ਗੋਡੇ ਹੇਠ ਧਰ ਲਿਆ ਹੁੰਦਾ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

---

## ਅਜ਼ਮਾ ਕੇ ਤਾਂ ਵੇਖ

ਸੁਣੀਆਂ ਸੁਣਾਈਆਂ ਗੱਲਾਂ ਮੰਨ ਲੈਨਾਂ ਵੇ,
ਬਣਨ ਲੱਗੀ ਗੱਲ ਤੂੰ ਭੰਨ ਲੈਨਾਂ ਵੇ।
ਨਿੱਕੀ-ਨਿੱਕੀ ਗੱਲ 'ਤੇ ਜਾਵੇਂ ਰੁੱਸ ਵੇ ਬੱਚਿਆ।
ਕਦੇ ਅਜ਼ਮਾ ਤਾਂ ਵੇਖ ਸੁਣ ਕੰਨਾਂ ਦਿਆ ਕੱਚਿਆ!

ਨੇੜੇ ਨੇੜੇ ਹੋਇਏ ਨਾ ਜਰਦੀ ਏ ਦੁਨੀਆਂ,
ਵੇਖ ਕੇ ਮੁਹੱਬਤਾਂ, ਹਉਕੇ ਭਰਦੀ ਏ ਦੁਨੀਆਂ।
ਬਣ ਜਾ ਤੂੰ ਸਾਡਾ, ਅਸੀਂ ਰਹੀਏ ਤੇਰੇ ਬਣ ਕੇ,
ਆਕੜਾਂ ਵਿਖਾਉਨਾਂ ਜਦੋਂ ਭੋਰਾ ਵੀ ਨਾ ਜੱਚਿਆ...।

ਵਫਾ ਸਾਡੀ ਉਤੇ ਐਵੇਂ ਕਰ ਨਾ ਤੂੰ ਸ਼ੱਕ ਵੇ,
ਹੀਰੇ ਜਿਹਾ ਪਿਆਰ ਤੂੰ ਸਮਝੀਂ ਨਾ ਕੱਚ ਵੇ।
ਹਾਸੇ ਹਾਸੇ ਵਿਚ ਵੇਖੀਂ ਤੋੜਦੀਂ ਨਾ ਦਿਲ ਤੂੰ,
ਰੀਝਾਂ ਚਾਵਾਂ ਦੀ ਨਾ ਕਿਤੇ ਕਰ ਦੇਵੀਂ ਹੱਤਿਆ...।

ਆ ਕੋਲ ਬੈਠ ਮੇਰੇ, ਤੇਰੇ ਗੀਤ ਮੈਂ ਬਣਾਵਾਂ,
ਲਫਜ਼ਾਂ ਦੇ ਵਿਚ ਹਾਲ ਦਿਲ ਦਾ ਸੁਣਾਵਾਂ।
ਪਾ ਲੈ ਅੱਖਾਂ ਵਿਚ ਅੱਖਾਂ ਨਾ ਦੁਨੀਆਂ ਨੂੰ ਤੱਕਾਂ,
ਕਰਕੇ ਦੀਦਾਰ ਤੇਰਾ ਦਿਲ ਜਾਵੇ ਨੱਚਿਆ।
ਅਜ਼ਮਾ ਕੇ ਵੇਖ 'ਲਾਲਪੁਰੀ' ਕੰਨਾਂ ਦਿਆ ਕੱਚਿਆ।

*-ਰਵਿੰਦਰ ਸਿੰਘ ਲਾਲਪੁਰੀ*
*ਨੂਰਪੁਰ ਬੇਦੀ (ਰੋਪੜ)*
*ਫੋਨ: 91-94634-52261*

---

## ਸੋਚਣ ਵਾਲੀ ਗੱਲ

ਉਠ ਨਿੱਤ ਖੜ੍ਹਦਾ ਸੀ ਕੁੱਕੜ ਦੀ ਬਾਂਗ ਨਾਲ
ਮਨਾਂ ਭੁੱਲਿਆ ਤੂੰ ਪਿਆ ਪਰ, ਸੁੱਤਾ ਹੀ ਰਿਹਾ।
ਰਿਹਾ ਮਾਰਦਾ ਆਵਾਜ਼ਾਂ ਵਿਚ ਜੰਗਲਾਂ ਦੇ
ਬੈਠਾ ਵਿਚ ਸੀ ਉਸ ਨਾਲੋਂ, ਟੁੱਟਾ ਹੀ ਰਿਹਾ।

ਕੀਤਾ ਮਨੋਂ ਨਾ ਯਾਦ, ਉਹਨੂੰ ਇਕ ਵਾਰੀ
ਕਰਨ ਕਰਮ-ਕਾਂਡਾਂ 'ਚ ਉਂਜ, ਜੁੱਟਾ ਹੀ ਰਿਹਾ।
ਕਰ ਜੋਦੜੀ ਨਾ ਮੰਗਿਆ ਕਦੇ ਸਾਹਿਬ ਨੂੰ
ਮੰਗ ਨਿੱਤ ਮੰਗਾਂ ਸਾਰਦਾ ਬੁੱਤਾ ਹੀ ਰਿਹਾ।

ਉਹ ਕੀ ਜਾਣੇ ਬੇਪ੍ਰਵਾਹ ਦੀ ਬੇਪ੍ਰਵਾਹੀ ਨੂੰ
ਦੋਚਿੱਤੀ ਵਿਚ ਜਿਹੜਾ ਸਦਾ ਘੁੱਟਾ ਹੀ ਰਿਹਾ।
ਬਚਾਅ ਕੰਡਿਆਂ ਤੋਂ ਲੈ ਆਇਆ ਦਰ ਮਾਲਕ ਦੇ
ਹੰਕਾਰੀ ਸਿਰ ਨਾਲੋਂ ਚੰਗਾ, ਉਹ ਜੁੱਤਾ ਹੀ ਰਿਹਾ।

ਬਣ 'ਦਵਿੰਦਰਾ' ਰਹਿ ਗਿਆ ਜੋ ਦਰ ਇੱਕ ਦਾ ਹੀ
ਲੱਖ ਤੇਰੇ ਤੋਂ ਚੰਗਾ ਉਹ, ਕੁੱਤਾ ਹੀ ਰਿਹਾ।

*-ਦਵਿੰਦਰ ਸਿੰਘ ਸੇਖੋਂ*
*ਫੋਨ: 913-735-4661*

# ਵਡਾਲੀ ਭਰਾ: ਸੂਫੀ ਗਾਇਨ ਤੇ ਬੰਦੇ ਅੰਦਰਲੀ ਸਦੀਵੀ ਸਿੱਕ

**ਸੰਗੀਤ ਪ੍ਰੇਮੀਆਂ ਨੂੰ ਸਰਸ਼ਾਰ ਕਰਨ ਵਾਲੇ ਵਡਾਲੀ ਭਰਾਵਾਂ ਵਿਚੋਂ ਨਿੱਕੇ, ਪਿਆਰੇ ਲਾਲ ਵਡਾਲੀ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਆਪਣੇ ਵੱਡੇ ਭਰਾ, ਪੂਰਨ ਚੰਦ ਵਡਾਲੀ ਦੀ ਸੰਗਤ ਵਿਚ ਸੰਗੀਤ ਦੀ ਗਲੀ ਦਾ ਖੂਬ ਗੇੜਾ ਲਾਇਆ। 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਵਡਾਲੀ ਭਰਾਵਾਂ ਦੇ ਕੈਨੇਡਾ ਵਿਚ ਹੋਏ ਸ਼ੋਅ ਦੇ ਬਹਾਨੇ ਉਨ੍ਹਾਂ ਦੇ ਗਾਇਨ ਅਤੇ ਸਮੁੱਚੇ ਸੰਗੀਤ ਬਾਰੇ ਖੂਬਸੂਰਤ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲਿਖਤ ਦੀ ਪਹਿਲੀ ਕਿਸ਼ਤ ਹਾਜ਼ਰ ਹੈ। ਇਸ ਵਿਚ ਵਡਾਲੀ ਭਰਾਵਾਂ ਦੇ ਗਾਇਨ ਦਾ ਜਾਦੂ ਸਿਰ ਚੜ੍ਹ ਕੇ ਬੋਲ ਰਿਹਾ ਜਾਪਦਾ ਹੈ। -ਸੰਪਾਦਕ**

## ਸੰਗੀਤ ਦੀ ਸੰਗਤ

1

ਟੋਰਾਂਟੋ ਦੀ ਸਬਰਬ ਓਕਵਿਲ ਵਿਚ ਵਡਾਲੀ ਭਰਾਵਾਂ ਦਾ ਪ੍ਰੋਗਰਾਮ ਸੀ। 30-35 ਵਰ੍ਹੇ ਪਹਿਲਾਂ ਆਪਣੇ ਮਿੱਤਰਾਂ ਦੇ ਪਿੰਡ ਭੂੰਦਾਂ ਵਿਖੇ ਉਨ੍ਹਾਂ ਦਾ ਪ੍ਰੋਗਰਾਮ ਸੁਣਿਆ ਸੀ। ਮਨ ਵਿਚ ਸੀ ਕਿ ਉਹ 80 ਵਰ੍ਹਿਆਂ ਤੋਂ ਵੱਧ ਦੇ ਹੋ ਗਏ ਹੋਣਗੇ, ਹੁਣ ਉਸ ਸ਼ਿੱਦਤ ਨਾਲ ਉਹ ਕੀ ਗਾਉਣਗੇ! ਮਨ ਵਿਚ ਸੀ ਕਿ ਹਾਲ ਵਿਚ ਬਹੁਤੇ ਲੋਕ ਨਹੀਂ ਹੋਣਗੇ। ਅੱਠ ਵਜੇ ਤੱਕ ਇਹੋ ਹਾਲ ਸੀ, ਪਰ ਮੇਰਾ ਖਦਸ਼ਾ ਗਲਤ ਸਾਬਤ ਹੋਇਆ। ਅਗਲੇ ਮਹਿਜ਼ 10-12 ਮਿੰਟਾਂ ਵਿਚ ਹੀ ਹਾਲ ਭਰ ਗਿਆ।

ਕਰੀਬ ਸਾਢੇ ਅੱਠ ਵਜੇ 'ਪੰਜਾਬੀ ਵਿਰਸਾ' ਰੇਡੀਓ-ਟੈਲੀਵਿਜ਼ਨ ਵਾਲੇ ਬਾਈ ਹਰਜੀਤ ਨੇ ਵਡਾਲੀ ਭਰਾਵਾਂ ਦਾ ਤੁਆਰਫ ਕਰਵਾਇਆ। ਉਸ ਤੋਂ ਬਾਅਦ ਕੱਵਾਲ ਮੰਡਲੀ ਨਾਲ ਆਏ ਉਸਤਾਦ ਪੂਰਨ ਚੰਦ ਵਡਾਲੀ ਦੇ ਫਰਜ਼ੰਦ ਲਖਵਿੰਦਰ ਜੋ ਅੱਜ ਕੱਲ੍ਹ ਖੁਦ ਸਥਾਪਤ ਗਾਇਕ ਹੈ, ਨੇ ਆਪਣੇ ਬਾਪ ਪੂਰਨ ਚੰਦ ਵਡਾਲੀ ਅਤੇ ਚਾਚੇ ਪਿਆਰੇ ਲਾਲ ਦੇ ਗਾਇਨ, ਉਨ੍ਹਾਂ ਦੇ ਪੇਂਡੂ ਪਿਛੋਕੜ ਅਤੇ ਉਦੇਸ਼ਾਂ ਤੋਂ ਜਾਣੂ ਕਰਾਇਆ।



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਹੁਣ ਵਾਰੀ ਆਈ ਪੂਰਨ ਚੰਦ ਵਡਾਲੀ ਅਤੇ ਉਸ ਦੇ ਨਿੱਕੇ ਵੀਰ ਪਿਆਰੇ ਲਾਲ ਵਡਾਲੀ ਦੀ। ਉਸ ਨੇ ਸੁਰ ਛੇੜੀ ਹੀ ਸੀ ਕਿ ਪੂਰਾ ਹਾਲ ਤਾਲੀਆਂ ਨਾਲ ਗੂੰਜ ਉਠਿਆ। ਉਸ ਨੇ ਨਜ਼ਮ ਛੋਹੀ:

ਆਜ ਕੀ ਸ਼ਾਮ ਫਿਰ ਨਹੀਂ ਹੋਗੀ
ਯੇਹ ਮੁਲਾਕਾਤ ਫਿਰ ਨਹੀਂ ਹੋਗੀ
ਐਸੇ ਬਾਦਲ ਤੋ ਫਿਰ ਬੀ ਆਏਂਗੇ
ਐਸੀ ਬਰਸਾਤ ਫਿਰ ਨਹੀਂ ਹੋਗੀ।

ਰਾਤ ਉਨਕੋ ਯੂੰ ਹੂਆ ਮਹਿਸੂਸ
ਜੈਸੇ ਯੇ ਰਾਤ ਫਿਰ ਨਹੀਂ ਹੋਗੀ
ਏਕ ਨਜ਼ਰ ਮੁੜ ਕੇ ਦੇਖਨੇ ਵਾਲੇ
ਕਿਆ ਯੇਹ ਖੈਰਾਤ ਫਿਰ ਨਹੀਂ ਹੋਗੀ।

ਗਾਇਨ ਦੀ ਸਤਰ ਪਹਿਲਾਂ ਨਿੱਕਾ ਭਾਈ ਉਚਾਰਦਾ ਅਤੇ ਫਿਰ ਵੱਡਾ ਦੋਹਰ ਪਾਉਂਦਿਆਂ ਹਰ ਸਤਰ ਦੇ ਇਕ ਇਕ ਸ਼ਬਦ ਨੂੰ ਆਪਣੇ ਵਿਲੱਖਣ ਅੰਦਾਜ਼ ਵਿਚ ਗੋਲਾਈ ਅਤੇ ਗਹਿਰਾਈ ਦਿੰਦਿਆਂ ਆਪਣੇ ਭਾਵਾਂ ਜਾਂ ਕਹੋ, ਸੰਦੇਸ਼ ਨੂੰ ਸਰੋਤਿਆਂ ਦੇ ਧੁਰ ਅੰਦਰ ਤੱਕ ਉਤਾਰ ਦਿੰਦਾ।

ਹੁਣ ਹਾਲ ਵਿਚ ਉਨ੍ਹਾਂ ਦੇ ਗਾਇਨ ਦੀ ਗੂੰਜ ਸੀ, ਜਾਂ ਫਿਰ ਚੁੱਪ-ਚਾਂ। ਸੰਨਾਟੇ ਨੂੰ ਤੋੜਨ ਲਈ ਦੋਵਾਂ ਭਰਾਵਾਂ ਨੇ ਸਰੋਤਿਆਂ ਨਾਲ ਹੋਰ ਵੀ ਗੂੜ੍ਹਾ ਤਨਾਸਬ ਬਣਾਉਣ ਦੀ ਮਨਸੂਬਾਬੰਦੀ ਤਹਿਤ ਸੂਫੀ ਕਲਾਮ ਦੇ ਨਾਲ ਵਿਚ ਵਿਚ ਆਪਣੇ ਸਾਦਾ ਪੇਂਡੂ ਪਿਛੋਕੜ ਬਾਰੇ ਦੱਸਣਾ ਸ਼ੁਰੂ ਕੀਤਾ, ਉਹ ਸਕੂਲ ਕਦੀ ਗਏ ਹੀ ਨਹੀਂ, ਤਵੱਸਫ ਦੇ ਭੇਤਾਂ ਬਾਰੇ ਗੂੜ੍ਹ ਗਿਆਨ ਦੀ ਵਾਕਫੀਅਤ ਹੋਣੀ ਤਾਂ ਦੂਰ ਦੀ ਗੱਲ ਸੀ।...ਤੇ ਫਿਰ ਮਾਨੋ ਪੂਰਨ ਚੰਦ ਨੇ ਆਪਣੀ ਇਸ ਗੱਲ ਦੀ ਤਾਈਦ ਵਜੋਂ ਉਚੀ ਆਵਾਜ਼ ਵਿਚ ਇਹ ਕਹਿੰਦਿਆਂ ਤੋੜਾ ਝਾੜਿਆ:

ਹਮੇਂ ਨਮਾਜ਼ ਆਤੀ ਹੈ ਨਾ ਵਜ਼ੂ ਆਤਾ ਹੈ
ਸਜਦਾ ਕਰ ਲੇਤਾ ਹੂੰ ਜਬ ਸਾਮ੍ਹਨੇ ਤੂ ਆਤਾ ਹੈ।

ਪਰ ਫਿਰ ਨਾਲ ਹੀ ਬੜੀ ਧੀਮੀ ਜਿਹੀ ਸੁਰ ਵਿਚ ਇਹ ਵੀ ਦੱਸ ਦਿੱਤਾ ਕਿ ਉਸ ਨੇ ਕਦੀ ਭਲੇ ਵਕਤਾਂ ਵਿਚ ਮੀਆਂ ਸਾਹਿਬ ਬੜੇ ਗੁਲਾਮ ਖਾਨ ਦੇ 'ਭਾਂਡੇ' ਕੁਝ ਸਮਾਂ ਮਾਂਜੇ ਹੋਏ ਸਨ।

ਇਹ ਕਹਿੰਦਿਆਂ ਬਾਬਿਆਂ ਨੇ ਆਪਣੇ ਵਿਤ ਅਨੁਸਾਰ ਚੰਦ ਸ਼ਬਦਾਂ ਵਿਚ ਸੂਫੀ ਕਾਵਿ ਅਤੇ ਚਿੰਤਨ ਦੇ ਮੁੱਦਿਆਂ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ, "ਇਹ ਤਾਂ ਪੱਕੀ ਗੱਲ ਹੈ ਸਾਰਾ ਸੂਫੀ ਕਾਵਿ ਇਸ਼ਕ ਦੀ ਗੱਲ ਕਰਦਾ ਹੈ; 'ਨਾਲ ਪਿਆਰੇ ਨਿੰਹੁ' ਉਤੇ ਜ਼ੋਰ ਦਿੰਦਾ ਹੈ, ਪਰ ਉਨ੍ਹਾਂ ਜਦੇ ਹੀ ਤਸਲੀਮ ਕਰ ਲਿਆ ਕਿ ਇਸ਼ਕ ਹਕੀਕੀ ਅਤੇ ਇਸ਼ਕ ਮਜ਼ਾਜੀ ਦਾ ਫਰਕ ਕੀ ਹੈ ਅਤੇ ਇਨ੍ਹਾਂ ਵਿਚੋਂ ਵੱਧ ਸੁੱਚਾ ਜਾਂ ਉਚਾ ਕਿਹੜਾ ਹੈ, ਇਸ ਦਾ ਜ਼ਿਆਦਾ ਭੇਤ ਉਨ੍ਹਾਂ ਨੂੰ ਨਹੀਂ ਹੈ।"

ਉਸਤਾਦ ਪੂਰਨ ਚੰਦ ਵਡਾਲੀ ਦਾ ਕਹਿਣਾ ਸੀ ਕਿ ਉਨ੍ਹਾਂ ਵਡੇਰਿਆਂ ਕੋਲੋਂ ਸੁਣਿਆ ਹੋਇਆ ਕਿ ਮਜਨੂੰ ਨੂੰ ਅੱਲ੍ਹਾ ਤਾਲਾ ਨੇ ਕਿਧਰੇ ਜ਼ਿਆਦਾ ਹੀ ਤਰੁੱਠ ਕੇ ਜਦੋਂ ਪਿਆਰ ਨਾਲ ਮਿਲਣ ਲਈ ਬੁਲਾਇਆ ਤਾਂ ਉਹਨੇ ਨਾਂਹ ਕਰਦਿਆਂ ਪਲ ਵੀ ਨਹੀਂ ਸੀ ਲਾਇਆ। ਉਹਨੇ ਕਿਹਾ ਸੀ ਕਿ ਖੁਦਾ ਜੇ ਉਸ ਨੂੰ ਮਿਲਣਾ ਚਾਹੁੰਦਾ ਸੀ ਤਾਂ ਉਹ ਲੈਲਾ ਬਣ ਕੇ ਖੁਦ ਉਸ ਨੂੰ ਮਿਲਣ ਆ ਜਾਵੇ।

ਇਹ ਸੁਣਦਿਆਂ ਹੀ ਹਾਲ ਮੁੜ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉਠਿਆ, ਮਾਨੋ ਸਰੋਤੇ ਉਸਤਾਦ ਦੀ ਅਤੇ ਉਸ ਦੇ ਨਾਲ ਹੀ ਮਜਨੂੰ ਦੀ ਤਾਈਦ ਕਰ ਰਹੇ ਹੋਣ! ਫਿਰ ਉਨ੍ਹਾਂ ਨੇ ਸੂਫੀ ਗਾਇਨ ਛੇੜਿਆ:

ਤੁਝੇ ਦੇਖਾ ਤੋ ਲਗਾ ਮੁਝੇ ਐਸੇ
ਜੈਸੇ ਮੇਰੀ ਈਦ ਹੋ ਗਈ
ਏਕ ਪਲ ਮੇਂ ਹਜ਼ਾਰੋਂ ਹਜ ਹੋ ਗਏ
ਜਬ ਤੇਰੀ ਦੀਦ ਹੋ ਗਈ।

ਤਾਜਦਾਰੋਂ ਸੇ ਬਚ ਕੇ ਚਲਤਾ ਹੂੰ
ਗਮ ਗੁਸਾਰੋਂ ਸੇ ਬਚ ਕਰ ਚਲਤਾ ਹੂੰ
ਮੁਝ ਕੋ ਧੋਖਾ ਦੀਆ ਸਹਾਰੋਂ ਨੇ
ਅਬ ਸਹਾਰੋਂ ਸੇ ਬਚ ਕੇ ਚਲਤਾ ਹੂੰ।

ਕੁੱਪੇ ਵਿਚ ਰੋੜ ਖੜਕਦੇ
ਮੂਰਖ ਆਖਣ ਕੌਣ
ਬੁੱਲ੍ਹਾ ਸਾਈਂ ਘਟ ਘਟ ਰਵਿਆ
ਜਿਉਂ ਆਟੇ ਵਿਚ ਲੋਣ।

ਭੱਠ ਨਮਾਜ਼ਾਂ ਤੇ ਚਿੱਕੜ ਰੋਜ਼ੇ
ਕਲਮੇ 'ਤੇ ਫਿਰ ਗਈ ਸਿਆਹੀ
ਬੁੱਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ
ਭੁੱਲੀ ਫਿਰੇ ਲੁਕਾਈ।

ਪੁਰੇ ਦੀ ਹਵਾ ਚਲੇ ਦਿਲ ਮੇਰਾ ਡੋਲਦਾ
ਕੰਬ ਕੰਬ ਜਾਵਾਂ ਜਦੋਂ ਕਾਂ ਕਿਤੇ ਬੋਲਦਾ
ਆਵੇਂ ਤਾਂ ਸੁਣਾਵਾਂ ਮੈਂ ਵਿਛੋੜਾ ਕਿਵੇਂ ਮਾਰਦਾ
ਆ ਜਾ ਵੇ ਆ ਜਾ ਤੈਨੂੰ ਵਾਸਤਾ ਈ ਪਿਆਰ ਦਾ।

ਉਨ੍ਹਾਂ ਦੇ ਇਸ ਪੁਰਾਣੇ ਮਕਬੂਲ ਗੀਤ 'ਤੇ ਸਾਰਾ ਹਾਲ ਝੂਮ ਉਠਿਆ। ਕਹਿਣ ਤੋਂ ਮੁਰਾਦ ਇਹ ਹੈ ਕਿ ਜਾਣੀਆਂ-ਪਛਾਣੀਆਂ ਕਾਫੀਆਂ ਅਤੇ ਦੋਹਰਿਆਂ ਦੇ ਬਾਵਜੂਦ ਗਾਇਨ ਵਿਚ ਤਾਜ਼ਗੀ ਸੀ।



ਤੁਰ ਗਿਆ ਪਿਆਰੇ ਲਾਲ ਵਡਾਲੀ

ਇਸ ਦਾ ਇਕ ਸਬੂਤ ਇਹ ਵੀ ਸੀ ਕਿ ਰਾਤ 10 ਵਜੇ ਤੋਂ ਬਾਅਦ ਪ੍ਰਬੰਧਕਾਂ ਨੇ 15 ਕੁ ਮਿੰਟ ਲਈ ਜਦੋਂ ਵਕਫਾ ਲਿਆ ਤਾਂ ਬਹੁਤਿਆਂ ਦੇ ਮਨ ਵਿਚ ਪੱਕਾ ਹੀ ਸੀ ਕਿ ਇਹ ਉਨ੍ਹਾਂ ਨੇ ਗਲਤ ਕੀਤਾ, ਵਾਪਸ ਪਰਤ ਕੇ ਚੌਥਾ ਕੁ ਹਿੱਸਾ ਸਰੋਤੇ ਵੀ ਸ਼ਾਇਦ ਹੀ ਆਵਣ; ਪਰ ਸਰੋਤੇ ਸਾਰੇ ਹੀ ਵਾਪਸ ਪਰਤ ਆਏ। ਜ਼ਾਹਰ ਹੈ ਕਿ ਕਲਾਤਮਕ ਜਲਵਾ ਖੜ੍ਹਾ ਕਰਨ ਦੀ ਕਿਸੇ ਵਿਚ ਸਮਰੱਥਾ ਹੋਵੇ ਤਾਂ ਅੰਨ੍ਹੀ ਖਪਤਵਾਦੀ ਪ੍ਰਵਿਰਤੀ ਦੀ ਜ਼ਦ ਵਿਚ ਆਏ ਸਾਡੇ ਲੋਕਾਂ ਦੇ ਮਨਾਂ ਵਿਚੋਂ ਸੁਹਜ, ਸੁਹੱਪਣ, ਪਿਆਰ-ਮੁਹੱਬਤ, ਸੰਗੀਤ ਜਾਂ ਕਲਾ ਦੀ ਚਾਹਤ ਅਜੇ ਵੀ ਵਿਸਰੀ ਨਹੀਂ ਸੀ!

ਬੰਦੇ ਦੀ ਇਹ ਚਾਹਤ ਸ਼ਾਇਦ ਕਦੀ ਮਰਨੀ ਵੀ ਨਹੀਂ। ਇਹੋ ਕਾਰਨ ਹੈ ਕਿ ਗੁਰਬਾਣੀ ਗਾਇਨ ਦੇ ਮਹਾਤਮ ਦੀ ਸੋਝੀ ਰੱਖਣ ਵਾਲੇ ਲੋਕ ਅੱਜ ਵੀ ਭਾਈ ਸਮੁੰਦ ਸਿੰਘ ਦਾ ਨਾਂ ਸਤਿਕਾਰ ਨਾਲ ਲੈਂਦੇ ਹਨ ਅਤੇ ਸੁਥਰੀ ਲੋਕ ਗਾਇਕੀ ਦੇ ਪਾਰਖੂ ਸੁਰਿੰਦਰ ਕੌਰ ਨੂੰ ਉਸ ਦੇ ਆਪਣੇ ਖੇਤਰ ਦੀ ਖੁਦਾ ਮੰਨਦੇ ਹਨ। ਕੇ. ਐਲ. ਸਹਿਗਲ, ਬੇਗਮ ਅਖਤਰ, ਮਹਿਦੀ ਹਸਨ ਜਾਂ ਮਲਿਕਾ ਪੁਖਰਾਜ ਦਾ ਸੰਗੀਤ ਪ੍ਰੇਮੀਆਂ ਦੇ ਮਨਾਂ ਅੰਦਰ ਬਹੁਤ ਉਚਾ ਮੁਕਾਮ ਹੈ।

ਮੱਧ ਯੁਗ ਦੇ ਸਾਡੇ ਮਹਾਨ ਗਾਇਕਾਂ ਤਾਨਸੈਨ ਅਤੇ ਉਸ ਦੇ ਗੁਰਭਾਈ ਬੈਜੂ ਬਾਵਰਾ ਦੀਆਂ ਦੰਤ ਕਥਾਵਾਂ ਤੋਂ ਭਲਾ ਕੌਣ ਵਾਕਫ ਨਹੀਂ। ਪੱਛਮ, ਖਾਸ ਕਰ ਕੇ ਜਰਮਨ ਲੋਕਾਂ ਦਾ ਸਿਰ ਬੀਥੋਵਨ ਜਾਂ ਵਾਗਨਰ ਦੀਆਂ ਸੰਗੀਤ ਰਚਨਾਵਾਂ ਦਾ ਜ਼ਿਕਰ ਆਉਂਦਿਆਂ ਮਾਣ ਨਾਲ ਉਚਾ ਹੋ ਜਾਂਦਾ




ਹੈ। ਉਨ੍ਹਾਂ ਅਤੇ ਅਜਿਹੇ ਹੋਰ ਅਣਗਿਣਤ ਨਾਂਵਾਂ ਨੂੰ ਤਾਂ ਛੱਡੋ, ਸਮੁੱਚਾ ਪੱਛਮੀ ਜਗਤ ਜੇ ਇਨਸਾਨ ਲਈ ਸੁੰਦਰ ਔਰਤ ਪ੍ਰਤੀ ਅਜ਼ੀਮ, ਰਹੱਸਮਈ ਖਿੱਚ ਦੀ ਪ੍ਰਤੀਕ, ਟਰਾਏ ਦੀ ਹੈਲਨ ਨੂੰ ਭੁੱਲਿਆ ਨਹੀਂ ਤਾਂ ਅਪੋਲੋ ਦੇਵ ਦਾ ਪੁੱਤਰ, ਸੰਗੀਤ ਦਾ ਪਿਤਾਮਾ ਆਰਫੀਅਸ ਮੁਕਟ ਵਿਚ ਜੜੇ ਕੋਹਿਨੂਰ ਦੇ ਹਾਰ ਉਨ੍ਹਾਂ ਦੀ ਸਮੂਹਿਕ ਸਿਮਰਤੀ ਦੇ ਐਨ ਕੇਂਦਰ ਵਿਚ ਉਸ ਦੇ ਨਾਲ ਖੜ੍ਹਾ ਹੈ। ਸਾਡੇ ਆਪਣੇ ਲੋਕਾਂ ਦੀ ਮਨੌਤ ਅਨੁਸਾਰ, ਮੀਆਂ ਤਾਨਸੈਨ ਅਤੇ ਬੈਜੂ ਬਾਵਰਾ ਨੇ ਆਪਣੇ ਗਾਇਨ ਦੀ ਤਾਕਤ ਦੇ ਜ਼ੋਰ ਜੇ ਰਾਗ ਬਹਾਰ ਗਾ ਕੇ ਦਰੱਖਤਾਂ ਤੇ ਫੁੱਲ ਖਿਲਾਏ, ਰਾਗ ਮੇਘ ਮਲਹਾਰ ਗਾ ਕੇ ਰਿਮ ਝਿਮ ਲਵਾਈ ਜਾਂ ਰਾਗ ਦੀਪਕ ਗਾ ਕੇ ਦੀਪ ਜਗਾਏ ਤਾਂ ਪੱਛਮੀ ਲੋਕਾਂ ਦੀ ਮਨੌਤ ਹੈ ਕਿ ਆਰਫੀਅਸ ਨੇ ਆਪਣੀ ਮਹਿਬੂਬ ਪਤਨੀ ਯੂਰੀਡਿਸੀ ਬਦੀ ਦੇ ਭਿਆਨਕ ਨਾਗ ਵਲੋਂ ਡੰਗੇ ਜਾਣ ਪਿਛੋਂ ਆਪਣੇ ਗਾਇਨ ਨਾਲ ਯਮਰਾਜ ਦੇ ਵੀ ਅਥਰੂ ਲਿਆ ਕੇ ਉਸ ਦੇ ਜਬਾੜਿਆਂ 'ਚੋਂ ਕੇਰਾਂ ਬਚਾ ਲਿਆ ਸੀ।

ਇਸ ਮਿਥ ਅਨੁਸਾਰ ਆਪਣੀ ਵੀਣਾ ਨਾਲ ਆਰਫੀਅਸ ਨੇ ਪਹਿਲਾਂ ਯਮਲੋਕ ਦੇ ਦਰਾਂ 'ਤੇ ਪਹਿਰੇ 'ਤੇ ਖੜ੍ਹੇ ਤਿੰਨ ਸਿਰਾਂ ਵਾਲੇ ਰਾਖਸ਼ ਨੂੰ ਰੁਆਇਆ। ਫਿਰ ਯਮਰਾਜ ਤੇ ਉਸ ਦੀ ਪਤਨੀ ਪਰਸੇਫੋਨੀ ਨੂੰ ਕਾਇਲ ਕੀਤਾ। ਉਨ੍ਹਾਂ ਦੇ ਨਾਲ ਰਹਿ ਰਹੀਆਂ ਕਰੋਪੀ ਦੀਆਂ ਡਾਇਣਾਂ ਸਿਰ ਸੁੱਟ ਕੇ ਪੈ ਗਈਆਂ ਅਤੇ ਆਦਿ ਜੁਗਾਦਿ ਤੋਂ ਇਨਸਾਨ ਦੇ ਮਿੱਤਰ ਦੇਵਤੇ ਪ੍ਰੋਮੀਥੀਅਨ ਜਾਂ ਟਿਟੀਐਸ ਦਾ ਜਿਗਰ ਖਾ ਕੇ ਉਸ ਨੂੰ ਅਸੀਮ ਕਸ਼ਟ ਪਹੁੰਚਾਉਣ ਦੇ ਕੰਮ ਲੱਗੇ ਹੋਏ ਸ਼ਿਕਰੇ ਵੀ ਅਰਫੀਅਸ ਦੇ ਸੰਗੀਤ ਨੂੰ ਸੁਣ ਕੇ ਸ਼ਾਂਤ ਹੋ ਗਏ ਸਨ।

ਦੋ ਮਹਾਂ ਕਵੀਆਂ ਓਵਿਡ ਅਤੇ ਵਰਜਿਲ ਨੇ ਆਪਣੀਆਂ ਰਚਨਾਵਾਂ ਵਿਚ ਇਸ ਅਹਿਮ ਮਿਥ ਦਾ ਵੱਖ ਵੱਖ ਰੂਪਾਂ ਵਿਚ ਨਿਰੂਪਣ ਕੀਤਾ ਹੈ। 20ਵੀਂ ਸਦੀ ਦੇ ਤੀਸਰੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਦੌਰਾਨ ਮਹਾਨ ਜਰਮਨ ਕਵੀ ਐਰਿਕ ਮਾਰੀਆ ਰਿਲਕੇ ਨੇ ਸ਼ਾਇਰੀ ਅਤੇ ਮੁਹੱਬਤ ਦੇ ਇਸ ਦੇਵਤੇ ਦੇ ਮਰਹਮ ਨੂੰ ਛੂਹਣ ਲਈ ਆਪਣੀਆਂ 60 ਦੇ ਕਰੀਬ ਆਰਫੀਅਸ ਲੜੀ ਦੀਆਂ ਨਜ਼ਮਾਂ ਦੀ ਸਿਰਜਣਾ ਕੀਤੀ। ਫਰਾਇਡ ਅਤੇ ਜੁੰਗ ਵਰਗੇ ਮਹਾਨ ਮਨੋਵਿਗਿਆਨੀਆਂ ਨੇ ਆਰਫੀਅਸ ਦੀ ਮਿਥ ਦੇ ਮਰਹਮ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਤੋਂ ਬਾਅਦ ਯਾਂ ਕੋਕਤੋ ਤੇ ਅਦਭੁਤ ਫਰਾਂਸੀਸੀ ਚਿੰਤਕ ਮਾਰਸਲ ਬਲਾਸ਼ੇ ਨੇ ਵੀ ਪੂਰਾ ਜ਼ੋਰ ਲਾਇਆ।

ਇਹ ਕਾਰੋਬਾਰ ਅਜੇ ਵੀ ਬੰਦ ਨਹੀਂ ਹੋਇਆ। ਮਹਿਜ਼ 4-5 ਵਰ੍ਹੇ ਪਹਿਲਾਂ ਮੈਡਮ ਐਨ ਰੋਏ ਨੇ 'ਆਰਫੀਅਸ: ਦਾ ਸੌਂਗ ਆਫ ਲਾਈਫ' ਸਿਰਲੇਖ ਹੇਠ ਇਸ ਮਿਥ ਬਾਰੇ ਆਪਣੀ ਮਨੋ-ਇਤਿਹਾਸਮੁਖੀ ਪੁਸਤਕ ਲਿਖੀ ਹੈ। ਉਹ ਦੱਸਦੀ ਹੈ ਕਿ ਸਾਲ 2005 ਵਿਚ ਯੂਨਾਨ ਦੀ ਸਰਹੱਦ ਦੇ ਨਾਲ ਲਗਦੇ ਆਰਫੀਅਸ ਦੇ ਜਨਮ ਨਾਲ ਜੁੜੇ ਸ਼ਹਿਰ ਵਿਚ ਜਦੋਂ ਉਨ੍ਹਾਂ ਸ਼ਾਨਦਾਰ ਮੰਦਿਰ ਤਾਮੀਰ ਕਰਵਾਇਆ ਤਾਂ ਕਿਵੇਂ ਲੋਕਾਂ ਦਾ ਚਾਅ ਮਿਉਂਦਾ ਨਹੀਂ ਸੀ। ਪੁਸਤਕ ਦੀ ਸ਼ੁਰੂਆਤ ਉਹ 2 ਫਰਵਰੀ 1922 ਦੀ ਸਵੇਰ ਦੇ ਉਨ੍ਹਾਂ ਕਾਵਿਮਈ ਪਲਾਂ ਦੇ ਜ਼ਿਕਰ ਨਾਲ ਕਰਦੀ ਹੈ ਜਦੋਂ ਰਿਲਕੇ ਨੇ ਆਪਣੀ ਅਤਿਅੰਤ ਹੁਸੀਨ ਅਤੇ ਅਨੂਠੀ 'ਆਰਫੀਸੀਅਨ ਗੀਤਮਾਲਾ' ਦੀ ਸਿਰਜਣਾ ਕੀਤੀ।

ਅਰਬ ਦੇਸ਼ਾਂ ਅੰਦਰ ਲੈਲਾ ਮਜਨੂੰ ਦੀ ਕਹਾਣੀ 7ਵੀਂ ਸਦੀ, ਭਾਵ ਤਕਰੀਬਨ ਇਸਲਾਮ ਦੇ ਜਨਮ ਸਮੇਂ ਜਿੰਨੀ ਹੀ ਪੁਰਾਣੀ ਹੈ। ਇਸੇ ਤਰ੍ਹਾਂ ਸ਼ੀਰੀ-ਫਰਿਹਾਦ ਦੀ ਮੁਹੱਬਤ ਦੀ ਦੰਤ ਕਥਾ ਹੈ। ਸ਼ੀਰੀ-ਫਰਿਹਾਦ ਦਾ ਫਾਰਸੀ ਮਹਾਂ ਕਾਵਿ 'ਸ਼ਾਹ ਨਾਮਾ' ਵਿਚ ਵੀ ਖੂਬ ਜ਼ਿਕਰ ਹੈ। 12ਵੀਂ ਸਦੀ ਦੇ ਫਾਰਸੀ ਸਾਹਿਤ ਦੇ ਮੋਢੀ ਨਿਜ਼ਾਮੀ ਨਜ਼ਾਵੀ ਨੇ ਇਨ੍ਹਾਂ ਦੋਵਾਂ 'ਪ੍ਰੀਤ ਕਥਾਵਾਂ' ਨੂੰ ਆਪਣੀਆਂ ਕਾਵਿ ਰਚਨਾਵਾਂ ਦਾ ਵਿਸ਼ਾ ਬਣਾਇਆ। ਉਸ ਤੋਂ ਬਾਅਦ ਨਾਂ ਆ ਜਾਂਦਾ ਹੈ ਅਲੀ ਸ਼ੇਰ ਨਵਾਈ ਦਾ। ਉਸ ਨੂੰ ਉਜ਼ਬੇਕ ਅਤੇ ਤੁਰਕ ਆਪਣਾ ਅਫਲਾਤੂਨ ਮੰਨਦੇ ਹਨ। ਗੇਟੇ ਵਾਂਗ ਉਹ ਪ੍ਰਬੰਧਕ ਵੀ ਸੀ, ਸ਼ਾਇਰ ਵੀ, ਭਾਸ਼ਾ ਵਿਗਿਆਨੀ ਵੀ, ਪੇਂਟਰ ਵੀ ਅਤੇ ਕਈ ਕੁਝ ਹੋਰ ਵੀ। ਉਹਨੇ ਸ਼ੀਰੀ ਫਰਿਹਾਦ ਦੀ ਮੁਹੱਬਤ ਬਾਰੇ ਮਹਾਂ ਕਾਵਿ ਰਚਿਆ ਜੋ ਲੋਕਾਂ ਅੰਦਰ ਸਾਡੇ ਆਪਣੇ ਪੰਜਾਬ ਦੇ ਵਾਰਿਸ ਦੀ ਹੀਰ ਵਾਂਗੂ ਹੀ ਮਕਬੂਲ ਹੈ। ਦੋਵਾਂ ਪ੍ਰੀਤ ਕਥਾਵਾਂ ਨੂੰ ਲੈ ਕੇ ਭਾਰਤ, ਪਾਕਿਸਤਾਨ ਸਮੇਤ ਵੱਖ ਵੱਖ ਦੇਸ਼ਾਂ ਵਿਚ ਪਿਛਲੇ 80-90 ਸਾਲਾਂ ਦੌਰਾਨ ਕਈ ਫਿਲਮਾਂ ਬਣੀਆਂ।

ਇਹ ਸਤਰਾਂ ਲਿਖਦਿਆਂ ਮੇਰੇ ਮਨ ਵਿਚ ਸਵਾਲ ਹੈ ਕਿ ਉਸ ਦਿਨ ਹਾਲ 'ਚ ਗਈ ਰਾਤ ਤੱਕ ਵਡਾਲੀ ਭਰਾਵਾਂ ਦੀ ਗਾਇਕੀ ਹੀ ਸੀ ਜਾਂ ਇਸ਼ਕ-ਮੁਹੱਬਤ ਨੂੰ ਸਭ ਤੋਂ ਵੱਡੀ ਕਦਰ ਦੱਸਣ ਵਾਲਾ ਸੂਫੀ ਕਲਾਮ ਵੀ ਓਨਾ ਹੀ ਅਹਿਮ ਕਾਰਨ ਸੀ। ਲੋਕਾਂ ਨੂੰ ਸੰਗੀਤ ਦੀਆਂ ਧੁਨਾਂ ਵਿਚ ਅੱਲ੍ਹਾ ਜਾਂ ਰੱਬ ਸੱਚੇ ਦਾ ਨਾਂ ਖਿੱਚ ਪਾਉਂਦਾ ਹੈ, ਜਾਂ ਸਾਡੀ ਸਮੂਹਿਕ ਯਾਦ ਵਿਚ ਹੀਰ, ਸੋਹਣੀ, ਸੱਸੀ, ਸ਼ੀਰੀ ਅਤੇ ਲੈਲਾ ਦੇ ਤਸੱਵਰ ਵੀ ਕਿਧਰੇ ਗਹਿਰੇ ਖੁਣੇ ਹੋਏ ਹਨ।

ਸਦੀਆਂ ਤੋਂ ਦੁਨੀਆਂ ਭਰ ਵਿਚ ਲੋਕ ਗਾਇਕੀ ਹੋਵੇ ਜਾਂ ਸ਼ਾਸਤਰੀ ਗਾਇਨ-ਕੇਂਦਰੀ ਵਿਸ਼ਾ ਹਰੇਕ ਰਚਨਾ ਵਿਚ ਵਿਛੋੜੇ ਦਾ ਸੱਲ ਤੇ ਪਿਆਰੇ ਨੂੰ ਮਿਲਣ ਦੀ ਤਾਂਘ ਹੀ ਰਿਹਾ ਹੈ। ਦੁਨਿਆਵੀ ਜੀਵਨ ਮੈਂ ਤੇ ਕੇਂਦਰਤ ਹੈ ਜਦੋਂ ਕਿ ਹਰ ਗੀਤ ਜਾਂ ਸੰਗੀਤ ਦਾ ਮੁਖੜਾ ਤੂੰ ਵੱਲ ਹੈ। ਸਾਰੇ ਦਾ ਸਾਰਾ ਸੂਫੀ ਗਾਇਨ ਮੈਂ ਦਾ, ਹਉਮੈ ਦਾ ਨਿਖੇਧ ਹੈ, ਇਨਸਾਨੀ ਜ਼ਿੰਦਗੀ ਦਾ ਅਜਬ ਵਿਰੋਧਾਭਾਸ ਹੈ ਜੋ ਕਿ ਸਦੀਆਂ ਤੋਂ ਉਸ ਦੇ ਨਾਲ ਹੀ ਚਲਦਾ ਆ ਰਿਹਾ ਹੈ, ਉਸ ਕੋਲੋਂ 'ਮੈਂ' ਨੂੰ ਛੱਡਿਆ ਵੀ ਨਹੀਂ ਜਾਂਦਾ ਅਤੇ 'ਤੂੰ' ਨਾਲ ਜੁੜਨ ਦੀ ਨਿਰੰਤਰ ਖਿੱਚ ਬਿਨਾ ਵੀ ਗੁਜ਼ਰ ਨਹੀਂ ਹੈ। ਇਸ ਸਿੱਕ ਦੀ ਗੱਲ ਕਰਦਿਆਂ ਮੇਰੀ ਸਿਮਰਤੀ ਵਿਚ ਮੁੱਦਤ ਪਹਿਲਾਂ ਸੁਣੀਆਂ ਪੰਡਿਤ ਹਰੀ ਪ੍ਰਸਾਦ ਚੌਰਸੀਆ ਦੇ ਕ੍ਰਿਸ਼ਨ ਭਗਤੀ ਰੰਗ ਵਿਚ ਰੰਗੇ ਹੋਏ ਜਾਦੂਮਈ ਬੰਸਰੀ ਵਾਦਨ ਦੀਆਂ ਧੁਨਾਂ ਵੀ ਉਭਰ ਰਹੀਆਂ ਹਨ। ਸਵੈ ਤੋਂ ਪਾਰ ਪਾਉਣ ਲਈ ਜਾਂ ਪਿਆਰੇ ਨੂੰ ਮਿਲਣ ਦੀ ਉਹੋ ਹੀ ਲੋਚਾ ਹੈ ਜਿਸ ਕਿਸਮ ਦੀ ਲੋਚਾ ਦਾ ਪ੍ਰਗਟਾਵਾ ਕਰਨ ਤਹਿਤ ਕਿ ਆਪਣੇ ਕੱਵਾਲੀ ਗਾਇਨ ਰਾਹੀਂ ਸਾਬਰੀ ਭਰਾਵਾਂ ਨੇ ਪਿਛਲੀ ਅੱਧੀ ਸਦੀ ਦੌਰਾਨ ਦੁਨੀਆਂ ਭਰ ਵਿਚ ਵਸੇ ਭਾਰਤੀਆਂ ਅਤੇ ਪਾਕਿਸਤਾਨੀਆਂ ਨੂੰ ਚਕਾਚੌਂਧ ਕਰੀ ਰਖਿਆ।

ਪਾਕਿਸਤਾਨੀ ਤਾਲਿਬਾਨ ਦਹਿਸ਼ਤਗਰਦਾਂ ਨੇ ਪਿਛਲੇ ਸਾਲ ਜੂਨ ਮਹੀਨੇ ਦੌਰਾਨ ਅਮਜ਼ਦ ਸਾਬਰੀ ਦੀ ਹੱਤਿਆ ਇਹ ਕਹਿ ਕੇ ਕਰ ਦਿਤੀ ਕਿ ਉਨ੍ਹਾਂ ਨੂੰ ਅੱਲ੍ਹਾ ਦੀ ਇਬਾਦਤ ਦਾ ਉਸ ਵਾਲਾ ਅੰਦਾਜ਼ ਮਨਜ਼ੂਰ ਨਹੀਂ ਸੀ। ਖੈਰ, ਮਾਨਵੀ ਇਤਿਹਾਸ ਦਾ ਇਕ ਹੋਰ ਤਰ੍ਹਾਂ ਦਾ ਦੁਖਿਤ ਵਿਰੋਧਾਭਾਸ ਹੈ। ਹੱਤਿਆ ਤੋਂ ਕੁਝ ਹੀ ਵਰ੍ਹੇ ਪਹਿਲਾਂ ਉਸ ਨੇ ਆਪਣੇ ਗਾਇਕੀ ਦੇ ਪ੍ਰੋਗਰਾਮ ਦੌਰਾਨ:

ਜੋ ਕੁਝ ਵੀ ਮਾਂਗਨਾ ਹੈ
ਦਰੇ ਮੁਸਤਫਾ ਸੇ ਮਾਂਗ
ਅੱਲਾਹ ਕੇ ਹਬੀਬ-ਸਰੇ ਅੰਬੀਆ ਸੇ ਮਾਂਗ
ਅਬ ਤਕ ਕਹਾਂ ਅੰਧੇਰੋਂ ਮੇਂ
ਭਟਕਾ ਹੂਆ ਥਾ ਤੂ
'ਗਰ ਰੌਸ਼ਨੀ ਕੀ ਚਾਹ ਹੈ
ਨੂਰ ਖੁਦਾ ਸੇ ਮਾਂਗ
ਮੇਰਾ ਕੋਈ ਨਹੀਂ ਹੈ ਤੇਰੇ ਸਿਵਾ
ਮੈਂ ਬਨ ਕੇ ਸਵਾਲੀ ਆਇਆ ਹੂੰ
ਮੁਝੇ ਨਜ਼ਰੇ ਕਰਮ ਕੀ ਭੀਖ ਮਿਲੇ
ਓ ਆਕਾ ਯੇਹ ਝੋਲੀ ਖਾਲੀ
ਲੇ ਕੇ ਆਇਆ ਹੂੰ।

ਕਹਿੰਦਿਆਂ ਅੱਲਾਹ ਦੇ ਇਸ਼ਕ ਦਾ ਜਲਵਾ ਜੋ ਖੜ੍ਹਾ ਕੀਤਾ ਸੀ, ਉਸ ਵਿਚ ਕਸਰ ਤਾਂ ਕੋਈ ਛੱਡੀ ਨਹੀਂ ਸੀ। ਅੱਜ ਤੱਕ ਵੀ ਨੈਟ 'ਤੇ ਕੋਈ ਵੇਖੇ ਜਿਉਂ ਜਿਉਂ ਤਾੜੀ ਵੱਜਦੀ ਹੈ, ਸਰੋਤਿਆਂ ਅੰਦਰ ਵਜਦ ਤਾਰੀ ਹੁੰਦਾ ਜਾਂਦਾ ਹੈ।

ਅਮਜ਼ਦ ਸਾਬਰੀ ਦਾ ਰੰਗ ਦੇਖਿਆਂ ਹੀ ਬਣਦਾ ਹੈ ਅਤੇ ਮੇਰੀ ਜਾਚੇ ਇਸੇ ਕੱਵਾਲੀ ਦੇ ਗਾਇਨ ਦੌਰਾਨ ਜੋ ਜਲਵਾ ਉਸ ਦਾ ਬਾਪ ਗੁਲਾਮ ਸਾਬਰੀ ਅਤੇ ਉਸ ਦਾ ਭਾਈ ਖੜ੍ਹਾ ਕਰਿਆ ਕਰਦੇ, ਉਸ ਦਾ ਕੋਈ ਤੋੜ ਹੀ ਨਹੀਂ ਸੀ।

ਕੱਵਾਲੀ ਗਾਇਨ ਦਾ ਆਲਮ ਹੀ ਅਜਿਹਾ ਹੈ। 70ਵਿਆਂ ਦੇ ਮੱਧ ਦੀ ਆਈ ਫਿਲਮ 'ਗਰਮ ਹਵਾ' ਜਿਸ ਕਿਸੇ ਵੇਖੀ ਹੋਵੇ ਉਸ ਨੂੰ ਯਾਦ ਹੋਵੇਗਾ ਕਿ ਅਜ਼ੀਜ਼ ਅਹਿਮਦ ਖਾਨ ਵਾਰਸੀ ਦੇ

ਸੂਖੀ ਰੁੱਤ ਮੇਂ ਛਾਈ ਬਦਰੀਆ
ਚਮਕੀ ਬਿਜਰੀਆ ਸਾਥ
ਡੂਬੋ ਤੁਮ ਭੀ ਸੰਗ ਮੇਰੇ,
ਥਾਮੋ ਮੇਰਾ ਹਾਥ।
ਤੇ ਅੱਗੋਂ ਫਿਰ
ਮੌਲਾ ਸਲੀਮ ਚਿਸ਼ਤੀ
ਆਕਾ ਸਲੀਮ ਚਿਸ਼ਤੀ
ਜਿਤਨੀ ਬਲਾਏਂ ਆਈਂ
ਸਭ ਕੋ ਗਲੇ ਲਗਾਇਆ
ਯੂੰ ਹੋ ਗਿਆ ਕਲੇਜਾ
ਸ਼ਿਕਵਾ ਨਾ ਲਬ ਪੇ ਆਇਆ
ਹਰ ਦਰਦ ਹਮਨੇ ਅਪਨਾ
ਅਪਨੋ ਸੇ ਭੀ ਛੁਪਾਇਆ
ਤੁਮ ਸੇ ਨਹੀਂ ਹੈ ਪਰਦਾ
ਮੌਲਾ ਸਲੀਮ ਚਿਸ਼ਤੀ।

ਬੋਲਾਂ ਵਾਲੇ ਕੱਵਾਲੀ ਗਾਇਨ ਨੇ ਕੇਹਾ ਰੰਗ ਬੰਨ੍ਹਿਆ ਸੀ। ਜਿਸ ਨੇ ਫਿਲਮ ਉਹ ਕਦੀ ਵੇਖੀ ਸੀ, ਉਸ ਦਾ ਜਾਇਕਾ ਅੱਜ ਤੱਕ ਉਹ ਭੁੱਲ ਨਹੀਂ ਸਕਿਆ ਹੋਵੇਗਾ।

(ਬਾਕੀ ਅਗਲੇ ਸਫੇ 'ਤੇ)

# ਮਾਰਕਸ ਤੇ ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਦਾ ਅਜੋਕਾ ਪ੍ਰਸੰਗ

ਦੁਨੀਆਂ ਭਰ ਦੇ ਦੇਸ਼ ਤੇ ਇਨ੍ਹਾਂ ਦੇਸ਼ਾਂ ਵਿਚ ਵਸਦੀ ਸਮੁੱਚੀ ਮਨੁੱਖ ਜਾਤੀ ਉਥਲ-ਪੁਥਲ ਦੇ ਜਿਸ ਦੌਰ ਵਿਚੋਂ ਗੁਜਰ ਰਹੀ ਹੈ, ਉਸ ਨੇ ਇਕ ਵਾਰ ਫਿਰ ਕਾਰਲ ਮਾਰਕਸ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਇਸ ਵਰ੍ਹੇ 5 ਮਈ 1818 ਨੂੰ ਜਨਮੇ ਕਾਰਲ ਮਾਰਕਸ ਦੀ ਦੂਜੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਮਾਰਕਸ ਨੇ ਮਨੁੱਖੀ ਸਮਾਜ ਨੂੰ ਹੋਰ ਉਚੇਰੇ ਪੱਧਰ ਉਤੇ ਨਵੇਂ ਸਿਰਿਓਂ ਜਥੇਬੰਦ ਕਰਨ ਲਈ ਇਕ ਨਵੀਂ ਦਿਸ਼ਾ ਦਿੱਤੀ, ਜਿਸ ਉਤੇ ਚੱਲ ਕੇ ਇਕ ਸਦੀ ਪਹਿਲਾਂ ਵਲਾਦੀਮੀਰ ਇਲਿਅਚ ਲੈਨਿਨ ਦੀ ਅਗਵਾਈ ਹੇਠ ਰੂਸ ਦੀ ਕਮਿਊਨਿਸਟ ਪਾਰਟੀ ਨੇ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ ਰਜਵਾੜਿਆਂ ਤੇ ਸਾਮਰਾਜੀਆਂ ਦੀ ਹਕੂਮਤ ਉਲਟਾ ਕੇ ਮਜਦੂਰਾਂ ਦਾ ਰਾਜ ਕਾਇਮ ਕੀਤਾ, ਜਿਸ ਦਾ ਨਿਸ਼ਾਨਾ ਸਮਾਜਵਾਦੀ ਸਮਾਜ ਦੀ ਉਸਾਰੀ ਕਰਦਿਆਂ ਮਾਰਕਸ ਦੇ ਕਿਆਸੇ ਕਮਿਊਨਿਸਟ ਸਮਾਜ ਦੀ ਸਿਰਜਣਾ ਕਰਨਾ ਸੀ।

ਗੁਰਬਚਨ ਸਿੰਘ*
ਫੋਨ: 91-98156-98451


ਭਾਵੇਂ ਹੁਣ ਕਿਹਾ ਜਾ ਸਕਦਾ ਹੈ ਕਿ ਮਾਰਕਸ ਦਾ ਕਿਆਸਿਆ ਇਹ ਨਿਸ਼ਾਨਾ ਪੂਰਾ ਨਹੀਂ ਹੋ ਸਕਿਆ, ਪਰ ਕਿਰਤੀ ਵਰਗ ਵਲੋਂ ਸਾਮਰਾਜੀ ਹਕੂਮਤ ਨੂੰ ਉਲਟਾਉਣ ਦਾ ਪਹਿਲਾ ਸਫਲ ਤਜਰਬਾ ਹੋਣ ਕਰਕੇ ਇਸ ਦੇ ਸਬਕ ਬਹੁਤ ਕੀਮਤੀ ਹਨ। ਇਸ ਇਨਕਲਾਬ ਤੋਂ ਪ੍ਰੇਰਨਾ ਲੈ ਕੇ ਹੀ ਪੋਲੈਂਡ, ਹੰਗਰੀ, ਅਲਬਾਨੀਆ, ਕਿਊਬਾ, ਚੈਕੋਸਲੋਵਾਕੀਆ, ਯੂਗੋਸਲਾਵੀਆ, ਚੀਨ, ਵੀਅਤਨਾਮ, ਭਾਵ ਲਗਭਗ ਅੱਧੀ ਦੁਨੀਆਂ ਵਿਚ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਯਤਨ ਹੋਏ। ਸਦੀ ਦੇ ਅੰਤ ਤਕ ਪਹੁੰਚਦਿਆਂ ਭਾਵੇਂ ਇਹ ਸਾਰੇ ਯਤਨ ਕਮਿਊਨਿਸਟ ਸਮਾਜ ਦੀ ਉਸਾਰੀ ਦੇ ਸੁਪਨੇ ਨੂੰ ਸਾਕਾਰ ਨਾ ਕਰ ਸਕੇ ਅਤੇ ਜਿਨ੍ਹਾਂ ਦੇਸ਼ਾਂ 'ਚ ਇਹ ਯਤਨ ਹੋਏ ਵੀ, ਉਨ੍ਹਾਂ ਦੀਆਂ ਸਰਕਾਰਾਂ 'ਤੇ ਕਾਬਜ ਵਰਗ ਮੁੜ ਤੋਂ ਸਾਮਰਾਜੀ ਪੂੰਜੀਵਾਦੀ ਰਿਸ਼ਤਿਆਂ ਵਿਚ ਹੀ ਉਲਝ ਗਏ, ਪਰ ਇਸ ਦੇ ਬਾਵਜੂਦ ਅੱਧੀ ਦੁਨੀਆਂ ਦੇ ਦੇਸ਼ਾਂ 'ਚ ਸਮਾਜਵਾਦੀ ਸਮਾਜ ਦੀ ਸਿਰਜਣਾ ਦੇ ਕੀਤੇ ਗਏ ਇਹ ਯਤਨ ਮਨੁਖ ਜਾਤੀ ਦੀ ਚੇਤਨਾ ਦਾ ਹਿੱਸਾ ਹਨ।

ਸੰਸਾਰ ਭਰ ਦੇ ਬੌਧਿਕ, ਸਭਿਆਚਾਰਕ ਅਤੇ ਸਿਆਸੀ ਹਲਕਿਆਂ ਵਿਚ ਹੁਣ ਤੱਕ ਛਾਈ ਰਹੀ ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਭਾਵ ਉਵੇਂ ਹੀ ਬਾਦਸਤੂਰ ਜਾਰੀ ਹੈ। ਇਸ ਦਾ ਸਬੂਤ ਵੱਖ ਵੱਖ ਪੱਧਰਾਂ ਦੇ ਇਸ ਦੇ ਕਰੋੜਾਂ ਹਮਾਇਤੀ ਨਹੀਂ ਸਗੋਂ ਇਸ ਦੇ ਵਿਰੋਧੀ ਹਨ, ਜੋ ਇਕ ਪਾਸੇ ਇਹ ਪ੍ਰਚਾਰਦੇ ਹਨ ਕਿ ਰੂਸ ਅਤੇ ਚੀਨ ਸਮੇਤ ਅਨੇਕਾਂ ਦੇਸ਼ਾਂ ਵਿਚ ਹੋਏ ਇਨਕਲਾਬ ਆਪਣੇ ਕਿਆਸੇ ਨਿਸ਼ਾਨੇ ਨੂੰ ਪੂਰਾ ਨਹੀਂ ਕਰ ਸਕੇ ਅਤੇ ਮਾਰਕਸਵਾਦੀ ਵਿਚਾਰਧਾਰਾ ਅਸਫਲ ਹੋ ਗਈ ਹੈ, ਪਰ ਦੂਜੇ ਪਾਸੇ ਇਸ ਵਿਚਾਰਧਾਰਾ ਨੂੰ ਬਦਨਾਮ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਇਹ ਇਸ ਗੱਲ ਦਾ ਸਬੂਤ ਹੈ ਕਿ ਰੂਸ ਤੇ ਚੀਨ ਸਮੇਤ ਅਨੇਕਾਂ ਦੇਸ਼ਾਂ ਵਿਚ ਹੋਏ ਸਮਾਜਵਾਦੀ ਇਨਕਲਾਬ ਦੇ ਕੁਰਾਹੇ ਪੈ ਜਾਣ ਦੇ ਬਾਵਜੂਦ ਕਿਸੇ ਨਾ ਕਿਸੇ ਰੂਪ ਵਿਚ ਮਾਰਕਸਵਾਦੀ ਵਿਚਾਰਧਾਰਾ ਜਿਉਂਦੀ ਹੈ।

ਪਿਛਲੀ ਸਾਰੀ ਸਦੀ ਦੁਨੀਆਂ ਭਰ ਦੇ ਗਰੀਬ ਕਿਰਤੀ ਤੇ ਨੀਮ ਮੱਧ ਵਰਗ ਦੇ ਚੇਤੰਨ ਲੋਕ ਆਪਣੇ ਮਨਾਂ ਵਿਚ ਸਮਾਜਕ ਬਰਾਬਰੀ, ਭੌਤਿਕ ਖੁਸ਼ਹਾਲੀ ਅਤੇ ਆਤਮਕ ਆਜ਼ਾਦੀ ਆਧਾਰਤ ਸਮਾਜਵਾਦੀ ਤੇ ਕਮਿਊਨਿਸਟ ਸਮਾਜ ਦੀ ਸਿਰਜਣਾ ਦਾ ਸੁਪਨਾ ਲੈ ਕੇ ਜਿਉਂਦੇ ਰਹੇ। ਉਹ ਆਪਣੀਆਂ ਸਾਰੀਆਂ ਸਮਸਿਆਵਾਂ ਦਾ ਹੱਲ ਕਮਿਊਨਿਜ਼ਮ ਤਕ ਪਹੁੰਚਣ ਵਾਲੇ ਸਮਾਜਵਾਦੀ ਸਮਾਜ ਦੀ ਸਿਰਜਣਾ ਵਿਚ ਲੱਭਦੇ ਰਹੇ। ਲੱਖਾਂ ਨਹੀਂ ਸਗੋਂ ਕਰੋੜਾਂ ਚੇਤੰਨ ਹੋਏ ਲੋਕਾਂ ਨੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਅਸਹਿ ਤੇ ਅਕਹਿ ਕਸ਼ਟ ਸਹਾਰੇ ਅਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਆਦਮ ਜਾਤੀ ਦੇ ਲੱਖਾਂ ਸਾਲ ਦੇ ਨਿਰੰਤਰ ਪ੍ਰਵਾਹ ਵਿਚ, ਭਾਵੇਂ ਇਹ ਕੁਰਬਾਨੀਆਂ ਕੋਈ ਬਹੁਤੀ ਅਹਿਮੀਅਤ ਨਹੀਂ ਰੱਖਦੀਆਂ ਪਰ ਫਿਰ ਵੀ ਇਹ ਕਰੋੜਾਂ ਚੇਤੰਨ ਲੋਕ ਮਨੁੱਖਤਾ ਦੇ ਉਸ ਨਰੋਏ ਅੰਗ ਦਾ ਹਿੱਸਾ ਹਨ, ਜਿਸ ਦੀ ਬਦੌਲਤ ਆਦਮ ਜਾਤੀ ਸਮਾਜੀ ਅਤੇ ਸਭਿਆਚਾਰਕ ਵਿਕਾਸ ਦੇ ਅਜੋਕੇ ਪੜਾਅ 'ਤੇ ਪਹੁੰਚੀ ਹੈ। ਇਸ ਤਜਰਬੇ ਦੇ ਹਾਂ ਪੱਖੀ ਸਬਕਾਂ ਨੂੰ ਅਪਨਾਉਂਦਿਆਂ ਅਤੇ ਨਾਂਹ ਪੱਖੀ ਸਬਕਾਂ ਨੂੰ ਨਕਾਰਦਿਆਂ ਹੀ, ਮਨੁੱਖ ਜਾਤੀ ਹੋਰ ਅੱਗੇ ਵਿਕਾਸ ਕਰ ਸਕਦੀ ਹੈ।

ਕਮਿਊਨਿਜ਼ਮ ਸ਼ਬਦ ਭਾਵੇਂ ਕਾਫੀ ਸਮਾਂ ਪਹਿਲਾਂ ਤੋਂ ਹੀ ਪ੍ਰਚਲਿਤ ਸੀ ਅਤੇ ਅਨੇਕਾਂ ਧਿਰਾਂ ਵਿਚਕਾਰ ਬਹਿਸ ਦਾ ਵਿਸ਼ਾ ਬਣਿਆ ਹੋਇਆ ਸੀ, ਪਰ ਕਮਿਊਨਿਸਟ ਲਹਿਰ ਆਪਣੇ ਜਥੇਬੰਦਕ ਰੂਪ ਵਿਚ ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਦੇ ਜਾਰੀ ਹੋਣ ਨਾਲ ਅਰੰਭ ਹੋਈ। 'ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ' ਦਾ ਖਰੜਾ ਕਾਰਲ ਮਾਰਕਸ ਤੇ ਫਰੈਡ੍ਰਿਕ ਏਂਗਲਜ਼ ਨੇ ਮਿਲ ਕੇ ਤਿਆਰ ਕੀਤਾ ਸੀ, ਜਿਸ ਨੂੰ ਵੱਖੋ-ਵੱਖ ਕੌਮਾਂ ਦੇ ਕਮਿਊਨਿਸਟਾਂ ਨੇ 1848 ਵਿਚ ਲੰਡਨ ਵਿਖੇ ਇਕੱਠੇ ਹੋ ਕੇ ਅੰਤਿਮ ਰੂਪ ਦਿੱਤਾ ਅਤੇ ਜਿਸ ਨੂੰ ਇਕੋ ਵੇਲੇ ਅੰਗਰੇਜ਼ੀ, ਫਰਾਂਸੀਸੀ, ਜਰਮਨ, ਇਤਾਲਵੀ, ਫਲੇਮਿਸ਼ ਤੇ ਡੈਨਿਸ਼ ਬੋਲੀਆਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਮੈਨੀਫੈਸਟੋ ਦੇ ਅਰੰਭ ਵਿਚ ਦਰਜ ਹੈ, "ਯੂਰਪ ਨੂੰ ਇਕ ਦੈਂਤ ਡਰਾ ਰਿਹਾ ਹੈ ਅਤੇ ਇਹ ਦੈਂਤ ਕਮਿਊਨਿਜ਼ਮ ਦਾ ਹੈ। ਪੁਰਾਣੇ ਯੂਰਪ ਦੀਆਂ ਸਾਰੀਆਂ ਤਾਕਤਾਂ-ਪੋਪ ਤੇ ਜ਼ਾਰ, ਮੈਟਰਨਿਖ ਤੇ ਗੁਜ਼ੋ, ਫਰਾਂਸੀਸੀ ਗਰਮਦਲੀਏ ਤੇ ਜਰਮਨ ਖੁਫੀਆ ਪੁਲਿਸ, ਸਭ ਨੇ ਇਸ ਦੈਂਤ ਨੂੰ ਖਤਮ ਕਰਨ ਲਈ ਇਕ ਗਠਜੋੜ ਬਣਾ ਲਿਆ ਹੈ। ਕਿਹੜੀ ਵਿਰੋਧੀ ਪਾਰਟੀ ਹੈ, ਜਿਸ ਉਤੇ ਸਰਕਾਰੀ ਧਿਰਾਂ ਨੇ ਕਮਿਊਨਿਸਟ ਹੋਣ ਦਾ ਦੋਸ਼ ਨਾ ਲਾਇਆ ਹੋਵੇ? ਕਿਹੜੀ ਵਿਰੋਧੀ ਪਾਰਟੀ ਹੈ, ਜਿਸ ਨੇ ਮੋੜਵੇਂ ਰੂਪ ਵਿਚ ਆਪਣੇ ਤੋਂ ਵਧ ਅਗਾਂਹਵਧੂ ਪਾਰਟੀਆਂ ਤੇ ਆਪਣੇ ਪਿਛਾਂਹ-ਖਿੱਚੂ ਵਿਰੋਧੀਆਂ ਨੂੰ ਕਮਿਊਨਿਜ਼ਮ ਦਾ ਮਿਹਣਾ ਨਾ ਮਾਰਿਆ ਹੋਵੇ?

ਇਸ ਤੱਥ ਤੋਂ ਦੋ ਸਿੱਟੇ ਨਿਕਲਦੇ ਹਨ- ਪਹਿਲਾ, ਸਾਰੀਆਂ ਯੂਰਪੀਅਨ ਤਾਕਤਾਂ ਵਲੋਂ ਪਹਿਲਾਂ ਹੀ ਮਾਨਤਾ ਪ੍ਰਾਪਤ ਕਰ ਚੁਕਾ ਕਮਿਊਨਿਜ਼ਮ, ਆਪਣੇ-ਆਪ ਵਿਚ ਇਕ ਤਾਕਤ ਹੈ ਅਤੇ ਦੂਜਾ, ਇਹੀ ਯੋਗ ਸਮਾਂ ਹੈ ਜਦੋਂ ਕਮਿਊਨਿਸਟ ਸਾਰੇ ਸੰਸਾਰ ਸਾਹਮਣੇ ਸ਼ਰ੍ਹੇਆਮ ਆਪਣਾ ਦ੍ਰਿਸ਼ਟੀਕੋਣ, ਆਪਣੇ ਨਿਸ਼ਾਨਿਆਂ, ਆਪਣੇ ਝੁਕਾਵਾਂ (ਦਿਸ਼ਾ) ਦਾ ਐਲਾਨ ਕਰਨ ਤੇ ਇਸ ਕਮਿਊਨਿਜ਼ਮ ਦੇ ਦੈਂਤ ਬਾਰੇ ਫੈਲਾਈਆਂ ਜਾ ਰਹੀਆਂ ਮਨਘੜਤ ਕਹਾਣੀਆਂ ਦਾ ਜੁਆਬ ਆਪਣੀ ਪਾਰਟੀ ਦੇ ਮੈਨੀਫੈਸਟੋ ਨਾਲ ਦੇਣ।



ਕਾਰਲ ਮਾਰਕਸ

ਆਪਣੇ ਵੇਲੇ ਦੇ ਯੂਰਪ ਦੀ ਬਾਹਰਮੁਖੀ ਸਮਾਜੀ ਤੇ ਰਾਜਸੀ ਹਾਲਤ ਦਾ ਬਿਆਨ ਕਰਦੀਆਂ, ਉਕਤ ਧਾਰਨਾਵਾਂ ਨੂੰ ਹੁਣ ਜਦੋਂ ਅਸੀਂ ਕਰੀਬ 170 ਸਾਲ ਬਾਅਦ ਪੜ੍ਹਦੇ ਹਾਂ ਅਤੇ ਆਲਮੀ ਕਮਿਊਨਿਸਟ ਲਹਿਰ ਦੇ ਇਤਿਹਾਸ ਉਤੇ ਇਕ ਮੋੜਵੀਂ ਝਾਤ ਮਾਰਦੇ ਹਾਂ, ਤਾਂ ਮਨ ਵਿਚ ਸ਼ੰਕਾ ਪੈਦਾ ਹੋਣਾ ਸੁਭਾਵਕ ਹੈ ਕਿ ਸ਼ਾਇਦ ਮਾਰਕਸ-ਏਂਗਲਜ਼ ਨੇ ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਲਿਖਣ ਵੇਲੇ ਆਪਣੇ ਸਮਿਆਂ ਵਿਚ ਕਮਿਊਨਿਸਟ ਲਹਿਰ ਦੀਆਂ ਬਾਹਰਮੁਖੀ ਹਾਲਤਾਂ ਨੂੰ ਠੋਸ ਹਕੀਕਤ ਨਾਲੋਂ ਵਧਾ ਕੇ ਵੇਖਿਆ ਹੈ, ਪਰ ਇਹ ਧਾਰਨਾ ਸਹੀ ਨਹੀਂ ਜਾਪਦੀ, ਕਿਉਂਕਿ 20 ਜਨਵਰੀ 1845 ਨੂੰ ਪੈਰਿਸ ਵਿਚ ਰਹਿੰਦੇ ਮਾਰਕਸ ਨੂੰ ਲਿਖੀ ਆਪਣੀ ਇਕ ਚਿੱਠੀ ਵਿਚ ਏਂਗਲਜ਼ ਦਾ ਜਰਮਨੀ 'ਚ ਬੜੀ ਤੇਜ਼ੀ ਨਾਲ ਫੈਲ ਰਹੀ ਕਮਿਊਨਿਸਟ ਲਹਿਰ ਬਾਰੇ ਦਿੱਤਾ ਗਿਆ ਇਕ ਹਵਾਲਾ, 'ਕਮਿਊਨਿਸਟ ਮੈਨੀਫੈਸਟੋ' ਦੇ ਇਨ੍ਹਾਂ ਸ਼ਬਦਾਂ ਦੀ ਪੁਸ਼ਟੀ ਕਰਦਾ ਹੈ।

ਏਂਗਲਜ਼ ਨੇ ਇਸ ਚਿੱਠੀ ਵਿਚ ਲਿਖਿਆ ਹੈ, "ਜਿਸ ਗੱਲ ਨੇ ਮੈਨੂੰ ਖਾਸ ਤੌਰ 'ਤੇ ਪ੍ਰਸੰਨ ਕੀਤਾ ਹੈ, ਉਹ ਹੈ, ਜਰਮਨੀ ਵਿਚ ਕਮਿਊਨਿਸਟ ਸਾਹਿਤ ਦਾ ਹੋ ਰਿਹਾ ਆਮ ਪਸਾਰਾ, ਜੋ ਹੁਣ ਇਕ ਹਕੀਕਤ ਬਣ ਚੁਕਾ ਹੈ। ਇਕ ਸਾਲ ਪਹਿਲਾਂ ਇਹ ਸਾਹਿਤ ਜਰਮਨੀ ਤੋਂ ਬਾਹਰ ਪੈਰਿਸ ਵਿਚ ਫੈਲਣਾ ਸ਼ੁਰੂ ਹੋਇਆ ਸੀ ਅਤੇ ਹੁਣ ਇਸ ਨੇ ਆਮ ਜਰਮਨਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਅਖਬਾਰਾਂ, ਹਫਤਾਵਾਰੀ, ਮਾਸਿਕ, ਤ੍ਰੈਮਾਸਿਕ ਪਰਚੇ ਤੇ ਭਾਰੀ ਪ੍ਰਚਾਰ-ਤੋਪਾਂ ਦੇ ਅੱਗੇ ਵਧ ਰਹੇ ਕਾਫਲੇ, ਸਾਰਾ ਕੁਝ ਆਪਣੇ ਸਭ ਤੋਂ ਚੰਗੇ ਥਾਂ ਉਤੇ ਹਨ। ਇਹ ਸਾਰਾ ਕੁਝ ਹੈਰਾਨੀਜਨਕ ਫੁਰਤੀ ਨਾਲ ਅੱਗੇ ਆਇਆ ਹੈ। ਪ੍ਰਚਾਰ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਹਰ ਸਮੇਂ ਜਦੋਂ ਮੈਂ ਕੋਲੋਗਨ ਆਉਂਦਾ ਹਾਂ ਤੇ ਪਬ ਵਿਚ ਜਾਂਦਾ ਹਾਂ, ਤਾਂ ਨਵੇਂ ਬਣੇ ਕਮਿਊਨਿਸਟ ਮਿਲਦੇ ਹਨ। ਕੋਲੋਗਨ ਮੀਟਿੰਗ ਨੇ ਕਰਾਮਾਤ ਕਰ ਵਿਖਾਈ ਹੈ। ਹੌਲੀ-ਹੌਲੀ ਵਖ-ਵਖ ਕਮਿਊਨਿਸਟ ਗਰੁਪ ਹੋਂਦ ਵਿਚ ਆ ਰਹੇ ਹਨ, ਜੋ ਸਾਡੇ ਵਲੋਂ ਮਿਲੀ ਸਿੱਧੀ ਮਦਦ ਤੋਂ ਬਗੈਰ ਹੀ ਹੋਂਦ ਵਿਚ ਆਏ ਹਨ।"

ਇਹ ਇਕ ਹਕੀਕਤ ਹੈ ਕਿ 19ਵੀਂ ਸਦੀ ਦੇ ਅੱਧ ਤਕ ਸਾਰੇ ਯੂਰਪ ਵਿਚ ਕਮਿਊਨਿਸਟ ਲਹਿਰ ਬੜੀ ਤੇਜ਼ੀ ਨਾਲ ਫੈਲ ਰਹੀ ਸੀ ਅਤੇ ਤਕਰੀਬਨ ਸਾਰੇ ਯੂਰਪ ਵਿਚ ਭਵਿੱਖ ਦਾ ਕਮਿਊਨਿਸਟ ਸਮਾਜ ਕਿਹੋ ਜਿਹਾ ਹੋਵੇਗਾ, ਬਾਰੇ ਬੜੀ ਗੰਭੀਰ ਬਹਿਸ ਚੱਲ ਰਹੀ ਸੀ। ਮਾਰਕਸ-ਏਂਗਲਜ਼ ਨੇ ਜਿਥੇ ਇਸ ਬਹਿਸ ਨੂੰ ਅੱਗੇ ਤੋਰਿਆ, ਉਥੇ ਨਾਲ ਹੀ ਇਸ ਬਹਿਸ ਨੂੰ ਦਿਮਾਗੀ (ਖਿਆਲੀ) ਸੰਕਲਪਾਂ ਵਿਚੋਂ ਬਾਹਰ ਕੱਢ ਕੇ ਇਸ ਨੂੰ ਕੁਦਰਤ ਅਤੇ ਸਮਾਜੀ ਹਕੀਕਤ ਦਾ ਠੋਸ ਆਧਾਰ ਮੁਹੱਈਆ ਕੀਤਾ।

ਮਾਰਕਸ-ਏਂਗਲਜ਼ ਨੇ ਲਗਭਗ 60 ਸਾਲ (1837 ਤੋਂ ਲੈ ਕੇ 1895 ਤਕ) ਆਪਣੇ ਤੋਂ ਪਹਿਲੀ ਤੇ ਆਪਣੇ ਦੌਰ ਦੀ ਸਾਰੀ ਫਿਲਾਸਫੀ ਨੂੰ ਘੋਖਿਆ ਅਤੇ ਮਨੁੱਖ ਜਾਤੀ ਤੇ ਕੁਦਰਤ ਦੇ ਆਪਸੀ ਰਿਸ਼ਤੇ ਨੂੰ ਸਪਸ਼ਟ ਕਰਦਿਆਂ ਮਨੁੱਖ ਦੇ ਸੁਚੇਤ ਆਤਮਕ ਤੇ ਮਾਨਸਕ ਵਿਕਾਸ ਦੀ ਨਿਸ਼ਾਨਦੇਹੀ ਕੀਤੀ। ਇਸ ਪਰਖ ਵਾਸਤੇ ਉਨ੍ਹਾਂ ਦੋ ਨੇਮਾਂ ਦੀ ਵਰਤੋਂ ਕੀਤੀ: 1. ਦਵੰਦਵਾਦੀ ਭੌਤਿਕਵਾਦ (ਪਦਾਰਥਵਾਦ) ਅਤੇ 2. ਇਤਿਹਾਸਕ ਭੌਤਿਕਵਾਦ। ਇਹ ਦੋਵੇਂ ਨੇਮ ਮਨੁੱਖੀ ਚੇਤਨਾ ਵਿਚ ਵਿਕਸਿਤ ਹੋਏ ਕੁਦਰਤੀ ਅਤੇ ਸਮਾਜੀ ਨੇਮਾਂ ਨੂੰ ਪ੍ਰਗਟ ਕਰਦੇ ਹਨ। ਇਹ ਨੇਮ ਹੁਣ ਤੱਕ ਦੀ ਸਮੁੱਚੀ ਫਿਲਾਸਫੀ ਦਾ ਤਤ ਨਿਚੋੜ ਹਨ। ਇਨ੍ਹਾਂ ਦੇ ਆਧਾਰ ਉਤੇ ਹੀ ਮਾਰਕਸ ਨੇ ਕੁਦਰਤ ਤੇ ਮਨੁੱਖ ਦੇ ਆਪਸੀ ਰਿਸ਼ਤੇ ਅਤੇ ਹੁਣ ਤਕ ਦੇ ਹੋਏ ਸਮਾਜੀ ਤੇ ਮਨੁੱਖੀ ਵਿਕਾਸ ਨੂੰ ਕਲਮਬੰਦ ਕੀਤਾ। ਇਸੇ ਆਧਾਰ ਉਤੇ ਮਾਰਕਸ-ਏਂਗਲਜ਼ ਨੇ ਇਹ ਨਤੀਜਾ ਕੱਢਿਆ ਕਿ ਮਨੁੱਖ ਜਾਤੀ ਦੀ ਅਗਲੀ ਜ਼ਿੰਦਗੀ ਸਿਰਫ ਤੇ ਸਿਰਫ ਕਮਿਊਨਿਸਟ ਸਮਾਜ ਵਿਚ ਹੀ ਪ੍ਰਫੁਲਿਤ ਹੋ ਸਕਦੀ ਹੈ, ਕਿਉਂਕਿ ਸਿਰਫ ਕਮਿਊਨਿਜ਼ਮ ਹੀ ਕੁਦਰਤ ਅਤੇ ਮਨੁੱਖ ਦੇ ਹਕੀਕੀ ਰਿਸ਼ਤੇ ਨੂੰ ਆਪਣਾ ਆਧਾਰ ਬਣਾ ਕੇ ਮਨੁੱਖ ਦੇ ਪਦਾਰਥਕ ਤੇ ਜਜ਼ਬਾਤੀ-ਦੋਵੇਂ ਤਰ੍ਹਾਂ ਦੇ ਵਿਕਾਸ ਨੂੰ ਯਕੀਨੀ ਬਣਾ ਸਕਦਾ ਹੈ। ਇਸ ਤੋਂ ਬਿਨਾ ਮਨੁੱਖ ਜਾਤੀ ਸਾਹਮਣੇ ਵਿਕਾਸ ਦਾ ਹੋਰ ਕੋਈ ਰਾਹ ਨਹੀਂ ਤੇ ਯਕੀਨਨ ਹੀ ਪੂੰਜੀਵਾਦ ਦਾ ਰਾਹ ਮਨੁੱਖੀ ਵਿਨਾਸ਼ ਦਾ ਰਾਹ ਹੈ।

ਅਜੋਕੀਆਂ ਸੰਸਾਰ ਹਾਲਤਾਂ ਕਾਰਲ ਮਾਰਕਸ ਦੀ ਇਸ ਭਵਿੱਖਵਾਣੀ ਦੀ ਪੁਸ਼ਟੀ ਕਰ ਰਹੀਆਂ ਹਨ। ਬਾਰੂਦ ਦੇ ਢੇਰ ਉਤੇ ਬੈਠੀ ਦੁਨੀਆਂ ਕੁਦਰਤ ਤੋਂ ਦੂਰ ਹੁੰਦੀ-ਹੁੰਦੀ ਆਪਣੇ ਆਪ ਤੋਂ ਵੀ ਦੂਰ ਹੋ ਗਈ ਹੈ। ਮਨੁੱਖ ਆਪਣੀ ਅਸਲੀ ਮਨੁੱਖੀ ਹੋਂਦ ਭੁੱਲ ਕੇ ਬੇਲੋੜੀ ਖਪਤਕਾਰੀ ਦੀ ਅਜਿਹੀ ਦਲਦਲ ਵਿਚ ਫਸ ਗਿਆ ਹੈ ਕਿ ਉਹ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਮਨੁੱਖੀ, ਪਰਿਵਾਰਕ ਤੇ ਸਮਾਜੀ ਰਿਸ਼ਤਿਆਂ ਨੂੰ ਵੀ ਤਿਲਾਂਜਲੀ ਦੇਈ ਜਾ ਰਿਹਾ ਹੈ। ਮਨੁੱਖ ਆਪਣੀਆਂ ਬੁਨਿਆਦੀ ਲੋੜਾਂ-ਸ਼ੁੱਧ ਹਵਾ, ਸ਼ੁੱਧ ਪਾਣੀ ਅਤੇ ਸ਼ੁੱਧ ਭੋਜਨ ਦੀ ਕੀਮਤ ਉਤੇ ਵਿਖਾਵੇ ਤੇ ਕਲਪਿਤ ਸਹੂਲਤਾਂ ਦੇ ਭਰਮਜਾਲ ਵਿਚ ਫਸ ਗਿਆ ਹੈ। ਸਿੱਟੇ ਵਜੋਂ ਮਨੁੱਖੀ ਸੰਵੇਦਨਸ਼ੀਲਤਾ ਮਰ ਰਹੀ ਹੈ। ਇਸ ਤੋਂ ਪਹਿਲਾਂ ਕਿ ਕੋਈ ਸਿਰਫਿਰਿਆ ਅੱਧੀ ਦੁਨੀਆਂ ਨੂੰ ਤਬਾਹ ਕਰ ਦੇਵੇ, ਮਨੁੱਖਤਾ ਨੂੰ ਜਾਗਣਾ ਚਾਹੀਦਾ ਹੈ।

'ਕਮਿਊਨਿਸਟ ਮੈਨੀਫੈਸਟੋ' ਦੀ ਇਹ ਧਾਰਨਾ ਮੁੜ ਚੇਤੇ ਕਰਨੀ ਚਾਹੀਦੀ ਹੈ ਕਿ ਮੁਨਾਫੇ ਦੀ ਹਾਬੜ, ਸਾਮਰਾਜੀਆਂ ਵਿਚਲੀ ਘੋਰ ਦੁਸ਼ਮਣੀ ਅਤੇ ਪੈਦਾਵਾਰ ਵਿਚ ਅਰਾਜਕਤਾ ਆਧਾਰਤ 'ਆਜ਼ਾਦ ਮੰਡੀ' ਕਦੀ ਵੀ ਮਨੁੱਖ ਜਾਤੀ ਦਾ ਬੇੜਾ ਪਾਰ ਨਹੀਂ ਲਾ ਸਕਦੀ। 'ਆਜ਼ਾਦ ਮੰਡੀ' ਦੇ ਇਸ ਭਰਮਜਾਲ 'ਚੋਂ ਬਾਹਰ ਨਿਕਲਣ ਦੀ ਲੋੜ ਹੈ।

# ਵਡਾਲੀ ਭਰਾ

(ਪਿਛਲੇ ਸਫੇ ਦੀ ਬਾਕੀ)

ਐਨ ਇਸੇ ਤਰ੍ਹਾਂ ਹੀ ਫਿਲਮ 'ਬਰਸਾਤ ਕੀ ਰਾਤ' ਵਿਚ ਰੋਸ਼ਨ ਦੇ ਸੰਗੀਤ ਵਿਚ ਮੁਹੰਮਦ ਰਫੀ, ਮੰਨਾ ਡੇ, ਆਸ਼ਾ ਭੌਂਸਲੇ ਅਤੇ ਸੁਧਾ ਮਲਹੋਤਰਾ ਵੱਲੋਂ ਗਾਈ "ਯੇ ਇਸ਼ਕ ਇਸ਼ਕ ਹੈ, ਇਸ਼ਕ ਇਸ਼ਕ" ਕੱਵਾਲੀ ਬਾਰੇ ਕਿਹਾ ਜਾ ਸਕਦਾ ਹੈ। ਇਸ ਕੱਵਾਲੀ 'ਚ ਪ੍ਰਧਾਨ ਸੁਰ ਇਸ਼ਕ ਮਜਾਜੀ ਦੀ ਹੈ ਭਾਵੇਂ ਨਿਰੂਪਮਾ ਦੱਤ ਦੀ ਇਹ ਰਾਏ ਵੀ ਬਿਲਕੁਲ ਸਹੀ ਹੈ ਕਿ ਸਾਡੇ ਦਿਗੰਬਰ ਗਾਇਕ ਆਪਣੇ ਗਾਇਨ ਦੌਰਾਨ ਮਾਹੌਲ ਅਜਿਹਾ ਸਿਰਜਦੇ ਹਨ ਕਿ ਆਦਮੀ ਸੁੱਤੇ ਸਿੱਧ ਇਸ਼ਕ ਹਕੀਕੀ ਵਾਲੇ ਭਾਵ ਜਗਤ ਵਿਚ ਚਲਿਆ ਜਾਂਦਾ ਹੈ।

ਕਹਿਣ ਤੋਂ ਮੇਰੀ ਮੁਰਾਦ ਇਹ ਹੈ ਕਿ ਪਾਠਕ ਹਰੀ ਪ੍ਰਸਾਦ ਚੌਰਸੀਆ ਨੂੰ ਸੁਣਨ ਫਿਰ ਹਾਜੀ ਗੁਲਾਮ ਫਰੀਦ ਕਾਦਰੀ ਤੇ ਮਕਬੂਲ ਅਹਿਮਦ ਕਾਦਰੀ ਦਾ ਕੱਵਾਲੀ ਗਾਇਨ ਸੁਣਨ ਅਤੇ ਫਿਰ ਜ਼ਰਾ ਨਿਰੂਪਮਾ ਦੱਤ ਵੱਲੋਂ ਬੜੇ ਹੀ ਪਿਆਰ ਨਾਲ ਸੁਝਾਏ, ਸਾਹਿਰ ਦੇ ਲਿਖੇ ਫਿਲਮ 'ਬਰਸਾਤ ਕੀ ਰਾਤ' ਵਾਲੇ ਕੱਵਾਲੀ ਗਾਇਨ ਨੂੰ ਵੀ ਜ਼ਰਾ ਸੁਣ ਕੇ ਵੇਖਣ, ਹਰ ਜਗਹ ਹਉਮੈ ਜਾਂ ਕਹੋ ਕਿ ਸਵੈ ਤੋਂ ਪਾਰ ਪਾ ਕੇ ਪਵਿੱਤਰਤਾ ਦੇ ਉਚੇ ਤੋਂ ਉਚੇ ਅੰਜਾਮ ਨੂੰ ਛੂਹਣ ਦੀ ਇਨਸਾਨ ਦੀ ਸਦੀਵੀ ਸਿੱਕ ਹੀ ਆਸ਼ਕਾਰ ਹੁੰਦੀ ਨਜ਼ਰ ਆਵੇਗੀ।

ਖੈਰ, ਸ਼ਾਸਤਰੀ ਸੰਗੀਤ ਦੇ ਮਹਾਤਮ ਦਾ ਮੈਨੂੰ ਕੱਖ ਪਤਾ ਨਹੀਂ ਹੈ। ਸਭ ਤੋਂ ਵੱਧ ਸੁਰਿੰਦਰ ਕੌਰ ਅਤੇ ਹੋਰ ਲੋਕ ਗਾਇਕਾਂ ਦੇ ਗੀਤ ਜੋ ਮੈਨੂੰ ਚੰਗੇ ਲਗਦੇ ਰਹੇ, ਉਹ ਪ੍ਰਭਾਵ ਵੀ ਪਾਠਕਾਂ ਨਾਲ ਸਾਂਝੇ ਕਰਨ ਦਾ ਮਨ ਹੈ। ਸਭ ਤੋਂ ਪਹਿਲਾਂ ਸੁਰਿੰਦਰ ਕੌਰ ਦਾ ਜ਼ਿਕਰ ਮੈਂ ਇਸ ਲਈ ਕੀਤਾ ਹੈ ਕਿ ਉਹ ਮੈਨੂੰ ਆਰਫਿਅਸ ਦੀ ਧੀ ਹੀ ਲਗਦੀ ਰਹੀ ਹੈ। ਮੇਰੀ ਜਾਚੇ ਉਸ ਦਾ ਕੋਈ ਲੇਖਾ ਨਹੀਂ ਹੈ। ਮਸਲਨ:

ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਰਾ
ਵੇ ਅੱਖੀਆਂ 'ਚ ਤੂੰ ਵੱਸਦਾ।

ਇਸ ਗੀਤ ਪਿਛੇ ਉਸ ਦੀ ਨਿਹਿਤ ਭਾਵਨਾ ਦੀ ਪਾਕੀਜ਼ਗੀ ਦੀ ਇੰਤਹਾ ਲਗਦੀ ਰਹੀ ਹੈ। ਇਸ ਗੀਤ ਵਿਚ ਤਰਲਾ ਹੈ, ਬੇਬਸੀ ਹੈ ਅਤੇ ਮੁਹੱਬਤ ਤੇ ਸਵੀਕ੍ਰਿਤੀ ਦੀ ਅਜਿਹੀ ਸਦੀਵੀ ਅਤੇ ਅਮੋੜ ਚਾਹਤ ਹੈ ਜਿਸ ਨੇ ਇਨਸਾਨ ਨੂੰ ਅਜਿਹੀ ਲੋਚਾ ਲੈ ਕੇ ਜੰਮੇ ਕਿਸੇ ਵੀ ਮਰਦ ਜਾਂ ਔਰਤ ਨੂੰ ਆਦਿ ਜੁਗਾਦਿ ਤੋਂ ਹਮੇਸ਼ਾ ਹਮੇਸ਼ਾ ਲਈ ਬੇਚੈਨ ਕਰੀ ਰੱਖਿਆ ਹੈ। ਇਹੋ ਉਹ ਲੋਚਾ ਹੈ, ਜਿਸ ਦੇ ਧੁਰੇ ਦੁਆਲੇ ਬੰਦੇ ਨੇ ਸੋਹਣੀ-ਮਹੀਂਵਾਲ, ਹੀਰ-ਰਾਂਝਾ ਅਤੇ ਸੱਸੀ-ਪੁਨੂੰ ਵਰਗੀਆਂ ਅਤਿਅੰਤ ਪਵਿੱਤਰ ਅਤੇ ਅਜ਼ੀਮ ਪ੍ਰੀਤ ਕਥਾਵਾਂ ਦੀ ਸਿਰਜਣਾ ਕੀਤੀ। ਤੇ ਜੇ ਇਹ ਜਜ਼ਬਾ ਹੈ ਨ੍ਹੀਂ ਤਾਂ ਫਿਰ ਜ਼ਿੰਦਗੀ ਦਾ ਅਰਥ ਕੀ ਹੈ? ਕਿਸੇ ਪਹਿਲੇ ਜਾਂ ਅੰਤਿਮ ਸੱਚ ਦੀ ਭਾਲ ਕਿਸ ਕੰਮ! ਇਹ ਗੱਲ ਪੱਕੀ ਹੈ, ਜਾਂ ਘੱਟੋ ਘੱਟ ਮੇਰਾ ਤਾਂ ਅੱਜ ਤੱਕ ਇਤਕਾਦ ਅਜਿਹਾ ਹੀ ਰਿਹਾ ਹੈ। ਇਨਸਾਨੀ ਜਾਮੇ ਵਿਚ ਪਵਿੱਤਰਤਾ ਦੀ ਅਸੀਮ ਸੀਮਾ ਨੂੰ ਛੋਹਣ ਦੀ ਬੰਦੇ ਦੇ ਅੰਦਰ ਜੇ ਸਿੱਕ ਹੀ ਹੈ ਨ੍ਹੀਂ ਤਾਂ ਫਿਰ ਕੋਈ ਗੱਲ, ਕੋਈ ਵੀ ਹੋਰ ਜਜ਼ਬਾ ਕਿਸ ਕੰਮ ਦਾ? ਕੋਈ ਬਾਤ ਹੀ ਨਹੀਂ ਹੈ!

ਅਤੇ ਸੁਰਿੰਦਰ ਕੌਰ ਨੂੰ ਸਾਡੀ ਸਦਾ ਹੀ ਨਮੋ ਇਸ ਲਈ ਰਹੀ ਹੈ ਕਿ ਆਪਣੇ ਗਾਇਨ ਰਾਹੀਂ ਆਦਮੀ ਦੀ ਇਸੇ ਕੇਂਦਰੀ ਸਿੱਕ ਨੂੰ ਉਨ ਅਜਿਹੇ ਹੀ ਪਵਿੱਤਰ ਅੰਦਾਜ਼ ਵਿਚ ਆਪਣੀ ਆਤਮਾ ਦੀ ਪੂਰੀ ਤਾਕਤ ਨਾਲ ਨੁਮਾਇਆ ਕੀਤਾ ਹੈ। ਸੋ ਇਸੇ ਗੀਤ ਦੇ ਕੁਝ ਅਗਲੇ ਬੋਲ ਵੇਖੋ:

ਹਰ ਵੇਲੇ ਚੰਨਾ ਮੇਰਾ ਤੇਰੇ ਵੱਲ ਮੂੰਹ ਵੇ
ਬੁਲ੍ਹੀਆਂ 'ਚ ਨਾਂ ਤੇਰਾ, ਅੱਖੀਆਂ 'ਚ ਤੂੰ ਵੇ
ਜਦੋਂ ਹੱਸਦੀ ਭੁਲੇਖਾ ਮੈਨੂੰ ਪੈਂਦਾ ਵੇ
ਹਾਸਿਆਂ 'ਚ ਤੂੰ ਹੱਸਦਾ...।

ਸ਼ਾਇਰ ਦੇ ਬੋਲ ਤਾਂ ਹੈਨ, ਇਸ ਗੀਤ ਵਿਸ਼ੇਸ਼ ਦੇ ਗਾਇਨ ਦੌਰਾਨ ਸੁਰਿੰਦਰ ਕੌਰ ਮੈਨੂੰ ਬੋਲਾਂ ਨੂੰ ਕੋਈ ਅਨੋਖੀ ਹੀ ਇਲਾਹੀ ਆਭਾ ਪ੍ਰਦਾਨ ਕਰੀ ਜਾਂਦੀ ਮਲੂਮ ਹੁੰਦੀ ਹੈ। ਕੋਈ ਰੌਲਾ ਨਹੀਂ ਹੈ। ਜ਼ਿੰਦਗੀ ਦੇ ਸੁੱਹਪਣ ਦੇ ਕਰਤਾਰੀ ਆਭਾ ਵਾਲੇ ਮਹਾਨ ਚਤੇਰਿਆਂ, ਲਿਓਨਾਰਦੋ ਦਾ ਵਿੰਸ਼ੀ, ਮਾਈਕਲ ਐਂਜਲੋ ਜਾਂ ਰਫੇਲ ਨਾਲ ਉਸ ਨੂੰ ਤੁਲਨਾਉਣ ਦਾ ਮੇਰਾ ਕੋਈ ਏਜੰਡਾ ਨਹੀਂ ਹੈ ਪ੍ਰੰਤੂ ਨਿਸ਼ਚੇ ਹੀ ਉਸ ਦੀ ਸਿੱਕ ਉਹੋ ਹੀ ਹੈ ਜਿਸ ਨੂੰ ਪੱਥਰਾਂ 'ਚੋਂ ਤਰਾਸ਼ਣ ਲਈ ਜਾਂ ਦੀਵਾਰਾਂ 'ਤੇ ਚਿਤਰਨ ਲਈ ਉਹ ਦਰਵੇਸ਼ ਜੂਝ ਰਹੇ ਸਨ। ਸੁਰਿੰਦਰ ਕੌਰ ਦੇ ਹੋਰ ਬੇਸ਼ੁਮਾਰ ਗੀਤ ਹਨ, ਮਸਲਨ ਪੰਜਾਬ ਦੇ ਮਕਬੂਲ ਸ਼ਾਇਰ ਸ਼ਿਵ ਕੁਮਾਰ ਦਾ ਗੀਤ:

ਨੀਂ ਇੱਕ ਮੇਰੀ ਅੱਖ ਕਾਸ਼ਨੀ
ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ
ਸ਼ੀਸ਼ੇ ਨੂੰ ਤ੍ਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ।

ਗੀਤ ਦੀਆਂ ਅਗਲੀਆਂ ਸਤਰਾਂ ਮਹਿਜ਼ ਭਰਤੀ ਦੀਆਂ ਹਨ, ਪ੍ਰੰਤੂ ਇਨ੍ਹਾਂ ਦੋ ਸਤਰਾਂ ਵਿਚ ਇਨਸਾਨੀ ਸੁੱਹਪਣ ਦੀ ਤਾਕਤ ਜਿਵੇਂ ਸ਼ਿਵ ਨੇ ਫੜ੍ਹੀ ਹੈ, ਉਸ ਦਾ ਕੋਈ ਲੇਖਾ ਹੀ ਹੈ ਨ੍ਹੀਂ। ਇਹ ਕੋਈ ਅਤਿਕਥਨੀ ਨਹੀਂ ਹੈ ਕਿ ਮਹਾਨ ਕੀਟਸ ਦਾ 'ਏ ਥਿੰਗ ਆਫ ਬਿਊਟੀ, ਜੁਆਏ ਫਾਰ ਐਵਰ' ਵਾਲਾ ਕਥਨ ਆਪ ਮੁਹਾਰੇ ਹੀ ਚੇਤਿਆਂ 'ਚ ਉਭਰ ਆਉਂਦਾ ਹੈ। ਤੇ ਸੁਰਿੰਦਰ ਕੌਰ ਨੇ ਇਸ ਨੂੰ ਗਾਉਂਦਿਆਂ ਇਸ ਦੇ ਅਰਥਾਂ ਨੂੰ ਹੋਰ ਵੀ ਸਸ਼ੱਕਤ ਰੂਪ ਵਿਚ ਉਜਾਗਰ ਕਰ ਦਿਤਾ ਹੋਇਆ ਹੈ।

ਸੁਰਿੰਦਰ ਕੌਰ ਦਾ ਇਕ ਹੋਰ ਪਿਆਰਾ ਗੀਤ ਹੈ, ਉਸ ਦੇ ਚੰਦ ਬੋਲ ਵੀ ਜ਼ਰਾ ਵੇਖੋ:

ਵੇ ਇਕ ਵਾਰੀ ਆ ਜਾ ਹਾਣੀਆ
ਚੜ੍ਹ ਪੀਂਘ ਦੇ ਹੁਲਾਰੇ ਉਤੇ ਗਾਵਾਂ
ਵੇ ਇਕ ਵਾਰੀ...।

ਕੀਹਨੂੰ ਦਿਲ ਦੀਆਂ ਖੋਲ੍ਹ ਸੁਣਾਵਾਂ
ਗੁੱਤ ਭੜਕੇ ਪਰਾਂਦਾ ਪਾਵੇ ਕਿੱਕਲੀ
ਲੱਖਾਂ ਕਰਕੇ ਬਹਾਨੇ ਘਰੋਂ ਨਿਕਲੀ
ਕਲੀ ਪੀਂਘ ਦੇ ਹੁਲਾਰੇ ਉਤੇ ਗਾਵਾਂ
ਵੇ ਇਕ ਵਾਰੀ...।

ਗੋਰੀ ਵੀਣੀ ਉਤੇ ਵੰਗਾਂ ਨੇ ਸੱਤ ਰੰਗੀਆਂ
ਭਾਵੇਂ ਚੰਗੀਆਂ ਢੋਲਾ ਵੇ ਭਾਵੇਂ ਮੰਦੀਆਂ
ਤੇਰੀ ਦੀਦ ਦੀਆਂ ਭੁੱਖੀਆਂ ਨਿਗਾਹਵਾਂ।
ਵੇ ਇਕ ਵਾਰੀ...।

ਗੀਤ ਦੀਆਂ ਆਖਰੀ ਸਤਰਾਂ ਵੇਖੋ ਜ਼ਰਾ:

ਗੁੱਤ ਸੱਪਣੀ ਕਲਾਵਾ ਪਾਵੇ ਲੱਕ ਨੂੰ
ਲੋਕੀਂ ਵੇਖਦੇ ਬੁੱਲਾਂ 'ਤੇ ਮਲੇ ਸੱਕ ਨੂੰ
ਬਾਹਾਂ ਗੋਰੀਆਂ 'ਚ ਮੁਖੜਾ ਲੁਕਾਵਾਂ
ਵੇ ਇਕ ਵਾਰੀ...।

ਇਨ੍ਹਾਂ ਸਤਰਾਂ ਨੂੰ ਜਿਸ ਕਿਸਮ ਦੀ ਕਰਤਾਰੀ ਆਭਾ ਸੁਰਿੰਦਰ ਕੌਰ ਆਪਣੇ ਗਾਇਨ ਰਾਹੀਂ ਪ੍ਰਦਾਨ ਕਰਦੀ ਹੈ, ਉਹ ਵੀ ਖੁਦ ਸੁਣਿਆਂ ਤੇ ਮਹਿਸੂਸ ਕੀਤਿਆਂ ਹੀ ਬਣਦੀ ਹੈ। ਇਸੇ ਸ਼੍ਰੇਣੀ ਵਿਚ ਉਸ ਦਾ ਗੀਤ,

ਚੰਨ ਕਿੱਥਾਂ ਗੁਜ਼ਾਰੀ ਅਈ ਰਾਤ ਵੇ
ਮੇਰਾ ਜੀਅ ਦਲੀਲਾਂ ਦੇ ਵੱਸ ਵੇ।

ਰੱਖਿਆ ਜਾ ਸਕਦਾ ਹੈ। ਗੀਤ ਹੋਰ ਵੀ ਬਥੇਰੇ ਹੈਗੇ ਪ੍ਰੰਤੂ ਜ਼ਿਕਰ ਅਧੀਨ ਆਏ ਪਹਿਲੇ ਗੀਤ ਵਾਲੀ ਅਲੌਕਾਰੀ ਸਿਖਰ ਦੇ ਨੇੜੇ ਉਸ ਕੋਲੋਂ ਸਾਡੀ ਜਾਚੇ ਫਿਰ ਬਾਬੇ ਬੁਲ੍ਹੇ ਸ਼ਾਹ ਦੀ

ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ
ਦਿਲ ਲੋਚੇ ਤਖਤ ਹਜ਼ਾਰੇ ਨੂੰ
ਲੋਕੀ ਸਜਦਾ ਕਾਅਬੇ ਨੂੰ ਕਰਦੇ
ਸਾਡਾ ਸਜਦਾ ਯਾਰ ਪਿਆਰੇ ਨੂੰ

ਬੋਲਾਂ ਵਾਲੀ ਕਾਫੀ ਦੇ ਗਾਇਨ ਦੌਰਾਨ ਹੀ ਪਹੁੰਚਿਆ ਜਾ ਸਕਿਆ ਹੈ।

(ਚਲਦਾ)

### ਜਨਮ ਸਾਖੀ ਵਾਲੇ ਇਕ ਚਿੱਤਰ 'ਤੇ ਝਾਤ

# ਮਾਤਾ-ਪਿਤਾ ਨੇ ਬਾਬੇ ਲਈ ਵੈਦ ਬੁਲਾਇਆ

'ਬੀ-40 ਜਨਮ ਸਾਖੀ' ਵਿਚ ਦਰਜ ਸਤਵੰਜਾ ਰੰਗਦਾਰ ਚਿੱਤਰਾਂ ਵਿਚੋਂ 'ਮਾਤਾ-ਪਿਤਾ ਨੇ ਬਾਬੇ ਲਈ ਵੈਦ ਬੁਲਾਇਆ' ਕ੍ਰਮ ਵਿਚ ਚੌਥੀ ਰੰਗਦਾਰ ਤਸਵੀਰ ਹੈ। ਇਸ ਜਨਮ ਸਾਖੀ ਵਿਚ ਗੁਰੂ ਨਾਨਕ ਦੇ ਜੀਵਨ ਨੂੰ ਸ਼ਬਦ-ਬਿਰਤਾਂਤ ਦੇ ਨਾਲੋ-ਨਾਲ ਵਾਜਬ ਥਾਂਵਾਂ 'ਤੇ ਬਿਰਤਾਂਤ ਅਨੁਸਾਰੀ ਚਿੱਤਰਾਂ ਨਾਲ ਸਜਾਇਆ ਗਿਆ ਹੈ। ਇਸ ਜਨਮ ਸਾਖੀ ਦਾ ਮੂਲ ਖਰੜਾ 'ਇੰਡੀਆ ਆਫਿਸ ਲਾਇਬਰੇਰੀ' ਵਿਚ ਸੁਰੱਖਿਅਤ ਹੈ। ਜਿਸ ਨੰਬਰ 'ਤੇ ਇਹ ਹੱਥ ਲਿਖਤ ਰਜਿਸਟਰ ਵਿਚ ਦਰਜ ਹੋਈ ਹੈ, ਉਸੇ ਨਾਲ ਹੀ ਇਸ ਦਾ ਨਾਮਕਰਨ ਹੋ ਗਿਆ ਹੈ।

ਇਹ ਦ੍ਰਿਸ਼ ਉਸ ਵੇਲੇ ਦਾ ਹੈ ਜਦੋਂ ਬਾਲ

**ਜਗਤਾਰਜੀਤ ਸਿੰਘ**
**ਫੋਨ: 91-98990-91186**

ਬਾਬਾ ਨਾਨਕ ਬਿਮਾਰ ਪੈ ਜਾਂਦੇ ਹਨ। ਬਿਮਾਰੀ ਦੇ ਨਿਵਾਰਣ ਹਿੱਤ ਵੈਦ ਨੂੰ ਘਰ ਬੁਲਾਇਆ ਜਾਂਦਾ ਹੈ ਤਾਂ ਕਿ ਨਾੜੀ ਦੀ ਗਤੀ ਮਹਿਸੂਸ ਕਰ ਕੇ ਰੋਗ ਪਛਾਣਿਆ ਜਾ ਸਕੇ। ਲਘੂ ਚਿੱਤਰ ਸ਼ੈਲੀ ਵਿਚ ਬਣੇ ਚਿੱਤਰ ਦਾ ਚਿਤੇਰਾ ਆਲਮ ਚੰਦ ਰਾਜ ਹੈ ਜਿਸ ਦਾ ਮੁੱਖ ਕਿੱਤਾ ਇਮਾਰਤ ਉਸਾਰੀ ਸੀ। ਪੜ੍ਹਨ-ਜਾਣਨ ਨੂੰ ਵਚਿੱਤਰ ਲੱਗਦਾ ਹੈ ਕਿ ਇਮਾਰਤ ਉਸਾਰਨ ਵਾਲਾ ਵਿਅਕਤੀ ਸੂਖਮ ਭਾਵਾਂ ਵਾਲੇ ਅਨੇਕਾਰਥੀ ਲਘੂ ਚਿੱਤਰ ਵੀ ਰਚ ਸਕਦਾ ਹੈ। ਉਸ ਦੀ ਇਹ ਚਿੱਤਰ ਲੜੀ ਦੇਖ ਕੇ ਪਤਾ ਲੱਗਦਾ ਹੈ ਕਿ ਉਸ ਨੂੰ ਆਪਣੇ ਵੇਲੇ ਦੀਆਂ ਪ੍ਰਚਲਿਤ ਲਘੂ ਚਿੱਤਰ ਸ਼ੈਲੀਆਂ ਦਾ ਗੂੜ੍ਹ ਗਿਆਨ ਸੀ। ਤਾਂ ਹੀ ਕਿਸੇ ਨਾ ਕਿਸੇ ਕਲਮ ਦੇ ਲੱਛਣ ਇਥੇ ਦਿਸ ਪੈਂਦੇ ਹਨ।

ਦੇਖਣ ਨੂੰ ਚਿੱਤਰ ਸਰਲ ਲੱਗਦਾ ਹੈ। ਡੂੰਘਾਈ ਵਾਲੇ ਤੱਤ ਕਿਤੇ ਨਜ਼ਰ ਨਹੀਂ ਆਉਂਦੇ, ਪਰ ਰਚਨਾ ਕਾਲ ਅਤੇ ਅਜੋਕੇ ਸਮੇਂ ਵਿਚਾਲੇ ਸਦੀਆਂ ਦੀ ਵਿੱਥ ਹੈ ਜੋ ਰਚਨਾ ਦੇ ਅਰਥਾਂ ਨੂੰ ਪ੍ਰਭਾਵਿਤ ਕਰਦੀ ਹੈ। ਭਾਸ਼ਾ ਦੇ ਵਿਦਵਾਨ ਅਤੇ ਖੋਜਕਾਰ ਇਸ ਚਿਤਰਿਤ ਜਨਮ ਸਾਖੀ ਦਾ ਵਰ੍ਹਾ 1733 ਮੰਨਦੇ ਹਨ।

ਕੀ ਇਹ ਘਟਨਾ ਕਲਪਿਤ ਹੈ, ਜਿਵੇਂ ਕਹਿਣ ਵਾਲੇ ਕਹਿ ਲੈਂਦੇ ਹਨ, ਪਰ ਇਉਂ ਲੱਗਦਾ ਨਹੀਂ, ਕਿਉਂਕਿ ਗੁਰੂ ਨਾਨਕ ਨੇ ਫੁਰਮਾਇਆ ਹੈ, "ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ॥" ਇਹ ਲੋਕ ਅਤੇ ਪਰਲੋਕ ਵਿਚਾਲੇ ਭੇਦ ਕਰਦੀ ਹੈ। ਵੈਦ ਦਾ ਘਰ ਆਉਣਾ ਇਸ ਲੋਕ ਦਾ ਵਰਤਾਰਾ ਹੈ, ਪਰ ਵੈਦ ਨੂੰ 'ਕਰਕ ਕਲੇਜੇ ਮਾਹਿ' ਦੀ ਕੋਈ ਉਘ-ਸੁਘ ਨਹੀਂ। ਚਿੱਤਰ ਦਿਸਦੇ ਰੋਗ ਦੇ ਇਲਾਜ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ। ਬਾਲਕ ਮਨ ਕਿਉਂਕਿ ਸੰਸਾਰ ਵਿਚ ਰਮਦਾ ਨਹੀਂ, ਮਾਤਾ-ਪਿਤਾ ਇਸ ਵਿਹਾਰ ਨੂੰ ਸਰੀਰਕ ਬਿਮਾਰੀ ਸਮਝ ਇਲਾਜ ਲਈ ਵੈਦ ਨੂੰ ਬੁਲਾਉਂਦੇ ਹਨ।

ਚਿੱਤਰ ਦੇ ਤਿੰਨ ਹਿੱਸੇ ਹਨ: ਅਗਲੇਰਾ (ਖੁੱਲ੍ਹੀ ਥਾਂ), ਇਮਾਰਤ (ਕਮਰਾ ਜਿਸ ਵਿਚ ਬਾਬਾ ਨਾਨਕ ਤੇ ਮਾਤਾ ਤ੍ਰਿਪਤਾ ਬੈਠੇ ਹਨ) ਅਤੇ ਇਮਾਰਤ ਦੀ ਚਾਰਦੀਵਾਰੀ ਪਿੱਛਿਓਂ ਦਿਖਾਈ ਦਿੰਦੀ ਵਧੀ-ਫੁੱਲੀ ਬਨਸਪਤੀ। ਚਿੱਤਰ ਵਿਚ ਕੁਲ ਚਾਰ ਪਾਤਰ ਹਨ। ਦੋ ਕਮਰੇ ਤੋਂ ਬਾਹਰ ਹਨ ਅਤੇ ਦੋ ਕਮਰੇ ਦੇ ਅੰਦਰ।

ਕੇਂਦਰ ਵਿਚ ਬਾਲ ਬਾਬਾ ਨਾਨਕ ਹਨ, ਕਿਉਂਕਿ ਉਹ ਸਿਹਤਯਾਬ ਨਹੀਂ ਹਨ। ਇਸ ਤੋਂ ਇਲਾਵਾ ਹੋਰ ਨੁਕਤੇ ਤੇ ਜੁਗਤਾਂ ਵੀ ਹਨ ਜਿਨ੍ਹਾਂ ਸਦਕਾ ਚਿਤੇਰਾ ਆਪਣੇ ਇਸ਼ਟ ਨੂੰ ਕੇਂਦਰ ਵਿਚ ਰੱਖਦਾ ਹੈ। ਇਉਂ ਕਲਾਕ੍ਰਿਤ ਆਪਣੀ ਤਰ੍ਹਾਂ ਬਾਲ ਨਾਨਕ ਨੂੰ ਸਿਰਮੌਰ ਬਣਾਉਂਦੀ ਹੈ। ਐਨ ਖੱਬੇ ਵੱਲ ਮਹਿਤਾ ਕਾਲੂ ਹਨ ਜਿਨ੍ਹਾਂ ਦੇ ਸਿਰ ਪੱਗ, ਪਿੰਡੇ ਗੋਡਿਆਂ ਤੱਕ ਨੀਵਾਂ ਸਫੈਦ ਚੋਲਾ, ਤੇੜ ਲਾਲ, ਪੀਲੇ ਰੰਗ ਦੀਆਂ ਪੱਟੀਆਂ ਵਾਲਾ ਪਜਾਮਾ ਤੇ ਪੈਰੀਂ ਕਾਲੀ ਜੁੱਤੀ ਹੈ। ਲਾਲ-ਕਿਰਮਚੀ ਰੰਗ ਦੇ ਕਮਰਕੱਸੇ ਤੋਂ ਬਿਨਾ ਪਿੱਛੋਂ ਆ ਸੱਜੇ ਮੋਢੇ ਤੋਂ ਥੱਲੇ ਵੱਲ ਲਟਕਦਾ ਸਫੈਦ ਸਾਫਾ ਹੈ।

ਵੈਦ ਦੇ ਸਿਰ ਪੱਗ, ਤੇੜ ਧੋਤੀ ਅਤੇ ਨੰਗੇ ਧੜ ਦੁਆਲੇ ਲਿਪਟਿਆ ਲੰਬਾ ਪਾਰਦਰਸ਼ੀ ਸਾਫਾ ਹੈ। ਮਹਿਤਾ ਕਾਲੂ ਦੀ ਕੱਟਵੀਂ ਸਫੈਦ ਦਾੜ੍ਹੀ ਅਤੇ ਵੈਦ ਦੀਆਂ ਕਾਲੀਆਂ ਮੁੱਛਾਂ, ਦੋਵਾਂ ਦੀ ਉਮਰ ਦਾ ਅੰਤਰ ਦੱਸਦੀਆਂ ਹਨ। ਬਾਬਾ ਨਾਨਕ ਨੇ ਪੀਲੇ ਰੰਗ ਦੀ ਲਾਲ ਕਿਨਾਰੀ ਵਾਲੀ ਧੋਤੀ ਪਾਈ ਹੋਈ ਹੈ। ਉਨ੍ਹਾਂ ਦੇ ਸੱਜੇ ਮੋਢੇ ਉਪਰ ਹਲਕਾ ਸਾਫਾ ਵੀ ਹੈ। ਮਾਤਾ ਤ੍ਰਿਪਤਾ ਦਾ ਪਹਿਰਾਵਾ ਹਲਕੇ ਲਾਲ ਰੰਗ ਦਾ ਹੈ ਅਤੇ ਸਿਰ ਚੁੰਨੀ ਵੀ ਹੈ।

ਵੈਦ ਆਪਣੇ ਸੱਜੇ ਹੱਥ ਦੀਆਂ ਉਂਗਲਾਂ ਨਾਲ ਬਾਬੇ ਨਾਨਕ ਦੀ ਨਬਜ਼ ਦੀ ਧੜਕਣ ਤੋਂ ਰੋਗ ਜਾਣਨ ਦਾ ਯਤਨ ਕਰ ਰਿਹਾ ਹੈ। ਉਹ ਆਪਣੇ ਕਿੱਤੇ ਦਾ ਮਾਹਿਰ ਹੈ। ਉਹ ਇਕਾਗਰ ਅਤੇ ਅਡੋਲ ਹੋ ਕੇ ਆਪਣੇ ਮਰੀਜ਼ ਨੂੰ ਪਰਖ ਰਿਹਾ ਹੈ। ਉਹ ਉਂਗਲਾਂ ਨਾਲ ਨਬਜ਼ ਮਹਿਸੂਸ ਕਰਦਾ ਹੈ ਅਤੇ ਨਜ਼ਰ ਨਾਲ ਬਾਲ ਨਾਨਕ ਦਾ ਚਿਹਰਾ ਦੇਖ ਰਿਹਾ ਹੈ। ਇਹ ਸਰੀਰਕ ਕਿਰਿਆ ਹੈ, ਉਸ ਤੋਂ ਅਗਾਂਹ ਨਹੀਂ, ਜਦੋਂਕਿ ਗੁਰਬਾਣੀ ਇਸ ਧਰਾਤਲ ਤੋਂ ਅਗਲੇਰੀ ਅਵਸਥਾ ਦੀ ਗੱਲ ਕਰਦੀ ਹੈ।

ਵੈਦ ਤੇ ਮਰੀਜ਼ ਦੋਵੇਂ ਆਹਮੋ-ਸਾਹਮਣੇ ਹਨ ਅਤੇ ਦੋਵੇਂ ਵੀਰ ਆਸਣ ਵਿਚ ਬੈਠੇ ਹਨ। ਕੀ ਚਿੱਤਰਕਾਰ ਕੁਝ ਵਿਸ਼ੇਸ਼ ਜਾਣਕਾਰੀ ਦੇਣਾ ਚਾਹੁੰਦਾ ਹੈ ਕਿ ਦੋਵੇਂ ਜਣੇ ਆਪੋ-ਆਪਣੇ ਖੇਤਰ ਦੇ 'ਵੀਰ' ਹਨ? ਵੈਦ ਦੇ ਪਿਛੇ ਹੱਥ ਬੰਨ੍ਹੀ ਮਹਿਤਾ ਕਾਲੂ



ਹਨ, ਜਦੋਂਕਿ ਬਾਲ ਨਾਨਕ ਪਿੱਛੇ ਵਜਰ ਆਸਣ ਵਿਚ ਮਾਤਾ ਤ੍ਰਿਪਤਾ ਬੈਠੇ ਹਨ। ਹੱਥ ਦਾ ਉਚੇ ਹੋਣਾ, ਕੋਈ ਗੱਲ ਕਹੇ ਜਾਣ ਦਾ ਸੰਕੇਤ ਲੱਗਦਾ ਹੈ। ਬੱਚੇ ਦੇ ਸਿਰ ਦਾ ਹਲਕਾ ਅੱਗੇ ਨੂੰ ਝੁਕਿਆ ਹੋਣਾ ਕੀ ਨਿਢਾਲ ਸਰੀਰ ਦੀ ਨਿਸ਼ਾਨੀ ਹੈ ਜਿਹਦੇ ਵੱਲ ਮਾਤਾ-ਪਿਤਾ ਬੋਲ ਕੇ ਦੱਸ ਰਹੇ ਹਨ!

ਚਿੱਤਰ ਦੇ ਚਾਰਾਂ ਜੀਆਂ ਵਿਚੋਂ ਬਾਬਾ ਨਾਨਕ ਸਭ ਤੋਂ ਛੋਟੇ ਹਨ। ਬਾਬਾ ਨਾਨਕ ਵੱਲ ਸਭ ਦੀ ਨਜ਼ਰ ਹੈ, ਚਿਹਰਿਆਂ ਤੋਂ ਚਿੰਤਾ ਝਲਕਦੀ ਹੈ। ਵਿਹਾਰ ਅਨੁਸਾਰ ਬਾਬਾ ਨਾਨਕ ਦਾ ਕਿਸੇ ਨਾ ਕਿਸੇ ਵੱਲ ਦੇਖਣਾ ਬਣਦਾ ਹੈ, ਪਰ ਅਜਿਹਾ ਹੋ ਨਹੀਂ ਰਿਹਾ। ਇਹ ਵੱਖਰਾਪਣ ਹੀ ਇਸ ਕਿਰਦਾਰ ਦੀ ਖਾਸੀਅਤ ਹੈ। ਉਨ੍ਹਾਂ ਦੀ ਦ੍ਰਿਸ਼ਟੀ ਫਰੇਮ ਬਾਹਰੀ ਕਿਸੇ ਅਦ੍ਰਿਸ਼ਟ ਸ਼ੈਅ ਨੂੰ ਦੇਖ ਰਹੀ ਪ੍ਰਤੀਤ ਹੋ ਰਹੀ ਹੈ।

ਬਾਕੀ ਕਿਰਦਾਰਾਂ ਦੇ ਚਿਹਰਿਆਂ ਦੇ ਪ੍ਰੋਫਾਈਲ ਦਿਸਦੇ ਹਨ, ਜਦੋਂਕਿ ਬਾਲਕ ਦਾ ਚਿਹਰਾ ਦੋ ਚਸ਼ਮੀ ਹੈ। ਉਹ ਕਿਸ ਨੂੰ ਦੇਖ ਰਹੇ ਹਨ, ਸਾਫ ਨਹੀਂ ਹੈ। ਇਹ ਜ਼ਰੂਰ ਕਹਿ ਸਕਦੇ ਹਾਂ ਕਿ ਫਰੇਮ ਬਾਹਰੀ ਕਿਸੇ ਵਸਤੂ ਨੂੰ ਦੇਖ ਰਹੇ ਹਨ।

ਬਾਬਾ ਨਾਨਕ ਸੰਸਾਰ ਵਿਚ ਰਹਿੰਦਿਆਂ ਵੀ ਸੰਸਾਰੀ ਨਹੀਂ।

ਸ਼ਬਦਾਂ ਵਿਚ ਕਹੀ ਗੱਲ ਨੂੰ ਚਿਤਰ ਵਿਚ ਕਹਿਣਾ ਕਠਿਨ ਹੈ, ਪਰ ਚਿਤੇਰਾ ਇਹਦੇ ਲਈ ਇਕ ਜੁਗਤ ਵਰਤਦਾ ਹੈ। ਬਾਬਾ ਨਾਨਕ ਕਮਰੇ ਅੰਦਰ ਬੈਠੇ ਹਨ। ਨੇਮ ਅਨੁਸਾਰ ਉਨ੍ਹਾਂ ਦੇ ਸਰੀਰ ਦਾ ਕੁਝ ਹਿੱਸਾ ਸਫੈਦ ਪਾਏ ਦੇ ਪਿੱਛੇ ਲੁਕਿਆ ਹੋਣਾ ਚਾਹੀਦਾ ਹੈ। ਦੇਖਣ ਵਿਚਾਰਨ ਨੂੰ ਅਜੀਬ ਲੱਗਦਾ ਹੈ ਕਿ ਬੰਦਾ ਕਮਰੇ ਅੰਦਰ ਬੈਠਾ ਹੋਣ ਦੇ ਬਾਵਜੂਦ ਉਹਦਾ ਸਰੀਰ ਦੀਵਾਰ ਜਾਂ ਪਾਏ ਨੂੰ 'ਓਵਰਲੈਪ' ਕਰ ਰਿਹਾ ਹੈ। ਚਿਤਰ ਅਨੁਸਾਰ ਉਹ ਅੰਦਰ ਵੀ ਹਨ ਅਤੇ ਬਾਹਰ ਵੀ। ਇਸ ਸਥਿਤੀ ਨੂੰ ਦੇਖ ਪ੍ਰਸ਼ਨ ਹੋ ਸਕਦਾ ਹੈ ਕਿ ਕੀ ਆਲਮ ਚੰਦ ਰਾਜ ਨੂੰ ਚਿਤਰਕਾਰੀ ਦੇ ਅਸੂਲ ਨਹੀਂ ਪਤਾ? ਜਵਾਬ ਹੈ, ਆਉਂਦੇ ਹਨ। ਇਸ ਤੱਥ ਦੀ ਪੁਸ਼ਟੀ ਵੀ ਇਹੋ ਚਿੱਤਰ ਕਰਦਾ ਹੈ। ਪੁੱਤਰ ਪਿੱਛੇ ਬੈਠੀ ਮਾਤਾ ਤ੍ਰਿਪਤਾ ਦੇ ਸਰੀਰ ਦਾ ਕੁਝ ਹਿੱਸਾ ਉਸਰੀ ਦੀਵਾਰ ਪਿੱਛੇ ਛੁਪਿਆ ਹੋਇਆ ਹੈ। ਇਹ ਅਨਹੋਣੀ ਬਾਬਾ ਨਾਨਕ ਦੀ ਖਾਸੀਅਤ ਤੇ ਦਿੱਭਤਾ ਦੀ ਨਿਸ਼ਾਨੀ ਹੈ।

ਪਿਤਾ ਦੇ ਜੁੜੇ ਹੱਥਾਂ ਦੀ ਮੁਦਰਾ ਹੈਰਾਨ ਕਰਨ ਵਾਲੀ ਹੈ। ਕੀ ਉਹ ਵੈਦ ਦਾ ਧੰਨਵਾਦ ਕਰ ਰਹੇ ਹਨ? ਕਿਉਂਕਿ ਉਨ੍ਹਾਂ ਦੇ ਗ੍ਰਹਿ ਤਕ ਚੱਲ ਕੇ ਆਇਆ ਹੈ। ਕੀ ਉਹ ਮਨ ਹੀ ਮਨ ਆਪਣੇ ਬੱਚੇ ਦੇ ਰੋਗਮੁਕਤ ਹੋਣ ਦੀ ਅਰਜ਼ੋਈ ਕਰ ਰਹੇ ਹਨ ਜਾਂ ਉਨ੍ਹਾਂ ਨੇ ਆਪਣੇ ਪੁੱਤ ਦੀ ਅਸਲੀ ਅਵਸਥਾ ਜਾਣ ਲਈ ਹੈ? ਤਾਹੀਓਂ ਸਤਿਕਾਰ ਵਜੋਂ ਉਸ ਅੱਗੇ ਹੱਥ ਬੰਨ੍ਹੀ ਖੜ੍ਹੇ ਹਨ।

ਲਿਬਾਸ ਤਨ ਦੇ ਨੰਗੇਜ ਦਾ ਪਰਦਾ ਹੈ, ਪਰ ਤਨ ਨੂੰ ਭਾਂਤ ਭਾਂਤ ਦੀਆਂ ਹੋਰ ਵਸਤਾਂ ਨਾਲ ਸ਼ਿੰਗਾਰਿਆ ਜਾਂਦਾ ਹੈ ਜੋ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਪ੍ਰਗਟਾਉਂਦੀਆਂ ਹਨ।

ਪਾਤਰਾਂ ਦੇ ਵਸਤਰਾਂ ਦੇ ਰੰਗ ਇੱਕੋ ਜਿਹੇ ਨਹੀਂ, ਖਾਸ ਕਰ ਬਾਬਾ ਨਾਨਕ ਦੇ ਵਸਤਰ ਵਿਸ਼ੇਸ਼ ਤਰ੍ਹਾਂ ਦੇ ਹਨ। ਮਹਿਤਾ ਕਾਲੂ ਤੋਂ ਛੁੱਟ ਹੋਰ ਸਭ ਨੇ ਲੋੜ ਅਨੁਸਾਰ ਆਪੋ-ਆਪਣੇ ਸਰੀਰ ਨੂੰ ਸ਼ਿੰਗਾਰਿਆ ਹੋਇਆ ਹੈ: ਬਾਹਰੋਂ ਆਏ ਵੈਦ ਦੇ ਕੰਨੀਂ ਬੁੰਦੇ, ਗਲ ਵਿਚ ਮੋਤੀਆਂ ਦੀਆਂ ਮਾਲਾਵਾਂ, ਡੌਲਿਆਂ ਦੁਆਲੇ ਮੋਤੀ ਜੜ੍ਹੇ ਸੋਨੇ ਦੇ ਬਾਜੂਬੰਦ, ਗੁੱਟ ਦੁਆਲੇ ਸੋਨ-ਕੰਗਣ ਅਤੇ ਸੱਜੇ ਹੱਥ ਦੀ ਉਂਗਲੀ ਵਿਚ ਮੁੰਦਰੀ ਹੈ। ਕਹਿ ਸਕਦੇ ਹਾਂ ਕਿ ਇਹ ਸਾਧਾਰਨ ਵੈਦ ਨਹੀਂ। ਮਹਿਤਾ ਕਾਲੂ ਦੀ ਪਤਨੀ ਤ੍ਰਿਪਤਾ ਦਾ ਨੱਕ, ਕੰਨ, ਸਿਰ ਅਤੇ ਮੱਥਾ ਸਮੇਂ ਦੇ ਪ੍ਰਚਲਿਤ ਗਹਿਣਿਆਂ ਨਾਲ ਸਜਿਆ ਹੈ। ਉਨ੍ਹਾਂ ਦੇ ਗਲ ਵਿਚ ਮੋਤੀ ਜੜ੍ਹਿਆ ਸੋਨੇ ਦਾ ਭਾਰਾ ਹਾਰ ਹੈ। ਦੋਵੇਂ ਗੁੱਟ ਚੌੜੇ ਪੱਟੀਦਾਰ ਬਾਜੂਬੰਦਾਂ ਨਾਲ ਸਜੇ ਹਨ। ਦੋਵੇਂ ਹੱਥਾਂ ਦੀਆਂ ਉਂਗਲਾਂ ਮਹਿੰਦੀ ਨਾਲ ਰੰਗੀਆਂ ਹੋਈਆਂ ਹਨ।

ਇਹ ਸਾਰਾ ਕੁਝ ਉਸ ਵੇਲੇ ਦੀਆਂ ਰੀਤਾਂ ਮੁਜਬ ਹੈ। ਪੁਰਖ ਪਾਤਰਾਂ ਦੇ ਮੱਥੇ ਲੱਗੇ ਤਿਲਕ ਇਸ ਤੱਥ ਦੀ ਪੈਰਵੀ ਕਰਦੇ ਹਨ। ਚਿੱਤਰਕਾਰ ਬਾਬਾ ਨਾਨਕ ਦੇ ਜੀਵਨ ਨਾਲ ਜੁੜੀ ਘਟਨਾ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਦਰਸ਼ਕਾਂ ਨਾਲ ਸਾਂਝਾ ਕਰ ਰਿਹਾ ਹੈ। ਇਉਂ ਉਹ ਆਪਣੇ ਇਸ਼ਟ ਪ੍ਰਤੀ ਸ਼ਰਧਾ ਪ੍ਰਗਟਾਉਣ ਦੇ ਨਾਲ ਨਾਲ ਦੂਜੇ ਵੇਰਵਿਆਂ ਨੂੰ ਅਵੇਸਲਾ ਹੋ ਛੱਡਦਾ ਨਹੀਂ।

ਇਹ ਸਾਜ-ਸ਼ਿੰਗਾਰ ਮਹਿਤਾ ਕਾਲੂ ਦੇ ਰੁਤਬੇ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਵੱਲ ਝਾਤ ਪੁਆਉਂਦਾ ਹੈ। ਮਹਿਤਾ ਕਾਲੂ ਦਾ ਪਹਿਰਾਵਾ ਹੁਕਮਰਾਨ ਦੀ ਹਕੂਮਤ ਨੂੰ ਉਭਾਰਸਰਦਾ ਹੈ ਕਿ ਉਹ ਕੌਣ ਹਨ।

ਬਾਬਾ ਨਾਨਕ ਦੀ ਬਿਮਾਰੀ ਓਹਲੇ ਚਿੱਤਰਕਾਰ ਆਲਮ ਚੰਦ ਰਾਜ ਹੋਰ ਬਹੁਤ ਕੁਝ ਪ੍ਰਗਟ ਕਰ ਰਿਹਾ ਹੈ। ਉਸ ਪਾਸ ਕਲਾ ਸ਼ੈਲੀ, ਇਮਾਰਤ ਤਰਤੀਬ ਦਾ ਗਿਆਨ, ਫੁੱਲਾਂ-ਬੂਟਿਆਂ ਤੋਂ ਇਲਾਵਾ ਪੰਛੀਆਂ ਬਾਰੇ ਵੀ ਵਿਸ਼ਵਾਸਯੋਗ ਜਾਣਕਾਰੀ ਹੈ। ਸਭ ਦਾ ਅੰਸ਼ਕ ਦਖਲ ਇਸ ਕਿਰਤ ਵਿਚ ਹਾਜ਼ਰ ਹੈ। ਅਗਲੇਰੇ ਹਿੱਸੇ ਵਿਚ ਹਰਿਆਵਲ ਹੈ ਜਿਸ ਨੂੰ ਭਾਂਤ ਭਾਂਤ ਦੇ ਫੁੱਲਾਂ ਨਾਲ ਸਰਸ ਬਣਾਇਆ ਗਿਆ ਹੈ। ਇਮਾਰਤ ਬਾਅਦ ਕਿਰਮਚੀ ਰੰਗੀ ਚਾਰਦੀਵਾਰੀ ਦੇ ਉਪਰੋਂ ਸੰਘਣੇ ਅਤੇ ਫਲਾਂ ਲੱਦੇ ਛਾਂਦਾਰ ਰੁੱਖ ਨਜ਼ਰੀਂ ਪੈਂਦੇ ਹਨ। ਰੁੱਖਾਂ ਦੀਆਂ ਟਾਹਣੀਆਂ ਵਿਚਾਲਿਓਂ ਕਿਤੇ ਕਿਤੇ ਅਸਮਾਨ ਦਿਸਦਾ ਹੈ। ਇਨ੍ਹਾਂ ਦੇ ਵਿਚ-ਵਿਚਾਲੇ ਬਗਲੇ ਅਤੇ ਹੋਰ ਪਰਿੰਦੇ ਉਡਾਰੀ ਲਾਉਂਦੇ ਦਿਸਦੇ ਹਨ। ਕੰਧ ਉਪਰ ਖੜ੍ਹੇ ਬਗਲੇ ਦੀ ਗਰਦਨ ਨੂੰ ਗੋਲ ਵਲ ਦੇ ਚਿਤਰਿਆ ਹੈ। ਮਕਾਨ ਦੀ ਛੱਤ 'ਤੇ ਵੀ ਵੱਡਾ ਵਜ਼ਨੀ ਪਰਿੰਦਾ ਬੇਫਿਕਰ ਹੋ ਤੁਰਦਾ ਦਿਸਦਾ ਹੈ। ਚਿਤੇਰਾ ਸਮਰਸ ਮਾਹੌਲ ਰਚ ਰਿਹਾ ਹੈ ਜਿਥੇ ਕਿਸੇ ਦੇ ਕਾਰਜ ਵਿਚ ਦੂਜੇ ਦੀ ਦਖਲ ਅੰਦਾਜ਼ੀ ਨਹੀਂ। ਫਿਰ ਵੀ ਸਾਰੇ ਤੱਤ ਰਲ ਮਿਲ ਕੇ ਅਰਥਵਾਨ ਚਿੱਤਰ ਦੀ ਰਚਨਾ ਕਰਦੇ ਹਨ।

# ਠੰਢੀ ਰਾਖ, ਉਠੀਆਂ ਚਿੰਗਾੜੀਆਂ

**ਖੱਟੀਆਂ-ਮਿੱਠੀਆਂ**

"ਜਨਾਬ! ਰਹਿਣ ਦਿਓ। ਮੈਂ ਜਾਣਦਾ ਹਾਂ। ਬੜਾ ਥਰਡ ਕਲਾਸ ਆਦਮੀ ਹੈ। ਕਿਸੇ ਦਾ ਤਾਂ ਕੀ, ਆਪਣੇ ਸਕੇ ਬਾਪ ਦਾ ਵੀ ਲਿਹਾਜ ਨਾ ਕਰੇ।"

"ਹਾਂ, ਹਾਂ। ਬਿਲਕੁਲ ਠੀਕ, ਬਿਲਕੁਲ ਦਰੁਸਤ! ਮੇਰਾ ਵੀ ਇਹੋ ਖਿਆਲ ਹੈ। ਮੈਂ ਅਜਿਹੇ ਬੰਦਿਆਂ ਨੂੰ ਦਸ ਗਜ ਜਮੀਨ ਪੁੱਟ ਕੇ ਵਿਚ ਦਫਨ ਕਰਨ ਦੇ ਹੱਕ ਵਿਚ ਹਾਂ। ਕਿਉਂ, ਠੀਕ ਨਹੀਂ?"

"ਹਾਂ, ਹਾਂ। ਜਰੂਰ, ਜਰੂਰ। ਅਜਿਹੇ ਬੰਦਿਆਂ..."

**ਸੁਖਮਿੰਦਰ ਸੇਖੋਂ**
**ਫੋਨ: 91-98145-07693**

"ਪਰ ਕਿਉਂ? ਪਰ ਕਿਉਂ?"

"ਕੀ ਤੁਸੀਂ ਆਪਣੀ ਜਗ੍ਹਾ ਸਾਰੇ ਠੀਕ ਬੋਲਦੇ ਹੋ?"

"ਹਾਂ, ਹਾਂ। ਬਿਲਕੁਲ ਠੀਕ, ਹੰਡਰਡ ਪਰਸੈਂਟ ਦਰੁਸਤ ਸਰਕਾਰ!"

"ਪਰ ਕਿਸੇ ਆਦਮੀ ਦੀ ਪਿੱਠ ਪਿੱਛੇ ਨਿੰਦਿਆ ਕਰਨੀ ਕਿੱਥੋਂ ਦੀ ਬਹਾਦਰੀ ਏ?"

"ਪਿੱਠ ਪਿੱਛੇ ਨਹੀਂ, ਅਸੀ ਤਾਂ ਸਾਹਮਣੇ ਕਰਾਂਗੇ, ਕਹਾਂਗੇ, ਦੇਖ ਲੈਣਾ?" ਇੱਕ ਹੋਰ ਕਾਫੀ ਜੋਸ਼ ਨਾਲ ਬੋਲਿਆ, "ਦੇਖ ਲੈਣਾ, ਮੈਂ ਉਸ ਦੇ ਸਾਹਮਣੇ ਹੀ ਸਭ ਕੁਝ ਕਹਾਂਗਾ। ਮੈਨੂੰ ਕਿਸੇ ਦਾ ਡਰ ਨਹੀਂ ਮਾਰਿਆ। ਮੈਂ ਬੜੇ ਦੇਖੇ ਨੇ..."

"ਅੱਛਾ! ਅੱਛਾ ਜੀ!"

"ਹਾਂ...ਹਾਂ ਜੀ! ਅਸੀਂ ਕਿਹੜੇ ਕਿਸੇ ਕੋਲੋਂ ਡਰਦੇ ਆਂ?"

ਇਕੱਠ ਵਿਚੋਂ ਕਈ ਆਵਾਜ਼ਾਂ ਉਠੀਆਂ।

"ਮੈਂ ਕਦੋਂ ਕਿਹੈ ਕਿ ਤੁਸੀਂ ਡਰਦੇ ਹੋ? ਮੈਂ ਤਾਂ ਤੁਹਾਡੇ ਵਰਗੇ ਬਹਾਦਰਾਂ ਨੂੰ ਦਾਦ ਦਿੰਦਾ ਹਾਂ। ਤੁਹਾਡੇ ਵਰਗੇ ਪੰਜ ਚਾਰ ਬਹਾਦਰ ਹੋਰ ਪੈਦਾ ਹੋ ਜਾਣ ਤਾਂ ਕਹਿਣੇ ਈ ਕਿਆ?"

"ਅਸੀਂ ਨੌਕਰ ਆਦਮੀ ਜਰੂਰ ਆਂ, ਪਰ..."

"ਪਰ ਕੀ?"

"ਪਰ ਅਸੀਂ ਕਿਸੇ ਤੋਂ ਡਰਦੇ ਨਹੀਂ।"

"ਕਿੰਨੀ ਵਾਰ ਹੋਰ ਕਹੋਗੇ?"

"ਅਸੀਂ ਤਾਂ ਇਹ ਵੀ ਕਹਿੰਦੇ ਆਂ ਕਿ ਅਸੀਂ ਕੋਈ ਨੌਕਰ ਚਾਕਰ ਵੀ ਨਹੀਂ। ਅਸੀਂ ਮਾਲਕ ਹਾਂ, ਖੁਦ ਦੇ ਮਾਲਕ।"

"ਮੈਂ ਜਾਣਦਾ ਥੋਨੂੰ ਸਾਰਿਆਂ ਨੂੰ! ਸਵਾਲ ਮਾਲਕ ਜਾਂ ਨੌਕਰ ਦਾ ਨਹੀਂ, ਤੇ ਨਾ ਹੀ ਕਿਸੇ ਕਿਸਮ ਦੀ ਉਚ-ਨੀਚ ਦਾ ਹੈ। ਸਵਾਲ ਤਾਂ ਟਕਰਾਉਣ ਦਾ ਹੈ, ਟੱਕਰ ਲੈਣ ਦਾ ਹੈ। ਕੀ ਤੁਹਾਡੇ ਵਿਚੋਂ ਕੋਈ ਸਿੱਧੀ ਟੱਕਰ ਲੈਣ ਨੂੰ ਤਿਆਰ ਹੈ?"

"ਕਿਉਂ ਨਹੀਂ...ਕਿਉਂ ਨਹੀਂ?" ਆਵਾਜ਼ਾਂ ਉਠੀਆਂ ਜਿਵੇਂ ਕਬਰਿਸਤਾਨ ਵਿਚੋਂ ਮੁਰਦੇ ਜ਼ਿੰਦਾ ਹੋ ਕੇ ਉਠ ਗਏ ਹੋਣ ਤੇ ਆਪਣੇ ਜ਼ਿੰਦਾ ਹੋਣ ਦਾ ਸਬੂਤ ਪੇਸ਼ ਕਰ ਰਹੇ ਹੋਣ।

"ਠੀਕ ਹੈ। ਮੈਂ ਹੋਰ ਕੁਝ ਨਹੀਂ ਪੁੱਛਾਂਗਾ-ਆਖਾਂਗਾ, ਪਰ ਫੇਰ ਵੀ ਇਕ ਵਾਰ ਤੁਸੀਂ ਠੰਢੇ ਦਿਮਾਗ ਨਾਲ ਸੋਚ ਲਵੋ!"

"ਸੋਚ ਲਿਆ। ਸੋਚ ਲਿਆ। ਹੋਰ ਸੋਚਣ-ਸਮਝਣ ਦੀ ਸਾਡੇ ਵਿਚ ਸ਼ਕਤੀ ਨਹੀਂ ਰਹੀ। ਅਸੀਂ ਸਭ ਕੁਝ ਜਾਣਦੇ-ਸਮਝਦੇ ਹਾਂ। ਹੁਣ ਅਸੀਂ ਪੱਕਾ ਮਨ ਬਣਾ ਕੇ ਹੀ ਆਏ ਹਾਂ।"

"ਠੀਕ ਹੈ। ਪਰ ਫੇਰ ਤੁਸੀਂ ਕਿਧਰੇ ਮੁੱਕਰ ਨਾ ਜਾਣਾ। ਮੈਂ ਚੰਗੇ ਚੰਗੇ ਬੰਦਿਆਂ ਨੂੰ ਸਹੁੰਆਂ ਚੁਕਾਈਆਂ ਨੇ, ਕਸਮਾਂ ਖਵਾਈਆਂ ਨੇ, ਪਰ ਉਹ ਵੀ ਅਖੀਰ ਨੂੰ ਪਿੱਠ ਦਿਖਾ ਗਏ। ਇਸ ਲਈ ਤੁਸੀਂ ਵੀ ਸੋਚ..."

"ਕੀ ਗੱਲਾਂ ਪਏ ਕਰਦੇ ਹੋ ਹਜ਼ੂਰ! ਅਸੀਂ ਹਿੰਦੁਸਤਾਨੀ, ਭਾਰਤ ਵਾਸੀ... ਉਹ ਹਿੰਦੁਸਤਾਨ, ਉਹ ਭਾਰਤ ਜਿੱਥੇ ਵੱਡੇ ਵੱਡੇ ਸਾਧੂ-ਸੰਤਾਂ ਨੇ ਜਨਮ ਲਿਆ, ਦੇਵੀ ਦੇਵਤਿਆਂ ਦਾ ਦੇਸ਼, ਜਿੱਥੇ ਅਵਤਾਰਾਂ ਨੇ ਅਵਤਾਰ ਧਾਰੇ, ਜਿੱਥੇ ਭਗਤ ਸਿੰਘ, ਊਧਮ ਸਿੰਘ ਵਰਗੇ ਸੂਰਮੇ ਪੈਦਾ ਹੋਏ, ਸੀਤਾ ਮਾਤਾ ਵਰਗੀ ਦੇਵੀ ਹੋਈ...ਉਸ ਭਾਰਤ ਦੀ ਅਸੀਂ ਸੰਤਾਨ ਹਾਂ। ਫੇਰ ਅਸੀਂ ਕਿਵੇਂ ਮੁਕਰ ਜਾਵਾਂਗੇ? ਅਸੀਂ ਥੁੱਕ ਕੇ ਚੱਟਣ ਵਾਲਿਆਂ ਵਿਚੋਂ ਨਹੀ ਜਨਾਬ।"

"ਮੈਂ ਜਾਣਦਾ ਹਾਂ, ਚੰਗੀ ਤਰ੍ਹਾਂ ਜਾਣਦਾ ਹਾਂ। ਤੁਹਾਡੇ ਇਰਾਦੇ ਮਜ਼ਬੂਤ ਨੇ, ਹੌਸਲੇ ਬੁਲੰਦ ਨੇ। ਤੁਸੀਂ ਜੋ ਕਹਿੰਦੇ ਹੋ, ਉਹ ਕਰਕੇ ਦਿਖਾਂਦੇ ਹੋ, ਤੁਸੀ ਜ਼ੁਬਾਨ ਤੋਂ ਫਿਰਨ ਵਾਲਿਆਂ ਵਿਚੋਂ ਨਹੀਂ। ਤੁਸੀਂ ਪਿੱਠ ਨਹੀਂ ਵਿਖਾ ਸਕਦੇ, ਪਰ ਫੇਰ ਵੀ..."

"ਫੇਰ ਵੀ ਕੀ? ਤੁਸੀਂ ਸਾਡੇ ਹੌਸਲੇ ਢਾਹੁਣਾ ਚਾਹੁੰਦੇ ਹੋ? ਸਾਨੂੰ ਗੱਲਾਂ ਵਿਚ ਲਾਉਣਾ ਚਾਹੁੰਦੇ ਹੋ। ਅਸੀਂ ਗੱਲਾਂ ਵਿਚ ਆਉਣ ਵਾਲੇ ਨਹੀਂ ਹਾਂ..."

"ਫੇਰ ਵੀ ਸੋਚਣਾ ਸਮਝਣਾ ਅਕਲਮੰਦੀ ਦੀ ਨਿਸ਼ਾਨੀ ਹੁੰਦਾ ਏ। ਮੈਂ ਤੁਹਾਡਾ ਕੋਈ ਦੁਸ਼ਮਣ ਨਹੀਂ। ਮੈਂ ਵੀ ਤੁਹਾਡੇ ਵਰਗਾ ਹੀ ਇਕ ਇਨਸਾਨ ਹਾਂ, ਤੁਹਾਡਾ ਦੋਸਤ, ਤੁਹਾਡਾ ਹਮਦਰਦ। ਪਰ ਫੇਰ ਵੀ, ਖੌਰੇ ਮੇਰਾ ਦਿਲ ਕਮਬਖਤ ਕਿਉਂ ਨਹੀਂ ਮੰਨਦਾ। ਮੇਰੀ ਹਥੇਲੀ ਵਿਚ ਵਾਰ ਵਾਰ ਖਾਜ ਪਈ ਹੁੰਦੀ ਏ। ਇਸ ਲਈ ਮੇਰਾ ਮਨ ਕੋਈ ਪੱਕਾ ਤੇ ਠੋਸ ਸਬੂਤ ਚਾਹੁੰਦਾ ਏ।"

"ਸਬੂਤ? ਕਿਹੋ ਜਿਹਾ ਸਬੂਤ? ਕਿਸ ਗੱਲ ਦਾ ਸਬੂਤ! ਕੀ ਤੁਹਾਨੂੰ ਸਾਡੇ 'ਤੇ ਹੁਣ ਵੀ ਇਤਬਾਰ ਨਹੀਂ?"

"ਇਤਬਾਰ! ਇਤਬਾਰ ਤਾਂ ਮੈਂ ਕਦੇ ਆਪਣੇ ਸਕੇ ਬਾਪ 'ਤੇ ਵੀ ਨਾ ਕਰਾਂ। ਇਤਬਾਰ ਤਾਂ ਮੈਨੂੰ ਆਪਣੇ ਆਪ 'ਤੇ ਵੀ ਨਹੀਂ, ਫੇਰ ਤੁਸੀਂ ਹੀ ਦੱਸੋ..."

"ਪਰ ਇਤਬਾਰ ਨਾਲ ਦੁਨੀਆਂ ਚੱਲਦੀ ਹੈ। ਜੇ ਇਤਬਾਰ ਹੀ ਖਤਮ ਹੋ ਗਿਆ ਤਾਂ ਸਮਝ ਲਵੋ ਦੁਨੀਆਂ ਹੀ ਖਤਮ! ਇਤਬਾਰ ਸਦਕਾ ਹੀ ਤਾਂ ਆਦਮੀ ਜ਼ਿੰਦਾ ਏ ਜਨਾਬ?"

"ਗਲਤ! ਬਿਲਕੁਲ ਗਲਤ! ਇਤਬਾਰ ਕਰਨਾ ਮੂਰਖਤਾ ਦੀ ਨਿਸ਼ਾਨੀ ਹੈ, ਤੇ ਤੁਸੀਂ ਸਾਰੇ ਮੂਰਖ ਹੋ, ਮੈਂ ਲਿਖ ਕੇ ਦੇਣ ਲਈ ਤਿਆਰ ਹਾਂ। ਇਸੇ ਲਈ ਮੈਂ ਮੂਰਖਾਂ ਦੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਹੀਂ।"

"ਕੀ ਇਹ ਤੁਹਾਡਾ ਆਖਰੀ ਫੈਸਲਾ ਹੈ?"

"ਹਾਂ, ਆਖਰੀ। ਬਿਲਕੁਲ ਆਖਰੀ।"

"ਇਕ ਵਾਰ ਤੁਸੀਂ ਫੇਰ ਸੋਚ ਲਓ।"

"ਸੋਚ ਲਿਆ, ਹਜ਼ਾਰ ਵਾਰ ਸੋਚ ਲਿਆ।"

"ਫੇਰ ਕਿਤੇ ਪਛਤਾਣਾ ਨਾ..."

"ਨਹੀਂ, ਬਿਲਕੁਲ ਨਹੀਂ। ਮੈਂ ਕਦੇ ਜ਼ਿੰਦਗੀ ਵਿਚ ਪਛਤਾਇਆ ਨਹੀਂ। ਕਦੇ ਵੀ ਨਹੀਂ।"

"ਅਸੀਂ ਤੁਹਾਨੂੰ ਮੋਹਲਤ ਦੇ ਸਕਦੇ ਹਾਂ..."

"ਮੈਂ ਆਪਣੇ ਫੈਸਲੇ 'ਤੇ ਪੱਥਰ 'ਤੇ ਲਕੀਰ ਦੀ ਤਰ੍ਹਾਂ ਅਟੱਲ ਹਾਂ ਅਤੇ ਤੁਹਾਡੇ ਜਿਹੇ ਮੂਰਖਾਂ ਦੇ ਆਖੇ ਲੱਗ ਕੇ ਆਪਣੇ ਵਿਸ਼ਵਾਸ, ਆਪਣੀ ਅਡੋਲਤਾ ਨੂੰ ਦਾਗ ਨਹੀਂ ਲੱਗਣ ਦੇਣਾ ਚਾਹੁੰਦਾ।"

"ਪਰ ਹੁਣੇ ਹੁਣੇ ਤਾਂ ਤੁਸੀਂ ਕਹਿੰਦੇ ਸੀ ਕਿ ਤੁਹਾਨੂੰ ਆਪਣੇ ਆਪ 'ਤੇ ਵੀ ਵਿਸ਼ਵਾਸ ਨਹੀਂ।"

"ਕਿਹਾ ਸੀ, ਪਰ ਮੈਂ ਤਸਵੀਰ ਦੇ ਦੋਵੇਂ ਪਾਸੇ ਦੇਖ ਕੇ ਹੀ ਅੰਤਿਮ ਫੈਸਲਾ ਲਿਆ ਕਰਦਾ ਹਾਂ ਤੇ ਕੀਤੇ ਫੈਸਲਿਆਂ ਤੋਂ ਕਦੇ ਭੱਜਿਆ ਨਹੀਂ। ਪ੍ਰੰਤੂ ਤੁਸੀਂ...ਤੁਸੀਂ ਸਿਰਫ ਤਸਵੀਰ ਦਾ ਇੱਕੋ ਪਾਸਾ ਹੀ ਵੇਖਦੇ ਹੋ...ਕਿਉਂ ਲੱਗੀ ਦਿਲ, ਦਿਮਾਗ ਨੂੰ ਗੱਲ?"

ਸਾਰੇ ਜਣੇ ਇਕ ਦੂਸਰੇ ਦੇ ਮੂੰਹ ਵੱਲੀਂ ਬਿਟਰ ਬਿਟਰ ਤੱਕਣ ਲੱਗੇ।

ਤੇ ਫੇਰ ਕੁਝ ਦੇਰ ਬਾਅਦ ਹੀ ਬਾਹਰੋਂ ਕੋਈ ਆਉਂਦਾ ਦਿਸਦਾ ਹੈ। ਸਾਰੇ ਜਣੇ ਚੌਕੰਨੇ ਹੋ ਜਾਂਦੇ ਹਨ। ...ਤੇ ਫੇਰ ਇਕਦਮ ਸਾਰੇ ਜਣੇ ਆਪੋ ਆਪਣੀ ਜਗ੍ਹਾ 'ਤੇ ਚੁੱਪ ਚੁੱਪ, ਸਹਿਮੇ ਸਹਿਮੇ ਬੈਠ ਜਾਂਦੇ ਹਨ ਅਤੇ ਆਪਣੇ ਕੰਮਕਾਰ ਵਿਚ ਜੁੱਟ ਜਾਂਦੇ ਹਨ।

ਹੁਣ ਕੇਵਲ ਕੰਮ ਹੋ ਰਿਹਾ ਸੀ। ਸ਼ਾਂਤ ਮਾਹੌਲ ਨੂੰ ਦੇਖਦਿਆਂ ਕੋਈ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਕੁਝ ਦੇਰ ਪਹਿਲਾਂ ਇਤਨਾ ਰੌਲਾ ਰੱਪਾ ਤੇ ਸ਼ੋਰ ਸ਼ਰਾਬਾ ਹੋ ਰਿਹਾ ਸੀ।

# ਪਾਕਿਸਤਾਨੀ ਡਰਾਮਿਆਂ ਪਿਛਲਾ ਡਰਾਮਾ

ਛੋਟੇ ਹੁੰਦਿਆਂ ਭਾਲੂ (ਰਿੱਛ) ਬੱਚੀ ਬਾਰੇ ਕਹਾਣੀ ਸੁਣਦੇ ਆਏ ਹਾਂ। ਇਸ ਕਹਾਣੀ ਵਿਚ ਭਾਲੂ ਦੀ ਬੱਚੀ ਆਪਣੇ ਖਾਣ-ਪੀਣ ਦਾ ਸਾਮਾਨ ਜਮ੍ਹਾਂ ਕਰ ਕੇ ਆਪਣੀ ਗੁਫ਼ਾ ਅੰਦਰ ਵੜ ਕੇ ਸੌਂ ਗਈ। ਪੰਦਰਾਂ ਸਾਲਾਂ ਬਾਅਦ ਜਦੋਂ ਉਸ ਨੂੰ ਜਾਗ ਆਈ ਤਾਂ ਉਸ ਦੇ ਖਾਣ-ਪੀਣ ਦਾ ਸਾਰਾ ਸਾਮਾਨ ਖ਼ਰਾਬ ਹੋ ਚੁੱਕਿਆ ਸੀ। ਉਹ ਇਸ ਦਾ ਜੁਗਾੜ ਕਰਨ ਲਈ ਆਪਣੀ ਗੁਫ਼ਾ ਤੋਂ ਬਾਹਰ ਆਈ ਤਾਂ ਉਸ ਨੇ ਦੇਖਿਆ ਕਿ ਜੰਗਲ ਵਿਚ ਕੁਝ ਵੀ ਬਦਲਿਆ ਨਹੀਂ ਸੀ। ਸਭ ਕੁਝ ਉਵੇਂ ਹੀ ਚੱਲ ਰਿਹਾ ਸੀ, ਜਿਵੇਂ ਪੰਦਰਾਂ ਸਾਲ ਪਹਿਲਾਂ ਹੁੰਦਾ ਆਇਆ ਸੀ। ਉਸ ਨੇ ਫਿਰ ਆਪਣਾ ਅਸਬਾਬ ਇਕੱਠਾ ਕੀਤਾ ਅਤੇ ਮੁੜ ਗੂੜ੍ਹੀ ਨੀਂਦ ਸੌਂ ਗਈ।



**ਫਰਿਆਲ ਅਲੀ ਗੌਹਰ**

ਮੈਨੂੰ ਇਹ ਕਹਾਣੀ ਬਿਲਕੁਲ ਆਪਣੀ ਹੀ ਜਾਪਦੀ ਹੈ। ਪੰਦਰਾਂ ਸਾਲ ਦਾ ਵਕਫ਼ਾ ਬੇਹਦ ਸੁਸਤ ਭਾਲੂਆਂ ਦੇ ਬੇਹਰਕਤ ਪਏ ਰਹਿਣ ਲਈ ਵੀ ਬਹੁਤ ਲੰਮਾ ਸਮਾਂ ਹੈ। ਬਿਲਕੁਲ ਇੰਨਾ ਹੀ ਸਮਾਂ ਮੈਂ ਵੀ 'ਈਡੀਅਟ ਬੌਕਸ', ਮਤਲਬ ਟੈਲੀਵਿਜ਼ਨ ਦੀ ਬੌਖਲਾ ਦੇਣ ਵਾਲੀ ਨੀਰਸਤਾ ਤੋਂ ਲਾਂਭੇ ਰਹੀ। ਮੈਂ ਬ੍ਰਹਿਮੰਡ ਨੂੰ ਅਸੀਮ ਭੇਤਾਂ ਬਾਰੇ ਚਿੰਤਨ-ਮਨਨ ਕਰਨ ਦੇ ਆਪਣੇ ਰੁਝੇਵਿਆਂ ਵਿਚ ਹੀ ਰੁਝੀ ਰਹੀ। ਇਸ ਭਾਗਾਂ ਭਰੇ ਦੌਰ ਵਿਚ ਕੁਦਰਤ ਦੀ ਨੇੜਤਾ ਖ਼ੂਬ ਮਾਣੀ।

ਇਨ੍ਹਾਂ ਵਰ੍ਹਿਆਂ ਦੌਰਾਨ ਮੈਂ ਖ਼ੁਦ ਨੂੰ ਕਈ ਅਰਥਪੂਰਨ ਸਵਾਲ ਪੁੱਛਦੀ ਰਹੀ, ਮਸਲਨ ਜਲ ਸੈਨਿਕ ਸਫ਼ੈਦ ਜੁੱਤੀ ਕਿਉਂ ਪਹਿਨਦੇ ਹਨ ਜਾਂ ਸਾਡੇ ਮੁਲਕ ਦੇ ਆਦਮੀ ਵੱਲੋਂ ਵਾਲਾਂ ਨੂੰ ਲਾਈ ਜਾਣ ਵਾਲੀ ਕਲਫ਼ ਸਿਰਫ਼ ਦੋ ਰੰਗਾਂ ਦੀ ਹੀ ਕਿਉਂ ਹੁੰਦੀ ਹੈ। ਜਦੋਂ ਮੈਨੂੰ ਕੋਈ ਸਾਹਸੀ ਕਾਰਨਾਮਾ ਕਰਨ ਦੀ ਖੁਰਕ ਉਠਦੀ ਤਾਂ ਮੈਂ ਆਪਣੀ ਖੋਲ ਵਿਚੋਂ ਬਾਹਰ ਨਿਕਲ ਕੇ ਉਨ੍ਹਾਂ ਥਾਵਾਂ 'ਤੇ ਚਲੀ ਜਾਂਦੀ, ਕਮਜ਼ੋਰ ਦਿਲ ਬੰਦੇ ਜਿਥੇ ਜਾਣ ਤੋਂ ਘਬਰਾਉਂਦੇ ਹਨ।

ਮੈਂ ਪੁਸਤਕਾਂ ਲਿਖੀਆਂ, ਫ਼ਿਲਮਾਂ ਬਣਾਈਆਂ, ਵੱਡੇ ਡੈਮਾਂ ਕਾਰਨ ਪ੍ਰਭਾਵਿਤ ਹੋਈਆਂ ਸਭਿਆਚਾਰਕ ਵਿਰਾਸਤਾਂ ਬਾਰੇ ਪ੍ਰਬੰਧਕੀ ਯੋਜਨਾਵਾਂ ਬਣਾਈਆਂ ਅਤੇ ਸਭਿਆਚਾਰਕ ਤੇ ਕੁਦਰਤੀ ਵਿਰਾਸਤ ਦੀ ਜਾਣਬੁਝ ਕੇ ਕੀਤੀ ਜਾ ਰਹੀ ਤਬਾਹੀ ਦੀ ਖਿਲਾਫ਼ਤ ਕੀਤੀ। ਇਸ ਦੇ ਨਾਲ ਹੀ ਮੈਂ ਚੰਗੀਆਂ ਫ਼ਿਲਮਾਂ ਦੇਖੀਆਂ ਅਤੇ ਅੰਤਹੀਤ ਸਿਆਸੀ ਬਹਿਸ-ਮੁਬਾਹਸਿਆਂ ਤੋਂ ਦੂਰੀ ਬਣਾ ਕੇ ਰੱਖੀ।

ਫਿਰ ਜਿਵੇਂ ਮੇਰੀ ਅਕਲ ਜਵਾਬ ਦੇ ਗਈ। ਸਾਰੇ ਤਰਕ ਖੂਹ ਖਾਤੇ ਪੈ ਗਏ। ਮੈਂ ਆਪਣੀ ਨਿੱਜਤਾ ਕਾਇਮ ਰੱਖਣ ਅਤੇ ਅਹਿਮ ਕੰਮ ਕਰਨ ਦੇ ਖ਼ੁਦ ਨਾਲ ਕੀਤੇ ਵੱਡੇ ਵੱਡੇ ਵਾਅਦੇ ਇੱਕ ਪਲ ਵਿਚ ਉਦੋਂ ਤੋੜ ਦਿੱਤੇ, ਜਦੋਂ ਮੈਂ ਟੈਲੀਵਿਜ਼ਨ ਪਰਦੇ ਉਤੇ 'ਵਾਪਸੀ' ਕਰਨ ਲਈ ਸਹਿਮਤ ਹੋ ਗਈ। ਇਸ ਪਰਦੇ 'ਤੇ ਡਰਾਮਿਆਂ ਵਿਚ ਹੈਰਾਨੀਜਨਕ ਮੋੜ ਸਦਾ ਆਉਂਦੇ ਰਹਿੰਦੇ ਹਨ। ਟੈਲੀਵਿਜ਼ਨ ਡਰਾਮਿਆਂ ਦੇ ਲੇਖਕ ਕਈ ਤਰ੍ਹਾਂ ਦਾ ਮਸਾਲਾ ਪਾ ਕੇ ਵੱਖ ਵੱਖ ਕਹਾਣੀਆਂ ਲਿਖਦੇ ਹਨ ਜੋ ਵੱਖ ਵੱਖ ਤਰ੍ਹਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਹਰ ਕਹਾਣੀ ਨਿਵੇਕਲੀ ਹੋਣ ਦੇ ਬਾਵਜੂਦ ਵਿਲੱਖਣ ਢੰਗ ਨਾਲ ਜਾਣੀ ਪਛਾਣੀ ਹੁੰਦੀ ਹੈ।

ਮੈਂ ਦੁਨੀਆਂ ਭਰ ਦੇ ਸਾਹਿਤ ਨਾਲ ਭਰੀਆਂ ਆਪਣੇ ਘਰ ਦੀਆਂ ਅਲਮਾਰੀਆਂ ਛੱਡ ਕੇ ਸਿੰਥੈਟਿਕ ਕਾਲੀਨਾਂ ਅਤੇ ਅਜੀਬ ਜਿਹੀ ਗੰਧ ਵਾਲੇ ਟੈਲੀਵਿਜ਼ਨ ਸਟੂਡੀਓ ਵਿਚ ਆ ਗਈ। ਮੈਂ ਆਪਣੇ ਇਕਾਂਤ ਦੀ ਪੁਰਸਕੂਨ ਖ਼ਾਮੋਸ਼ੀ ਨੂੰ ਸਟੂਡੀਓ ਵਿਚ ਮੌਜੂਦ ਅਮਲੇ ਦੇ ਸ਼ੋਰਗੁਲ ਨਾਲ ਵਟਾ ਲਿਆ। ਇਹ ਅਮਲਾ ਆਪਣੇ ਹੀ ਅੰਦਾਜ਼ ਨਾਲ ਅੰਗਰੇਜ਼ੀ ਬੋਲਦਾ ਹੈ। 'ਸਰ ਜੀ', 'ਬਾਉਸ' (ਬੌਸ), 'ਗੁੱਡ ਹੈ' ਜਿਹੇ ਲਫ਼ਜ਼ ਆਮ ਵਰਤੇ ਜਾਂਦੇ ਹਨ। ਇਸ ਖੱਪਖਾਨੇ 'ਚ ਅਸਹਿਜ ਮਹਿਸੂਸ ਕਰ ਰਹੇ ਕਿਸੇ ਵੀ ਕਲਾਕਾਰ ਨੂੰ ਸਹਿਜ ਮਹਿਸੂਸ ਕਰਵਾਉਣ ਲਈ 'ਈਜ਼ੀ ਹੋ ਜਾਏਂ' ਵੀ ਕਹਿੰਦੇ ਹਨ।

ਖ਼ੈਰ! ਸ਼ੁਕਰ ਹੈ ਮੈਂ 'ਈਜ਼ੀ' ਹੋ ਗਈ ਕਿਉਂ ਜੋ ਮੈਂ ਇਕ ਮਾਂ, ਇਕ ਮਤਰੇਈ ਮਾਂ ਅਤੇ ਸੰਭਾਵੀ ਸੱਸ ਦਾ ਕਿਰਦਾਰ ਨਿਭਾਉਣ ਲਈ ਮੰਨ ਗਈ ਸਾਂ। ਇਕ ਕਲਾਕਾਰ ਦੇ ਮਿਹਨਤਾਨੇ ਵਿਚ ਤਿੰਨ ਕਿਰਦਾਰ! ਨਹੀਂ ਤਾਂ ਪੰਦਰਾਂ ਸਾਲ ਮੈਂ ਇਨ੍ਹਾਂ ਤਿੰਨਾਂ ਭੂਮਿਕਾਵਾਂ ਵਿਚੋਂ ਕੋਈ ਇਕ ਨਿਭਾਉਣ ਦੀ ਮੈਨੂੰ ਕੀਤੀ ਜਾ ਰਹੀ ਹਰ ਪੇਸ਼ਕਸ਼ ਠੁਕਰਾਉਂਦੀ ਆ ਰਹੀ ਸਾਂ। ਪਰ ਇਕ ਅਧਖੜ ਮਹਿਲਾ ਅਲਬੱਤਾ 'ਅਸਹਿਜ' ਨਾਗਰਿਕ ਵਜੋਂ ਮੈਂ ਹੋਰ ਕਿਸੇ ਭੂਮਿਕਾ ਵਿਚ ਫਿੱਟ ਨਹੀਂ ਬੈਠਦੀ। ਮੇਰੀ ਉਮਰ ਦੀ ਮਹਿਲਾ ਨੂੰ ਕਿਸੇ ਵਿਗਿਆਨੀ, ਕੈਂਸਰ ਦੀ ਮਾਹਿਰ ਡਾਕਟਰ, ਪੁਲਾੜ ਯਾਤਰੀ ਜਾਂ ਅਜਿਹਾ ਹੋਰ ਕੋਈ ਕਿਰਦਾਰ ਮਿਲਣਾ ਸੰਭਵ ਨਹੀਂ ਹੁੰਦਾ। ਮਹਿਲਾ ਵਕੀਲਾਂ, ਸਿਆਸਤਦਾਨਾਂ, ਕਾਰਕੁਨਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਪ੍ਰੋਫ਼ੈਸਰਾਂ, ਉਦਮੀਆਂ, ਸੂਚਨਾ ਤਕਨਾਲੋਜੀ ਮਾਹਿਰਾਂ, ਨਰਸਾਂ, ਸਰਜਨਾਂ ਜਾਂ ਖੇਤੀਬਾੜੀ ਕਰ ਕੇ ਸਾਡੇ ਲਈ ਅੰਨ ਉਗਾਉਣ ਵਾਲੀਆਂ ਮਿਹਨਤਕਸ਼ ਔਰਤਾਂ ਬਾਰੇ ਤਾਂ ਕਹਾਣੀਆਂ ਲਿਖੀਆਂ ਹੀ ਨਹੀਂ ਜਾਂਦੀਆਂ। ਪੈਂਤੀ ਵਰ੍ਹਿਆਂ ਤੋਂ ਵਡੇਰੀ ਉਮਰ ਦੀਆਂ ਮਹਿਲਾਵਾਂ ਲਈ ਜ਼ਿਆਦਾ ਭੂਮਿਕਾਵਾਂ ਨਹੀਂ ਹੁੰਦੀਆਂ। ਨਾ ਤਾਂ ਲੇਖਕਾਂ, ਨਿਰਦੇਸ਼ਕਾਂ, ਨਿਰਮਾਤਾਵਾਂ ਦੀਆਂ ਨਜ਼ਰਾਂ ਵਿਚ ਅਜਿਹੀਆਂ ਮਹਿਲਾਵਾਂ ਦੀ ਕੋਈ ਹਸਤੀ ਹੈ, ਤੇ ਨਾ ਹੀ ਦਰਸ਼ਕਾਂ ਦੀਆਂ ਨਜ਼ਰਾਂ ਵਿਚ।

ਪੰਦਰਾਂ ਵਰ੍ਹੇ ਕੋਈ ਵੀ ਅਜਿਹੀ ਕਹਾਣੀ ਸਾਹਮਣੇ ਨਹੀਂ ਆਈ ਜੋ ਮੈਨੂੰ ਆਪੂੰ ਸਹੇੜਿਆ ਬਣਵਾਸ ਖ਼ਤਮ ਕਰਨ ਲਈ ਪ੍ਰੇਰ ਸਕਦੀ। ਜਦੋਂ ਮੈਂ ਆਪਣੀ ਨੀਂਦਰ ਤੋਂ ਜਾਗੀ ਤਾਂ ਪਤਾ ਲੱਗਿਆ ਕਿ ਬੇਸ਼ੁਮਾਰ ਪ੍ਰਾਈਵੇਟ ਚੈਨਲ ਅਤੇ ਡਿਜੀਟਲ ਜ਼ਮਾਨਾ ਆ ਜਾਣ ਦੇ ਬਾਵਜੂਦ ਟੈਲੀਵਿਜ਼ਨ ਦੀ ਦੁਨੀਆਂ ਰਤਾ ਨਹੀਂ ਬਦਲ ਸਕੀ। ਵਾਰ ਵਾਰ ਕੁਝ ਕੁ ਕਲਾਕਾਰਾਂ ਨੂੰ ਲੈ ਕੇ ਘਸੀਆਂ ਪਿਟੀਆਂ ਕਹਾਣੀਆਂ ਵਿਚ ਔਰਤ ਜ਼ਾਤ ਪ੍ਰਤੀ ਨਫ਼ਰਤ ਅਤੇ ਪਿਤਾ ਪੁਰਖੀ ਪ੍ਰਬੰਧ ਭਾਰੂ ਹੁੰਦਾ ਹੈ। ਕੁਝ ਨਿਵੇਕਲਾ ਦਿਖਾਉਣ ਦਾ ਖ਼ਤਰਾ ਨਹੀਂ ਸਹੇੜਿਆ ਜਾਂਦਾ।





*(ਉਪਰ) ਇਕ ਪਾਕਿਸਤਾਨੀ ਲੜੀਵਾਰ ਦੀ ਸ਼ੂਟਿੰਗ ਦੀ ਝਲਕ ਅਤੇ (ਹੇਠਾਂ) ਔਰਤਾਂ ਦੀਆਂ ਤਮੰਨਾਵਾਂ ਦੀ ਦਾਸਤਾਨ*

ਡਰਾਮਾ ਬਣਾਉਣ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਇਸ ਲਈ ਸ਼ਬਦਾਂ ਦੀ ਖੇਡ ਖੇਡਦਿਆਂ ਸੋਹਣਾ ਜਿਹਾ ਨਾਮ ਚੁਣਿਆ ਜਾਂਦਾ ਹੈ। ਇੱਕ ਵਾਰ ਨਾਮ ਚੁਣਨ ਮਗਰੋਂ ਕਹਾਣੀ ਲਈ ਪਾਤਰਾਂ ਦੀ ਚੋਣ ਕੀਤੀ ਜਾਂਦੀ ਹੈ। ਸੋਹਣੀ ਕੱਟੀ ਹੋਈ ਦਾੜ੍ਹੀ, ਧੁੱਪ ਵਾਲੀਆਂ ਐਨਕਾਂ ਅਤੇ ਤੰਗ ਕੱਪੜਿਆਂ ਵਿਚ ਫੱਬਣ ਵਾਲੇ ਨੌਜਵਾਨ ਨੂੰ ਨਾਇਕ ਚੁਣਿਆ ਜਾਂਦਾ ਹੈ। ਉਸ ਦੇ ਕਿਰਦਾਰ ਦਾ ਆਮਿਰ, ਅਸਦ ਤੋਂ ਲੈ ਕੇ ਜੀਸ਼ਾਨ, ਜ਼ਾਰੂਨ ਤਕ ਕੋਈ ਸੋਹਣਾ ਜਿਹਾ ਨਾਮ ਰੱਖਿਆ ਜਾਂਦਾ ਹੈ। ਇਹ ਨੌਜਵਾਨ ਡਰਾਮੇ ਵਿਚ ਕਿਸੇ ਗ਼ਰੀਬ ਜਾਂ ਅਮੀਰ ਲੜਕੀ ਨਾਲ ਨਿਕਾਹ ਕਰਵਾਉਂਦਾ ਹੈ। ਫਿਰ ਉਸ ਨੂੰ ਤਲਾਕ ਦੇ ਕੇ ਕਿਸੇ ਹੋਰ ਅਮੀਰ ਜਾਂ ਗ਼ਰੀਬ ਲੜਕੀ ਨਾਲ ਸ਼ਾਦੀ ਰਚਾਉਂਦਾ ਹੈ। ਆਪਣੀ ਮਾਂ ਦੀਆਂ ਭੈੜੀਆਂ ਗੱਲਾਂ ਸੁਣ ਕੇ ਆਪਣੀ ਬੀਵੀ ਨਾਲ ਝਗੜਾ ਕਰਦਾ ਹੈ। ਇਹ ਨਿਮਨ ਮੱਧ ਵਰਗ, ਮੱਧ ਵਰਗ ਜਾਂ ਨਵੇਂ ਨਵੇਂ ਅਮੀਰ ਹੋਏ ਪਰਿਵਾਰਾ ਜਾਂ ਬਹੁਤ ਹੀ ਅਮੀਰ ਪਰਿਵਾਰ ਨਾਲ ਸਬੰਧਿਤ ਦਿਖਾਇਆ ਜਾਂਦਾ ਹੈ।

ਲੰਮੇ ਵਾਲਾਂ ਅਤੇ ਗੁਲਾਬੀ ਬੁੱਲ੍ਹਾਂ ਵਾਲੀ ਕਿਸੇ ਗੋਰੀ ਨਿਛੋਹ ਕੁੜੀ ਨੂੰ ਨਾਇਕਾ ਦੀ ਭੂਮਿਕਾ ਦਿੱਤੀ ਜਾਂਦੀ ਹੈ। ਡਰਾਮੇ ਵਿਚ ਉਸ ਦਾ ਨਿਕਾਹ ਕਿਸੇ ਗ਼ਰੀਬ ਜਾਂ ਅਮੀਰ ਲੜਕੇ ਨਾਲ ਹੁੰਦਾ ਹੈ। ਅੱਖ ਦੇ ਫੋਰ ਵਿਚ ਉਸ ਨੂੰ ਤਲਾਕ ਦੇ ਦਿੱਤਾ ਜਾਂਦਾ ਹੈ। ਡਰਾਮੇ ਦੇ ਨਾਇਕ ਨਾਲ ਨਿਕਾਹ ਕਰਨ ਤੋਂ ਇਲਾਵਾ ਉਸ ਦਾ ਜ਼ਿੰਦਗੀ ਵਿਚ ਕੋਈ ਹੋਰ ਮਕਸਦ ਨਹੀਂ ਦਿਖਾਇਆ ਜਾਂਦਾ।

ਕਹਾਣੀ ਵਿਚ ਨਾਇਕਾ ਦੀ ਸੱਸ ਦਾ ਹੋਣਾ ਲਾਜ਼ਮੀ ਹੁੰਦਾ ਹੈ ਜੋ ਆਪਣੇ ਪੁੱਤਰ ਨੂੰ ਨੂੰਹ ਖ਼ਿਲਾਫ਼ ਭੜਕਾਉਣ ਲਈ ਤਿਆਰ ਰਹਿੰਦੀ ਹੈ। ਪੁੱਤਰ ਵੱਲੋਂ ਆਪਣੀ ਬੀਵੀ ਨੂੰ ਘਰੋਂ ਬਾਹਰ ਕੱਢਣ ਉਤੇ ਘਰ ਦਾ ਦਰਵਾਜ਼ਾ ਬੰਦ ਕਰਨ ਦਾ ਕੰਮ ਉਸੇ ਦਾ ਹੁੰਦਾ ਹੈ। ਨਾਇਕ ਦਾ ਬਿਮਾਰ ਪਿਤਾ ਵੀ ਡਰਾਮੇ ਵਿਚ ਜ਼ਰੂਰ ਹੁੰਦਾ ਹੈ ਜਿਸ ਨੂੰ ਬੈਠਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਹੁੰਦਾ। ਉਹ ਕਦੇ ਵੀ ਆਪਣੇ ਪੁੱਤਰ, ਨੂੰਹ ਅਤੇ ਬੀਵੀ ਦੀ ਜ਼ਿੰਦਗੀ ਵਿਚ ਕੋਈ ਉਸਾਰੂ ਭੂਮਿਕਾ ਨਿਭਾਉਂਦਿਆਂ ਨਹੀਂ ਦਿਖਾਇਆ ਜਾਂਦਾ। ਇਸ ਦੇ ਨਾਲ ਹੀ ਕੋਈ ਕੀਨੇਬਾਜ਼ ਮੁੰਡਾ, ਕੁੜੀ, ਮਰਦ ਜਾਂ ਔਰਤ ਨਾ ਹੋਵੇ ਤਾਂ ਕਹਾਣੀ ਵਿਚ ਕੀ ਮਜ਼ਾ ਰਹਿ ਜਾਵੇਗਾ। ਅਜਿਹਾ ਕੋਈ ਨਾ ਕੋਈ ਕਿਰਦਾਰ ਹਰ ਵੇਲੇ ਬਿਨਾਂ ਗੱਲੋਂ ਨਾਇਕ ਜਾਂ ਨਾਇਕਾ ਤੋਂ ਸੜਦਾ ਹੀ ਰਹਿੰਦਾ ਹੈ। ਕੋਈ ਗੁਆਂਢੀ ਨਾਇਕ ਦੇ ਬਿਮਾਰ ਪਿਤਾ ਦੇ ਚਰਨਾਂ ਵਿਚ ਬੈਠ ਕੇ ਆਪਣੇ ਦੁੱਖੜੇ ਰੋਂਦਾ ਦਿਖਾਇਆ ਜਾਂਦਾ ਹੈ।

ਡਰਾਮੇ ਵਿਚ ਖਲਨਾਇਕ ਵੀ ਨਾਇਕ ਜਿੰਨਾ ਹੀ ਸੋਹਣਾ ਸੁਨੱਖਾ ਹੁੰਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਗਲੀ ਮੁਹੱਲੇ ਦਾ ਆਵਾਰਾ ਕਿਸਮ ਦਾ ਲੜਕਾ ਹੋਵੇ ਤਾਂ ਪਾਨ ਚਬਾਉਂਦਾ ਰਹਿੰਦਾ ਹੈ। ਜੇ ਰੱਜੇ ਪੁੱਜੇ ਪਰਿਵਾਰ ਨਾਲ ਸਬੰਧਿਤ ਹੋਵੇ ਤਾਂ ਵੱਡੀਆਂ ਗੱਡੀਆਂ ਵਿਚ ਬੇਪਰਵਾਹੀ ਨਾਲ ਘੁੰਮਦਾ ਤੇ ਸ਼ੌਕ ਦੇ ਕਬੂਤਰ ਉਡਾਉਂਦਾ ਦਿਖਾਇਆ ਜਾਂਦਾ ਹੈ। ਕਹਾਣੀ ਨੂੰ ਥੋੜ੍ਹੀ ਮਜ਼ਾਹੀਆ ਬਣਾਉਣ ਲਈ ਅਜੀਬ ਜਿਹੀ ਦਿੱਖ ਵਾਲਾ ਕੋਈ ਮਸਖ਼ਰਾ ਹੁੰਦਾ ਹੈ ਜੋ ਨਾਇਕਾ ਖ਼ਿਲਾਫ਼ ਸੱਸ ਸਹੁਰੇ ਨੂੰ ਵਿਹੁ ਘੋਲਦੇ ਚੁੱਪਚਾਪ ਦੇਖਦਾ ਸੁਣਦਾ ਹੈ। ਇੱਕ ਨੌਕਰ ਜਾਂ ਨੌਕਰਾਣੀ ਵੀ ਘਰ ਵਿਚ ਜ਼ਰੂਰ ਦਿਖਾਈ ਜਾਂਦੀ ਹੈ। ਨਾਇਕ, ਨਾਇਕਾ ਜਾਂ ਉਨ੍ਹਾਂ ਵਿਚੋਂ ਕਿਸੇ ਇਕ ਦੀ ਮਾਂ ਦੇ ਗੁੱਝੇ ਭੇਤਾਂ ਦਾ ਕੋਈ ਜਾਣਕਾਰ ਇਨ੍ਹਾਂ ਨੂੰ ਨਸ਼ਰ ਕਰਨ ਦੇ ਡਰਾਵੇ ਵੀ ਦਿੰਦਾ ਰਹਿੰਦਾ ਹੈ। ਡਰਾਮੇ ਦੇ ਜ਼ਿਆਦਾਤਰ ਦ੍ਰਿਸ਼ ਸੌਣ ਵਾਲੇ ਕਮਰੇ, ਖਾਣੇ ਵਾਲੇ ਮੇਜ਼, ਟੈਲੀਵਿਜ਼ਨ ਵਾਲੇ ਕਮਰੇ, ਘਰ ਦੇ ਲਾਅਨ ਜਾਂ ਫਿਰ ਰਸੋਈ ਵਿਚ ਫ਼ਿਲਮਾਏ ਜਾਂਦੇ ਹਨ। ਉਂਜ ਤਾਂ ਡਰਾਮੇ ਦੇ ਕਿਰਦਾਰ ਕੋਈ ਦਫ਼ਤਰੀ ਕੰਮ ਕਰਦੇ ਨਹੀਂ ਦਿਖਾਏ ਜਾਂਦੇ, ਪਰ ਕਦੇ ਕਦਾਈਂ ਨਾਇਕ ਦਾ ਵਿਆਹ ਤੋਂ ਬਾਹਰਾ ਕੋਈ ਪ੍ਰੇਮ ਪ੍ਰਸੰਗ ਦਫ਼ਤਰ ਵਿਚ ਹੀ ਦਿਖਾਇਆ ਜਾਂਦਾ ਹੈ। ਇਕ ਜੱਦੀ ਹਵੇਲੀ ਵੀ ਹੁੰਦੀ ਹੈ ਜਿਥੇ ਅਗਵਾ ਜਾਂ ਬਲਾਤਕਾਰ ਵਰਗੇ ਦ੍ਰਿਸ਼ ਫ਼ਿਲਮਾਏ ਜਾਂਦੇ ਹਨ। ਹਵੇਲੀ ਵਿਚ ਘੋੜੇ, ਬੰਦੂਕਾਂ ਅਤੇ ਕਬੂਤਰ ਆਦਿ ਵੀ ਹੋਣ ਤਾਂ ਕੀ ਕਹਿਣੇ।

ਖ਼ੈਰ! ਜੋ ਵੀ ਹੈ, ਇਹ ਬੇਤੁਕੇ ਡਰਾਮੇ ਕਹਾਣੀ ਵਿਚ ਤਰ੍ਹਾਂ ਤਰ੍ਹਾਂ ਦੇ ਮੋੜਾਂ ਰਾਹੀਂ ਦਰਸ਼ਕਾਂ ਨੂੰ ਟੈਲੀਵਿਜ਼ਨ ਅੱਗੇ ਬੰਨ੍ਹ ਕੇ ਬਿਠਾਈ ਰੱਖਦੇ ਹਨ। ਉਹ ਵਿਚਾਰੇ ਗੋਭੀ ਦੇ ਫੁੱਲ ਕੀ ਜਾਣਨ ਕਿ ਜਿਹੜੇ ਵੇਲੇ ਟੈਲੀਵਿਜ਼ਨ ਡਰਾਮੇ ਦੇਖਦਿਆਂ ਉਹ ਕਲਾਕਾਰਾਂ ਦੇ ਨਾਲ ਨਾਲ ਅੱਥਰੂ ਵਹਾ ਰਹੇ ਹੁੰਦੇ ਹਨ, ਉਸ ਸਮੇਂ ਦੇਸ਼ ਵਿਚ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੁੰਦਾ ਹੈ ਜੋ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਕੱਢਣ ਲਈ ਕਾਫ਼ੀ ਹੁੰਦਾ ਹੈ।

ਨਾ ਨਾ ਨਾ, ਮੈਂ ਕੁਝ ਨਹੀਂ ਕਿਹਾ। ਮੇਰੇ ਅਧਖੜ ਔਰਤ ਦੇ ਫਿਰ ਆਪਣੀ ਗੁਫ਼ਾ ਵਿਚ ਵੜ ਕੇ ਸੌਣ ਦਾ ਵੇਲਾ ਹੋ ਗਿਆ ਹੈ। ਅੱਲਾ ਹਾਫ਼ਿਜ਼!

# ਮਾਨਵੀ ਸਾਂਝ ਬਨਾਮ ਜਾਇਦਾਦ ਵੰਡਾਰਾ: ਜੈਨੇਸਿਸ

ਸਾਲ 1986 ਵਿਚ ਬਣੀ ਹਿੰਦੀ ਫਿਲਮ 'ਜੈਨੇਸਿਸ' ਦੇ ਨਿਰਦੇਸ਼ਕ ਮ੍ਰਿਣਲ ਸੇਨ ਸਨ ਅਤੇ ਇਸ ਉਮਦਾ ਫਿਲਮ ਵਿਚ ਓਮਪੁਰੀ, ਨਸੀਰੂਦੀਨ ਸ਼ਾਹ ਅਤੇ ਸ਼ਬਾਨਾ ਆਜ਼ਮੀ ਵਰਗੇ ਅਦਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਸਨ। 'ਜੈਨੇਸਿਸ' ਦੀ ਕਹਾਣੀ ਇਕ ਕਿਸਾਨ ਅਤੇ ਇਕ ਜੁਲਾਹੇ ਉਤੇ ਕੇਂਦਰਿਤ ਹੈ। ਇਹ ਦੋਵੇਂ ਆਪਣੇ ਇਲਾਕੇ ਵਿਚ ਪਏ ਸੋਕੇ ਦੀ ਮਾਰ ਤੋਂ ਬਚਣ ਲਈ ਆਪਣਾ ਇਲਾਕਾ ਛੱਡ ਕੇ ਦੂਰ-ਦੁਰਾਡੇ ਦੇ ਉਜੜੇ ਹੋਏ ਪਿੰਡ ਵਿਚ ਜਾ ਆਪਣਾ ਜੀਵਨ ਮੁੱਢੋਂ ਸੁੱਢੋਂ ਸ਼ੁਰੂ ਕਰਦੇ ਹਨ। ਕਿਸਾਨ ਦਿਨ ਰਾਤ ਖੇਤਾਂ ਵਿਚ ਮਿਹਨਤ ਕਰਦਾ ਹੈ ਅਤੇ ਜੁਲਾਹਾ ਕੱਪੜੇ ਬੁਣਨ ਦਾ ਕੰਮ ਕਰਦਾ ਹੈ। ਜੁਲਾਹੇ ਦੇ ਬੁਣੇ ਕੱਪੜੇ ਇਕ ਵਪਾਰੀ ਉਸ ਕੋਲੋਂ ਆ ਕੇ ਲੈ ਜਾਂਦਾ ਹੈ ਅਤੇ ਉਸ ਨੂੰ ਹੋਰ ਧਾਗਾ ਅਤੇ ਖਾਣ-ਪੀਣ ਦੀ ਰਸਦ (ਲੂਣ, ਤੇਲ, ਆਲੂ ਆਦਿ) ਦੇ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦੀ ਮਿਹਨਤ ਤੋਂ ਉਨ੍ਹਾਂ ਨੂੰ ਜ਼ਿੰਦਾ ਰਹਿਣ ਦੀਆਂ ਮੁਢਲੀਆਂ ਲੋੜਾਂ ਪ੍ਰਾਪਤ ਹੁੰਦੀਆਂ ਹਨ। ਜੋ ਕੁਝ ਉਸ ਪਿੰਡ ਵਿਚ ਹੈ, ਉਹ ਉਨ੍ਹਾਂ ਦੋਹਾਂ ਦਾ ਸਾਂਝਾ ਹੈ। ਉਨ੍ਹਾਂ ਨੇ ਅਜੇ ਚੀਜ਼ਾਂ ਨੂੰ ਨਿੱਜੀ ਸੰਪਤੀ ਵਜੋਂ ਜੋੜ ਕੇ ਸਾਂਭਣਾ ਨਹੀਂ ਸਿੱਖਿਆ। ਇਸ ਲਈ ਉਨ੍ਹਾਂ ਵਿਚਕਾਰ ਸਾਂਝ ਹੈ, ਕੋਈ ਵਿਰੋਧ ਨਹੀਂ।

**ਸੁਖਵੰਤ ਹੁੰਦਲ**



*ਫਿਲਮ 'ਜੈਨੇਸਿਸ' ਦੀ ਝਲਕ*

ਫਿਰ ਉਸ ਪਿੰਡ ਇਕ ਔਰਤ ਆ ਪਹੁੰਚਦੀ ਹੈ। ਉਸ ਦਾ ਇਲਾਕਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ ਅਤੇ ਹੜ੍ਹਾਂ ਕਾਰਨ ਹੋਈ ਤਬਾਹੀ ਅਤੇ ਮੌਤਾਂ ਦੀ ਭਿਆਨਕਤਾ ਨੂੰ ਪਿੱਛੇ ਛੱਡ ਉਹ ਲੰਮਾ ਸਫਰ ਕਰ ਕੇ ਇਸ ਪਿੰਡ ਵਿਚ ਪਹੁੰਚਦੀ ਹੈ। ਪਿੰਡ ਵਿਚ ਪਹਿਲਾਂ ਰਹਿ ਰਹੇ ਦੋਵੇਂ ਜਣੇ ਉਸ ਨੂੰ ਆਸਰਾ ਦਿੰਦੇ ਹਨ। ਹੁਣ ਪਿੰਡ ਵਿਚ ਜੋ ਕੁਝ ਹੈ, ਉਹ ਉਨ੍ਹਾਂ ਤਿੰਨਾਂ ਦਾ ਸਾਂਝਾ ਹੈ ਅਤੇ ਜ਼ਿੰਦਗੀ ਬਿਨਾਂ ਕਿਸੇ ਕਲੇਸ਼ ਦੇ ਤੁਰਦੀ ਜਾਂਦੀ ਹੈ।

ਪਰ ਛੇਤੀਂ ਹੀ ਮਰਦ ਪਾਤਰਾਂ ਵਿਚਕਾਰ ਵਸਤਾਂ 'ਤੇ ਕਬਜ਼ੇ ਅਤੇ ਨਿੱਜੀ ਸੰਪਤੀ ਦੀ ਭਾਵਨਾ ਪੈਦਾ ਹੁੰਦੀ ਹੈ। ਫਿਰ ਉਨ੍ਹਾਂ ਵਿਚ ਔਰਤ ਨੂੰ ਸਿਰਫ ਆਪਣੀ ਬਣਾ ਕੇ ਰੱਖਣ ਦੀ ਲਾਲਸਾ ਜਾਗਦੀ ਹੈ। ਜਦੋਂ ਔਰਤ ਗਰਭਵਤੀ ਹੋ ਜਾਂਦੀ ਹੈ ਤਾਂ ਉਹ ਇਹ ਜਾਣਨਾ ਚਾਹੁੰਦੇ ਹਨ ਕਿ ਉਸ ਦੀ ਕੁੱਖ ਵਿਚ ਪਲ ਰਿਹਾ ਬੱਚਾ ਕਿਸ ਦਾ ਹੈ। ਔਰਤ ਦਾ ਜਵਾਬ ਕਿ "ਇਹ ਬੱਚਾ ਮੇਰਾ ਹੈ", ਉਨ੍ਹਾਂ ਦੀ ਤਸੱਲੀ ਨਹੀਂ ਕਰਦਾ। ਉਹ ਤਾਂ ਆਉਣ ਵਾਲੇ ਬੱਚੇ 'ਤੇ ਕਿਸੇ ਇਕ ਮਰਦ ਦਾ ਹੱਕ ਸਾਬਤ ਕਰਨਾ ਚਾਹੁੰਦੇ ਹਨ। ਵਸਤਾਂ 'ਤੇ ਕਬਜ਼ੇ ਅਤੇ ਨਿੱਜੀ ਸੰਪਤੀ ਦੀ ਭਾਵਨਾ ਆਉਣ ਨਾਲ ਉਨ੍ਹਾਂ ਦੀ ਆਪਸੀ ਸਾਂਝ ਤਿੜਕ ਜਾਂਦੀ ਹੈ ਅਤੇ ਉਹ ਇਕ ਦੂਸਰੇ ਦੇ ਵਿਰੋਧੀ ਬਣ ਜਾਂਦੇ ਹਨ।

ਇਸ ਫਿਲਮ ਦੀ ਸਰਲ ਕਹਾਣੀ ਰਾਹੀਂ ਮ੍ਰਿਣਲ ਸੇਨ ਸਰਮਾਏਦਾਰੀ ਅਤੇ ਮਰਦ ਪ੍ਰਧਾਨ ਸਮਾਜ ਦੀ ਸ਼ੁਰੂਆਤ ਨੂੰ ਸਮਝਣ/ਸਮਝਾਉਣ ਦਾ ਯਤਨ ਕਰਦਾ ਹੈ। ਪ੍ਰਸਿਧ ਫਿਲਮ ਤੇ ਰੰਗਮੰਚ ਅਦਾਕਾਰ ਅਤੇ ਫਿਲਮ ਆਲੋਚਕ ਉੱਤਪਲ ਦੱਤ ਅਨੁਸਾਰ, "ਇਹ ਫਿਲਮ ਲਾਲਸਾ ਅਤੇ ਕਬਜ਼ੇ ਦੀ ਕਹਾਣੀ ਹੈ, ਦੂਜੇ ਸ਼ਬਦਾਂ ਵਿਚ ਇਹ ਸਰਮਾਏਦਾਰੀ ਦੀ ਸ਼ੁਰੂਆਤ ਦਾ ਬਿਆਨ ਹੈ। ਇਹ ਸੰਸਾਰ ਦੇ ਇਤਿਹਾਸ ਦਾ ਮੁੱਖ ਅਧਿਆਇ ਹੈ, ਜਦੋਂ ਵਪਾਰਕ ਸਰਮਾਏਦਾਰੀ (ਮਰਚੈਂਟ ਕੈਪੀਟਲ) ਉਦਯੋਗਿਕ ਸਰਮਾਏਦਾਰੀ (ਇੰਡਸਟਰੀਅਲ ਕੈਪੀਟਲ) ਨੂੰ ਰਾਹ ਦਿੰਦੀ ਹੈ ਅਤੇ ਪ੍ਰੋਲੋਤਾਰੀ ਦੀ 100 ਗੁਣਾਂ ਵੱਧ ਲੁੱਟ ਲਈ ਰਾਹ ਪੱਧਰਾ ਕਰਦੀ ਹੈ।"



*ਫਿਲਮ 'ਜੈਨੇਸਿਸ' ਦੇ ਨਿਰਦੇਸ਼ਕ ਮ੍ਰਿਣਲ ਸੇਨ*


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com